**Book Online**

123GoAir

WWW.123GOAIR.COM

Cheap Airline tickets to India and Worldwide.

Fares to India starting at $625*

Call: 1-844-234-6247

Email: info@123goair.com

*RT Fare Incl. Taxes Conditions Apply

95-81 114 street, Richmond Hill, NY 11419



**Real Estate Services**

BUY, SELL or RENT

Queens, Long Island & Manhattan



Sunny Singh

Ph: 917-679-0029

E-mail: sunny.singhre@gmail.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



Nineteenth Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 27, July 7, 2018 20451 N. Plum Grove Rd., Palatine, IL 60074 Ph:847-359-0746, Fax:847-705-9388


# ਉੜਤਾ ਪੰਜਾਬ: ਲੋਕ ਰੋਹ ਨੇ ਕੈਪਟਨ ਦੀਆਂ ਅੱਖਾਂ ਖੋਲ੍ਹੀਆਂ

## ਸੱਤਾ ਤੋਂ ਡੇਢ ਸਾਲ ਬਾਅਦ ਕੀਤੀ ਨਸ਼ਿਆਂ ਬਾਰੇ ਉਚੇਚੀ ਮੀਟਿੰਗ



**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਨਾਲ ਡੇਢ ਹਫਤੇ ਵਿਚ 16 ਤੋਂ ਵੱਧ ਨੌਜਵਾਨਾਂ ਦੀਆਂ ਮੌਤਾਂ ਪਿੱਛੋਂ ਕੈਪਟਨ ਸਰਕਾਰ ਦੀ ਅੱਖ ਆਖਰਕਾਰ ਖੁੱਲ੍ਹ ਗਈ ਹੈ। ਸੱਤਾ ਪ੍ਰਾਪਤੀ ਦੇ ਡੇਢ ਸਾਲ ਪਿੱਛੋਂ ਪਹਿਲੀ ਵਾਰ ਉਚ ਅਹੁਦੇ ਵਾਲੇ ਅਫਸਰ ਉਤੇ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਆਦਤ ਲਾਉਣ ਦੇ ਮਾਮਲੇ ਵਿਚ ਸ਼ਾਮਲ ਡੀ.ਐਸ.ਪੀ. ਦਲਜੀਤ ਸਿੰਘ ਢਿੱਲੋਂ ਨੂੰ ਬਰਖਾਸਤ ਕਰ ਦਿੱਤਾ ਹੈ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਪੁਲਿਸ ਨੇ ਉਸ ਦਾ ਚਾਰ ਰੋਜ਼ਾ ਰਿਮਾਂਡ ਹਾਸਲ ਕਰ ਲਿਆ ਹੈ। ਇਸ ਅਫਸਰ ਉਤੇ ਦੋ ਔਰਤਾਂ ਵੱਲੋਂ ਨਸ਼ੇ ਦੀ ਲਤ ਲਾਉਣ ਦੇ ਦੋਸ਼ ਲਾਏ ਸਨ। ਇਸ ਨੂੰ ਪਹਿਲਾਂ ਮੁਅੱਤਲ ਕੀਤਾ ਗਿਆ ਸੀ। ਇਸ ਤੋਂ ਇਲਾਵਾ ਮੋਗਾ ਦੇ ਐਸ.ਐਸ.ਪੀ. ਰਾਜਜੀਤ ਦਾ ਤਬਾਦਲਾ ਕਰ ਦਿੱਤਾ ਹੈ।

ਪੰਜਾਬ ਵਜ਼ਾਰਤ ਨੇ ਨਸ਼ੇ ਦੇ ਸੌਦਾਗਰਾਂ ਅਤੇ ਸਮਗਲਰਾਂ ਨੂੰ ਮੌਤ ਦੀ ਸਜ਼ਾ ਦੇਣ ਲਈ ਕੇਂਦਰ ਸਰਕਾਰ ਨੂੰ ਸਿਫਾਰਸ਼ ਕੀਤੀ ਹੈ। ਦੱਸ ਦਈਏ ਕਿ ਨਸ਼ਿਆਂ ਕਾਰਨ ਮੌਤਾਂ ਪਿੱਛੋਂ ਪੈਦਾ ਹੋਏ ਲੋਕ ਰੋਹ ਨੂੰ ਵੇਖਦੇ ਹੋਏ ਪੰਜਾਬ ਵਜ਼ਾਰਤ ਦੀ ਮੀਟਿੰਗ ਸੱਦੀ ਸੀ ਜਿਸ ਵਿਚ ਪੁਲਿਸ ਦੀ ਭੂਮਿਕਾ ਨੂੰ ਲੈ ਕੇ ਤਿੱਖੀ ਬਹਿਸ ਹੋਈ। ਕੁਝ ਮੰਤਰੀਆਂ ਨੇ ਨਸ਼ਿਆਂ ਦੇ ਕੇਸਾਂ ਨਾਲ ਜੁੜੇ ਪੁਲਿਸ ਅਧਿਕਾਰੀਆਂ ਵਿਰੁਧ ਫੌਰੀ ਕਾਰਵਾਈ ਉਤੇ ਜ਼ੋਰ ਦਿੱਤਾ। ਵਜ਼ਾਰਤ ਨੇ ਨਸ਼ੀਲੇ ਪਦਾਰਥਾਂ ਦੀ ਬੇਰੋਕ ਟੋਕ ਸਮਗਲਿੰਗ ਨੂੰ ਹਰ ਰੋਜ਼ ਚੈੱਕ ਕਰਨ ਵਾਸਤੇ ਵਧੀਕ ਮੁੱਖ ਸਕੱਤਰ (ਗ੍ਰਹਿ) ਐਨ.ਐਸ. ਕਲਸੀ ਦੀ ਅਗਵਾਈ ਹੇਠ ਵਿਸ਼ੇਸ਼ ਕਾਰਜ ਗਰੁਪ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਜੋ ਨਸ਼ਿਆਂ 'ਤੇ ਕਾਬੂ ਪਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਸਮੀਖਿਆ ਅਤੇ ਨਿਗਰਾਨੀ ਕਰੇਗਾ। ਮੀਟਿੰਗ ਵਿਚ ਪੁਲਿਸ ਅਫਸਰਾਂ ਤੋਂ ਇਲਾਵਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਿਸ਼ਾਨੇ ਉਤੇ ਰਹੇ।

ਯਾਦ ਰਹੇ ਕਿ ਪੰਜਾਬ ਸਰਕਾਰ, ਖਾਸ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਸ਼ਿਆਂ ਦੇ ਮੁੱਦੇ ਉਤੇ ਬੁਰੀ ਤਰ੍ਹਾਂ ਘਿਰੇ ਹੋਏ ਹਨ। ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਵੱਲੋਂ ਗੁਟਕਾ ਨੂੰ ਹੱਥ ਵਿਚ ਫੜ ਕੇ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਖਾਤਮਾ ਕਰਨ ਦੀ ਖਾਧੀ ਸਹੁੰ ਦੀ ਵੀਡੀਓ ਉਪਰ ਕਈ ਤਰ੍ਹਾਂ ਦੀਆਂ ਤਿੱਖੀਆਂ ਟਿੱਪਣੀਆਂ ਸੋਸ਼ਲ ਮੀਡੀਆ ਉਪਰ ਚਰਚਾ ਦਾ ਵਿਸ਼ਾ ਬਣੀਆਂ ਪਈਆਂ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਝੂਠੀ ਸਹੁੰ ਖਾਣ ਬਦਲੇ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੀ ਵੀ ਚਰਚਾ ਹੈ। ਉਧਰ, ਸੋਸ਼ਲ ਮੀਡੀਆ ਰਾਹੀਂ ਕੁਝ ਲੋਕਾਂ ਵੱਲੋਂ 'ਮਰੋ ਜਾਂ ਵਿਰੋਧ ਕਰੋ' ਅਤੇ 'ਚਿੱਟੇ ਵਿਰੁੱਧ ਕਾਲਾ ਹਫਤਾ' ਮਨਾਉਣ ਦੇ ਦਿੱਤੇ ਸੱਦੇ ਉਪਰ ਲੋਕ


*(ਬਾਕੀ ਸਫਾ 6 ਉਤੇ)*


## ਅਫਰੀਕੀ ਨਸ਼ਾ ਲੈ ਰਿਹਾ ਹੈ ਜਾਨਾਂ

**ਚੰਡੀਗੜ੍ਹ:** ਹੁਣ ਤੱਕ ਇਹੀ ਦਾਅਵਾ ਕੀਤਾ ਜਾ ਰਿਹਾ ਸੀ ਕਿ ਨੌਜਵਾਨਾਂ ਦੀਆਂ ਮੌਤਾਂ ਵੱਧ ਨਸ਼ਾ ਲੈਣ ਨਾਲ ਹੋ ਰਹੀਆਂ ਹਨ ਪਰ ਇਕ ਦਿਲ ਕੰਬਾਊ ਖੁਲਾਸਾ ਹੋਇਆ ਹੈ। ਪਤਾ ਲੱਗਾ ਹੈ ਕਿ ਨੌਜਵਾਨ ਜਿਸ ਦਵਾਈ ਦੀ ਵਰਤੋਂ ਨਸ਼ੇ ਵਜੋਂ ਕਰ ਰਹੇ ਹਨ, ਅਸਲ ਵਿਚ ਉਸ ਦੀ ਵਰਤੋਂ ਹਾਥੀ ਸਮੇਤ ਹੋਰ ਵੱਡੇ ਜਾਨਵਰਾਂ ਨੂੰ ਬੇਹੋਸ਼ ਕਰਨ ਲਈ ਕੀਤੀ ਜਾਂਦੀ ਹੈ।

ਨਸ਼ਿਆਂ 'ਤੇ ਬਣੀ ਵਿਸ਼ੇਸ਼ ਟਾਸਕ ਫੋਰਸ ਦੇ ਅਧਿਕਾਰੀਆਂ ਨੇ ਖੁਲਾਸਾ ਕੀਤਾ ਹੈ ਕਿ ਹੈਰੋਇਨ ਤੇ ਸਮੈਕ ਵਰਗੇ ਨਸ਼ਿਆਂ ਵਿਚ ਨਵੀਂ ਕਿਸਮ ਦਾ ਘਾਤਕ ਨਸ਼ਾ 'ਕੱਟ' ਪੰਜਾਬੀ ਨੌਜਵਾਨਾਂ ਦੀ ਜਾਨ ਲੈ ਰਿਹਾ ਹੈ। ਦਿੱਲੀ ਆਧਾਰਤ ਅਫਰੀਕੀ ਨਸ਼ਾ ਸੌਦਾਗਰ ਇਸ ਨੂੰ ਸਪਲਾਈ ਕਰਦੇ ਹਨ। ਇਕ ਪੁਲਿਸ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਨਸ਼ਾ ਕਦੇ ਵੀ ਸ਼ੁੱਧ ਨਹੀਂ ਮਿਲਦਾ, ਬਲਕਿ ਨਸ਼ਾ ਸਪਲਾਈ ਕਰਨ ਵਾਲੇ ਹਰ ਪੱਧਰ 'ਤੇ ਇਸ ਦੀ ਮਾਤਰਾ ਵਧਾਉਣ ਲਈ ਇਸ ਵਿਚ ਕੁਝ ਮਿਲਾਵਟ ਕਰਦੇ ਹਨ। ਇਸ ਮਿਸ਼ਰਨ ਨੂੰ ਕੱਟ ਕਿਹਾ ਜਾਂਦਾ ਹੈ। ਨਸ਼ਾ ਸੌਦਾਗਰ ਪਹਿਲਾਂ ਨਸ਼ੇ ਵਿਚ ਦਰਦ ਦੂਰ ਕਰਨ ਵਾਲੀਆਂ ਦਵਾਈਆਂ (ਪੇਨ ਕਿੱਲਰ), ਬੇਕਿੰਗ ਸੋਡਾ, ਸਰੀਰ 'ਤੇ ਛਿੜਕਣ ਵਾਲਾ ਪਾਊਡਰ, ਕੱਪੜੇ ਧੋਣ ਵਾਲਾ ਪਾਊਡਰ, ਕੈਫੀਨ ਜਾਂ ਸੁੱਕਾ ਦੁੱਧ ਮਿਲਾਉਂਦੇ ਸਨ। ਹੁਣ ਅਫਰੀਕੀ ਤਸਕਰ ਨਸ਼ੇ ਵਿਚ ਨਵੀਂ ਕਿਸਮ ਦਾ ਪਦਾਰਥ ਮਿਲਾਉਣ ਲੱਗ ਪਏ ਹਨ ਜੋ ਘਾਤਕ ਸਾਬਤ ਹੋ ਰਿਹਾ ਹੈ। ਮਨੋਵਿਗਿਆਨੀ ਡਾ. ਰਾਜੀਵ ਗੁਪਤਾ ਦਾ ਕਹਿਣਾ ਹੈ ਕਿ ਟੈਲਕਮ ਪਾਊਡਰ ਜਾਂ ਅਜਿਹੀ ਕਿਸੇ ਹੋਰ ਚੀਜ਼ ਦਾ ਸਿੱਧਾ ਸਰੀਰ ਦੀਆਂ ਨਾੜੀਆਂ ਵਿਚ ਜਾਣਾ ਵੀ ਘਾਤਕ ਹੋ ਸਕਦਾ ਹੈ, ਕਿਉਂਕਿ ਇਹ ਬੇਹੱਦ ਬਾਰੀਕ ਹੁੰਦੇ ਹਨ ਤੇ ਗੱਤਲਾ (ਕਲੌਟ) ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਨੱਕ ਰਾਹੀਂ ਨਸ਼ਾ ਖਿੱਚਣਾ ਘਾਤਕ ਨਹੀਂ ਹੁੰਦਾ ਜਦਕਿ ਟੀਕੇ ਨਾਲ ਸਿੱਧਾ ਸਰੀਰ ਵਿਚ ਨਸ਼ਾ ਲਾਉਣਾ ਜਾਨ ਲੇਵਾ ਹੋ ਸਕਦਾ ਹੈ। ਸ਼ੁਧ ਹੈਰੋਇਨ ਬਹੁਤ ਮਹਿੰਗੀ ਹੁੰਦੀ ਹੈ ਤੇ ਆਮ ਤੌਰ 'ਤੇ ਮਿਲਦੀ ਨਹੀਂ। ਹੈਰੋਇਨ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ ਤਕਰੀਬਨ 5 ਕਰੋੜ ਰੁਪਏ ਪ੍ਰਤੀ ਕਿਲੋ ਹੈ ਤੇ 10 ਗ੍ਰਾਮ ਹੈਰੋਇਨ ਵੀ ਪੰਜਾਹ ਹਜ਼ਾਰ ਰੁਪਏ ਬਣਦੀ ਹੈ।

# ਮੋਦੀ ਸਰਕਾਰ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਨੂੰ ਰਾਹਤ ਲਈ ਰਾਜ਼ੀ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਜੋਧਪੁਰ ਦੇ ਨਜ਼ਰਬੰਦ 40 ਸਿੱਖਾਂ ਸਬੰਧੀ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਅਪੀਲ ਵਾਪਸ ਲੈਣ ਦੇ ਫੈਸਲੇ ਨਾਲ ਇਨ੍ਹਾਂ ਸਿੱਖਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸ ਨਾਲ ਇਨ੍ਹਾਂ ਸਿੱਖਾਂ ਨੂੰ ਮੁਆਵਜ਼ੇ ਦਾ ਬਕਾਇਆ ਹਿੱਸਾ ਮਿਲਣ ਦਾ ਰਾਹ ਵੀ ਪੱਧਰਾ ਹੋ ਗਿਆ ਹੈ।

ਅਦਾਲਤੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਐਡਵੋਕੇਟ ਜਸਬੀਰ ਸਿੰਘ ਘੁੰਮਣ ਨੇ ਦੱਸਿਆ ਕਿ ਕਾਰਵਾਈ ਦੌਰਾਨ ਕੇਂਦਰ ਸਰਕਾਰ ਨੇ ਮੁੜ ਇਹ ਦਬਾਅ ਪਾਇਆ ਕਿ ਉਹ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਨੂੰ ਠੀਕ ਕਰਾਰ ਦੇਣ ਤਾਂ ਹੀ ਉਨ੍ਹਾਂ ਨੂੰ ਮੁਆਵਜ਼ੇ ਦੀ ਬਕਾਇਆ ਰਕਮ ਮਿਲ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਦਾ ਵਿਰੋਧ ਕੀਤਾ ਗਿਆ। ਮਗਰੋਂ ਅਦਾਲਤ ਦੀ ਦਖਲ ਅੰਦਾਜ਼ੀ ਨਾਲ ਕੇਂਦਰ ਸਰਕਾਰ ਵੱਲੋਂ ਦਾਇਰ ਕੀਤੀ ਗਈ ਅਪੀਲ ਵਾਪਸ ਲੈ ਲਈ ਗਈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 31 ਜੁਲਾਈ ਤੱਕ ਮੁਆਵਜ਼ੇ ਦੀ ਬਕਾਇਆ ਰਕਮ ਦੀ ਅਦਾਇਗੀ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਐਡਵੋਕੇਟ ਘੁੰਮਣ ਖੁਦ ਵੀ ਜੋਧਪੁਰ ਨਜ਼ਰਬੰਦ ਸਿੱਖਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਇਹ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਮੁਆਵਜ਼ੇ ਦੀ ਬਕਾਇਆ ਰਕਮ ਪੰਜਾਬ


*(ਬਾਕੀ ਸਫਾ 6 ਉਤੇ)*



Special Sale 2018




Harpreet Singh

ਅੰਮ੍ਰਿਤਸਰ $975

ਦਿੱਲੀ $855

ਟੈਕਸ ਸਮੇਤ





WorldWide Travel

www.fly2world.com

866 66 INDIA


4 6 3 4 2

734 838 9998

24 ਘੰਟੇ ਐਮਰਜੈਂਸੀ ਸੇਵਾ

Fares shown are from Detroit for departure between Sep 5th and Dec 8th. Fare may change without notice, please call for more details. Other conditions





Tanya's Beauty Salon

- THREADING / WAXING
- FACIAL (MEN & WOMEN)
- ANTI-AGING FACIAL - BLEACH
- HAIR CUT - COLOR AND STYLE

WE SPECIALIZE IN BRIDAL & HENNA

85-03 ROOSEVELT AVE. JACKSON HEIGHTS, NY 11373

Tel: 718-205-7832

# ਭਾਰਤ ਵਿਚ 19500 ਮਾਂ-ਬੋਲੀਆਂ

**ਨਵੀਂ ਦਿੱਲੀ:** ਮਰਦਮਸ਼ੁਮਾਰੀ ਦੇ ਨਵੇਂ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਦੇਸ਼ ਵਿਚ 19500 ਭਾਸ਼ਾਵਾਂ ਜਾਂ ਬੋਲੀਆਂ ਮਾਂ ਬੋਲੀਆਂ ਦੇ ਤੌਰ ਉਤੇ ਬੋਲੀਆਂ ਜਾਂਦੀਆਂ ਹਨ। ਇਸ ਮੁਤਾਬਕ ਭਾਰਤ ਵਿਚ 121 ਅਜਿਹੀਆਂ ਭਾਸ਼ਾਵਾਂ ਹਨ ਜਿਨ੍ਹਾਂ ਨੂੰ ਦਸ ਹਜ਼ਾਰ ਜਾਂ ਇਸ ਤੋਂ ਵੱਧ ਲੋਕਾਂ ਦੇ ਸਮੂਹ ਬੋਲਦੇ ਹਨ।

ਭਾਰਤ ਦੇ ਰਜਿਸਟਰਾਰ ਜਨਰਲ ਤੇ ਮਰਦਮਸ਼ੁਮਾਰੀ ਕਮਿਸ਼ਨਰ ਨੇ ਕਿਹਾ ਕਿ ਘਰ ਖੂਨ ਦੇ ਰਿਸ਼ਤੇ ਨਾਲ ਜੁੜੇ ਜਾਂ ਅਸਬੰਧਤ ਜਾਂ ਫਿਰ ਦੋਹਾਂ ਤੋਂ ਮਿਲ ਕੇ ਬਣਿਆ ਹੁੰਦਾ ਹੈ। ਜ਼ਰੂਰੀ ਹੈ ਕਿ ਹਰ ਬੰਦਾ ਮਾਂ ਬੋਲੀ ਬਾਰੇ ਜਾਣੇ। ਇਹ ਇਸ ਲਈ ਜ਼ਰੂਰੀ ਹੈ ਕਿ ਘਰ ਦਾ ਹਰ ਮੈਂਬਰ ਇਕ ਜਿਹਾ ਨਾ ਹੋ ਕੇ ਦੂਜੇ ਤੋਂ ਵੱਖ ਹੁੰਦਾ ਹੈ। 2011 ਦੀ ਮਰਦਮਸ਼ੁਮਾਰੀ ਰਿਪੋਰਟ ਮੁਤਾਬਕ ਮਾਂ ਬੋਲੀਆਂ ਦੀ ਕੁੱਲ ਸੰਖਿਆ 19569 ਹੈ। ਉਂਜ ਦੇਸ਼ ਦੀ 96.71 ਫੀਸਦ ਆਬਾਦੀ 22 ਸੂਚੀਬੱਧ ਭਾਸ਼ਾਵਾਂ ਵਿਚੋਂ ਕੋਈ ਇਕ ਮਾਂ ਬੋਲੀ ਵਜੋਂ ਬੋਲਦੀ ਹੈ।

ਮਰਦਮਸ਼ੁਮਾਰੀ ਵਿਚ ਆਈਆਂ 19569 ਮਾਂ ਬੋਲੀਆਂ ਦੀ ਨਿਰਖ ਪਰਖ, ਸੰਪਾਦਨ ਤੇ ਤਰਕਸ਼ੀਲਤਾ ਤੋਂ ਬਾਅਦ 1369 ਤਰਕਸ਼ੀਲ ਮਾਂ ਬੋਲੀਆਂ ਗਿਣੀਆਂ ਗਈਆਂ ਹਨ। ਦੇਸ਼ ਵਿਚ ਭਾਸ਼ਾਵਾਂ ਦੀ ਸੰਖਿਆ ਇਸ ਵੇਲੇ 121 ਹੈ ਜਿਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਭਾਰਤੀ ਸੰਵਿਧਾਨ ਦੀ ਅੱਠਵੀਂ ਸੂਚੀ ਵਿਚ ਦਰਜ 22 ਭਾਸ਼ਾਵਾਂ ਤੇ 99 ਉਹ ਭਾਸ਼ਾਵਾਂ ਜਿਹੜੀਆਂ ਅੱਠਵੀਂ ਸੂਚੀ ਵਿਚ ਦਰਜ ਨਹੀਂ ਹਨ ਤੇ ਇਸ ਦੇ ਨਾਲ ਹੀ ਹੋਰਨਾਂ ਭਾਸ਼ਾਵਾਂ ਦੀ ਵੰਨਗੀ ਵੀ ਹੈ।

## ਲਾਲੂ ਦੀ ਜ਼ਮਾਨਤ 'ਚ ਵਾਧਾ

**ਨਵੀਂ ਦਿੱਲੀ:** ਝਾਰਖੰਡ ਹਾਈ ਕੋਰਟ ਨੇ ਚਾਰਾ ਘੁਟਾਲੇ ਮਾਮਲੇ 'ਚ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਦੀ ਜ਼ਮਾਨਤ 'ਚ ਸਿਹਤ ਕਾਰਨਾਂ ਕਰਕੇ ਛੇ ਹਫਤੇ ਦਾ ਹੋਰ ਵਾਧਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਲਾਲੂ ਪ੍ਰਸਾਦ ਯਾਦਵ ਦੀ ਜ਼ਮਾਨਤ 3 ਜੁਲਾਈ ਤੱਕ ਵਧਾਈ ਗਈ ਸੀ ਤੇ ਹੁਣ ਉਨ੍ਹਾਂ ਦੀ ਜ਼ਮਾਨਤ 17 ਅਗਸਤ ਤੱਕ ਕਰਨ ਦੇ ਹੁਕਮ ਦਿੱਤੇ ਗਏ ਹਨ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ
ਲੈਸ ਨਵਾਂ ਟਰੱਕ
ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

Bhaura Transport LLC
Noblesville, IN
ਡਰਾਈਵਰਾਂ
ਦੀ ਲੋੜ ਹੈ

*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .52 ਸੈਂਟ
*ਸਾਈਨ ਔਨ ਬੋਨਸ *ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ, ਫੋਨ: 317-403-0493

ਚਾਰ ਰੋਜ਼ਾ ਦੁਖ ਨਿਵਾਰਨ ਕੈਂਪ
19, 20, 21, 22 ਜੁਲਾਈ 2018
ਦੁਪਹਿਰ 2 ਵਜੇ ਤੋਂ ਸ਼ਾਮ 7 ਵਜੇ ਤੱਕ
ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਲਈ ਕੈਂਪ ਲੱਗੇਗਾ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਅਤੇ ਗੁਰਬਾਣੀ ਸ਼ਬਦਾਂ ਦਾ ਜਾਪ ਕਰਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।
ਇਸ ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਹਾਜ਼ਰ ਹੋਣਗੇ।

ਭਾਈ ਹਰਦਿਆਲ ਸਿੰਘ
ਸੇਵਾ ਮੁਕਤ ਆਈ.ਏ.ਐਸ.
ਸ਼ਬਦ ਜਾਪ ਅਤੇ ਵਿਚਾਰ
2 ਤੋਂ 4:15 ਵਜੇ ਤੱਕ
ਚਾਹ-ਪਾਣੀ ਤੇ ਲੰਗਰ
4:15 ਤੋਂ 4:45 ਵਜੇ ਤੱਕ
ਸ਼ਬਦ ਜਾਪ, ਵਿਚਾਰ ਤੇ ਸਵਾਲ-ਜਵਾਬ
4:45 ਤੋਂ 7 ਵਜੇ ਤੱਕ

ਪ੍ਰੋ. ਸਰਬਜੀਤ ਸਿੰਘ
ਗੋਬਿੰਦਪੁਰੀ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਫੋਨ: 646-464-1818
Guru Nanak Sikh Temple, Fairfield
2948 Rockville Road, Fairfield, CA 94534
Camp organized by Servants of Humanity Inc.

ੴ
Sikh National Center, Inc.
7500 N. Sam Houston Pkwy., Houston, Texas, 77064
ਗੁਰਮਤਿ ਸੰਗੀਤ ਅਧਿਆਪਕ
ਦੀ ਲੋੜ ਹੈ
ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ (ਟੈਕਸਸ) ਲਈ ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ 31 ਰਾਗਾਂ (ਅਤੇ ਪ੍ਰਕਾਰਾਂ) ਦਾ ਪੂਰਾ ਗਿਆਨ ਹੋਵੇ, ਕਲਾਸੀਕਲ ਤਾਲਾਂ ਸਮੇਤ ਸਾਰੇ ਤਾਲਾਂ ਦਾ ਪੂਰਾ ਗਿਆਨ ਹੋਵੇ ਅਤੇ ਅਮਰੀਕਾ ਜੰਮੇ-ਪਲੇ ਬੱਚਿਆਂ ਨੂੰ ਗੁਰਮਤਿ ਗਿਆਨ ਦੀ ਪੜ੍ਹਾਈ ਕਰਾਉਣ ਦੇ ਸਮਰੱਥ ਹੋਵੇ।
ਸੰਪਰਕ ਕਰੋ
ਰੂਬਿਨ ਬੈਂਸ, ਫੋਨ: 281-773-8944
rubenbains@yahoo.com
24-27

## ਜੇਲ੍ਹ 'ਚੋਂ ਹੈਲੀਕਾਪਟਰ ਰਾਹੀਂ ਭੱਜਿਆ ਫਰਾਂਸੀਸੀ ਚੋਰ

**ਪੈਰਿਸ:** ਫਰਾਂਸ ਦਾ ਇਕ ਬਦਨਾਮ ਚੋਰ ਹੈਲੀਕਾਪਟਰ ਰਾਹੀਂ ਜੇਲ੍ਹ 'ਚੋਂ ਫਰਾਰ ਹੋ ਗਿਆ ਹੈ। 46 ਸਾਲਾ ਰੀਦੋਇਨ ਫਾਇਦ ਮਿੰਟਾਂ 'ਚ ਸ਼ਹਿਰ ਦੇ ਦੱਖਣਪੂਰਬੀ ਸਬ ਅਰਬ ਵਿਚਲੇ ਰਿਆਊ ਖੇਤਰ ਵਿਚਲੀ ਜੇਲ੍ਹ 'ਚੋਂ ਫਰਾਰ ਹੋ ਗਿਆ। ਉਸ ਦੇ ਭੱਜਣ ਵਿਚ ਕਈ ਹਥਿਆਰਬੰਦ ਵਿਅਕਤੀਆਂ ਨੇ ਉਸ ਦੀ ਮਦਦ ਕੀਤੀ।

ਸੂਤਰਾਂ ਅਨੁਸਾਰ ਉਹ ਆਪਣੇ ਤਿੰਨ ਸਾਥੀਆਂ ਨਾਲ ਭੱਜ ਗਿਆ ਤੇ ਮਗਰੋਂ ਹੈਲੀਕਾਪਟਰ ਥੋੜ੍ਹੀ ਦੂਰੋਂ ਮਿਲ ਗਿਆ। ਪੁਲਿਸ ਵੱਲੋਂ ਪੈਰਿਸ ਦੇ ਸਮੁੱਚੇ ਖੇਤਰ ਵਿਚ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ 2013 ਵਿਚ ਵੀ ਉਹ ਉੱਤਰੀ ਫਰਾਂਸ ਵਿਚ ਡਾਇਨਾਮਾਈਟ ਦੀ ਵਰਤੋਂ ਕਰ ਕੇ ਉੱਤਰੀ ਫਰਾਂਸ ਦੀ ਜੇਲ੍ਹ ਤੋੜ ਕੇ ਫਰਾਰ ਹੋ ਗਿਆ ਸੀ ਪਰ ਛੇ ਕੁ ਹਫਤੇ ਮਗਰੋਂ ਹੀ ਉਸ ਨੂੰ ਮੁੜ ਕਾਬੂ ਕਰ ਲਿਆ ਗਿਆ ਸੀ। ਪਿਛਲੀ ਵਾਰ ਉਸ ਨੇ ਅਧਿਕਾਰੀਆਂ ਨੂੰ ਕਾਇਲ ਕਰ ਲਿਆ ਸੀ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੈ, ਉਹ ਨਵੇਂ ਸਿਰਿਉਂ ਜ਼ਿੰਦਗੀ ਜਿਉਣਾ ਚਾਹੁੰਦਾ ਹੈ ਜਿਸ ਤੋਂ ਬਾਅਦ ਉਸ ਨੂੰ ਰਿਹਾਈ ਮਿਲ ਗਈ ਸੀ। ਅਪਰੈਲ ਮਹੀਨੇ ਫਾਇਦ ਨੂੰ 2010 ਵਿਚ ਡਕੈਤੀ ਮਾਰਨ ਦੇ ਦੋਸ਼ ਹੇਠ 25 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਘਟਨਾ ਮੌਕੇ ਹੋਈ ਗੋਲੀਬਾਰੀ ਵਿਚ ਇਕ ਮਹਿਲਾ ਪੁਲਿਸ ਕਰਮੀ ਦੀ ਮੌਤ ਹੋ ਗਈ ਸੀ।

*To Advertise with Punjab Times*
**Call: 847-359-0746**

# ਭਾਰਤ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਘਟੀ

**ਪਟਿਆਲਾ:** ਕੇਂਦਰ ਸਰਕਾਰ ਵੱਲੋਂ 2001 ਤੋਂ 2011 ਤੱਕ ਦੀ ਜਨਗਣਨਾ 'ਤੇ ਆਧਾਰਤ ਭਾਸ਼ਾਵਾਂ ਬਾਬਤ ਜਾਰੀ ਕੀਤੇ ਅੰਕੜਿਆਂ ਮੁਤਾਬਕ ਦੇਸ਼ ਭਰ ਵਿਚ ਪੰਜਾਬੀ ਭਾਸ਼ਾ ਦਾ ਗਿਆਰ੍ਹਵਾਂ ਸਥਾਨ ਹੈ। ਦੇਸ਼ ਦੇ 1,21,08,54,977 (ਕਰੀਬ 1.21 ਅਰਬ) ਲੋਕਾਂ ਵਿਚੋਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 3,31,24,726 (ਕਰੀਬ 3.31 ਕਰੋੜ) ਹੈ, ਜੋ 2.74 ਫੀਸਦੀ ਬਣਦੀ ਹੈ।

ਇਨ੍ਹਾਂ ਵਿਚੋਂ 1,73,40,931 ਪੁਰਸ਼ ਅਤੇ 1,57,83,795 ਔਰਤਾਂ ਹਨ। ਉਂਜ ਹਰ ਚੌਥਾ ਪੰਜਾਬੀ ਹੋਰਨਾਂ ਸੂਬਿਆਂ ਨਾਲ ਸਬੰਧਤ ਹੈ। ਕਿਉਂਕਿ ਪੰਜਾਬ ਵਿਚਲੇ ਪੰਜਾਬੀਆਂ ਦੀ ਗਿਣਤੀ 2,49,17,885 (ਲਗਭਗ ਢਾਈ ਕਰੋੜ) ਹੈ, ਉਥੇ ਹੀ 82 ਲੱਖ ਪੰਜਾਬੀਆਂ ਦਾ ਸਬੰਧ ਹੋਰਨਾਂ ਸੂਬਿਆਂ ਨਾਲ ਹੈ। 2,40,0883 ਪੰਜਾਬੀ ਹਰਿਆਣਾ, 2274342 ਰਾਜਸਥਾਨ ਅਤੇ 873477 ਪੰਜਾਬੀ ਦਿੱਲੀ ਵਿਚ ਹਨ। ਜਦਕਿ ਚੰਡੀਗੜ੍ਹ ਦਾ ਨੌਵਾਂ ਨੰਬਰ ਹੈ। ਬਾਕੀਆਂ ਵਿਚੋਂ ਹਿਮਾਚਲ ਪ੍ਰਦੇਸ਼ 'ਚ 615022, ਯੂ.ਪੀ 508736, ਉਤਰਾਖੰਡ 283310, ਮਹਾਰਾਸ਼ਟਰ 280192, ਚੰਡੀਗੜ੍ਹ ਵਿਚ 232516, ਜੰਮੂ ਕਸ਼ਮੀਰ 219193, ਮੱਧ ਪ੍ਰਦੇਸ਼ 139658, ਝਾਰਖੰਡ 78712, ਛੱਤੀਸਗੜ੍ਹ 65425, ਗੁਜਰਾਤ 63288, ਪੱਛਮੀ ਬੰਗਾਲ ਵਿਚ 61080, ਕਰਨਾਟਕ ਵਿਚ 25981, ਆਂਧਰਾ ਪ੍ਰਦੇਸ਼ ਵਿਚ 24413, ਅਸਾਮ ਵਿਚ 23313, ਉੜੀਸਾ 19470, ਬਿਹਾਰ ਵਿਚ 10467, ਤਾਮਿਲਨਾਡੂ ਵਿਚ 6565, ਮੇਘਾਲਿਆ ਵਿਚ 4540 ਲੋਕ ਪੰਜਾਬੀ ਬੋਲਣ ਵਾਲੇ ਹਨ। ਜਦਕਿ ਅਰੁਣਾਚਲ ਪ੍ਰਦੇਸ਼ 'ਚ 3674, ਨਾਗਾਲੈਂਡ 2249, ਗੋਆ ਵਿਚ 1959, ਸਿੱਕਮ 1954, ਅੰਡੇਮਾਨ-ਨਿੱਕੋਬਾਰ ਵਿਚ 1565, ਕੇਰਲਾ 1380, ਮਨੀਪੁਰ ਵਿਚ 1370, ਤ੍ਰਿਪੁਰਾ ਵਿਚ 997, ਦਾਦਰ ਐਂਡ ਹਵੇਲੀ ਵਿਚ 414, ਮਿਜ਼ੋਰਮ ਵਿਚ 349, ਦਮਨ ਐਂਡ ਦਿਊ ਵਿਚ 222, ਪੁੱਡੂਚੇਰੀ ਵਿਚ 121 ਅਤੇ ਲਕਸ਼ਦੀਪ ਵਿਚ ਸਿਰਫ 4 ਵਿਅਕਤੀ ਹੀ ਪੰਜਾਬੀ ਬੋਲਣ ਵਾਲੇ ਹਨ। ਪੰਜਾਬੀ ਬੋਲਣ ਵਾਲਿਆਂ ਦੀ ਪ੍ਰਤੀਸ਼ਤਤਾ ਘਟਣ ਬਾਰੇ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਕਾਰਨ ਆਬਾਦੀ ਦਾ ਘਟਣਾ ਅਤੇ ਪੰਜਾਬੀਆਂ ਦੇ ਵੱਡੀ ਤਾਦਾਦ ਵਿਚ ਪਰਵਾਸ ਕਰਨਾ ਦੱਸਿਆ।

## ਮੁੰਬਈ 'ਚ ਚਾਰਟਰਡ ਜਹਾਜ਼ ਨੂੰ ਹਾਦਸਾ ਪੰਜ ਹਲਾਕ

**ਮੁੰਬਈ:** ਮੁੰਬਈ ਦੇ ਘਾਟਕੋਪਰ ਇਲਾਕੇ ਵਿਚ ਇਕ ਬਾਰਾਂ-ਸੀਟਰ ਚਾਰਟਰਡ ਹਵਾਈ ਜਹਾਜ਼ ਡਿੱਗਣ ਕਾਰਨ ਪੰਜ ਵਿਅਕਤੀ ਮਾਰੇ ਗਏ ਤੇ ਤਿੰਨ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਜਹਾਜ਼ ਦੇ ਦੋ ਪਾਇਲਟ, ਦੋ ਮੈਂਟੇਨੈਂਸ ਇੰਜੀਨੀਅਰ ਅਤੇ ਇਕ ਰਾਹਗੀਰ ਸ਼ਾਮਲ ਸੀ, ਜੋ ਡਿੱਗੇ ਜਹਾਜ਼ ਦੀ ਜ਼ੱਦ ਵਿਚ ਆ ਗਿਆ।

ਇਹ ਮਹਾਰਾਸ਼ਟਰ ਵਿਚ ਦੋ ਦਿਨਾਂ ਦੌਰਾਨ ਵਾਪਰਿਆ ਦੂਜਾ ਹਵਾਈ ਹਾਦਸਾ ਸੀ। ਇਹ ਕਿੰਗ ਏਅਰ ਸੀ90 12-ਸੀਟਰ ਜਹਾਜ਼ ਪਹਿਲਾਂ ਉਤਰ ਪ੍ਰਦੇਸ਼ ਸਰਕਾਰ ਕੋਲ ਸੀ, ਜਿਸ ਨੂੰ ਯੂਵਾਈ ਏਵੀਏਸ਼ਨ ਨੇ ਖਰੀਦ ਲਿਆ ਸੀ।

## Matrimonials

### ਵਰ ਦੀ ਲੋੜ ਹੈ

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

Wanted suitable US or Canadian citizen boy for a Punjabi Jatt Sikh beautiful girl 23 yrs, 5'-5", M.Sc. physics, currently working in a reputable college as a lecturer in Punjab. Contact, Ph: 916-840-8023, 91-97794-38835 (India) 25-28

### ਜੀਵਨ ਸਾਥਣ ਦੀ ਲੋੜ

ਫਰਿਜ਼ਨੋ ਨਿਵਾਸੀ 53 ਸਾਲਾ ਤਲਾਕ-ਸ਼ੁਦਾ ਮਰਦ ਲਈ 45 ਤੋਂ 55 ਸਾਲਾ ਜੀਵਨ ਸਾਥਣ ਦੀ ਲੋੜ ਹੈ। ਸੰਪਰਕ ਕਰੋ, ਫੋਨ: 602-446-4643

*Visit us on the web*
***punjabtimesusa.com***

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 31 ਸਾਲ, 5'-8", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 25-28

Wanted suitable US girl for Nai Sikh US citizen boy, Doctor of Pharmacy, 30, 5'10". The girl should be beautiful, tall, equally qualified. Cast No Bar. Serious inquires, email: kkaurusaca@gmail.com 24-27

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 26-29

**Punjab Times E-mail: Punjabtimes1@gmail.com**
**www.punjabtimesusa.com**


# ਰੈਸਟੋਰੈਂਟ ਸਟਾਫ ਦੀ ਲੋੜ ਹੈ

## ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

## ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

**ਫੋਨ: 850-510-3466**

26-27


## ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ 15 ਨੂੰ ਮਨਾਇਆ ਜਾਵੇਗਾ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਅਤੇ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ 15 ਜੁਲਾਈ ਨੂੰ ਗੁਰਦੁਆਰਾ ਰਾਮਗੜ੍ਹੀਆ ਸਿੱਖ ਸੁਸਾਇਟੀ (86-71 ਪਾਲੋ ਅਲਟੋ ਸਟਰੀਟ, ਹੋਲਿਸਵੁਡ) ਵਿਖੇ ਮਨਾਇਆ ਜਾਵੇਗਾ।

ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖ ਕੌਮ ਵਿਚ ਜੋ ਸ਼ਹਾਦਤਾਂ ਦੀ ਗਿਣਤੀ ਕਰਨੀ ਹੋਵੇ ਤਾਂ ਕੋਈ ਵੀ ਇਤਿਹਾਸਕਾਰ ਸਹੀ ਨਹੀਂ ਦਸ ਸਕਦਾ, ਸਾਰੇ ਆਪੋ ਆਪਣੇ ਕਿਆਫੇ ਲਾਉਂਦੇ ਹਨ। ਪਰ ਇਕ ਲਫਜ਼ ਸਾਰੀਆਂ ਗਿਣਤੀਆਂ ਮਿਣਤੀਆਂ ਨੂੰ ਸੰਪੂਰਨ ਕਰਦਾ ਹੈ, ਅਣਗਿਣਤ ਸ਼ਹੀਦ। ਸੁਸਾਇਟੀ ਨੇ ਸਮੂਹ ਸ਼ਹੀਦਾਂ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਵਾਸਤੇ ਟਰਾਈ ਸਟੇਟ ਦੀਆਂ ਸਮੂਹ ਜਥੇਬੰਦੀਆਂ, ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਸੰਗਤ ਨੂੰ ਸ਼ਾਮਿਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਹੈ।


# ਕਿਚਨ ਹੈਲਪਰ ਦੀ ਲੋੜ ਹੈ

## ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ

## ਤਨਖਾਹ ਚੰਗੀ, ਰਿਹਾਇਸ਼ ਤੇ ਖਾਣਾ ਮੁਫਤ ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

**ਫੋਨ: 501-309-4140**

26-27



# ਨਵਾਂ ਸ਼ਹਿਰ ਵਿਚ ਕੋਠੀ ਵਿਕਾਊ ਹੈ

## ਨਵਾਂ ਸ਼ਹਿਰ-ਚੰਡੀਗੜ੍ਹ ਰੋਡ ਉਤੇ ਅੰਗਦ ਨਗਰ ਵਿਚ 16 ਮਰਲੇ ਪਲਾਟ 'ਚ ਬਣੀ 10 ਬੈਡਰੂਮ ਦੀ ਕੋਠੀ ਵਿਕਾਊ ਹੈ।

**ਕੀਮਤ: 95 ਲੱਖ ਰੁਪਏ**

ਸੰਪਰਕ ਕਰੋ

**ਫੋਨ: 608-886-2501**

26-28



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਵਿਧਾਇਕਾਂ ਨੂੰ 'ਸੈੱਟ' ਕਰਨ ਲਈ ਕੈਪਟਨ ਸਰਕਾਰ ਨੇ ਬਦਲਿਆ ਕਾਨੂੰਨ

**ਚੰਡੀਗੜ੍ਹ:** ਵਿੱਤੀ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਕੈਪਟਨ ਸਰਕਾਰ ਭਾਵੇਂ ਲੋਕ ਭਲਾਈ ਸਕੀਮਾਂ ਸਮੇਤ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਤੋਂ ਹੱਥ ਖੜ੍ਹੇ ਕਰੀ ਬੈਠੀ ਹੈ ਪਰ ਨਾਰਾਜ਼ ਕਾਂਗਰਸੀ ਵਿਧਾਇਕਾਂ ਤੇ ਆਗੂਆਂ ਲਈ ਖਜਾਨੇ ਦਾ ਮੂੰਹ ਖੋਲ੍ਹਣ ਤੋਂ ਜਰਾ ਨਹੀਂ ਝਿਜਕ ਰਹੀ। ਸਰਕਾਰ ਨੇ ਨਾਰਾਜ਼ ਵਿਧਾਇਕਾਂ ਨੂੰ ਖੁਸ਼ ਕਰਨ ਲਈ ਵੱਡਾ ਫੈਸਲਾ ਲਿਆ ਹੈ। ਵਿਧਾਇਕਾਂ ਨੂੰ ਮਨਾਉਣ ਲਈ ਵੱਖ-ਵੱਖ ਅਦਾਰਿਆਂ ਦੇ ਚੇਅਰਮੈਨ ਲਾਉਣ ਵਾਸਤੇ 'ਲਾਭ ਦੇ ਅਹੁਦੇ' ਨਾਲ ਸਬੰਧਤ 1952 ਦੇ ਐਕਟ ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਤਰ੍ਹਾਂ ਚੇਅਰਮੈਨ ਲਾਏ ਜਾਣ ਨਾਲ ਇਨ੍ਹਾਂ ਅਦਾਰਿਆਂ ਉਤੇ ਹੋਰ ਵਿੱਤੀ ਬੋਝ ਪਵੇਗਾ।

ਵਜ਼ਾਰਤ ਨੇ ਪੰਜਾਬ ਸਟੇਟ ਲੈਜੀਸਲੇਚਰ (ਪ੍ਰੀਵੈਂਸ਼ਨ ਆਫ ਡਿਸਕੁਆਲੀਫਿਕੇਸ਼ਨ) ਐਕਟ 1952 ਵਿਚ ਕੁਝ ਅਹਿਮ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਰਾਹੀਂ ਵਿਧਾਇਕਾਂ ਲਈ 'ਲਾਭ ਦੇ ਅਹੁਦੇ' ਦੀਆਂ ਹੋਰ ਕਈ ਨਵੀਆਂ ਸ਼੍ਰੇਣੀਆਂ ਰੱਖੀਆਂ ਜਾਣਗੀਆਂ। ਇਨ੍ਹਾਂ ਤਰਮੀਮਾਂ ਨਾਲ ਵਿਧਾਇਕਾਂ ਨੂੰ ਲਾਭ ਦੇ ਅਹੁਦਿਆਂ ਦੇ ਕੁਝ ਹੋਰ ਮਾਮਲਿਆਂ ਵਿਚ ਅਯੋਗ ਨਾ ਠਹਿਰਾਏ ਦੀ ਵਿਵਸਥਾ ਕੀਤੀ ਜਾਵੇਗੀ, ਜੋ ਪਹਿਲਾਂ ਐਕਟ ਵਿਚ ਸ਼ਾਮਲ ਨਹੀਂ ਹਨ। ਐਕਟ ਵਿਚ ਨਵੀਂ ਧਾਰਾ 1-ਏ ਸ਼ਾਮਲ ਕਰ ਕੇ ਜ਼ਰੂਰੀ ਭੱਤੇ, ਸੰਵਿਧਾਨਿਕ ਬਾਡੀ ਤੇ ਗੈਰਸੰਵਿਧਾਨਿਕ ਬਾਡੀ ਨੂੰ ਪ੍ਰਭਾਸ਼ਿਤ ਕੀਤਾ ਜਾਵੇਗਾ।

ਧਾਰਾ 2 ਤਹਿਤ ਲਾਭ ਦੇ ਅਹੁਦੇ ਦੀਆਂ ਹੋਰ ਸ਼੍ਰੇਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਚੇਅਰਮੈਨ ਲੱਗਣ ਵਾਲੇ ਵਿਧਾਇਕਾਂ ਨੂੰ ਮੌਜੂਦਾ ਭੱਤਿਆਂ ਤੋਂ ਵੱਧ ਭੱਤੇ ਤਾਂ ਨਹੀਂ ਮਿਲਣਗੇ ਪਰ ਉਹ ਨਿਗਮ/ਬੋਰਡ ਦੀ ਗੱਡੀ ਤੇ ਹੋਰ ਕਈ ਪ੍ਰਕਾਰ ਦੀਆਂ ਹੋਰ ਸਹੂਲਤਾਂ ਦਾ ਸੁੱਖ ਮਾਣ ਸਕਣਗੇ। ਜਦੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪੁੱਛਿਆ ਕਿ ਕੀ ਇਸ ਫੈਸਲੇ ਨਾਲ ਇਨ੍ਹਾਂ ਅਦਾਰਿਆਂ ਉਤੇ ਵਿੱਤੀ ਬੋਝ ਨਹੀਂ ਪਵੇਗਾ, ਤਾਂ ਉਨ੍ਹਾਂ ਕਿਹਾ ਕਿ ਇਹ ਵਜ਼ਾਰਤ ਦਾ ਫੈਸਲਾ ਹੈ।

ਉਧਰ, ਸਰਕਾਰ ਨੇ ਘਾਟੇ 'ਚ ਚੱਲ ਰਹੀਆਂ ਪੰਜਾਬ ਕਮਿਊਨਿਕੇਸ਼ਨ ਲਿਮਟਿਡ (ਪਨਕੌਮ), ਪੰਜਾਬ ਵਿੱਤ ਕਾਰਪੋਰੇਸ਼ਨ (ਪੀ.ਐਫ.ਸੀ.) ਅਤੇ ਪੰਜਾਬ ਰਾਜ ਸਨਅਤੀ ਵਿਕਾਸ ਕਾਰਪੋਰੇਸ਼ਨ (ਪੀ.ਐਸ.ਆਈ.ਡੀ.ਸੀ.) ਦਾ ਅਪਨਿਵੇਸ਼ ਕਰਨ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਪੰਜਾਬ ਪ੍ਰਸ਼ਾਸਕੀ ਸੁਧਾਰ ਅਤੇ ਐਥਿਕਸ ਕਮਿਸ਼ਨ (ਪੀ.ਜੀ.ਆਰ.ਈ.ਸੀ.) ਦੀਆਂ ਸਿਫਾਰਸ਼ਾਂ ਤਹਿਤ ਲਿਆ ਹੈ। ਅਪਨਿਵੇਸ਼ ਰਾਹੀਂ ਪੂੰਜੀ ਖਰਚੇ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਫੰਡ ਪੈਦਾ ਕੀਤੇ ਜਾ ਸਕਦੇ ਹਨ। ਪੰਜਾਬ ਵਿਚ 50 ਪੀ.ਐਸ.ਯੂਜ਼. ਵਿਚੋਂ 2017-18 ਦੌਰਾਨ ਸਿਰਫ 4.90 ਕਰੋੜ ਰੁਪਏ ਡਿਵੀਡੈਂਡ ਵਜੋਂ ਮਿਲੇ ਹਨ, ਜਦਕਿ ਇਨ੍ਹਾਂ ਵਿਚ ਸੂਬੇ ਦੀ 7614 ਕਰੋੜ ਰੁਪਏ ਦੀ ਰਕਮ ਜਾਮ ਹੈ। ਇਨ੍ਹਾਂ ਸਿਰ 25393 ਕਰੋੜ ਰੁਪਏ ਕਰਜ਼ ਹੈ। ਇਹ ਅੰਕੜੇ ਬੀਤੇ 31 ਮਾਰਚ ਦੇ ਹਨ।

### ਧਰਮਵੀਰ ਗਾਂਧੀ ਨੇ ਕੈਪਟਨ ਸਰਕਾਰ 'ਤੇ ਚੁੱਕੇ ਸਵਾਲ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਆਪਣੇ ਵਿਧਾਇਕਾਂ ਨੂੰ ਫਾਇਦਾ ਪਹੁੰਚਾਉਣ ਲਈ ਕਾਨੂੰਨ 'ਚ ਬਦਲਾਅ ਕਰਨ ਦੀ ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਤੇ ਲੋਕ ਸਭਾ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਤਿੱਖੀ ਨਿੰਦਾ ਕੀਤੀ ਹੈ। ਗਾਂਧੀ ਨੇ ਕਿਹਾ ਕਿ ਇਕ ਪਾਸੇ ਪੰਜਾਬ ਕਰੋੜਾਂ ਰੁਪਏ ਦਾ ਕਰਜ਼ਾਈ ਹੈ ਤੇ ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਆਪਣੇ ਵਿਧਾਇਕਾਂ ਨੂੰ ਨਾਲ ਰੱਖਣ ਲਈ ਉਨ੍ਹਾਂ ਨੂੰ ਅਜਿਹੇ ਕਾਨੂੰਨ ਦਾ ਫਾਇਦਾ ਦੇ ਕੇ ਵੱਖ-ਵੱਖ ਅਹੁਦਿਆਂ ਉਤੇ ਸੈੱਟ ਕਰਨ 'ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕੈਬਨਿਟ 'ਚ ਵਿਸਥਾਰ ਤੋਂ ਬਾਅਦ ਕੈਪਟਨ ਆਪਣੇ ਨਾਲ ਖਫ਼ਾ ਹੋਏ ਵਿਧਾਇਕਾਂ ਨੂੰ ਮਨਾਉਣ ਲਈ ਇਹ ਕਦਮ ਉਠਾਇਆ ਹੈ।

ਇਨ੍ਹਾਂ ਵਿਚੋਂ ਪਨਕੌਮ ਦੀ ਸਥਾਪਨਾ 1981 ਵਿਚ ਹੋਈ ਸੀ, ਜਿਸ ਨੂੰ 2017-18 ਵਿਚ 3.81 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਦਾ ਕੁੱਲ ਨੁਕਸਾਨ 31 ਮਾਰਚ, 2018 ਤੱਕ 20.53 ਕਰੋੜ ਰੁਪਏ ਸੀ। ਸੂਬਾਈ ਵਿੱਤ ਕਾਰਪੋਰੇਸ਼ਨ ਐਕਟ 1951 ਹੇਠ ਬਣਾਈ ਪੀਐਫਸੀ ਦਾ ਮੁੱਖ ਉਦੇਸ਼ ਨਵੇਂ ਛੋਟੇ, ਲਘੂ ਤੇ ਦਰਮਿਆਨੇ ਉਦਯੋਗਾਂ ਦੀ ਸਥਾਪਨਾ, ਆਧੁਨੀਕੀਕਰਨ ਅਤੇ ਪਸਾਰ/ਵਿਭਿੰਨਤਾ ਕਰਨਾ ਸੀ। ਪੰਜਾਬ ਸਰਕਾਰ ਕੋਲ ਇਸ ਦਾ 72.55 ਫੀਸਦੀ ਹਿੱਸਾ ਹੈ, ਜੋ 1996-97 ਤੱਕ ਫਾਇਦੇ ਵਿਚ ਰਹੀ।

ਉਧਾਰ ਦੀ ਉਚ ਲਾਗਤ ਅਤੇ ਵਪਾਰਕ ਬੈਂਕਾਂ ਵਲੋਂ ਤਿੱਖੇ ਮੁਕਾਬਲੇ ਦੇ ਕਾਰਨ 1998 ਤੋਂ ਇਹ ਘਾਟੇ 'ਚ ਹੈ। ਪਿਛਲੇ ਸਾਲ 30 ਦਸੰਬਰ ਤੱਕ ਇਸ ਦਾ ਘਾਟਾ 275 ਕਰੋੜ ਰੁਪਏ ਸੀ। ਪੀ.ਐਸ.ਆਈ.ਡੀ.ਸੀ. 1966 ਵਿਚ ਹੋਂਦ ਵਿਚ ਆਈ, ਜਿਸ ਦਾ ਉਦੇਸ਼ ਵੱਡੇ ਅਤੇ ਦਰਮਿਆਨੇ ਉਦਯੋਗਾਂ ਦਾ ਵਿਕਾਸ ਸੀ। ਇਸ ਵਿਚ ਪੰਜਾਬ ਸਰਕਾਰ ਦਾ 100 ਫੀਸਦੀ ਹਿੱਸਾ ਹੈ। ਇਸ ਸਿਰ ਮਿਆਦੀ ਕਰਜ਼ 676.54 ਕਰੋੜ ਰੁਪਏ ਤੇ ਕੁੱਲ ਦੇਣਦਾਰੀ 744.09 ਕਰੋੜ ਰੁਪਏ ਹੈ।

# ਕੈਪਟਨ ਸਰਕਾਰ ਨੇ ਫੜ੍ਹੀ ਜੋਧਪੁਰ ਨਜ਼ਰਬੰਦਾਂ ਦੀ ਬਾਂਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਦਾਲਤ ਦੇ ਫੈਸਲੇ ਅਨੁਸਾਰ ਜੋਧਪੁਰ ਦੇ 40 ਨਜ਼ਰਬੰਦਾਂ ਨੂੰ ਮੁਆਵਜ਼ੇ ਦੇ ਚੈੱਕ ਦਿੱਤੇ ਹਨ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਹੈ ਕਿ ਜੋਧਪੁਰ ਜੇਲ੍ਹ ਦੇ ਬਕਾਇਆ 325 ਨਜ਼ਰਬੰਦਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇਗਾ। ਸਾਰੇ 365 ਨਜ਼ਰਬੰਦਾਂ ਨੂੰ ਕੇਂਦਰ ਸਰਕਾਰ ਕੋਲੋਂ ਵੀ ਮੁਆਵਜ਼ਾ ਦਿਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮੁਆਵਜ਼ੇ ਦੀ ਅੱਧੀ ਰਕਮ ਦੇ ਦੇਵੇਗੀ ਤੇ ਜੇਕਰ ਕੇਂਦਰ ਨਹੀਂ ਦੇਵੇਗਾ ਤਾਂ ਪੰਜਾਬ ਸਰਕਾਰ ਸਾਰੇ ਨਜ਼ਰਬੰਦਾਂ ਨੂੰ ਮੁਆਵਜ਼ਾ ਦੇਵੇਗੀ।

ਅੰਮ੍ਰਿਤਸਰ ਦੀ ਜ਼ਿਲ੍ਹਾ ਅਦਾਲਤ ਨੇ ਪਿਛਲੇ ਸਾਲ 40 ਨਜ਼ਰਬੰਦਾਂ ਨੂੰ 4.5 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦੇ ਆਦੇਸ਼ ਦਿੱਤੇ ਸਨ ਤੇ ਇਸ ਵਿਚੋਂ ਅੱਧੀ ਰਕਮ ਕੇਂਦਰ ਸਰਕਾਰ ਨੇ ਦੇਣੀ ਹੈ। ਮੁੱਖ ਮੰਤਰੀ ਨੇ ਸੂਬੇ ਦੇ 50 ਫੀਸਦੀ ਹਿੱਸੇ ਦੇ 2,16,44,900 ਰਾਸ਼ੀ ਦੇ ਚੈੱਕ ਦਿੱਤੇ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਨਜ਼ਰਬੰਦ ਅਦਾਲਤਾਂ ਵਿਚ ਨਹੀਂ ਗਏ, ਉਹ ਵੀ ਮੁਆਵਜ਼ੇ ਦੇ ਹੱਕਦਾਰ ਹਨ ਅਤੇ ਸਰਕਾਰ ਉਨ੍ਹਾਂ ਨੂੰ ਬਰਾਬਰ ਦਾ ਭੁਗਤਾਨ ਕਰੇਗੀ। ਉਨ੍ਹਾਂ ਉਮੀਦ ਕੀਤੀ ਕਿ ਬਾਕੀ 325 ਵਿਅਕਤੀਆਂ ਨੂੰ ਮੁਆਵਜ਼ਾ ਦੇਣ ਲਈ ਕੇਂਦਰ ਸਰਕਾਰ ਵੀ ਆਪਣਾ ਹਿੱਸਾ ਪਾਉਣ ਲਈ ਸਹਿਮਤ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇਸ਼ ਵਿਚ ਨਹੀਂ ਸਨ ਤੇ ਉਨ੍ਹਾਂ ਨੇ ਨਜ਼ਰਬੰਦਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕੇਂਦਰੀ ਗ੍ਰਹਿ ਸਕੱਤਰ ਨਾਲ ਕੀਤੀ ਸੀ, ਇਸ ਲਈ ਕੇਂਦਰ ਸਰਕਾਰ ਆਪਣਾ ਹਿੱਸਾ ਦੇਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀ ਦੇਣ ਦੀ ਮੰਗ ਉਤੇ ਗੌਰ ਕਰੇਗੀ।



ਇਨ੍ਹਾਂ ਨਜ਼ਰਬੰਦਾਂ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਹਰਮਿੰਦਰ ਸਿੰਘ ਵਿਚ ਵੀ ਸ਼ਾਮਲ ਸਨ, ਜੋ ਬਾਅਦ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਏ ਤੇ ਪੱਟੀ ਤੋਂ ਵਿਧਾਇਕ ਚੁਣੇ ਗਏ। ਉਨ੍ਹਾਂ ਨੇ ਨਜ਼ਰਬੰਦਾਂ ਦੀ ਬਾਂਹ ਫੜਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੈਪਟਨ ਨੇ ਆਪਣੀ ਪਿਛਲੀ ਸਰਕਾਰ ਦੌਰਾਨ ਸਾਲ 2006 ਵਿਚ ਹਰੇਕ ਨਜ਼ਰਬੰਦ ਨੂੰ ਇਕ ਇਕ ਲੱਖ ਰੁਪਏ ਦਿੱਤੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੀ ਭਾਈਵਾਲ ਪਾਰਟੀ ਦੀ ਕੇਂਦਰ ਸਰਕਾਰ ਪਟੀਸ਼ਨ ਦਾਇਰ ਕਰ ਕੇ ਮੁਆਵਜ਼ੇ ਵਿਚ ਦੇਰੀ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਸਾਕਾ ਨੀਲਾ ਤਾਰਾ ਦੇ ਸਬੰਧ ਵਿਚ ਕੁੱਲ 365 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਜੋਧਪੁਰ ਦੀ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ, ਜਿਥੋਂ ਇਨ੍ਹਾਂ ਨੂੰ 1986 ਵਿਚ ਰਿਹਾਅ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਕਰੀਬ 100 ਦੀ ਮੌਤ ਹੋ ਚੁੱਕੀ ਹੈ ਤੇ 40 ਨੇ ਮੁਆਵਜ਼ਾ ਲੈਣ ਲਈ ਅਦਾਲਤ ਵਿਚ ਕੇਸ ਕਰ ਦਿੱਤਾ ਸੀ। ਕੇਸ ਦੌਰਾਨ ਸੱਤ ਹੋਰ ਵਿਅਕਤੀਆਂ ਦੀ ਮੌਤ ਹੋ ਗਈ। ਨਜ਼ਰਬੰਦਾਂ ਵਿਚ ਬਹੁਤੇ ਮਾਝੇ ਨਾਲ ਸਬੰਧਤ ਸਨ ਤੇ ਇਨ੍ਹਾਂ ਨੂੰ ਵੱਖ-ਵੱਖ ਹਲਕਿਆਂ ਤੋਂ ਵਿਧਾਇਕਾਂ ਅਤੇ ਮੰਤਰੀਆਂ ਨੇ ਚੈੱਕ ਦਿੱਤੇ।

### ਬੰਦੀਆਂ ਦਾ ਬਾਦਲ ਸਰਕਾਰ ਨਾਲ ਗਿਲਾ

ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਦੇ ਮੈਂਬਰ ਤੇ ਨਜ਼ਰਬੰਦ ਰਹੇ ਜਸਬੀਰ ਸਿੰਘ ਘੁੰਮਣ ਨੇ ਮੁੱਖ ਮੰਤਰੀ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਾਂ 20 ਸਾਲ ਦੀ ਅਦਾਲਤੀ ਲੜਾਈ ਤੋਂ ਬਾਅਦ ਆਇਆ ਹੈ। ਉਨ੍ਹਾਂ ਕਿਹਾ ਕਿ ਸਿਰਫ ਕੈਪਟਨ ਅਮਰਿੰਦਰ ਸਿੰਘ ਨੇ ਨਜ਼ਰਬੰਦਾਂ ਦੇ ਦਰਦ ਨੂੰ ਜਾਣਿਆ ਹੈ। ਮੁਆਵਜ਼ੇ ਲਈ ਨਜ਼ਰਬੰਦ ਕਈ ਵਾਰ ਬਾਦਲਾਂ ਨੂੰ ਮਿਲੇ, ਪਰ ਅਕਾਲੀ ਆਗੂਆਂ ਨੇ ਉਨ੍ਹਾਂ ਦੀਆਂ ਤਕਲੀਫਾਂ ਵੱਲ ਧਿਆਨ ਨਹੀਂ ਦਿੱਤਾ।

### ਫੋਰਟਿਸ: ਮਾਲਵਿੰਦਰ ਤੇ ਸ਼ਿਵਿੰਦਰ 'ਤੇ ਲੱਗੇ 500 ਕਰੋੜ ਦੀ ਹੇਰਾਫੇਰੀ ਦੇ ਦੋਸ਼

**ਨਵੀਂ ਦਿੱਲੀ:** ਫੋਰਟਿਸ ਹੈਲਥਕੇਅਰ ਨੇ ਦੋਸ਼ ਲਾਇਆ ਹੈ ਕਿ ਇਸ ਵੱਲੋਂ ਬਾਹਰਲੀ ਧਿਰ ਰਾਹੀਂ ਕਰਵਾਈ ਜਾਂਚ ਵਿਚ ਕੰਪਨੀ ਦੇ ਬਾਨੀ ਭਰਾਵਾਂ ਮਾਲਵਿੰਦਰ ਸਿੰਘ ਤੇ ਸ਼ਿਵਿੰਦਰ ਸਿੰਘ ਨੂੰ ਦਿੱਤੇ ਗਏ ਤਕਰੀਬਨ 500 ਕਰੋੜ ਰੁਪਏ ਦੇ ਕਰਜ਼ ਵਿਚ 'ਵਿਆਪਕ ਖਾਮੀਆਂ ਤੇ ਨਿਯਮਾਂ ਦੀ ਉਲੰਘਣਾ' ਸਾਹਮਣੇ ਆਈ ਹੈ।

ਫੋਰਟਿਸ ਨੇ ਕਿਹਾ ਕਿ ਇਸ ਨੇ ਇਸ ਰਕਮ ਦੀ ਵਸੂਲੀ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੰਪਨੀ ਵੱਲੋਂ ਜਾਰੀ ਇਕ ਬਿਆਨ ਮੁਤਾਬਕ ਬਾਨੀ ਭਰਾਵਾਂ ਨੂੰ ਇਹ ਕਰਜ਼ ਬੋਰਡ ਦੀ ਮਨਜ਼ੂਰੀ ਅਤੇ ਬਣਦੀ ਪ੍ਰਕਿਰਿਆ ਤੋਂ ਬਿਨਾਂ ਦਿੱਤੇ ਗਏ। ਗੌਰਤਲਬ ਹੈ ਕਿ ਕੰਪਨੀ ਇਸ ਵੇਲੇ ਵਿਕਰੀ ਸਬੰਧੀ ਵਿਵਾਦ ਵਿਚ ਉਲਝੀ ਹੋਈ ਹੈ। ਕੰਪਨੀ ਨੇ ਸਾਬਕਾ ਚੇਅਰਮੈਨ ਮਾਲਵਿੰਦਰ ਸਿੰਘ ਦੀ 'ਲੀਡ: ਸਟਰੈਟੇਜਿਕ ਇਨੀਸ਼ਿਏਟਿਵ' ਵਜੋਂ ਸਤੰਬਰ 2016 ਵਿਚ ਕੀਤੀ ਨਿਯੁਕਤੀ ਨੂੰ ਵੀ ਰੱਦ ਕਰ ਦਿੱਤਾ ਹੈ।

# ਹਵਾ ਪ੍ਰਦੂਸ਼ਣ ਨਾਲ ਡਾਇਬਟੀਜ਼ ਦਾ ਖਤਰਾ ਵਧਿਆ

**ਨਿਊ ਯਾਰਕ:** ਆਲਮੀ ਪੱਧਰ ਉਤੇ ਹਵਾ ਨੂੰ ਭਾਵੇਂ ਜਿੰਨਾ ਮਰਜ਼ੀ ਸੁਰੱਖਿਅਤ ਮੰਨੀਏ ਪਰ ਇਸ ਨਾਲ ਡਾਇਬਟੀਜ਼ (ਸ਼ੂਗਰ ਰੋਗ) ਦਾ ਖਤਰਾ ਵਧ ਜਾਂਦਾ ਹੈ। ਲਾਂਸੈਟ ਪਲੈਂਟਰੀ ਹੈਲਥ ਰਿਪੋਰਟ ਮੁਤਾਬਕ ਭਾਰਤ 'ਚ ਹਵਾ ਨੂੰ ਸਾਫ ਰੱਖਣ ਦੀਆਂ ਨੀਤੀਆਂ ਦੀ ਘਾਟ ਕਰਕੇ ਡਾਇਬਟੀਜ਼ ਦਾ ਖਤਰਾ ਕਿਤੇ ਵਧ ਹੈ।




ਵਿਗਿਆਨੀਆਂ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਕਰਕੇ ਇੰਸੂਲਿਨ ਬਣਨੀ ਘੱਟ ਜਾਂਦੀ ਹੈ ਅਤੇ ਜਲਨ ਵਧ ਜਾਂਦੀ ਹੈ ਜਿਸ ਨਾਲ ਸਰੀਰ ਬਲੱਡ ਗੁਲੂਕੋਜ਼ ਨੂੰ ਊਰਜਾ 'ਚ ਤਬਦੀਲ ਕਰਨ ਤੋਂ ਰੋਕ ਦਿੰਦਾ ਹੈ ਜਿਸ ਦੀ ਸਰੀਰ ਨੂੰ ਲੋੜ ਹੁੰਦੀ ਹੈ। ਪ੍ਰਦੂਸ਼ਣ ਨਾਲ ਸਬੰਧਤ ਡਾਇਬਟੀਜ਼ ਦਾ ਖਤਰਾ ਭਾਰਤ ਵਰਗੇ ਘੱਟ ਆਮਦਨ ਵਾਲੇ ਮੁਲਕਾਂ 'ਚ ਜ਼ਿਆਦਾ ਹੁੰਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ 'ਚ ਹਵਾ ਨੂੰ ਸਾਫ ਰੱਖਣ ਦੀਆਂ ਨੀਤੀਆਂ ਅਤੇ ਵਾਤਾਵਰਨ ਸਬੰਧੀ ਪ੍ਰਣਾਲੀ ਵਾਲੇ ਸੋਮਿਆਂ ਦੀ ਕਮੀ ਹੁੰਦੀ ਹੈ। ਵਾਸ਼ਿੰਗਟਨ ਯੂਨੀਵਰਸਿਟੀ ਦੇ ਜ਼ਿਆਦ ਅਲ-ਏਲੀ ਨੇ ਕਿਹਾ, "ਸਾਡੀ ਖੋਜ 'ਚ ਹਵਾ ਪ੍ਰਦੂਸ਼ਣ ਅਤੇ ਡਾਇਬਟੀਜ਼ ਵਿਚਕਾਰ ਅਹਿਮ ਮੇਲ ਨਜ਼ਰ ਆਉਂਦਾ ਹੈ।" ਉਸ ਨੇ ਕਿਹਾ ਕਿ ਖੋਜ ਤੋਂ ਪਤਾ ਲੱਗਿਆ ਕਿ ਪ੍ਰਦੂਸ਼ਣ ਦਾ ਸੁਰੱਖਿਅਤ ਮੌਜੂਦਾ ਪੱਧਰ ਵੀ ਹਾਨੀਕਾਰਕ ਹੈ ਅਤੇ ਇਸ ਉਤੇ ਹੋਰ ਸਖਤੀ ਕਰਨ ਦੀ ਲੋੜ ਹੈ।

ਖੋਜੀਆਂ ਦੇ ਅੰਦਾਜ਼ੇ ਮੁਤਾਬਕ 2016 'ਚ ਦੁਨੀਆਂ ਭਰ ਵਿਚ ਪ੍ਰਦੂਸ਼ਣ ਨੇ 30 ਲੱਖ ਤੋਂ ਥੋੜ੍ਹਾ ਵਧ ਡਾਇਬਟੀਜ਼ ਦੇ ਨਵੇਂ ਮਾਮਲਿਆਂ ਵਿਚ ਆਪਣਾ ਯੋਗਦਾਨ ਪਾਇਆ। ਸੰਯੁਕਤ ਰਾਸ਼ਟਰ ਦੀ ਸਥਾਈ ਵਿਕਾਸ ਟੀਚਿਆਂ ਸਬੰਧੀ ਰਿਪੋਰਟ ਮੁਤਾਬਕ 42 ਲੱਖ ਲੋਕ ਹਵਾ ਪ੍ਰਦੂਸ਼ਣ ਦਾ ਪੱਧਰ ਵਧਣ ਕਰਕੇ ਮਾਰੇ ਗਏ। ਟੀਮ ਨੇ ਡਾਇਬਟੀਜ਼ ਰਹਿਤ 10 ਲੱਖ ਤੋਂ ਵੱਧ ਲੋਕਾਂ ਦੇ ਅੰਕੜੇ ਦਾ ਅਧਿਐਨ ਕੀਤਾ।

ਪ੍ਰਦੂਸ਼ਣ ਕਰਕੇ ਡਾਇਬਟੀਜ਼ ਹੋਣ ਦੇ ਖਤਰੇ ਵਾਲੇ ਮੁਲਕਾਂ 'ਚ ਅਫਗਾਨਿਸਤਾਨ, ਪਪੂਆ ਨਿਊ ਗਿਨੀ ਅਤੇ ਗੁਇਆਨਾ ਸ਼ਾਮਲ ਹਨ ਜਦਕਿ ਫਰਾਂਸ, ਫਿਨਲੈਂਡ ਅਤੇ ਆਈਸਲੈਂਡ ਨੂੰ ਅਜਿਹਾ ਬਹੁਤ ਘੱਟ ਖਤਰਾ ਹੈ।

### ਇੰਜੀਨੀਅਰ ਨੇ ਪਤਨੀ ਦੇ ਕੀਤੇ ਟੁਕੜੇ

**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਦੇ ਸਰਿਤਾ ਵਿਹਾਰ 'ਚ ਰਹਿੰਦੇ ਇਕ ਪਤੀ-ਪਤਨੀ ਵਿਚ ਆਪਸੀ ਕਲੇਸ਼ ਦਾ ਅੰਤ ਇਕ ਖੌਫ਼ਨਾਕ ਕਤਲ ਦੇ ਰੂਪ 'ਚ ਹੋਇਆ ਹੈ। ਬਹਿਸ ਦੌਰਾਨ ਪਤੀ ਨੇ ਆਪਣੀ ਪਤਨੀ ਦਾ ਕਤਲ ਕਰ ਕੇ ਲਾਸ਼ ਦੇ 7 ਟੁਕੜੇ ਕਰ ਦਿੱਤੇ। ਲਾਸ਼ ਦੇ ਕਈ ਟੁਕੜੇ ਹੋਣ ਕਾਰਨ ਲਾਸ਼ ਦੀ ਪਛਾਣ ਕਰਨਾ ਪੁਲਿਸ ਲਈ ਚੁਣੌਤੀ ਬਣਿਆ ਹੋਇਆ ਸੀ।

ਪੁਲਿਸ ਨੇ ਪਾਰਸਲ ਡੱਬੇ ਤੋਂ ਕਤਲ ਦੀ ਗੁੱਥੀ ਸੁਲਝਾਉਂਦਿਆਂ ਔਰਤ ਦੀ ਪਛਾਣ ਜੂਹੀ ਵਜੋਂ ਹੋਈ ਜੋ ਕਿ ਸਾਜਿਦ ਨਾਂ ਦੇ ਇਕ ਇੰਜੀਨੀਅਰ ਦੀ ਪਤਨੀ ਸੀ। ਸਾਜਿਦ ਤੋਂ ਕੀਤੀ ਗਈ ਪੁੱਛਗਿੱਛ 'ਚ ਉਸ ਨੇ ਦੱਸਿਆ ਕਿ ਉਸ ਦੀ ਨੌਕਰੀ ਨੂੰ ਲੈ ਕੇ ਦੋਵਾਂ 'ਚ ਆਪਸੀ ਤਣਾਅ ਰਹਿੰਦਾ ਸੀ ਜਿਸ ਦੇ ਤਾਹਨਿਆਂ ਤੋਂ ਤੰਗ ਆ ਕਿ ਉਸ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ।

# ਅਰਬ ਮੁਲਕਾਂ 'ਚ ਦੇਹ ਵਪਾਰ ਵੱਲ ਧੱਕੀਆਂ ਜਾ ਰਹੀਆਂ ਨੇ ਪੰਜਾਬਣਾਂ

**ਅੰਮ੍ਰਿਤਸਰ:** ਟਰੈਵਲ ਏਜੰਟ ਕੁੜੀਆਂ ਨੂੰ ਵਰਗਲਾ ਕੇ ਨੌਕਰੀ ਦੇਣ ਦੇ ਝਾਂਸੇ ਵਿਚ ਅਰਬ ਦੇਸ਼ਾਂ ਵਿਚ ਭੇਜ ਦਿੰਦੇ ਹਨ। ਉਥੇ ਉਨ੍ਹਾਂ ਦੇ ਪਾਸਪੋਰਟ ਜ਼ਬਤ ਕਰ ਲਏ ਜਾਂਦੇ ਹਨ ਅਤੇ ਦੇਹ ਵਪਾਰ ਦੇ ਧੰਦੇ ਵਿਚ ਧੱਕ ਦਿੱਤਾ ਜਾਂਦਾ ਹੈ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਉਨ੍ਹਾਂ ਉਥੋਂ ਦੋ ਕੁੜੀਆਂ ਨੂੰ ਬਚਾਇਆ ਹੈ ਜਦੋਂਕਿ ਕੁਝ ਹੋਰ ਕੁੜੀਆਂ ਉਥੇ ਫਸੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਕ ਮਹੀਨਾ ਪਹਿਲਾਂ ਉਨ੍ਹਾਂ ਦੇ ਧਿਆਨ 'ਚ ਆਇਆ ਸੀ ਕਿ ਅੰਮ੍ਰਿਤਸਰ ਤੋਂ ਕੁਝ ਟਰੈਵਲ ਏਜੰਟਾਂ ਨੇ ਲੜਕੀਆਂ ਨੂੰ ਅਰਬ ਦੇਸ਼ਾਂ ਵਿਚ ਗਲਤ ਢੰਗ ਨਾਲ ਭੇਜਿਆ ਹੈ, ਜਿਸ ਦਾ ਨੋਟਿਸ ਲੈਂਦਿਆਂ ਉਨ੍ਹਾਂ ਪੁਲਿਸ ਕਮਿਸ਼ਨਰ ਨੂੰ ਕਾਰਵਾਈ ਕਰਨ ਲਈ ਕਿਹਾ ਸੀ।

ਮੁਲਕ ਪਰਤੀਆਂ ਲੜਕੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਦੀਆਂ 10 ਤੋਂ 12 ਲੜਕੀਆਂ ਉਥੇ ਏਜੰਟਾਂ ਦੀ ਗ੍ਰਿਫਤ ਵਿਚ ਹਨ ਜਿਨ੍ਹਾਂ ਨੂੰ ਬਚਾਉਣ ਲਈ ਵੀ ਉਪਰਾਲਾ ਕੀਤਾ ਜਾਵੇ। ਸ੍ਰੀ ਔਜਲਾ ਨੇ ਕਿਹਾ ਕਿ ਅਣਅਧਿਕਾਰਤ ਟਰੈਵਲ ਏਜੰਟਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਓਮਾਨ ਵਿਚੋਂ ਬਚ ਕੇ ਆਈ ਇਕ ਕੁੜੀ ਨੇ ਦੱਸਿਆ ਕਿ ਉਹ ਅੰਮ੍ਰਿਤਸਰ ਦੇ ਇਕ ਟਰੈਵਲ ਏਜੰਟ ਰਾਹੀਂ ਉਥੇ ਗਈ ਸੀ। ਉਥੇ ਉਸ ਨੂੰ ਗਲਤ ਅਤੇ ਮਾੜੇ ਧੰਦੇ ਲਈ ਮਜਬੂਰ ਕੀਤਾ ਗਿਆ। ਉਸ ਵਰਗੀਆਂ ਹੋਰ ਕੁੜੀਆਂ ਵੀ ਉਥੇ ਫਸੀਆਂ ਹੋਈਆਂ ਹਨ ਅਤੇ ਉਨ੍ਹਾਂ ਕੋਲੋਂ ਜਿਸਮ ਵੇਚਣ ਦਾ ਧੰਦਾ ਵੀ ਕਰਾਇਆ ਜਾਂਦਾ ਹੈ।




ਉਸ ਨੇ ਦੱਸਿਆ ਕਿ ਭਾਰਤ ਨਾਲ ਸਬੰਧਤ ਉਥੇ 20-25 ਕੁੜੀਆਂ ਹਨ ਜਦੋਂਕਿ ਵੱਖ ਵੱਖ ਦੇਸ਼ਾਂ ਦੀਆਂ ਕੁੜੀਆਂ ਦੀ ਗਿਣਤੀ ਲਗਭਗ 200 ਹੈ। ਇਕ ਵਿਅਕਤੀ ਨੇ ਦੱਸਿਆ ਕਿ ਉਸ ਦੀ ਪਤਨੀ ਸਮੇਤ 25 ਕੁੜੀਆਂ ਨੂੰ ਟਰੈਵਲ ਏਜੰਟ ਨੇ ਓਮਾਨ ਭੇਜਿਆ ਸੀ। ਉਨ੍ਹਾਂ ਨੂੰ 30 ਹਜ਼ਾਰ ਰੁਪਏ ਤਨਖਾਹ ਮਿਲਣ ਦਾ ਵਾਅਦਾ ਕੀਤਾ ਸੀ ਪਰ ਉਥੇ ਉਨ੍ਹਾਂ ਕੋਲੋਂ ਗਲਤ ਕੰਮ ਕਰਾਏ ਜਾ ਰਹੇ ਹਨ।

# ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਤੋਰਨ 'ਚ ਪੁਲਿਸ ਅਫਸਰਾਂ ਦੀ ਭੂਮਿਕਾ ਜੱਗ ਜਾਹਰ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਜਾਰੀ ਹੈ। ਪਿਛਲੇ 15 ਦਿਨਾਂ ਵਿਚ ਤਕਰੀਬਨ 16 ਮੌਤਾਂ ਨਸ਼ਿਆਂ ਨਾਲ ਹੋ ਚੁੱਕੀਆਂ ਹਨ। ਇਨ੍ਹਾਂ ਪਿੱਛੋਂ ਜਿਹੜੀ ਗੱਲ ਉਭਰ ਕੇ ਸਾਹਮਣੇ ਆਈ ਹੈ, ਉਹ ਵੱਡੇ ਫਿਕਰ ਵਾਲੀ ਹੈ। ਸਾਹਮਣੇ ਆਇਆ ਹੈ ਕਿ ਨੌਜਵਾਨਾਂ ਨੂੰ ਨਸ਼ਿਆਂ ਵੱਲ ਤੋਰਨ ਵਿਚ ਕੁਝ ਪੁਲਿਸ ਅਫਸਰਾਂ ਨੇ ਵੱਡੀ ਭੂਮਿਕਾ ਨਿਭਾਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ 'ਤੇ ਸਖਤ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ ਨਸ਼ਿਆਂ ਦੀ ਲਤ ਲਾਉਣ ਦੇ ਮਾਮਲੇ ਵਿਚ ਸ਼ਾਮਲ ਡੀ.ਐਸ.ਪੀ. ਦਲਜੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਅਫਸਰ ਉਤੇ ਦੋ ਔਰਤਾਂ ਵੱਲੋਂ ਨਸ਼ੇ ਦੀ ਲਤ ਲਾਉਣ ਦੇ ਦੋਸ਼ ਲਾਏ ਸਨ। ਵਰਣਨਯੋਗ ਹੈ ਕਿ ਸਾਬਕਾ ਮੰਤਰੀ ਤੇ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਨਸ਼ੇ ਸਬੰਧੀ ਦੋਸ਼ਾਂ ਵਾਲੀ ਵੀਡਿਓ ਮੁੱਖ ਮੰਤਰੀ ਨੂੰ ਭੇਜੀ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੀ ਹਦਾਇਤ ਕੀਤੀ ਸੀ ਤੇ ਪੁਲਿਸ ਮੁਖੀ ਨੇ ਇਸ ਮਾਮਲੇ ਦੀ ਜਾਂਚ ਲਈ ਪੰਜਾਬ ਪੁਲਿਸ ਅਕੈਡਮੀ ਫਿਲੌਰ ਦੀ ਡਾਇਰੈਕਟਰ ਅਨੀਤਾ ਪੁੰਜ ਦੀ ਡਿਊਟੀ ਲਾ ਦਿੱਤੀ। ਉਨ੍ਹਾਂ ਨੂੰ ਇਕ ਹਫਤੇ ਵਿਚ ਮੁਢਲੀ ਜਾਂਚ ਰਿਪੋਰਟ ਦੇਣ ਦੀ ਹਦਾਇਤ ਕੀਤੀ ਗਈ।

ਸੂਬੇ ਵਿਚ ਪਿਛਲੇ ਦਿਨੀਂ ਨਸ਼ਿਆਂ ਨਾਲ ਕੁਝ ਨੌਜਵਾਨਾਂ ਦੀਆਂ ਮੌਤਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸਖਤੀ ਕੀਤੇ ਜਾਣ ਕਰ ਕੇ 'ਚਿੱਟੇ' ਦੀ ਕੀਮਤ 1200 ਰੁਪਏ ਪ੍ਰਤੀ ਗਰਾਮ ਤੋਂ ਵਧ ਕੇ ਸੱਤ ਹਜ਼ਾਰ ਰੁਪਏ ਤਕ ਹੋ ਗਈ ਹੈ। ਨਸ਼ੇ ਦੀ ਸਪਲਾਈ ਦੇ ਦੋਸ਼ ਵਿਚ ਅਠਾਰਾਂ ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ। ਪੰਜਾਬ ਵਿਚ ਨਸ਼ਿਆਂ ਦੀ ਸਪਲਾਈ ਪਾਕਿਸਤਾਨ ਤੋਂ ਇਲਾਵਾ ਦਿੱਲੀ ਤੋਂ ਕਾਫੀ ਮਾਤਰਾ ਵਿਚ ਹੁੰਦੀ ਹੈ। ਦੱਸ ਦਈਏ ਕਿ ਬਠਿੰਡਾ ਖਿਤੇ ਦੇ ਅੱਠ ਜ਼ਿਲ੍ਹਿਆਂ ਵਿਚ ਲੰਘੇ 10 ਵਰ੍ਹਿਆਂ ਦੌਰਾਨ 112 ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ ਪਰ ਹਾਲੇ ਤੱਕ 64 ਤਸਕਰਾਂ ਦੀ ਜਾਇਦਾਦ ਜ਼ਬਤ ਨਹੀਂ ਹੋ ਸਕੀ ਹੈ ਜਦੋਂਕਿ ਬਾਕੀ ਤਸਕਰਾਂ ਦੀ 'ਸਮਰੱਥ ਅਥਾਰਿਟੀ' ਤੋਂ ਜਾਇਦਾਦ ਜ਼ਬਤ ਕੀਤੇ ਜਾਣ ਨੂੰ ਹਰੀ ਝੰਡੀ ਮਿਲੀ ਹੈ। ਜਦੋਂ ਤੱਕ ਤਸਕਰਾਂ ਤੱਕ ਪੁਲਿਸ ਦੇ ਹੱਥ ਪੁੱਜਦੇ ਹਨ ਉਦੋਂ ਤੱਕ ਤਸਕਰ ਆਪਣੀ ਜਾਇਦਾਦ ਤਬਦੀਲ ਕਰ ਦਿੰਦੇ ਹਨ।



ਆਰ.ਟੀ.ਆਈ. ਅਨੁਸਾਰ ਮੋਗਾ ਵਿਚ ਲੰਘੇ ਦਸ ਵਰ੍ਹਿਆਂ ਦੌਰਾਨ 66 ਪੁਲਿਸ ਕੇਸਾਂ ਵਿਚ 72 ਨਸ਼ਾ ਤਸਕਰਾਂ ਦੀ 16.09 ਕਰੋੜ ਦੀ ਜਾਇਦਾਦ ਜ਼ਬਤ ਕਰਨ ਦੇ ਕੇਸ 'ਸਮਰੱਥ ਅਥਾਰਿਟੀ' ਨਵੀਂ ਦਿੱਲੀ ਕੋਲ ਭੇਜੇ ਗਏ ਸਨ, ਜਿਨ੍ਹਾਂ ਵਿਚੋਂ 29 ਤਸਕਰਾਂ ਦੀ ਜਾਇਦਾਦ ਦੇ ਕੇਸ ਪੈਂਡਿੰਗ ਪਏ ਹਨ ਜਦੋਂਕਿ ਬਾਕੀ 43 ਤਸਕਰਾਂ ਦੀ ਜਾਇਦਾਦ ਜ਼ਬਤ ਕੀਤੇ ਜਾਣ ਨੂੰ ਹਰੀ ਝੰਡੀ ਮਿਲ ਗਈ ਹੈ।

ਪਿੰਡ ਦੌਲੇਵਾਲਾ ਦੇ 26 ਤਸਕਰਾਂ ਦੀ ਜਾਇਦਾਦ ਜ਼ਬਤ ਕੀਤੇ ਜਾਣ ਦਾ ਰਾਹ ਖੁੱਲ੍ਹਿਆ ਹੈ ਜਦੋਂਕਿ ਇਥੋਂ ਦੇ ਚਾਰ ਕੇਸ ਪੈਂਡਿੰਗ ਪਏ ਹਨ। ਮੋਗਾ ਦੇ ਪਿੰਡ ਖੋਸਾ ਕੋਟਲਾ ਦੇ ਭਜਨ ਸਿੰਘ ਤੇ ਨਸ਼ਾ ਤਸਕਰੀ ਦੇ ਅੱਠ ਕੇਸ ਹਨ, ਜਿਸ ਦੀ 10 ਲੱਖ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਜਾਣੀ ਹੈ। ਪਿੰਡ ਬਹਿਰਾਮਕੇ ਦੇ ਸੁਖਦੇਵ ਸਿੰਘ ਉਤੇ ਵੀ ਅੱਠ ਕੇਸ ਦਰਜ ਹਨ, ਜਿਸ ਦੀ 6 ਲੱਖ ਦੀ ਜਾਇਦਾਦ ਜ਼ਬਤ ਕੀਤੀ ਗਈ ਪਰ ਇਸ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਫ਼ਾਜ਼ਿਲਕਾ ਵਿਚ ਕਿਸੇ ਤਸਕਰ ਦੀ ਜਾਇਦਾਦ ਜ਼ਬਤ ਨਹੀਂ ਹੋ ਸਕੀ ਹੈ ਅਤੇ ਚਾਰ ਤਸਕਰਾਂ ਦੇ ਕੇਸ ਪੈਂਡਿੰਗ ਹਨ। ਜਲਾਲਾਬਾਦ ਥਾਣੇ ਦੇ ਇਕ ਤਸਕਰ ਨੇ ਆਪਣੀ ਜਾਇਦਾਦ ਮਾਤਾ-ਪਿਤਾ ਅਤੇ ਫ਼ਾਜ਼ਿਲਕਾ ਸਦਰ ਥਾਣੇ ਦੇ ਤਸਕਰ ਬਗ਼ੀਚਾ ਸਿੰਘ ਨੇ ਆਪਣੀ ਪਤਨੀ ਦੇ ਨਾਮ ਤਬਦੀਲ ਕਰਾ ਦਿੱਤੀ ਹੈ। ਮੁਕਤਸਰ ਪੁਲਿਸ ਨੇ ਤਿੰਨ ਤਸਕਰਾਂ ਦੇ ਕੇਸ ਤਿਆਰ ਕੀਤੇ ਸਨ, ਜਿਨ੍ਹਾਂ 'ਚੋਂ ਮਲੋਟ ਦੇ ਦੌਲਤ ਰਾਮ ਦੀ ਜਾਇਦਾਦ ਪ੍ਰਕਿਰਿਆ ਅਧੀਨ ਹੈ ਜਦੋਂਕਿ ਸੂਰੇਵਾਲਾ ਦੇ ਤਸਕਰ ਦੀ 3.70 ਲੱਖ ਦੀ ਜਾਇਦਾਦ ਅਤੇ ਈਨਾ ਖੇੜਾ ਦੇ ਤਿੰਨ ਤਸਕਰਾਂ ਦੀ 9.02 ਲੱਖ ਦੀ ਪ੍ਰਾਪਰਟੀ ਅਟੈਚ ਕੀਤੀ ਗਈ ਹੈ।

ਮੋਗਾ ਦੇ ਅੱਧੀ ਦਰਜਨ ਤਸਕਰਾਂ ਦੀ ਪ੍ਰਾਪਰਟੀ ਜ਼ਬਤ ਕੀਤੇ ਜਾਣ ਸਬੰਧੀ ਸਮਰੱਥ ਅਥਾਰਿਟੀ ਤੋਂ ਪ੍ਰਵਾਨਗੀ ਤਾਂ ਮਿਲੀ ਪਰ ਰਿਕਾਰਡ ਵਿਚ ਇਨ੍ਹਾਂ ਦੀ ਜਾਇਦਾਦ ਲੱਭ ਨਹੀਂ ਸਕੀ। ਥਾਣਾ ਜੈਤੋ ਵਿਚ ਦਰਜ ਇਕ ਕੇਸ ਵਿਚ ਜਾਇਦਾਦ ਜ਼ਬਤ ਕਰਾਉਣ ਦਾ ਕੇਸ ਕਰੀਬ 9 ਵਰ੍ਹੇ ਲਟਕਦਾ ਰਿਹਾ। ਬਠਿੰਡਾ ਜ਼ਿਲ੍ਹੇ ਵਿਚ ਸਾਲ 2010 ਤੋਂ ਬਾਅਦ ਕਿਸੇ ਵੱਡੇ ਤਸਕਰ ਦੀ ਜਾਇਦਾਦ ਜ਼ਬਤ ਕਰਨ ਦਾ ਕੇਸ ਤਿਆਰ ਨਹੀਂ ਹੋਇਆ ਹੈ। ਬਰਨਾਲਾ ਪੁਲਿਸ ਵੱਲੋਂ ਹੁਣ ਤੱਕ ਅੱਧੀ ਦਰਜਨ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ ਪਰ ਕੋਈ ਕੇਸ ਸਿਰੇ ਨਹੀਂ ਲੱਗ ਸਕਿਆ। ਪੁਲਿਸ ਨੇ ਦੋ ਹਰਿਆਣਾ ਦੇ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦਾ ਕੇਸ ਭੇਜਿਆ ਸੀ। ਬਰਨਾਲਾ ਦੇ ਐਸ.ਪੀ ਸੁਖਦੇਵ ਸਿੰਘ ਵਿਰਕ ਦਾ ਕਹਿਣਾ ਸੀ ਕਿ ਪ੍ਰਕਿਰਿਆ ਪੇਚੀਦਾ ਹੋਣ ਕਰ ਕੇ ਜਾਇਦਾਦ ਜ਼ਬਤ ਕਰਨ ਵਿਚ ਸਮਾਂ ਲੱਗ ਜਾਂਦਾ ਹੈ। ਫ਼ਿਰੋਜ਼ਪੁਰ ਦੇ ਕਈ ਤਸਕਰਾਂ ਦੇ ਕੇਸ ਪੈਂਡਿੰਗ ਹਨ ਅਤੇ ਤਸਕਰ ਸੁਰਜੀਤ ਸਿੰਘ ਦੀ ਜਾਇਦਾਦ ਜ਼ਬਤ ਕਰਨ ਸਬੰਧੀ ਜਦੋਂ ਹਰੀ ਝੰਡੀ ਮਿਲੀ ਤਾਂ ਉਦੋਂ ਤੱਕ ਜਹਾਨੋਂ ਤੁਰ ਚੁੱਕਾ ਸੀ।

# ਨਸ਼ਿਆਂ ਦਾ ਸ਼ਿਕਾਰ ਔਰਤਾਂ ਦੀ ਗਿਣਤੀ ਵਧਣ ਲੱਗੀ

**ਬਠਿੰਡਾ:** ਪੰਜਾਬ ਵਿਚ ਜਿਥੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਰਹੇ ਹਨ, ਉਥੇ ਔਰਤਾਂ ਵੀ ਨਸ਼ਿਆਂ ਦਾ ਸ਼ਿਕਾਰ ਹੋ ਰਹੀਆਂ ਹਨ। ਨਸ਼ਾ ਛੁਡਾਊ ਕੇਂਦਰਾਂ ਵਿਚ ਹੁਣ ਔਰਤਾਂ ਦੀ ਗਿਣਤੀ ਵਧ ਰਹੀ ਹੈ। ਤਖਤ ਦਮਦਮਾ ਸਾਹਿਬ ਵਿਖੇ ਚੱਲਦੇ ਨਸ਼ਾ ਛੁਡਾਊ ਕੇਂਦਰ ਵਿਚ ਬਾਕੀ ਕੇਂਦਰਾਂ ਦੇ ਮੁਕਾਬਲੇ ਜ਼ਿਆਦਾ ਔਰਤਾਂ ਜਾਂ ਲੜਕੀਆਂ ਹੁਣ ਤੱਕ ਨਸ਼ਾ ਛੱਡਣ ਲਈ ਆਈਆਂ ਹਨ।

ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ 2012-13 ਤੋਂ 2017-18 ਤੱਕ ਨਸ਼ਾ ਛੁਡਾਊ ਕੇਂਦਰ ਦੀ ਓ.ਪੀ.ਡੀ. ਵਿਚ 6674 ਔਰਤਾਂ ਆਈਆਂ। ਇਨ੍ਹਾਂ ਛੇ ਵਰ੍ਹਿਆਂ ਵਿਚ ਨਸ਼ਾ ਛੱਡਣ ਲਈ 198 ਔਰਤਾਂ



ਦਾਖਲ ਹੋਈਆਂ। ਤਲਵੰਡੀ ਸਾਬੋ ਦੇ ਇਸ ਕੇਂਦਰ ਵਿਚ 2012-13 ਵਿਚ 2761 ਅਤੇ 2014-15 ਵਿਚ 2274 ਔਰਤਾਂ ਓ.ਪੀ.ਡੀ. ਵਿਚ ਆਈਆਂ, ਜਦੋਂਕਿ ਇਨ੍ਹਾਂ ਦੋਵਾਂ ਵਰ੍ਹਿਆਂ ਵਿਚ 67 ਔਰਤਾਂ ਨਸ਼ਾ ਛੱਡਣ ਲਈ ਦਾਖਲ ਹੋਈਆਂ। ਸਰਕਾਰੀ ਤੱਥ ਹਨ ਕਿ ਬਠਿੰਡਾ ਦੇ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿਚ ਲੰਘੇ ਢਾਈ ਵਰ੍ਹਿਆਂ ਵਿਚ 190 ਔਰਤਾਂ ਨਸ਼ਾ ਛੱਡਣ ਵਾਸਤੇ ਓ.ਪੀ.ਡੀ. ਵਿਚ ਪੁੱਜੀਆਂ, ਜਦੋਂਕਿ 37 ਔਰਤਾਂ ਨਸ਼ਾ ਛੱਡਣ ਲਈ ਨਸ਼ਾ ਛੁਡਾਊ ਕੇਂਦਰ ਵਿਚ ਦਾਖਲ ਹੋਈਆਂ। ਡਾ. ਅਰੁਣ ਬਾਂਸਲ ਨੇ ਦੱਸਿਆ ਕਿ ਪ੍ਰਤੀ ਮਹੀਨਾ ਅੱਠ ਕੁ ਔਰਤਾਂ ਨਸ਼ਾ ਛੱਡਣ ਵਾਸਤੇ ਪੁੱਜ ਰਹੀਆਂ ਹਨ।

ਸੂਤਰਾਂ ਅਨੁਸਾਰ ਬਠਿੰਡਾ ਦੇ ਇਕ ਪਿੰਡ ਦੀ 20 ਵਰ੍ਹਿਆਂ ਦੀ ਲੜਕੀ ਆਪਣੇ ਦੋਸਤ ਲੜਕੇ ਦੀ ਸੰਗਤ ਵਿਚ ਚਿੱਟਾ ਲੈਣ ਲੱਗ ਪਈ ਸੀ। ਮਾਪਿਆਂ ਨੇ ਲੜਕੀ ਨੂੰ ਬੇਦਖਲ ਕਰ ਦਿੱਤਾ। ਜਦੋਂ ਉਹ ਗਰਭਵਤੀ ਹੋ ਗਈ ਤਾਂ ਲੜਕਾ ਫਰਾਰ ਹੋ ਗਿਆ ਤੇ ਪੁਲਿਸ ਨੇ ਲੜਕੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਾਇਆ। ਇਕ ਪਤੀ-ਪਤਨੀ ਵੀ 'ਚਿੱਟਾ' ਛੱਡਣ ਲਈ ਹਸਪਤਾਲ ਆਏ ਹਨ। ਇਸੇ ਹਫਤੇ ਬਠਿੰਡਾ ਸ਼ਹਿਰ ਦੀਆਂ ਤਿੰਨ ਕੁੜੀਆਂ ਨੇ 'ਚਿੱਟਾ' ਛੱਡਣ ਲਈ ਹਸਪਤਾਲ ਤੱਕ ਪਹੁੰਚ ਕੀਤੀ ਹੈ। ਬਠਿੰਡਾ ਦੇ ਮੁਲਤਾਨੀਆ ਰੋਡ ਦੀ ਇਕ ਚੰਗੇ ਘਰ ਦੀ ਲੜਕੀ ਨੂੰ ਉਸ ਦੇ ਦੋਸਤ ਨੇ 'ਚਿੱਟੇ' ਦੀ ਲਤ ਲਾ ਦਿੱਤੀ। ਜਲੰਧਰ ਪੜ੍ਹ ਕੇ ਆਈ ਬਠਿੰਡਾ ਦੀ ਇਕ ਲੜਕੀ ਵੀ ਪ੍ਰਾਈਵੇਟ ਹਸਪਤਾਲ ਵਿਚ ਇਲਾਜ ਕਰਾ ਰਹੀ ਹੈ। ਫ਼ਾਜ਼ਿਲਕਾ ਦੇ ਨਸ਼ਾ ਛੁਡਾਊ ਕੇਂਦਰ ਵਿਚ ਸਾਲ 2017 ਵਿਚ ਤਿੰਨ ਔਰਤਾਂ ਨੇ ਭਰਤੀ ਹੋ ਕੇ ਅਤੇ ਤਿੰਨ ਔਰਤਾਂ ਨੇ ਰੈਗੂਲਰ ਦਵਾਈ ਲੈ ਕੇ ਨਸ਼ਾ ਛੱਡਿਆ।

ਫ਼ਾਜ਼ਿਲਕਾ ਦੇ ਨਵੇਂ ਸਰਕਾਰੀ ਕਲੀਨਿਕ ਉਤੇ ਦੋ ਔਰਤਾਂ ਨਸ਼ਾ ਛੱਡਣ ਦੀ ਦਵਾਈ ਲੈ ਰਹੀਆਂ ਹਨ। ਬਰਨਾਲਾ ਦੇ ਨਸ਼ਾ ਛੁਡਾਊ ਕੇਂਦਰ ਵਿਚ ਲੰਘੇ ਚਾਰ ਵਰ੍ਹਿਆਂ ਵਿਚ 61246 ਮਰੀਜ਼ ਨਸ਼ਾ ਛੱਡਣ ਲਈ ਪੁੱਜੇ ਹਨ। ਲੰਘੇ ਇਕ ਵਰ੍ਹੇ ਦੌਰਾਨ ਦੋ ਔਰਤਾਂ ਵੀ ਪੁੱਜੀਆਂ ਹਨ। ਡਾ. ਪ੍ਰਵੇਸ਼ ਨੇ ਦੱਸਿਆ ਕਿ ਸੌ ਮਰੀਜ਼ਾਂ ਪਿੱਛੇ ਇਕ ਔਰਤ ਨਸ਼ਾ ਛੱਡਣ ਵਾਸਤੇ ਆ ਰਹੀ ਹੈ। ਫ਼ਤਿਹਗੜ੍ਹ ਸਾਹਿਬ ਦੇ ਨਸ਼ਾ ਛੁਡਾਊ ਕੇਂਦਰ ਵਿਚ ਚਾਰ ਵਰ੍ਹਿਆਂ ਵਿਚ ਇਲਾਜ ਲਈ ਚਾਰ ਔਰਤਾਂ ਭਰਤੀ ਹੋਈਆਂ, ਜਦੋਂਕਿ ਚਾਰ ਨੇ ਓ.ਪੀ.ਡੀ. ਵਿਚ ਦਵਾਈ ਲਈ। ਡਾਕਟਰ ਦੱਸਦੇ ਹਨ ਕਿ ਆਰਕੈਸਟਰਾ ਵਾਲੀਆਂ ਲੜਕੀਆਂ ਸਭ ਤੋਂ ਵੱਧ ਨਸ਼ਿਆਂ ਦਾ ਸ਼ਿਕਾਰ ਹੋ ਰਹੀਆਂ ਹਨ। ਡਾ. ਨਿਧੀ ਗੁਪਤਾ ਬਠਿੰਡਾ ਦਾ ਕਹਿਣਾ ਸੀ ਕਿ ਵੱਡੀ ਗਿਣਤੀ ਵਿਚ ਔਰਤਾਂ ਪਛਾਣ ਜਨਤਕ ਹੋਣ ਡਰੋਂ ਹਸਪਤਾਲਾਂ ਵਿਚ ਪੁੱਜਦੀਆਂ ਹੀ ਨਹੀਂ ਹਨ। ਹੁਸ਼ਿਆਰਪੁਰ ਦੇ ਕੇਂਦਰ ਵਿਚ ਇਸ ਵੇਲੇ ਪੰਜ ਲੜਕੀਆਂ ਨਸ਼ਾ ਛੱਡਣ ਲਈ ਜੂਝ ਰਹੀਆਂ ਹਨ। ਇਕ ਗਰਭਵਤੀ ਮਹਿਲਾ ਦਾ ਵੀ ਇਲਾਜ ਚੱਲ ਰਿਹਾ ਸੀ। ਗੁਰਦਾਸਪੁਰ ਦੇ ਕੇਂਦਰ ਵਿਚ ਚਾਰ ਔਰਤਾਂ ਨਸ਼ਾ ਛੱਡਣ ਵਾਸਤੇ ਆਈਆਂ ਸਨ। ਨਵੇਂ ਓ.ਓ.ਏ.ਟੀ ਸੈਂਟਰ ਵਿਚ ਰੋਜ਼ਾਨਾ 200 ਮਰੀਜ਼ ਆ ਰਹੇ ਹਨ। ਇਥੇ ਦੋ ਔਰਤਾਂ ਸ਼ਰਾਬ ਛੱਡਣ ਵਾਸਤੇ ਪੁੱਜੀਆਂ ਸਨ।

# ਪੀਣਯੋਗ ਨਹੀਂ ਰਿਹਾ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਦਾ ਪਾਣੀ

**ਚੰਡੀਗੜ੍ਹ:** ਪੰਜਾਬ ਦੇ ਹਰ ਜ਼ਿਲ੍ਹੇ ਦੇ ਵੱਡੀ ਗਿਣਤੀ ਪਿੰਡਾਂ ਦਾ ਪੀਣ ਵਾਲਾ ਪਾਣੀ ਜ਼ਹਿਰੀਲਾ ਹੋ ਚੁੱਕਿਆ ਹੈ। ਇਸ ਪਾਣੀ ਵਿਚ ਯੂਰੇਨੀਅਮ, ਆਰਸੈਨਿਕ, ਸਿੱਕਾ, ਐਲੂਮੀਨੀਅਮ, ਫਲੋਰਾਈਡ, ਸਿਲੇਨੀਅਮ ਤੇ ਨਿੱਕਲ ਵਰਗੇ ਖਤਰਨਾਕ ਤੱਤ ਸ਼ਾਮਲ ਹਨ। ਇਹ ਰਿਪੋਰਟ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਨੇ ਸੂਬੇ ਦੇ 1971 ਪਿੰਡਾਂ ਦੇ ਪਾਣੀ ਨੂੰ ਰੈਂਡਮਲੀ ਜਾਂਚਣ ਮਗਰੋਂ ਤਿਆਰ ਕੀਤੀ ਹੈ। ਇਸ ਰਿਪੋਰਟ ਦੇ ਤੱਥ ਹੈਰਾਨ ਕਰਨ ਵਾਲੇ ਹਨ।

ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਦੇ 82 ਪਿੰਡਾਂ ਵਿਚ ਆਰਸੈਨਿਕ, ਸਿੱਕਾ, ਅਲੂਮੀਨੀਅਮ, ਫਲੋਰਾਈਡ ਪਾਇਆ ਗਿਆ ਹੈ। ਬਠਿੰਡਾ ਜ਼ਿਲ੍ਹੇ ਦੇ 11 ਪਿੰਡਾਂ ਵਿਚ ਯੂਰੇਨੀਅਮ ਮਾਤਰਾ ਵਧੇਰੇ ਹੈ। ਫ਼ਤਿਹਗੜ੍ਹ ਸਾਹਿਬ ਦੇ 51 ਪਿੰਡਾਂ ਵਿਚ ਯੂਰੇਨੀਅਮ, ਫਲੋਰਾਈਡ, ਸਿਲੇਨੀਅਮ ਅਤੇ ਨਿੱਕਲ ਵਰਗੇ ਤੱਤਾਂ ਦੀ ਭਰਮਾਰ ਹੈ।

ਫਾਜ਼ਿਲਕਾ ਦੇ 22 ਪਿੰਡਾਂ ਵਿਚ ਯੂਰੇਨੀਅਮ, ਫਲੋਰਾਈਡ, ਅਲੂਮੀਨੀਅਮ, ਸਿਲੇਨੀਅਮ ਤੱਤ ਮੌਜੂਦ ਹਨ। ਫ਼ਿਰੋਜ਼ਪੁਰ ਦੇ 89 ਪਿੰਡਾਂ ਵਿਚ ਯੂਰੇਨੀਅਮ, ਸਿੱਕਾ, ਅਲੂਮੀਨੀਅਮ, ਸਿਲੇਨੀਅਮ ਤੱਤ ਸ਼ਾਮਲ ਹਨ। ਗੁਰਦਾਸਪੁਰ ਦੇ 206 ਪਿੰਡਾਂ ਦੀ ਰਿਪੋਰਟ ਵਿਚ ਬਹੁਤ ਸਾਰੇ ਪਿੰਡਾਂ ਵਿਚ ਸਿੱਕਾ ਪਾਇਆ ਗਿਆ ਜਦਕਿ ਇਥੇ ਅਲੂਮੀਨੀਅਮ, ਆਰਸੈਨਿਕ, ਕੈਡੀਮੀਅਮ, ਨਿੱਕਲ ਆਦਿ ਤੱਤ ਵੀ ਮਿਲੇ ਹਨ। ਹੁਸ਼ਿਆਰਪੁਰ ਦੇ 150 ਪਿੰਡਾਂ ਦੇ ਟੈੱਸਟ ਕੀਤੇ ਪਾਣੀ ਵਿਚ ਜ਼ਿਆਦਾਤਰ ਕਰੋਮੀਅਮ ਤੱਤ ਮੌਜੂਦ ਹੈ, ਜਦਕਿ ਇਥੇ ਕਿਸੇ ਕਿਸੇ ਪਿੰਡ ਵਿਚ ਸਿੱਕਾ, ਸਿਲੇਨੀਅਮ, ਨਿੱਕਲ, ਅਲੂਮੀਨੀਅਮ ਤੇ ਆਰਸੈਨਿਕ ਵੀ ਪਾਇਆ ਗਿਆ ਹੈ।

ਜਲੰਧਰ ਦੇ 165 ਪਿੰਡਾਂ ਵਿਚ ਜ਼ਿਆਦਾਤਰ ਸਿੱਕਾ ਤੇ ਸਿਲੇਨੀਅਮ ਪਾਇਆ ਗਿਆ ਹੈ, ਕਿਤੇ ਕਿਤੇ ਨਿੱਕਲ, ਅਲੂਮੀਨੀਅਮ ਦੀ ਮਾਤਰਾ ਵੀ ਸਾਹਮਣੇ ਆਈ ਹੈ। ਕਪੂਰਥਲਾ ਦੇ ਚੈੱਕ ਕੀਤੇ 67 ਪਿੰਡਾਂ ਵਿਚ ਸਿਲੇਨੀਅਮ, ਸਿੱਕਾ ਤੇ ਅਲੂਮੀਨੀਅਮ ਪਾਇਆ ਗਿਆ ਹੈ, ਸੁਲਤਾਨਪੁਰ ਲੋਧੀ ਬਲਾਕ ਵਿਚ ਕਿਤੇ ਕਿਤੇ ਯੂਰੇਨੀਅਮ ਵੀ ਮੌਜੂਦ ਹੈ। ਲੁਧਿਆਣਾ ਦੇ 95 ਪਿੰਡਾਂ ਦੇ ਪਾਣੀ ਵਿਚ ਜ਼ਿਆਦਾਤਰ ਸਿੱਕਾ ਪਾਇਆ ਗਿਆ ਹੈ ਪਰ ਕਿਤੇ ਕਿਤੇ ਅਲੂਮੀਨੀਅਮ, ਸਿਲੇਨੀਅਮ, ਮਰਕਰੀ ਆਦਿ ਤੱਤ ਵੀ ਮੌਜੂਦ ਹਨ। ਮੋਗਾ ਦੇ 26 ਪਿੰਡਾਂ ਵਿਚ ਅਲੂਮੀਨੀਅਮ, ਸਿੱਕਾ ਵੀ ਮਿਲਿਆ ਹੈ ਜਦਕਿ ਧਰਮਕੋਟ ਤੇ ਨਿਹਾਲ ਸਿੰਘ ਵਾਲਾ ਬਲਾਕ ਦੇ ਇਕ ਪਿੰਡ ਵਿਚ ਯੂਰੇਨੀਅਮ ਦੀ ਮਾਤਰਾ ਵੀ ਦਰਜ ਕੀਤੀ ਗਈ। ਪਠਾਨਕੋਟ ਦੇ 113 ਪਿੰਡਾਂ ਵਿਚ ਅਲੂਮੀਨੀਅਮ ਜ਼ਿਆਦਾਤਰ ਮੌਜੂਦ ਹੈ। ਪਟਿਆਲਾ ਦੇ ਚੈੱਕ ਕੀਤੇ 411 ਪਿੰਡਾਂ ਵਿਚ ਜ਼ਿਆਦਾਤਰ ਸਿੱਕਾ ਮੌਜੂਦ ਹੈ ਪਰ ਉਂਜ ਇਸ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ਵਿਚ ਸਾਰੇ ਤੱਤ ਹੀ ਮੌਜੂਦ ਹਨ। ਭੁੱਨਰਹੇੜੀ ਬਲਾਕ ਵਿਚ ਯੂਰੇਨੀਅਮ ਵੀ ਮਿਲਿਆ ਹੈ। ਰੋਪੜ ਦੇ 290 ਪਿੰਡਾਂ ਵਿਚ ਅਲੂਮੀਨੀਅਮ ਕਰੀਬ ਸਾਰੇ ਪਿੰਡਾਂ ਵਿਚ ਹੈ, ਉਂਜ ਸਿੱਕਾ ਵੀ ਪਾਇਆ ਗਿਆ ਹੈ ਪਰ ਇਸ ਜ਼ਿਲ੍ਹੇ ਵਿਚ ਯੂਰੇਨੀਅਮ ਦੀ ਮਾਤਰਾ ਨਹੀਂ ਮਿਲੀ।

ਸੰਗਰੂਰ ਜ਼ਿਲ੍ਹੇ ਵਿਚ ਚੈੱਕ ਕੀਤੇ 62 ਪਿੰਡਾਂ ਵਿਚ ਖਤਰਨਾਕ ਤੱਕ ਯੂਰੇਨੀਅਮ ਵੀ ਸਾਹਮਣੇ ਆਇਆ ਹੈ ਜਦਕਿ ਇਥੇ ਫਲੋਰਾਈਡ, ਸਿੱਕਾ ਤੇ ਸਿਲੇਨੀਅਮ ਵੀ ਮੌਜੂਦ ਹੈ। ਮੁਹਾਲੀ ਜ਼ਿਲ੍ਹੇ ਦੇ 46 ਪਿੰਡਾਂ ਵਿਚ ਜ਼ਿਆਦਾਤਰ ਐਲੂਮੀਨੀਅਮ ਪਰ ਸਿੱਕਾ ਤੇ ਫਲੋਰਾਈਡ ਵੀ ਮੌਜੂਦ ਹੈ। ਨਵਾਂਸ਼ਹਿਰ ਦੇ 32 ਪਿੰਡਾਂ ਵਿਚ ਮਰਕਰੀ, ਸਿਲੇਨੀਅਮ, ਅਲੂਮੀਨੀਅਮ ਤੇ ਸਿੱਕਾ ਮੌਜੂਦ ਹੈ। ਤਰਨਤਾਰਨ ਦੇ 48 ਪਿੰਡਾਂ ਵਿਚ ਆਰਸੈਨਿਕ, ਨਿੱਕਲ, ਸਿੱਕਾ, ਸਿਲੇਨੀਅਮ ਤੇ ਪੱਟੀ ਬਲਾਕ ਵਿਚ ਯੂਰੇਨੀਅਮ ਵੀ ਮਿਲਿਆ ਹੈ। ਦੱਸ ਦਈਏ ਕਿ ਇਕ ਅੰਦਾਜ਼ੇ ਅਨੁਸਾਰ ਇਕ ਕਿੱਲੋ ਚੌਲਾਂ ਲਈ 5337 ਲੀਟਰ ਪਾਣੀ ਦੀ ਵਰਤੋਂ ਹੁੰਦੀ ਹੈ। ਇਸ ਤੋਂ ਹੀ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਝੋਨੇ ਦੀ ਇਕ ਫਸਲ ਲਈ ਕਿੰਨਾ ਪਾਣੀ ਵਰਤ ਲਿਆ ਜਾਂਦਾ ਹੈ। ਕਿਉਂਕਿ ਟਿਊਬਵੈੱਲਾਂ 'ਚੋਂ ਪਾਣੀ ਕਿਸੇ ਸਮੇਂ ਵੀ ਜਿੰਨਾ ਮਰਜ਼ੀ ਕੱਢਿਆ ਜਾ ਸਕਦਾ ਹੈ। ਇਸ ਕਰਕੇ ਵੀ ਨਹਿਰੀ ਪਾਣੀ ਦੀ ਵਰਤੋਂ ਕਾਫੀ ਹੱਦ ਤੱਕ ਘੱਟ ਹੋਣ ਲੱਗੀ ਸੀ।

ਚਾਹੇ ਪਿਛਲੇ ਲੰਮੇ ਸਮੇਂ ਤੋਂ ਪਾਣੀ ਦੇ ਲਗਾਤਾਰ ਘਟਣ ਸਬੰਧੀ ਚਿੰਤਾ ਤਾਂ ਜਤਾਈ ਜਾਂਦੀ ਰਹੀ ਹੈ ਪਰ ਇਸ ਲਈ ਕੋਈ ਚੰਗੀ ਜਾਂ ਪ੍ਰਭਾਵਸ਼ਾਲੀ ਰਣਨੀਤੀ ਨਹੀਂ ਬਣਾਈ ਜਾ ਸਕੀ ਤੇ ਨਾ ਹੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕਿਆ। ਪਾਣੀ ਦੀ ਅਜਿਹੀ ਦੁਰਵਰਤੋਂ ਸਿਰਫ ਕਿਸਾਨਾਂ ਵੱਲੋਂ ਹੀ ਨਹੀਂ ਕੀਤੀ ਜਾਂਦੀ ਸਗੋਂ ਘਰੇਲੂ ਤੇ ਸਨਅਤਾਂ ਵਿਚ ਵੀ ਪਾਣੀ ਦੀ ਵਰਤੋਂ ਕਰਦਿਆਂ ਲਾਪਰਵਾਹੀ ਵਰਤੀ ਜਾਂਦੀ ਹੈ। ਇਸ ਦਾ ਮੁੱਖ ਕਾਰਨ ਲੋਕਾਂ ਵਿਚ ਇਸ ਸਬੰਧੀ ਜਾਗਰੂਕਤਾ ਦਾ ਨਾ ਹੋਣਾ ਹੈ। ਸਾਲ 1977 ਵਿਚ ਟਿਊਬਵੈੱਲਾਂ ਦੀ ਗਿਣਤੀ ਕਰੀਬ 2 ਲੱਖ ਸੀ ਜੋ ਹੁਣ ਵਧ ਕੇ 12.80 ਲੱਖ ਤੋਂ ਵੀ ਉਪਰ ਹੋ ਗਈ ਹੈ। ਇਨ੍ਹਾਂ ਦੀ ਲਗਾਤਾਰ ਹੁੰਦੀ ਦੁਰਵਰਤੋਂ ਕਾਰਨ ਪਾਣੀ ਦਾ ਪੱਧਰ ਹੇਠਾਂ ਤੋਂ ਹੇਠਾਂ ਜਾ ਰਿਹਾ ਹੈ, ਜਿਸ ਲਈ ਡੂੰਘੇ ਬੋਰ ਕੀਤੇ ਜਾ ਰਹੇ ਹਨ ਪਰ ਹੁਣ ਹਾਲਾਤ ਇਹ ਹਨ ਕਿ ਡੂੰਘੇ ਬੋਰ ਵੀ ਪਾਣੀ ਕੱਢਣ ਤੋਂ ਅਸਮਰੱਥ ਹੁੰਦੇ ਜਾ ਰਹੇ ਹਨ।

## ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਜਾਗੀ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਡਿੱਗ ਰਹੇ ਪੱਧਰ ਦੀ ਰੋਕਥਾਮ ਲਈ ਸੁਝਾਅ ਅਤੇ ਜ਼ਰੂਰੀ ਕਦਮ ਚੁੱਕਣ ਵਾਸਤੇ ਪੰਜ ਮੈਂਬਰੀ ਵਜ਼ਾਰਤੀ ਕਮੇਟੀ ਕਾਇਮ ਕੀਤੀ ਹੈ ਜਿਹੜੀ ਆਪਣੀ ਰਿਪੋਰਟ 45 ਦਿਨਾਂ ਵਿਚ ਦੇਵੇਗੀ।

ਡਿੱਗਦੇ ਪੱਧਰ ਅਤੇ ਦੂਸ਼ਿਤ ਹੋ ਰਹੇ ਪਾਣੀਆਂ ਬਾਰੇ ਵਜ਼ਾਰਤ ਨੇ ਜਲ ਸੋਮਿਆਂ ਬਾਰੇ ਵਿਭਾਗ ਵੱਲੋਂ ਤਿਆਰ ਕੀਤੀ ਪੇਸ਼ਕਾਰੀ ਦੇਖੀ ਜਿਸ ਵਿਚ ਦੱਸਿਆ ਗਿਆ ਕਿ ਸਾਲ 2025 ਤੱਕ ਸੂਬੇ ਦਾ 90 ਫੀਸਦੀ ਹਿੱਸਾ ਡਾਰਕ ਜ਼ੋਨ ਵਿਚ ਚਲਾ ਜਾਵੇਗਾ ਅਤੇ ਧਰਤੀ ਹੇਠਲਾ 60 ਫੀਸਦੀ ਪਾਣੀ ਪੀਣ ਯੋਗ ਨਹੀਂ ਰਹੇਗਾ। ਇਸ ਲਈ ਧਰਤੀ ਹੇਠਲੇ ਪਾਣੀ ਕੱਢਣ ਤੋਂ ਰੋਕਣ ਲਈ ਕਿਹੜੇ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ, ਕਿਵੇਂ ਫਸਲੀ ਚੱਕਰ ਬਦਲਿਆ ਜਾ ਸਕਦਾ ਹੈ।

ਤੰਦੂਰੀਏ, ਕੁੱਕ ਤੇ ਵੇਟਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ
'ਢਾਬਾ' ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
27-

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਲਾਲਾਬਾਦ ਹਮਲੇ ਪਿੱਛੋਂ ਅਫਗਾਨ ਸਿੱਖਾਂ 'ਚ ਸਹਿਮ

**ਕਾਬੁਲ/ਜਲਾਲਾਬਾਦ:** ਅਫ਼ਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਆਤਮਘਾਤੀ ਹਮਲੇ ਤੋਂ ਬਾਅਦ ਉਥੇ ਰਹਿ ਰਹੇ ਸਿੱਖ ਭਾਈਚਾਰੇ ਦਾ ਇਰਾਦਾ ਦੇਸ਼ ਛੱਡਣ ਦਾ ਬਣ ਰਿਹਾ ਹੈ। ਇਸ ਹਮਲੇ ਵਿਚ ਭਾਈਚਾਰੇ ਦੇ 13 ਮੈਂਬਰ ਹਲਾਕ ਹੋ ਗਏ ਸਨ। ਮਰਨ ਵਾਲਿਆਂ ਵਿਚ ਭਾਈਚਾਰੇ ਦੇ ਕੁਝ ਸਿਆਸੀ ਆਗੂ ਵੀ ਸ਼ਾਮਲ ਹਨ। ਆਤਮਘਾਤੀ ਬੰਬ ਧਮਾਕੇ ਦਾ ਸ਼ਿਕਾਰ ਹੋਏ ਇਕ ਸਿੱਖ ਦੇ ਰਿਸ਼ਤੇਦਾਰ ਅਤੇ ਹਿੰਦੂਆਂ ਤੇ ਸਿੱਖਾਂ ਦੇ ਕੌਮੀ ਪੈਨਲ ਦੇ ਸਕੱਤਰ ਤੇਜਵੀਰ ਸਿੰਘ (35) ਨੇ ਕਿਹਾ ਕਿ ਉਹ ਹੁਣ ਅਫ਼ਗਾਨਿਸਤਾਨ ਵਿਚ ਨਹੀਂ ਰਹਿਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਇਸਲਾਮਿਕ ਅਤਿਵਾਦੀ ਉਨ੍ਹਾਂ ਦੀਆਂ ਧਾਰਮਿਕ ਰੀਤਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰ ਰਹੇ। ਉਹ ਮੁੱਢੋਂ ਅਫਗਾਨ ਹਨ, ਇਸ ਸਚਾਈ ਨੂੰ ਸਰਕਾਰ ਤਾਂ ਮੰਨਦੀ ਹੈ ਪਰ ਅਤਿਵਾਦੀ ਉਨ੍ਹਾਂ ਨੂੰ ਮੁਸਲਿਮ ਨਾ ਹੋਣ ਕਰਕੇ ਨਿਸ਼ਾਨਾ ਬਣਾ ਰਹੇ ਹਨ। ਕਰੀਬ 300 ਸਿੱਖ ਪਰਿਵਾਰ ਇਸ ਵੇਲੇ ਅਫ਼ਗਾਨਿਸਤਾਨ ਵਿਚ ਰਹਿ ਰਹੇ ਹਨ। ਜਦਕਿ ਕੁਝ ਹੋਰ ਸਿੱਖ, ਜਿਨ੍ਹਾਂ ਦੇ ਇਥੇ ਕਾਰੋਬਾਰ ਹਨ ਤੇ ਭਾਰਤ ਵਿਚ ਉਨ੍ਹਾਂ ਦਾ ਕੋਈ ਸਕਾ-ਸਬੰਧੀ ਨਹੀਂ ਹੈ, ਅਫ਼ਗਾਨ ਧਰਤੀ ਛੱਡਣ ਤੋਂ ਇਨਕਾਰੀ ਹਨ।

ਕਾਬੁਲ ਵਿਚ ਇਕ ਸਿੱਖ ਦੁਕਾਨਦਾਰ ਸੰਦੀਪ ਸਿੰਘ ਨੇ ਕਿਹਾ ਕਿ ਉਹ ਡਰਪੋਕ ਨਹੀਂ ਹਨ ਤੇ ਅਫ਼ਗਾਨਿਸਤਾਨ ਉਨ੍ਹਾਂ ਦਾ ਮੁਲਕ ਹੈ। ਆਤਮਘਾਤੀ ਹਮਲੇ ਵਿਚ ਮਾਰੇ ਗਏ ਦੋਸਤਾਂ ਰਿਸ਼ਤੇਦਾਰਾਂ ਦੇ ਸਸਕਾਰ ਮੌਕੇ ਇਕੱਠੇ ਹੋਏ ਅਫ਼ਗਾਨਿਸਤਾਨ ਦੇ ਸਿੱਖ ਤੇ ਹਿੰਦੂ ਭਾਈਚਾਰੇ ਨੇ ਰਲੇ-ਮਿਲੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕੁਝ ਨੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਸਰਕਾਰ ਦੀ ਕਰੜੀ ਨਿਖੇਧੀ ਕੀਤੀ। ਹਮਲੇ ਦਾ ਸ਼ਿਕਾਰ ਹੋਏ ਅਤੇ ਅਸੈਂਬਲੀ ਚੋਣਾਂ ਲਈ ਸਿੱਖ ਉਮੀਦਵਾਰ ਅਵਤਾਰ ਸਿੰਘ ਦੇ ਪੁੱਤਰ ਨਰਿੰਦਰ ਸਿੰਘ ਨੇ ਕਿਹਾ ਕਿ ਇਸ ਹਮਲੇ ਵਿਚ ਉਨ੍ਹਾਂ ਦੇ ਬਹੁਤ ਸਾਰੇ ਬਜ਼ੁਰਗਾਂ ਨੂੰ ਜਾਨ ਗੁਆਉਣੀ ਪਈ ਹੈ ਤੇ ਉਹ ਇਸ ਮੁਲਕ ਨੂੰ ਜਾਨੋਂ ਵੱਧ ਪਿਆਰ ਕਰਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੁਰੱਖਿਆ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਤੇ ਬਹੁਤਾ ਭਾਈਚਾਰਾ ਦੇਸ਼ ਛੱਡ ਗਿਆ। ਜ਼ਿਆਦਾਤਰ ਸਿੱਖ ਭਾਈਚਾਰਾ ਜਲਾਲਾਬਾਦ ਤੋਂ ਇਲਾਵਾ ਦੱਖਣ ਪੂਰਬੀ ਸ਼ਹਿਰ ਗ਼ਜ਼ਨੀ ਤੇ ਰਾਜਧਾਨੀ ਕਾਬੁਲ ਵਿਚ ਵਸਿਆ ਹੋਇਆ ਹੈ।

ਅੰਮ੍ਰਿਤਸਰ ਨਾਲ ਸਬੰਧਤ ਵਪਾਰੀ ਸਿੰਧੀ ਸਰਨ ਸਿੰਘ ਜੋ ਮੂਲ ਰੂਪ ਵਿਚ ਪਾਕਿਸਤਾਨ ਨਾਲ ਸਬੰਧਤ ਹਨ, ਨੇ ਦੱਸਿਆ ਕਿ ਸਿਰਫ 30-40 ਸਿੱਖ ਪਰਿਵਾਰ ਹੀ ਹੁਣ ਜਲਾਲਾਬਾਦ ਸ਼ਹਿਰ ਵਿਚ ਰਹਿ ਰਹੇ ਹਨ। ਇਹ ਉਹ ਲੋਕ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ ਜਾਂ ਫਿਰ ਉਥੇ ਸਥਿਤ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਗੁਰਦੁਆਰੇ ਦੇ ਰੱਖ-ਰਖਾਅ ਲਈ ਰੁਕ ਗਏ ਹਨ। ਇਸ ਆਤਮਘਾਤੀ ਹਮਲੇ ਵਿਚ ਜਾਨ ਗੁਆਉਣ ਵਾਲਿਆਂ ਵਿਚ ਸਰਨ ਸਿੰਘ ਦੇ ਦੋਸਤ ਤੇ ਰਿਸ਼ਤੇਦਾਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਫਗਾਨ ਸਿੱਖ ਭਾਰਤ ਆਉਣਾ ਤਾਂ ਚਾਹੁੰਦੇ ਹਨ ਪਰ ਲਗਭਗ ਵੀਹ ਸਾਲ ਪਹਿਲਾਂ ਪਰਵਾਸ ਕਰਕੇ ਭਾਰਤ ਆਏ ਆਪਣੇ ਭਾਈਚਾਰੇ ਦੇ ਹੋਰਨਾਂ ਵਿਅਕਤੀਆਂ ਨੂੰ ਹਾਲੇ ਤੱਕ ਨਾਗਰਿਕਤਾ ਨਾ ਮਿਲਣ ਕਰਕੇ ਦਰਪੇਸ਼ ਮੁਸ਼ਕਲਾਂ ਤੋਂ ਘਬਰਾ ਕੇ ਅਜਿਹਾ ਕਰਨ ਤੋਂ ਪਾਸਾ ਵੱਟ ਗਏ ਹਨ। ਚਾਹੇ ਵੀਜ਼ਾ ਨਵਿਆ ਦਿੱਤਾ ਜਾਂਦਾ ਹੈ ਪਰ ਇਸ ਸਬੰਧੀ ਪ੍ਰਕਿਰਿਆ ਬੜੀ ਗੁੰਝਲਦਾਰ ਹੈ। ਅੰਮ੍ਰਿਤਸਰ ਵਸੇ ਇਕ ਹੋਰ ਅਫ਼ਗਾਨ ਸਿੱਖ ਸੂਰਬੀਰ ਸਿੰਘ ਨੇ ਕਿਹਾ ਕਿ ਮਾਰੇ ਗਏ ਬਹੁਤੇ ਸਿੱਖਾਂ ਦੇ ਰਿਸ਼ਤੇਦਾਰ ਦਿੱਲੀ ਵਿਚ ਰਹਿ ਰਹੇ ਹਨ ਤੇ ਨਿੱਕੇ ਮੋਟੇ ਕਾਰੋਬਾਰ ਕਰਕੇ ਗੁਜ਼ਾਰਾ ਕਰ ਰਹੇ ਹਨ। ਪਰ ਇਸ ਦੌਰਾਨ ਉਹ ਆਪਣੀ ਪਿੱਛੇ ਰਹਿ ਗਈ ਸੰਪਤੀ ਦੇਖਣ ਲਈ ਅਫ਼ਗਾਨਿਸਤਾਨ ਜਾਂਦੇ ਰਹਿੰਦੇ ਹਨ।

ਦੱਸ ਦਈਏ ਕਿ ਇਸ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ। ਆਈ.ਐਸ. ਨੇ ਕਿਹਾ ਹੈ ਕਿ ਉਨ੍ਹਾਂ 'ਇਕ ਤੋਂ ਵੱਧ ਦੇਵਤਿਆਂ ਦੀ ਪੂਜਾ ਕਰਨ ਵਾਲੇ' ਵਿਅਕਤੀਆਂ ਦੇ ਗਰੁੱਪ ਉਤੇ ਇਹ ਹਮਲਾ ਕੀਤਾ ਹੈ।

# ਟਰੰਪ ਦੀਆਂ ਇਮੀਗਰੇਸ਼ਨ ਨੀਤੀਆਂ ਖਿਲਾਫ ਪ੍ਰਦਰਸ਼ਨ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਵਿਵਾਦਤ ਇਮੀਗਰੇਸ਼ਨ ਨੀਤੀਆਂ ਖਿਲਾਫ਼ ਭਾਰਤੀ-ਅਮਰੀਕੀਆਂ ਸਮੇਤ ਲੱਖਾਂ ਲੋਕਾਂ ਨੇ ਵੱਖ-ਵੱਖ ਸ਼ਹਿਰਾਂ 'ਚ ਜ਼ੋਰਦਾਰ ਮੁਜ਼ਾਹਰੇ ਕੀਤੇ। ਮਾੜੀਆਂ ਨੀਤੀਆਂ ਕਰਕੇ ਗੈਰਕਾਨੂੰਨੀ ਪਰਵਾਸੀਆਂ ਦੇ ਬੱਚੇ ਉਨ੍ਹਾਂ ਤੋਂ ਵੱਖ ਹੋ ਗਏ ਹਨ।

ਅਮਰੀਕੀ ਸਰਹੱਦ 'ਤੇ ਕਰੀਬ 2 ਹਜ਼ਾਰ ਬੱਚੇ ਆਪਣੇ ਮਾਪਿਆਂ ਤੋਂ ਵੱਖ ਹੋ ਗਏ ਹਨ ਜਿਸ ਕਾਰਨ ਲੋਕਾਂ 'ਚ ਰੋਸ ਹੈ। ਵ੍ਹਾਈਟ ਹਾਊਸ ਨੇੜੇ ਪਾਰਕ 'ਚ ਸੈਂਕੜੇ ਲੋਕ ਤਿੱਖੀ ਧੁੱਪ ਵਿਚ ਜੁੜੇ ਅਤੇ ਟਰੰਪ ਦੀਆਂ ਇਮੀਗਰੇਸ਼ਨ ਨੀਤੀਆਂ ਦਾ ਵਿਰੋਧ ਕੀਤਾ। ਅਜਿਹੇ ਵਿਰੋਧ ਪ੍ਰਦਰਸ਼ਨ ਹੋਰ ਕਈ ਸ਼ਹਿਰਾਂ ਅਤੇ ਨਗਰਾਂ 'ਚ ਵੀ ਕੀਤੇ ਗਏ ਜਿਨ੍ਹਾਂ ਦੀ ਜ਼ਿਆਦਾਤਰ ਅਗਵਾਈ ਡੈਮੋਕਰੈਟਿਕ ਪਾਰਟੀ ਦੇ ਆਗੂ ਅਤੇ ਮਨੁੱਖੀ ਹੱਕਾਂ ਦੇ ਨੁਮਾਇੰਦੇ ਕਰ ਰਹੇ ਸਨ। ਉਨ੍ਹਾਂ ਮੰਗ ਕੀਤੀ ਕਿ ਇਮੀਗਰੇਸ਼ਨ ਨੀਤੀਆਂ ਨਰਮ ਹੋਣ ਅਤੇ ਕਿਸੇ ਵੀ ਸੂਰਤ ਵਿਚ ਬੱਚਿਆਂ ਨੂੰ ਮਾਪਿਆਂ ਨਾਲੋਂ ਜੁਦਾ ਨਾ ਕੀਤਾ ਜਾਵੇ। ਲੋਕਾਂ ਦੇ ਵੱਡੀ ਗਿਣਤੀ 'ਚ ਬਾਹਰ ਆਉਣ ਉਤੇ ਟਰੰਪ ਨੇ ਟਵੀਟ ਕਰਕੇ ਕਿਹਾ ਕਿ ਜਦੋਂ ਮੁਲਕ 'ਚ ਗੈਰਕਾਨੂੰਨੀ ਢੰਗ ਨਾਲ ਲੋਕ ਆਉਂਦੇ ਹਨ ਤਾਂ ਉਨ੍ਹਾਂ ਨੂੰ ਤੁਰਤ ਬਾਹਰ ਭੇਜ ਦਿੱਤਾ ਜਾਣਾ ਚਾਹੀਦਾ ਹੈ। 'ਰਿਪਬਲਿਕਨ ਮਜ਼ਬੂਤ ਸਰਹੱਦਾਂ ਚਾਹੁੰਦੇ ਹਨ ਅਤੇ ਕੋਈ ਜੁਰਮ ਨਹੀਂ ਹੋਣਾ ਚਾਹੀਦਾ ਹੈ। ਡੈਮਕਰੈਟਸ ਖੁਲ੍ਹੇ ਬਾਰਡਰ ਚਾਹੁੰਦੇ ਹਨ ਜਦਕਿ ਜੁਰਮ ਸਬੰਧੀ ਉਨ੍ਹਾਂ ਦੀਆਂ ਨੀਤੀਆਂ ਕਮਜ਼ੋਰ ਹਨ।'

# ਉੜਤਾ ਪੰਜਾਬ: ਲੋਕ ਰੋਹ ਨੇ ਕੈਪਟਨ ਦੀਆਂ ਅੱਖਾਂ ਖੋਲ੍ਹੀਆਂ

*(ਸਫਾ ਇਕ ਦੀ ਬਾਕੀ)*

ਲਹਿਰ ਖੜ੍ਹੀ ਹੋ ਰਹੀ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ (ਆਪ) ਨੇ ਨਸ਼ਿਆਂ ਨੂੰ ਠੱਲ੍ਹਣ ਤੋਂ ਅਸਮਰੱਥ ਰਹਿਣ ਉਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਿਆ ਜਾ ਰਿਹਾ ਹੈ। ਸੰਸਦ ਮੈਂਬਰ ਭਗਵੰਤ ਮਾਨ, ਜੋ ਪਾਰਟੀ ਦੀਆਂ ਸਰਗਰਮੀਆਂ ਤੋਂ ਪੂਰੀ ਤਰ੍ਹਾਂ ਪਾਸਾ ਵੱਟ ਕੇ ਬੈਠ ਗਏ ਸਨ, ਵੀ ਸੰਘਰਸ਼ ਵਿਚ ਕੁੱਦ ਪਏ ਹਨ। ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਵੀ ਸਰਕਾਰ ਵਿਰੁਧ ਇਸ ਮੁੱਦੇ ਉਪਰ ਸੰਘਰਸ਼ ਵਿੱਢ ਦਿੱਤਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਇਸ ਮਸਲੇ ਉਤੇ ਚੁੱਪ ਧਾਰੀ ਬੈਠਾ ਹੈ। ਚਰਚਾ ਹੈ ਕਿ ਉਸ ਨੂੰ ਆਪਣੇ ਸੀਨੀਅਰ ਆਗੂਆਂ ਦੇ ਇਸ ਮਾਮਲੇ ਵਿਚ ਘਿਰਨ ਦਾ ਡਰ ਹੈ। ਪਿਛਲੇ ਦਿਨਾਂ ਤੋਂ ਨਸ਼ੇ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਨਸ਼ਿਆਂ ਦੇ ਰਾਹ ਪਾਈਆਂ ਕੁੜੀਆਂ ਵੱਲੋਂ ਨਿਸੰਗ ਹੋ ਕੇ ਕੈਪਟਨ ਸਰਕਾਰ ਵਿਰੁਧ ਮੈਦਾਨ ਵਿਚ ਆਉਣ ਕਾਰਨ ਸਰਕਾਰ ਕਸੂਤੀ ਸਥਿਤੀ 'ਚ ਫਸ ਗਈ ਸੀ।

ਜ਼ਿਕਰਯੋਗ ਹੈ ਕਿ ਸਰਕਾਰ ਬਣਨ ਤੋਂ ਕੁਝ ਸਮੇਂ ਬਾਅਦ ਹੁਕਮਰਾਨ ਕਾਂਗਰਸ ਪਾਰਟੀ ਦੇ 40 ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਸਾਂਝਾ ਪੱਤਰ ਲਿਖ ਕੇ ਚੋਣਾਂ ਵਿਚ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਨਸ਼ਿਆਂ ਦੇ ਵੱਡੇ ਸੌਦਾਗਰਾਂ ਨੂੰ ਜੇਲ੍ਹਾਂ ਵਿਚ ਸੁੱਟਣ ਦੀ ਫਰਿਆਦ ਕੀਤੀ ਸੀ। ਮੁੱਖ ਮੰਤਰੀ ਨੇ ਸਾਰਿਆਂ ਨੂੰ ਇਹ ਕਹਿ ਕੇ ਠੰਢਾ ਕਰ ਦਿੱਤਾ ਸੀ ਕਿ ਠੋਸ ਸਬੂਤ ਮਿਲਣ 'ਤੇ ਹੀ ਕਿਸੇ ਵਿਰੁਧ ਕਾਰਵਾਈ ਕੀਤੀ ਜਾ ਸਕਦੀ ਹੈ। ਹੁਣ ਸਰਕਾਰ ਵਿਰੁਧ ਲੋਕਾਂ ਦੇ ਵਧ ਰਹੇ ਰੋਹ ਨੂੰ ਦੇਖਦਿਆਂ ਕਾਂਗਰਸ ਨੇ ਸਖਤੀ ਵਾਲੇ ਫੈਸਲੇ ਕੀਤੇ ਹਨ। ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਤਾਂ ਇਸ ਮੁੱਦੇ ਉਪਰ ਆਪਣੀ ਭੜਾਸ ਵੀ ਕੱਢ ਚੁੱਕੇ ਹਨ।

ਇਸੇ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਸੋਸ਼ਲ ਮੀਡੀਆ 'ਤੇ 'ਨਸ਼ਿਆਂ ਵਿਰੁਧ ਕਾਲਾ ਹਫ਼ਤਾ' ਮੁਹਿੰਮ ਚਲਾਉਣ ਵਾਲੇ ਕਾਰਕੁਨਾਂ ਨਾਟਕਕਾਰ ਪਾਲੀ ਭੁਪਿੰਦਰ, ਵਕੀਲ ਹਾਕਮ ਸਿੰਘ, ਪੱਤਰਕਾਰ ਬਲਜੀਤ ਪਨੂੰ ਅਤੇ ਬਲਜਿੰਦਰ ਸਿੰਘ (ਮਿੰਟੂ) ਨਾਲ ਮੁਲਾਕਾਤ ਕੀਤੀ। ਇਨ੍ਹਾਂ ਕਾਰਕੁਨਾਂ ਨੇ ਅਕਾਲੀਆਂ ਉਤੇ ਦੋਸ਼ ਮੜ੍ਹਿਆ ਕਿ ਇਨ੍ਹਾਂ ਆਗੂਆਂ ਨੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਕੁਝ ਨਹੀਂ ਕੀਤਾ। ਕੈਪਟਨ ਨੇ ਇਨ੍ਹਾਂ ਕਾਰਕੁਨਾਂ ਨੂੰ ਹਰ ਸਹਿਯੋਗ ਦੇਣ ਦਾ ਵਾਅਦਾ ਕੀਤਾ।

# ਮੋਦੀ ਸਰਕਾਰ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਨੂੰ ਰਾਹਤ ਲਈ ਰਾਜ਼ੀ

*(ਸਫਾ ਇਕ ਦੀ ਬਾਕੀ)*

ਸਰਕਾਰ ਕੋਲ ਭੇਜੀ ਜਾਵੇਗੀ ਅਤੇ ਉਸ ਰਾਹੀਂ ਹੀ 40 ਸਿੱਖਾਂ ਨੂੰ ਦਿੱਤੀ ਜਾਵੇਗੀ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਦਾਇਰ ਅਪੀਲ ਵਾਪਸ ਲੈਣ ਉਤੇ ਵੱਡੀ ਰਾਹਤ ਦਾ ਅਹਿਸਾਸ ਕਰਦਿਆਂ ਕਿਹਾ ਕਿ ਇਸ ਫੈਸਲੇ ਨਾਲ ਜੋਧਪੁਰ ਨਜ਼ਰਬੰਦ ਸਿੱਖਾਂ ਨੂੰ ਨਿਆਂ ਮਿਲੇਗਾ, ਜਿਨ੍ਹਾਂ ਖਿਲਾਫ਼ ਦੋਸ਼ ਲਾਇਆ ਗਿਆ ਸੀ ਕਿ ਉਹ ਲੁਟੇਰੇ ਤੇ ਅਤਿਵਾਦੀ ਹਨ।

ਚੇਤੇ ਰਹੇ ਕਿ 28 ਜੂਨ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬਾ ਸਰਕਾਰ ਦੇ ਹਿੱਸੇ ਵਜੋਂ 2.16 ਕਰੋੜ ਰੁਪਏ ਦੀ ਰਾਸ਼ੀ ਦੇ ਚੈੱਕ ਇਨ੍ਹਾਂ ਸਿੱਖਾਂ ਨੂੰ ਮੁਆਵਜ਼ੇ ਵਜੋਂ ਵੰਡੇ ਗਏ ਸਨ। ਅਪਰੈਲ 2017 ਵਿਚ ਹੇਠਲੀ ਅਦਾਲਤ ਵੱਲੋਂ ਇਨ੍ਹਾਂ ਸਿੱਖਾਂ ਦੇ ਹੱਕ ਵਿਚ ਫੈਸਲਾ ਕੀਤਾ ਗਿਆ ਸੀ ਅਤੇ ਦੋਵਾਂ ਸਰਕਾਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਪ੍ਰਤੀ ਵਿਅਕਤੀ ਚਾਰ ਲੱਖ ਰੁਪਏ ਮੁਆਵਜ਼ਾ ਅਤੇ ਛੇ ਫੀਸਦ ਵਿਆਜ ਦਿੱਤਾ ਜਾਵੇ।

# ਸ਼ਹੀਦੀ ਗੈਲਰੀ 'ਚ ਲੱਗਣਗੀਆਂ ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਸ਼ਰਧਾਲੂਆਂ ਦੀਆਂ ਤਸਵੀਰਾਂ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਨੇੜੇ ਸਥਾਪਤ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਿਖੇ ਦਮਦਮੀ ਟਕਸਾਲ ਵੱਲੋਂ ਬਣਾਈ ਜਾ ਰਹੀ ਸ਼ਹੀਦੀ ਗੈਲਰੀ ਵਿਚ ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਸ਼ਰਧਾਲੂਆਂ ਤੇ ਹੋਰਨਾਂ ਦੀਆਂ ਤਸਵੀਰਾਂ ਲਾਉਣ ਲਈ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ, ਜਿਸ ਤਹਿਤ ਮਾਰੇ ਗਏ 890 ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਨੂੰ ਵਾਪਰਿਆਂ 34 ਸਾਲ ਬੀਤ ਚੁੱਕੇ ਹਨ ਪਰ ਹੁਣ ਤੱਕ ਇਸ ਫੌਜੀ ਹਮਲੇ ਵਿਚ ਮਾਰੇ ਗਏ ਵਿਅਕਤੀਆਂ ਦੀ ਕੋਈ ਅਧਿਕਾਰਤ ਸੂਚੀ ਤਿਆਰ ਨਹੀਂ ਕੀਤੀ ਗਈ ਹੈ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਅਤੇ ਦਲ ਖਾਲਸਾ ਵੱਲੋਂ ਆਪਣੇ ਪੱਧਰ 'ਤੇ ਇੱਕ ਸੂਚੀ ਤਿਆਰ ਕੀਤੀ ਹੋਈ ਹੈ। ਪਰ ਇਨ੍ਹਾਂ ਦੋਵਾਂ ਹੀ ਸੂਚੀਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਖ ਵੱਖ ਹੈ। ਇਸ ਫੌਜੀ ਹਮਲੇ ਵਿਚ ਦਮਦਮੀ ਟਕਸਾਲ ਦੇ ਉਸ ਵੇਲੇ ਦੇ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਸਮੇਤ ਹੋਰ ਕਈ ਸਿੱਖ ਅਤੇ ਸ਼ਰਧਾਲੂ ਮਾਰੇ ਗਏ ਸਨ, ਜਿਨ੍ਹਾਂ ਦੀ ਯਾਦ ਵਿਚ ਇਥੇ ਯਾਦਗਾਰ ਸਥਾਪਤ ਕੀਤੀ ਗਈ ਹੈ। 2007 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਾਰ ਦਿੰਦਿਆਂ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਵੀ ਲਾਈ ਗਈ ਸੀ।

# ਮੈਕਸਿਕੋ ਰਾਸ਼ਟਰਪਤੀ ਚੋਣ 'ਚ ਖੱਬੇ ਪੱਖੀ ਆਗੂ ਦੀ ਜਿੱਤ

**ਮੈਕਸਿਕੋ ਸਿਟੀ:** ਮੈਕਸਿਕੋ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਆਏ ਨਤੀਜਿਆਂ 'ਚ ਸਥਾਪਨਾ ਵਿਰੋਧੀ ਖੱਬੇ ਪੱਖੀ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੋਰ (64) ਨੇ ਜਿੱਤ ਹਾਸਲ ਕੀਤੀ ਹੈ। ਇਸ ਜਿੱਤ ਨੂੰ ਮੁਲਕ 'ਚ ਵਧੇ ਭ੍ਰਿਸ਼ਟਾਚਾਰ ਅਤੇ ਹਿੰਸਾ ਵਿਰੁੱਧ ਨਿਕਲੇ ਵੋਟਰਾਂ ਦੇ ਗੁੱਸੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। 'ਐਮਲੋ' ਵਜੋਂ ਜਾਣੇ ਜਾਂਦੇ ਆਂਦਰੇਸ ਨੇ 53 ਫੀਸਦ ਵੋਟਾਂ ਹਾਸਲ ਕਰਕੇ ਵਿਰੋਧੀਆਂ ਦਾ ਸਫਾਇਆ ਕਰ ਦਿੱਤਾ ਹੈ। ਮੋਰੇਨਾ ਪਾਰਟੀ ਦੀ ਅਗਵਾਈ ਵਾਲੇ ਇਸ ਗੱਠਜੋੜ ਦੀ ਸਥਾਪਨਾ 2014 ਵਿਚ ਹੋਈ ਸੀ। ਆਧੁਨਿਕ ਮੈਕਸਿਕੋ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਕਿਸੇ ਚੋਣ ਮੁਕਾਬਲੇ 'ਚ ਇਕ ਉਮੀਦਵਾਰ ਨੇ ਅੱਧੀਆਂ ਤੋਂ ਵੱਧ ਵੋਟਾਂ ਬਟੋਰੀਆਂ ਹਨ।

ਇਨ੍ਹਾਂ ਨਤੀਜਿਆਂ ਰਾਹੀਂ ਦੇਸ਼ ਦੀ ਸੱਤਾ ਉਤੇ ਲਗਭਗ ਇਕ ਪੂਰੀ ਸਦੀ ਕਾਬਜ਼ ਰਹੀਆਂ ਦੋ ਪ੍ਰਮੁੱਖ ਪਾਰਟੀਆਂ ਨੂੰ ਲੋਕਾਂ ਨੇ ਆਖਰ ਨਕਾਰ ਕਰ ਦਿੱਤਾ ਹੈ। ਲੋਪੇਜ਼ ਨੇ ਮੈਕਸਿਕੋ ਸਿਟੀ ਦੇ ਐਲਾਮੇਦਾ ਪਾਰਕ ਦੇ ਬਾਹਰ ਇਕੱਠੇ ਹੋਏ ਆਪਣੇ ਹਮਾਇਤੀਆਂ ਨੂੰ ਕਿਹਾ ਕਿ ਇਹ ਬੇਹੱਦ ਯਾਦਗਾਰ ਹੈ। ਉਨ੍ਹਾਂ ਵਿਰੋਧੀਆਂ ਵੱਲੋਂ ਲਾਏ ਜਾ ਰਹੇ ਕੱਟੜਵਾਦ ਦੇ ਪ੍ਰਸਾਰ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਵੈਂਜ਼ੂਏਲਾ ਵਰਗੀਆਂ ਨੀਤੀਆਂ ਅਪਨਾਉਣ ਦਾ ਕੋਈ ਮਤਲਬ ਨਹੀਂ। ਜੇਤੂ ਉਮੀਦਵਾਰ ਨੇ ਕਿਹਾ ਕਿ ਉਹ ਲੋਕਾਂ ਨੂੰ ਇਕ ਨਿੱਗਰ ਤੇ ਸਾਫ-ਸੁਥਰਾ ਲੋਕਤੰਤਰ ਦੇਣਗੇ ਤੇ ਕਿਸੇ ਵੀ ਸਿੱਧੀ ਜਾਂ ਅਸਿੱਧੀ ਤਾਨਾਸ਼ਾਹੀ ਦਾ ਕੋਈ ਭੈਅ ਮਨ ਵਿਚ ਨਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸੈਕਟਰ, ਅਮਰੀਕਾ ਅਤੇ ਕੈਨੇਡਾ ਨਾਲ ਸਬੰਧ ਸੁਖਾਵੇਂ ਰੱਖਣ ਦੇ ਪੂਰੇ ਯਤਨ ਕੀਤੇ ਜਾਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕੈਪਟਨ ਸਰਕਾਰ ਦੀ ਬੇਵਸੀ 'ਤੇ ਉਠੇ ਸਵਾਲ

**ਜਲੰਧਰ:** ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਇਸ ਦੇ ਆਪਣੇ ਸੀਨੀਅਰ ਆਗੂਆਂ ਤੇ ਵਿਧਾਇਕਾਂ ਨੇ ਘੇਰਾ ਪਾਇਆ ਹੋਇਆ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਸਾਬਕਾ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵੇ ਸਮੇਤ ਕਈ ਵਿਧਾਇਕਾਂ ਵੱਲੋਂ ਸਰਕਾਰੀ ਢਿੱਲ ਉਤੇ ਖੜ੍ਹੇ ਕੀਤੇ ਸਵਾਲਾਂ ਪਿੱਛੋਂ ਹੁਣ ਕੈਪਟਨ ਦੇ ਕਰੀਬ ਮੰਨੇ ਜਾਂਦੇ ਸਾਬਕਾ ਮੰਤਰੀ ਅਤੇ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸਰਕਾਰ ਦੀ ਬੇਵਸੀ ਨੂੰ ਕੀਤਾ ਜੱਗ ਜ਼ਾਹਿਰ ਕੀਤਾ ਹੈ। ਸਾਬਕਾ ਮੰਤਰੀ ਦਾ ਗਿਲਾ ਹੈ ਕਿ ਸਰਕਾਰ ਹੁੰਦਿਆਂ ਵੀ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਉਸ ਏ.ਐਸ.ਆਈ. ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਿਸ ਉਤੇ ਇਕ ਨੌਜਵਾਨ ਨੂੰ ਨਸ਼ਿਆਂ ਦੀ ਦਲ ਦਲ ਵਿਚ ਧੱਕਣ ਦਾ ਦੋਸ਼ ਹੈ। ਇਸ ਏ.ਐਸ.ਆਈ. ਵਿਰੁੱਧ ਸ਼ਿਕਾਇਤ ਵੀ ਉਨ੍ਹਾਂ ਦੇ ਰਾਹੀਂ (ਰਾਣਾ ਗੁਰਜੀਤ) ਗਈ ਕੀਤੀ ਗਈ ਸੀ। ਹੁਣ ਇਹ ਏ.ਐਸ.ਆਈ. ਤਰੱਕੀ ਲੈ ਕੇ ਐਸ.ਆਈ. ਬਣ ਚੁੱਕਾ ਹੈ।

ਸ੍ਰੀ ਰਾਣਾ ਨੇ ਦੱਸਿਆ ਕਿ ਉਸ ਦੇ ਮੰਤਰੀ ਹੁੰਦਿਆਂ ਉਸ ਨੂੰ ਇਕ ਸ਼ਿਕਾਇਤ ਮਿਲੀ ਸੀ ਅਤੇ ਉਨ੍ਹਾਂ ਨੇ ਸ਼ਿਕਾਇਤ ਪੰਜਾਬ ਪੁਲਿਸ ਮੁਖੀ ਨੂੰ ਭੇਜ ਦਿੱਤੀ ਸੀ। ਸ਼ਿਕਾਇਤ ਅਨੁਸਾਰ ਸੀ.ਆਈ.ਏ. ਸਟਾਫ ਵਿਚ ਤਾਇਨਾਤ ਇਕ ਏ.ਐਸ.ਆਈ. ਨੇ ਇਕ ਨੌਜਵਾਨ ਨੂੰ ਨਸ਼ੇ ਕਰਨ ਲਾ ਦਿੱਤਾ ਹੈ। ਪੰਦਰਾਂ ਮਹੀਨੇ ਲੰਘ ਗਏ ਹਨ ਪਰ ਅੱਜ ਤੱਕ ਏ.ਐਸ.ਆਈ. ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਭਾਵੇਂ ਕਿ ਉਹ ਸਰਕਾਰ ਵਿਚ ਹਨ ਪਰ ਇਥੇ ਕੋਈ ਸੁਣਵਾਈ ਨਹੀਂ ਹੈ। ਪੁਲਿਸ ਅਧਿਕਾਰੀਆਂ ਨੇ ਪੂਰੀ ਤਰ੍ਹਾਂ ਖਾਮੋਸ਼ੀ ਧਾਰਨ ਕੀਤੀ ਹੋਈ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਏ.ਐਸ.ਆਈ. ਵਿਰੁੱਧ 15 ਦੇ ਕਰੀਬ ਸ਼ਿਕਾਇਤਾਂ ਲੋਕਾਂ ਨੇ ਹਲਫੀਆ ਬਿਆਨਾਂ ਰਾਹੀਂ ਦਿੱਤੀਆਂ ਹੋਈਆਂ ਹਨ। ਇਹ ਏ.ਐਸ.ਆਈ. ਹੁਣ ਪਦਉਨਤ ਹੋ ਕੇ ਐਸ.ਆਈ. ਵਜੋਂ ਕਪੂਰਥਲਾ ਦੇ ਇਕ ਪੁਲਿਸ ਸਟੇਸ਼ਨ ਵਿਚ ਤਾਇਨਾਤ ਹੈ।



ਉਨ੍ਹਾਂ ਨੇ ਇਕ ਹੋਰ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਪੂਰਥਲਾ ਵਿਚ ਔਰਤਾਂ ਦੇ ਨਸ਼ਾ ਛੁਡਾਊ ਕੇਂਦਰ ਵਿਚ ਆਈ ਇਕ ਔਰਤ ਨੇ ਕੈਮਰੇ ਦੇ ਸਾਹਮਣੇ ਦੱਸਿਆ ਕਿ ਉਸ ਨੂੰ ਕਪੂਰਥਲਾ ਵਿਚ ਤਾਇਨਾਤ ਇਕ ਥਾਣੇਦਾਰ ਨੇ ਸਮੈਕ ਪੀਣ ਲਾਇਆ ਸੀ, ਉਹ ਹੁਣ ਜਲੰਧਰ ਵਿਚ ਤਾਇਨਾਤ ਹੈ। ਇਕ ਹੋਰ ਔਰਤ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਵੀ ਇਕ ਡੀ.ਐਸ.ਪੀ. ਨੇ ਸਮੈਕ ਪੀਣ ਲਾਇਆ ਹੈ। ਸ੍ਰੀ ਰਾਣਾ ਨੇ ਔਰਤ ਨੂੰ ਲਿਖਤੀ ਸ਼ਿਕਾਇਤ ਦੇਣ ਲਈ ਕਿਹਾ ਹੈ ਤਾਂ ਜੋ ਪੁਲਿਸ ਅਧਿਕਾਰੀ ਵਿਰੁੱਧ ਕਾਰਵਾਈ ਕਰਵਾਈ ਜਾ ਸਕੇ। ਉਨ੍ਹਾਂ ਨੇ ਕਪੂਰਥਲਾ ਦੇ ਇਕ ਪੱਤਰਕਾਰ ਦੇ ਪੁੱਤਰ ਦਾ ਵੀ ਜ਼ਿਕਰ ਕੀਤਾ ਜਿਸ ਨੂੰ ਥਾਣੇ ਵਿਚ ਏ.ਐਸ.ਆਈ. ਨੇ ਸਮੈਕ ਪਿਲਾਈ ਸੀ ਤੇ ਜਿਸ ਨੇ ਇਸ ਕਾਨੂੰਨ ਦੇ ਪਾੜ੍ਹੇ ਦਾ ਜੀਵਨ ਨਰਕ ਬਣਾ ਦਿੱਤਾ।

## ਅਕਾਲੀਆਂ ਨੇ ਕੈਪਟਨ ਨੂੰ ਪਾਇਆ ਘੇਰਾ

ਅਕਾਲੀ ਦਲ ਬਾਦਲ ਨੇ ਕਿਹਾ ਹੈ ਕਿ ਗੁਰਜੀਤ ਸਿੰਘ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਤੁਰਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਤਰਜਮਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਜੇ ਮੁੱਖ ਮੰਤਰੀ ਦੇ ਸਭ ਤੋਂ ਨੇੜੇ ਸਮਝੇ ਜਾਂਦੇ ਰਾਣਾ ਗੁਰਜੀਤ ਸਿੰਘ ਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਸਰਕਾਰ ਵਿਚ ਹੋਣ ਦੇ ਬਾਵਜੂਦ ਕਿ ਇਥੇ ਸੁਣਨ ਵਾਲਾ ਕੋਈ ਨਹੀਂ, ਤਾਂ ਬਾਕੀ ਕਹਿਣ ਨੂੰ ਵੀ ਹੁਣ ਕੁਝ ਨਹੀਂ ਬਚਿਆ।

# ਪਾਕਿਸਤਾਨ 'ਚ ਦਸਤਾਰਧਾਰੀ ਸਿੱਖ ਨੇ ਵਧਾਇਆ ਭਾਈਚਾਰੇ ਦਾ ਮਾਣ

**ਅੰਮ੍ਰਿਤਸਰ:** ਪਾਕਿਸਤਾਨ ਦੇ ਲਾਹੌਰ 'ਚ ਉਰਦੂ ਚੈਨਲ ਵਿਚ ਇਕ ਦਸਤਾਰਧਾਰੀ ਸਿੱਖ ਨੌਜਵਾਨ ਨੇ ਪਹਿਲਾ ਨਿਊਜ਼ ਐਂਕਰ ਬਣਨ ਦਾ ਮਾਣ ਹਾਸਲ ਕੀਤਾ ਹੈ। ਖੈਬਰ ਪਖ਼ਤੂਨਖਵਾ ਸੂਬੇ



ਦੇ ਸ਼ੰਗਲਾ ਜ਼ਿਲ੍ਹੇ ਦਾ 28 ਸਾਲਾ ਹਰਮੀਤ ਸਿੰਘ ਪਸ਼ਤੋ, ਪੰਜਾਬੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਦੀ ਮੁਹਾਰਤ ਰੱਖਦਾ ਹੈ। ਹਰਮੀਤ ਨੇ ਕਰਾਚੀ ਦੀ ਉਰਦੂ ਯੂਨੀਵਰਸਿਟੀ ਤੋਂ ਪੱਤਰਕਾਰੀ ਦੀ ਐਮਏ ਕਰਨ ਤੋਂ ਬਾਅਦ ਕੁਝ ਸਾਲ ਇਸਲਾਮਾਬਾਦ ਦੇ ਇਕ ਚੈਨਲ 'ਚ ਬਤੌਰ ਰਿਪੋਰਟਰ ਕੰਮ ਕੀਤਾ। ਇਸ ਤੋਂ ਬਾਅਦ ਉਸ ਦੀ ਲਿਖਣ ਕਲਾ, ਪ੍ਰਭਾਵੀ ਸ਼ਖਸੀਅਤ ਤੇ ਉਸ ਦੀ ਆਵਾਜ਼ ਉਸ ਨੂੰ ਐਂਕਰ ਦੀ ਨੌਕਰੀ ਦਿਵਾਉਣ 'ਚ ਸਹਾਈ ਸਾਬਤ ਹੋਈ।

ਉਸ ਤੋਂ ਪਹਿਲਾਂ ਇਕ ਸਿੱਖ ਮੁਟਿਆਰ ਮਨਮੀਤ ਕੌਰ ਵੀ ਟੀਵੀ ਐਂਕਰ ਵਜੋਂ ਕੰਮ ਕਰ ਰਹੀ ਹੈ। ਇਕ ਸਿੱਖ ਪਾਕਿਸਤਾਨੀ ਥਲ ਸੈਨਾ ਵਿਚ ਕਮਿਸ਼ੰਡ ਅਫਸਰ ਹੈ ਜਦੋਂ ਕਿ ਇਕ ਹੋਰ ਪਾਕਿਸਤਾਨ ਰੇਂਜਰਜ਼ ਦੇ ਮੈਂਬਰ ਵਜੋਂ ਵਾਹਗਾ-ਅਟਾਰੀ ਸਰਹੱਦ ਉਤੇ ਡਿਊਟੀ ਦੇ ਚੁੱਕਾ ਹੈ। ਪਾਕਿਸਤਾਨ ਵਿਚ ਸਿੱਖ ਵਸੋਂ ਬਹੁਤ ਘੱਟ ਹੈ। 2011 ਦੀ ਮਰਦਮਸ਼ੁਮਾਰੀ ਵਿਚ ਇਹ ਗਿਣਤੀ 54 ਹਜ਼ਾਰ ਦਰਜ ਕੀਤੀ ਗਈ ਸੀ ਜਦੋਂ ਕਿ ਗੈਰ-ਸਰਕਾਰੀ ਹਲਕੇ ਇਹ ਗਿਣਤੀ ਦੋ ਲੱਖ ਦੇ ਕਰੀਬ ਹੋਣ ਦਾ ਦਾਅਵਾ ਕਰਦੇ ਹਨ। ਹਰਮੀਤ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ 'ਚ ਆਪਣੇ ਪਰਿਵਾਰ ਤੇ ਭਾਈਚਾਰੇ ਨੂੰ ਮਾਣ ਦਿਵਾਉਣਾ ਚਾਹੁੰਦਾ ਹੈ। ਹਰਮੀਤ ਨੇ ਦੱਸਿਆ ਕਿ ਉਹ ਮਲੇਸ਼ੀਆ 'ਚ ਕਾਰੋਬਾਰ ਕਰ ਰਿਹਾ ਸੀ ਜਿਸ ਦੌਰਾਨ ਉਸ ਨੂੰ ਪਬਲਿਕ ਨਿਊਜ਼ ਸਰਵਿਸ ਤੋਂ ਨੌਕਰੀ ਲਈ ਫੋਨ ਆਇਆ।

## ਦੀਦਾਰ ਸਿੰਘ ਗਿੱਲ ਸਿੰਗਾਪੁਰ ਸੁਪਰੀਮ ਕੋਰਟ ਦੇ ਜੱਜ ਥਾਪੇ

**ਸਿੰਗਾਪੁਰ:** ਵਕੀਲ ਦੀਦਾਰ ਸਿੰਘ ਗਿੱਲ ਨੂੰ ਸਿੰਗਾਪੁਰ ਦੀ ਸੁਪਰੀਮ ਕੋਰਟ ਦਾ ਜੁਡੀਸ਼ਲ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। 59 ਸਾਲਾ



ਗਿੱਲ ਨੂੰ ਰਾਸ਼ਟਰਪਤੀ ਹਲੀਮਾ ਯੈਕਬ ਵੱਲੋਂ ਦੋ ਸਾਲ ਲਈ ਜੁਡੀਸ਼ਲ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਉਹ ਤਿੰਨ ਅਗਸਤ ਨੂੰ ਅਹੁਦੇ ਦਾ ਹਲਫ ਲੈਣਗੇ।

# ਪੰਜਾਬ ਦੇ ਸਾਬਕਾ ਮੰਤਰੀ ਸੁਰਿੰਦਰ ਸਿੰਗਲਾ ਨਹੀਂ ਰਹੇ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਦਾ ਦਿੱਲੀ ਦੇ ਏਮਜ਼ 'ਚ ਦੇਹਾਂਤ ਹੋ ਗਿਆ। ਇਥੇ ਉਨ੍ਹਾਂ ਨੂੰ ਸਾਹ ਦੀ ਬਿਮਾਰੀ ਦੇ ਇਲਾਜ ਲਈ ਦਾਖਲ ਕਰਵਾਇਆ ਗਿਆ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 78 ਸਾਲਾ ਸ੍ਰੀ ਸਿੰਗਲਾ ਦੇ ਕਈ ਅੰਗਾਂ ਵਿਚ ਨੁਕਸ ਪੈਣ ਕਰਕੇ ਇਥੇ ਭਰਤੀ ਕਰਵਾਇਆ ਗਿਆ ਸੀ।

ਉਹ ਸਮਾਣਾ ਹਲਕੇ ਤੋਂ ਸੀਨੀਅਰ ਕਾਂਗਰਸੀ ਆਗੂ ਸਨ ਜੋ ਰਾਜ ਸਭਾ ਲਈ ਵੀ ਚੁਣੇ ਗਏ ਤੇ ਪਿਛਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਵਿੱਤ ਮੰਤਰੀ ਰਹੇ ਸਨ। ਉਨ੍ਹਾਂ ਨੂੰ ਬਠਿੰਡਾ 'ਚ ਪੁਲਾਂ ਦੀ ਸ਼ੁਰੂਆਤ ਕਰਨ ਵਾਲਾ ਮੰਨਿਆ ਜਾਂਦਾ ਹੈ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸਾਥੀ ਮੌਤ 'ਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਵਿੱਤ ਮੰਤਰੀ ਨੇ ਬਹੁਤ ਸਾਰੇ ਲੋਕ ਭਲਾਈ ਦੇ ਕੰਮ ਕੀਤੇ ਤੇ ਉਨ੍ਹਾਂ ਹਲਕਾ ਬਠਿੰਡਾ ਲਈ ਵਿਕਾਸ ਦਾ ਵਧੀਆ ਕੰਮ ਕੀਤਾ। ਪੰਜਾਬ ਦੇ ਮੰਤਰੀ ਰਾਣਾ ਗੁਰਮੀਤ ਸੋਢੀ ਤੇ ਉਪ ਮੁੱਖ ਮੰਤਰੀ ਬ੍ਰਹਮ ਮਹਿੰਦਰਾ ਨੇ ਦੁੱਖ ਪ੍ਰਗਟਾਇਆ ਹੈ।

ਇਸ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸ੍ਰੀ ਸਿੰਗਲਾ ਦੇ



ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪਿਛਲੀ ਕਾਂਗਰਸ ਸਰਕਾਰ ਦੌਰਾਨ ਸ੍ਰੀ ਸਿੰਗਲਾ ਦੇ ਕੀਤੇ ਕੰਮਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਸਿਰਫ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਆਪਣੇ ਕੰਮ ਦੀ ਛਾਪ ਛੱਡੀ ਹੈ।

# ਪੰਜਾਬ 'ਚ ਬੱਚੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਮਿਲੇਗੀ ਫਾਂਸੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਅਹਿਮ ਫੈਸਲਾ ਲੈਂਦੇ ਹੋਏ ਕੇਂਦਰ ਸਰਕਾਰ ਦੇ ਜਬਰ ਜਨਾਹ ਅਤੇ ਆਰਥਿਕ ਅਪਰਾਧਾਂ 'ਚ ਭਗੌੜਿਆਂ ਨਾਲ ਸਬੰਧਤ ਦੋ ਅਹਿਮ ਆਰਡੀਨੈਂਸਾਂ ਨੂੰ ਸੂਬੇ ਵਿਚ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਸ ਤਹਿਤ 12 ਸਾਲ ਤੋਂ ਘੱਟ ਉਮਰ ਦੀ ਬੱਚੀ ਨਾਲ ਜਬਰ ਜਨਾਹ ਕਰਨ ਉਤੇ ਮੌਤ ਦੀ ਸਜ਼ਾ ਤੋਂ ਇਲਾਵਾ ਇਹ ਕ੍ਰਿਮੀਨਲ ਲਾਅ (ਅਮੈਂਡਮੈਂਟ) ਆਰਡੀਨੈਂਸ, 2018 ਆਈ.ਪੀ. ਸੀ. ਵਿਚ ਵੀ ਸੋਧ ਕਰਦਾ ਹੈ, ਜਿਸ ਨਾਲ ਜਬਰ ਜਨਾਹ ਦੇ ਦੋਸ਼ੀ ਲਈ ਘੱਟੋ-ਘੱਟ ਸਜ਼ਾ 7 ਸਾਲ ਤੋਂ ਵਧਾ ਕੇ 10 ਸਾਲ ਹੋ ਗਈ ਹੈ।

16 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਜਬਰ ਜਨਾਹ ਉਤੇ ਘੱਟੋ ਘੱਟ ਸਜ਼ਾ ਉਮਰ ਕੈਦ ਨਿਰਧਾਰਤ ਕੀਤੀ ਗਈ ਹੈ ਜੋ ਕਿ ਪਹਿਲੀਆਂ ਮੱਦਾਂ ਅਨੁਸਾਰ 20 ਸਾਲ ਬਾਮੁਸ਼ੱਕਤ ਕੈਦ ਸੀ, ਹੁਣ ਇਸ ਨੂੰ ਹੁਣ ਵਧਾ ਕੇ ਉਮਰ ਕੈਦ ਕਰ ਦਿੱਤਾ ਗਿਆ ਹੈ। ਮੰਤਰੀ ਮੰਡਲ ਵੱਲੋਂ ਅਜਿਹਾ ਕਾਨੂੰਨ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਤਹਿਤ ਸਰਕਾਰ ਨਾਲ ਠੱਗੀ ਮਾਰ ਕੇ ਵਿਦੇਸ਼ ਦੌੜ ਜਾਣ ਵਾਲੇ ਆਰਥਿਕ ਅਪਰਾਧੀਆਂ ਦੀ ਜਾਇਦਾਦ ਕੁਰਕ ਕੀਤੀ ਜਾ ਸਕੇਗੀ। ਸਰਕਾਰ ਨੂੰ ਹਰ ਸਾਲ ਹੋ ਰਹੇ ਘੁਟਾਲਿਆਂ ਅਤੇ ਹੋਰ ਧੋਖਾਧੜੀਆਂ ਦੇ ਚੱਲਦੇ ਸਾਲਾਨਾ 200 ਕਰੋੜ ਰੁਪਏ ਦਾ ਚੂਨਾ ਲੱਗ ਰਿਹਾ ਹੈ, ਜਿਸ ਦੇ ਚੱਲਦੇ



ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ ਠੱਗੀਆਂ ਮਾਰ ਕੇ ਵਿਦੇਸ਼ ਦੌੜ ਜਾਣ ਵਾਲੇ ਦੋਸ਼ੀਆਂ ਦੀ ਜਾਇਦਾਦ ਕੁਰਕ ਕੀਤੀ ਜਾਵੇਗੀ।

ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਰੋਕਣ ਲਈ ਇਹ ਸਖਤ ਕਾਨੂੰਨ ਬਣਾਇਆ ਜਾਵੇਗਾ। ਇਸ ਆਰਡੀਨੈਂਸ ਨਾਲ ਮੁੜ ਕਾਨੂੰਨ ਦਾ ਰਾਜ ਸਥਾਪਤ ਹੋਣ ਦੀ ਉਮੀਦ ਹੈ ਕਿਉਂਕਿ ਇਸ ਨਾਲ ਅਪਰਾਧੀ ਨੂੰ ਵਾਪਸ ਭਾਰਤ ਆ ਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਇਸ ਨਾਲ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਨੂੰ ਵਿੱਤੀ ਧੋਖਾਧੜੀਆਂ ਸਬੰਧੀ ਉਗਰਾਹੀ ਹੋਣ ਦੀ ਉਮੀਦ ਹੈ।

## ਜਥੇਦਾਰ ਦੀ ਬਲਾਤਕਾਰੀਆਂ ਨੂੰ ਗੋਲੀ ਮਾਰਨ ਦੀ ਸਲਾਹ

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਬਲਾਤਕਾਰ ਦੇ ਦੋਸ਼ੀਆਂ ਨੂੰ ਸ਼ਰੇਆਮ ਗੋਲੀ ਮਾਰ ਦੇਣੀ ਚਾਹੀਦੀ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦੇਣ ਦੇ ਐਲਾਨ ਦੀ ਵੀ ਸ਼ਲਾਘਾ ਕੀਤੀ ਹੈ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਬੱਚੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਐਲਾਨ ਇਕ ਸ਼ਲਾਘਾਯੋਗ ਕਦਮ ਹੈ। ਇਹ ਸਿਰਫ ਐਲਾਨ ਹੀ ਨਾ ਰਹੇ ਬਲਕਿ ਇਸ 'ਤੇ ਅਮਲ ਵੀ ਕੀਤਾ ਜਾਵੇ।

# ਬਾਦਲਾਂ ਦੇ ਨੇੜਲਿਆਂ ਨੂੰ ਘੇਰਾ ਪਾਉਣ ਲੱਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਬਾਦਲ ਪਰਿਵਾਰ ਦੇ ਅਤਿ ਕਰੀਬੀ ਮੰਨੇ ਜਾਂਦੇ ਲੰਬੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਅਕਾਲੀ ਆਗੂ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਵਿਰੁੱਧ ਭ੍ਰਿਸ਼ਟਾਚਾਰ ਅਤੇ ਆਮਦਨ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਈ ਕੈਪਟਨ ਸਰਕਾਰ ਦਾ ਇਹ 'ਵਾਰ' ਵੱਡਾ ਝਟਕਾ ਹੈ। ਵਿਜੀਲੈਂਸ ਵੱਲੋਂ ਇਹ ਮਾਮਲਾ ਮੋਹਾਲੀ ਪੁਲਿਸ ਥਾਣੇ ਵਿਚ ਵਿਜੀਲੈਂਸ ਦੀ ਪੜਤਾਲੀਆ ਰਿਪੋਰਟ ਦੇ ਅਧਾਰ ਉਤੇ ਦਰਜ ਕੀਤਾ ਗਿਆ ਹੈ। ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਕੈਪਟਨ ਸਰਕਾਰ ਨੇ ਬਾਦਲਾਂ ਦੇ ਕਰੀਬੀ ਕਿਸੇ ਅਕਾਲੀ ਨੇਤਾ ਖਿਲਾਫ਼ ਭ੍ਰਿਸ਼ਟਾਚਾਰ ਦਾ ਪਹਿਲਾ ਕੇਸ ਦਰਜ ਕੀਤਾ ਹੈ।

ਵਿਜੀਲੈਂਸ ਦੀ ਪੜਤਾਲੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਿਆਲ ਸਿੰਘ ਕੋਲਿਆਂਵਾਲੀ ਨੇ ਅਕਾਲੀ ਸਰਕਾਰ ਦੇ ਸਮੇਂ ਆਪਣੇ ਰੁਤਬੇ ਦੀ ਦੁਰਵਰਤੋਂ ਕਰਦਿਆਂ ਸਰਕਾਰੀ ਕਰਮਚਾਰੀਆਂ ਤੇ ਅਫਸਰਾਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਰਾਹੀਂ ਭਾਰੀ ਰਕਮਾਂ ਹਾਸਲ ਕੀਤੀਆਂ ਹਨ। ਵਿਜੀਲੈਂਸ ਨੇ ਕੋਲਿਆਂਵਾਲੀ ਉਤੇ ਪੰਜਾਬ ਸਮੇਤ ਰਾਜਸਥਾਨ, ਉਤਰਾਖੰਡ ਆਦਿ ਸੂਬਿਆਂ ਵਿਚ ਵੀ ਜ਼ਮੀਨ ਅਤੇ ਹੋਟਲ ਆਦਿ ਖਰੀਦਣ ਦੇ ਦੋਸ਼ ਲਾਏ ਹਨ। ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸੀ ਨੇਤਾਵਾਂ ਦੇ ਦਬਾਅ ਅਧੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਲਿਆਂਵਾਲੀ ਖਿਲਾਫ਼ ਕੁਝ ਮਹੀਨੇ ਪਹਿਲਾਂ ਹੀ ਵਿਜੀਲੈਂਸ ਪੜਤਾਲ ਦੀ ਇਜਾਜ਼ਤ ਦੇ ਦਿੱਤੀ ਸੀ। ਵਿਜੀਲੈਂਸ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਕੁਝ ਹੋਰਨਾਂ ਅਕਾਲੀ ਨੇਤਾਵਾਂ ਖਿਲਾਫ਼ ਵੀ ਵਿਜੀਲੈਂਸ ਪੜਤਾਲ ਕੀਤੀ ਜਾ ਰਹੀ ਹੈ ਤੇ ਸਰਕਾਰ ਵੱਲੋਂ ਹਰੀ ਝੰਡੀ ਦਿੱਤੇ ਜਾਣ ਤੋਂ ਬਾਅਦ ਮਾਮਲਾ ਦਰਜ ਕੀਤਾ ਜਾਵੇਗਾ।

ਵਿਜੀਲੈਂਸ ਨੇ ਪਹਿਲੀ ਅਪਰੈਲ 2009 ਤੋਂ ਲੈ ਕੇ 31 ਮਾਰਚ 2014 ਤੱਕ ਦੇ ਸਮੇਂ ਨੂੰ ਪੜਤਾਲ ਦਾ ਆਧਾਰ ਬਣਾਇਆ ਹੈ। ਬਿਊਰੋ ਮੁਤਾਬਕ ਇਸ ਸਮੇਂ ਦੌਰਾਨ ਕੋਲਿਆਂਵਾਲੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ 2 ਕਰੋੜ 39 ਲੱਖ 42 ਹਜ਼ਾਰ 854 ਰੁਪਏ ਦੀ ਆਮਦਨ ਹੋਈ ਸੀ। ਇਸ ਦੇ ਉਲਟ ਇਸ ਸਮੇਂ ਦੌਰਾਨ ਇਸ ਪਰਿਵਾਰ ਵੱਲੋਂ 4 ਕਰੋੜ 10 ਲੱਖ 63 ਹਜ਼ਾਰ 158 ਕਰੋੜ ਰੁਪਏ ਦੀ ਚੱਲ ਤੇ ਅਚੱਲ ਜਾਇਦਾਦ ਖਰੀਦੀ ਗਈ। ਵਿਜੀਲੈਂਸ ਮੁਤਾਬਕ ਆਮਦਨ ਤੇ ਖਰਚ ਵਿਚਲਾ ਪਾੜਾ 71.5 ਫੀਸਦੀ ਜ਼ਿਆਦਾ ਬਣਦਾ ਹੈ। ਵਿਜੀਲੈਂਸ ਦਾ ਕਹਿਣਾ ਹੈ ਕਿ ਦਿਆਲ ਸਿੰਘ ਕੋਲਿਆਂਵਾਲੀ ਨੇ ਜਨ ਸੇਵਕ ਹੁੰਦਿਆਂ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਕਰੋੜਾਂ ਰੁਪਏ ਗਲਤ ਤਰੀਕਿਆਂ ਰਾਹੀਂ ਕਮਾਏ। ਐਫ.ਆਈ.ਆਰ. ਵਿਚ ਕੋਲਿਆਂਵਾਲੀ ਦੇ ਪਰਿਵਾਰ ਕੋਲ 4 ਲਗਜ਼ਰੀ ਗੱਡੀਆਂ ਹੋਣ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਇਸੇ ਤਰ੍ਹਾਂ ਪਿੰਡ ਕੋਲਿਆਂਵਾਲੀ ਵਿਚ 5 ਏਕੜ ਵਿਚ ਮਹਿਲਨੁਮਾ ਘਰ ਅਤੇ ਮੁੰਡੇ ਦੇ ਵਿਆਹ ਉਤੇ ਸ਼ਾਹੀ ਖਰਚ ਦਾ ਹਵਾਲਾ ਵੀ ਦਿੱਤਾ ਗਿਆ ਹੈ। ਬਿਊਰੋ ਵੱਲੋਂ ਕੋਲਿਆਂਵਾਲੀ ਦੇ ਅਧੀਨ ਸੇਵਾਵਾਂ ਚੋਣ ਬੋਰਡ ਦਾ ਮੈਂਬਰ ਅਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਚੇਅਰਮੈਨ ਹੋਣ ਦੇ ਸਮੇਂ ਨੂੰ ਜਨ ਸੇਵਕ ਦੇ ਰੁਤਬੇ ਨਾਲ ਜੋੜਿਆ ਹੈ। ਬਾਦਲਾਂ ਦੇ ਰਾਜ ਵਿਚ ਦਿਆਲ ਸਿੰਘ ਕੋਲਿਆਂਵਾਲੀ ਦੀ ਤੂਤੀ ਬੋਲਦੀ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੰਬੀ ਪਿੰਡ ਵਿਚ ਦਿੱਤੇ ਧਰਨੇ ਦੌਰਾਨ ਕਾਂਗਰਸ ਸਰਕਾਰ ਦੇ ਹੋਂਦ 'ਚ ਆਉਣ ਤੋਂ ਬਾਅਦ ਕੋਲਿਆਂਵਾਲੀ ਨੂੰ ਗ੍ਰਿਫਤਾਰ ਕਰਨ ਦਾ ਐਲਾਨ ਕੀਤਾ ਸੀ।

# ਕੈਨੇਡਾ 'ਚ ਪੰਜਾਬੀ ਪਾੜ੍ਹਿਆਂ ਨੂੰ ਕਿਰਾਏ 'ਤੇ ਘਰ ਦੇਣ ਤੋਂ ਤੌਬਾ

**ਬਰੈਂਪਟਨ (ਕੈਨੇਡਾ):** ਹਾਲ ਹੀ ਵਿਚ ਕੈਨੇਡਾ 'ਚ ਸਟੱਡੀ ਵੀਜ਼ੇ 'ਤੇ ਗਏ ਪੰਜਾਬੀ ਵਿਦਿਆਰਥੀਆਂ ਵੱਲੋਂ ਲੜਾਈ ਝਗੜੇ ਦੀਆਂ ਘਟਨਾਵਾਂ ਪਿੱਛੋਂ ਕੈਨੇਡਾ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਵੱਡੀ ਸਿਰਦਰਦੀ ਖੜ੍ਹੀ ਹੋ ਗਈ ਹੈ। ਇਨ੍ਹਾਂ ਹਿੰਸਕ ਘਟਨਾਵਾਂ ਤੋਂ ਬਾਅਦ ਕੈਨੇਡਾ ਸਰਕਾਰ ਇੰਮੀਗੇਸ਼ਨ ਪਾਲਿਸੀ ਨੂੰ ਸਖਤ ਕਰਨ 'ਤੇ ਵਿਚਾਰ ਕਰ ਰਹੀ ਹੈ। ਬਰੈਂਪਟਨ ਅਤੇ ਸਰੀ ਵਿਚ ਪੱਕੇ ਰਹਿ ਰਹੇ ਪੰਜਾਬੀ ਲੋਕਾਂ ਵਿਚ ਵਿਦਿਆਰਥੀਆਂ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ। ਲੋਕ ਹੁਣ ਪੰਜਾਬੀ ਵਿਦਿਆਰਥੀਆਂ ਨੂੰ ਕਿਰਾਏ 'ਤੇ ਮਕਾਨ ਦੇਣ ਤੋਂ ਟਾਲਾ ਵੱਟਣ ਲੱਗੇ ਹਨ। ਕਈ ਥਾਂਈਂ ਲੋਕਾਂ ਨੇ ਬੇਸਮੈਂਟ ਅੱਗੇ ਬੋਰਡ ਲਾ ਦਿੱਤੇ ਹਨ ਕਿ ਵਿਦਿਆਰਥੀਆਂ ਨੂੰ ਕਿਰਾਏ 'ਤੇ ਥਾਂ ਨਹੀਂ ਦਿੱਤੀ ਜਾਵੇਗੀ।

ਤਿੰਨ ਪ੍ਰਾਪਰਟੀ ਡੀਲਰਾਂ ਉਪਰ ਹਮਲੇ ਤੋਂ ਬਾਅਦ 23 ਨੌਜਵਾਨ ਬਲੈਕ ਲਿਸਟ ਕਰ ਦਿੱਤੇ ਗਏ ਹਨ। ਬਰੈਂਪਟਨ ਸ਼ਹਿਰ ਵਿਚ 20 ਜੂਨ ਨੂੰ ਵਾਪਰੀ ਘਟਨਾ ਨੇ ਕੈਨੇਡਾ ਵਿਚ ਵਿਦਿਆਰਥੀਆਂ ਅਤੇ ਪੱਕੇ ਤੌਰ 'ਤੇ ਰਹਿ ਰਹੇ ਪੰਜਾਬੀਆਂ ਵਿਚ ਤਣਾਅ ਹੋਰ ਵਧਾ ਦਿੱਤਾ ਹੈ। ਇਥੇ




ਵਿਦਿਆਰਥੀਆਂ ਦੇ ਇਕ ਵੱਡੇ ਗਰੁੱਪ ਨੇ ਤਿੰਨ ਪ੍ਰਾਪਰਟੀ ਡੀਲਰਾਂ ਨੂੰ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਸੀ। ਇਸ ਘਟਨਾ ਵਿਚ ਪੰਜਾਬੀ ਵਿਦਿਆਰਥੀ ਵੀ ਸ਼ਾਮਲ ਸਨ। ਘਟਨਾ ਤੋਂ ਬਾਅਦ ਕੈਨੇਡਾ ਸਰਕਾਰ ਨੇ 23 ਪੰਜਾਬੀ ਵਿਦਿਆਰਥੀਆਂ ਨੂੰ ਬਲੈਕ ਲਿਸਟ ਕਰ ਦਿੱਤਾ ਹੈ, ਜਿਨ੍ਹਾਂ ਨੂੰ ਕਦੇ ਵੀ ਡਿਪੋਰਟ ਕੀਤਾ ਜਾ ਸਕਦਾ ਹੈ।

ਇਸ ਘਟਨਾ ਤੋਂ ਦੁਖੀ ਹੋ ਕੇ ਪੰਜਾਬੀ ਭਾਈਚਾਰੇ ਵੱਲੋਂ ਕੈਨੇਡਾ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਇੰਟਰਨੈਸ਼ਨਲ ਸਟੂਡੈਂਟਸ ਵੀਜ਼ਾ ਬੰਦ ਕੀਤਾ ਜਾਵੇ। ਸਿਰਫ ਡਿਗਰੀ ਹੋਲਡਰਾਂ ਨੂੰ ਹੀ ਵੀਜ਼ਾ ਦਿੱਤਾ ਜਾਵੇ। ਡਿਗਰੀ ਲੈਣ ਵਾਲੇ ਸਮਝਦਾਰ ਹੁੰਦੇ ਹਨ ਅਤੇ ਉਹ ਇਨ੍ਹਾਂ ਲੜਾਈ ਝਗੜਿਆਂ ਤੋਂ ਦੂਰ ਰਹਿਣਗੇ। ਜ਼ਿਕਰਯੋਗ ਹੈ ਕਿ ਲੜਾਈ ਦੇ ਮੁੱਖ ਮੁਲਜ਼ਮ ਰਣਕੀਰਤ ਕੈਨੇਡਾ ਤੋਂ ਭੱਜ ਕੇ ਪੰਜਾਬ ਆ ਗਿਆ ਹੈ ਅਤੇ ਹੁਣ ਕੈਨੇਡਾ ਸਰਕਾਰ ਉਸ ਦੀ ਗ੍ਰਿਫ਼ਤਾਰੀ ਲਈ ਪੰਜਾਬ ਪੁਲਿਸ ਨਾਲ ਸੰਪਰਕ ਕਰ ਰਹੀ ਹੈ।

ਬਰੈਂਪਟਨ ਸ਼ਹਿਰ ਦਾ ਕਾਲਜ ਹੁਣ ਪੰਜਾਬੀ ਵਿਦਿਆਰਥੀਆਂ ਦੀ ਗੁੰਡਾਗਰਦੀ ਲਈ ਕੈਨੇਡਾ ਵਿਚ ਮਸ਼ਹੂਰ ਹੋ ਗਿਆ ਹੈ। ਹੁਣ ਤੱਕ ਜਿੰਨੀਆਂ ਵੀ ਲੜਾਈਆਂ ਹੋਈਆਂ, ਇਸੇ ਕਾਲਜ 'ਚ ਹੋਈਆਂ। 20 ਜੂਨ ਦੀ ਘਟਨਾ ਵੀ ਇਸੇ ਕਾਲਜ 'ਚ ਹੋਈ। ਜਾਣਕਾਰੀ ਅਨੁਸਾਰ ਬਰੈਂਪਟਨ ਵਿਚ ਪ੍ਰਾਪਰਟੀ ਡੀਲਰ ਜਸਕਰਨ ਬਰਾੜ ਅਤੇ ਰਣਕੀਰਤ ਵਿਚ ਪਹਿਲਾਂ ਫੋਨ 'ਤੇ ਬਹਿਸ ਹੋਈ। ਇਸ ਤੋਂ ਬਾਅਦ ਰਣਕੀਰਤ ਨੇ ਜਸਕਰਨ ਨੂੰ ਕਾਲਜ 'ਚ ਬੁਲਾਇਆ। ਜਦੋਂ ਜਸਕਰਨ ਆਪਣੇ ਦੋ ਸਾਥੀਆਂ ਨਾਲ ਕਾਲਜ ਪਹੁੰਚਿਆ ਤਾਂ ਉਥੇ ਰਣਕੀਰਤ 25 ਦੇ ਕਰੀਬ ਮੁੰਡਿਆਂ ਨਾਲ ਖੜ੍ਹਾ ਸੀ। ਇਹ ਵੇਖ ਕੇ ਜਸਕਰਨ ਵਾਪਸ ਕਾਰ ਵਿਚ ਚਲਾ ਗਿਆ ਅਤੇ ਰਣਕੀਰਤ ਨੇ ਉਨ੍ਹਾਂ ਦਾ ਪਿੱਛਾ ਕਰ ਕੇ ਤਿੰਨਾਂ ਪ੍ਰਾਪਰਟੀ ਡੀਲਰਾਂ ਦੀ ਮਾਰਕੁਟ ਕੀਤੀ। ਜਸਕਰਨ ਅਤੇ ਉਸ ਦੇ ਦੋ ਸਾਥੀ ਹਸਪਤਾਲ ਵਿਚ ਗੰਭੀਰ ਹਾਲਤ 'ਚ ਹਨ। ਇਕ ਲੜਕੀ ਨੇ ਘਟਨਾ ਦੀ ਵੀਡੀਓ ਕਲਿਪ ਬਣਾਈ ਜੋ ਵਾਇਰਲ ਹੋ ਗਈ।

### ਹਵਾਈ ਅੱਡੇ 'ਤੇ ਸ਼ੁਰੂ ਹੋ ਸਕਦਾ ਹੈ ਅੰਗਰੇਜ਼ੀ ਦਾ ਟੈਸਟ

ਉਪਰੋਕਤ ਘਟਨਾ ਤੋਂ ਬਾਅਦ ਭਾਰਤ ਵਿਚ ਆਈਲੈਟਸ ਦੇ ਬੈਂਡ ਖ਼ਰੀਦੇ ਜਾਣ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਕੈਨੇਡਾ ਸਰਕਾਰ ਸਖਤ ਰੁਖ ਅਖ਼ਤਿਆਰ ਕਰਨ ਜਾ ਰਹੀ ਹੈ। ਕੈਨੇਡਾ ਵਿਚ ਏਅਰਪੋਰਟ 'ਤੇ ਹੀ ਵਿਦੇਸ਼ੀ ਵਿਦਿਆਰਥੀਆਂ ਦਾ ਇੰਗਲਿਸ਼ ਦਾ ਟੈਸਟ ਲੈਣ ਦਾ ਪ੍ਰਬੰਧ ਕੀਤਾ ਜਾਵੇਗਾ। ਟੈਸਟ ਪਾਸ ਕਰਨ ਤੋਂ ਬਾਅਦ ਹੀ ਕੈਨੇਡਾ ਵਿਚ ਐਂਟਰੀ ਮਿਲੇਗੀ।

## ਨਿਊਜ਼ੀਲੈਂਡ ਤੋਂ ਕੱਢੇ ਭਾਰਤੀ ਵਿਦਿਆਰਥੀਆਂ ਨੂੰ ਬੱਝੀ ਆਸ

**ਆਕਲੈਂਡ:** ਸਾਲ 2017 ਤੇ 2018 ਵਿਚ ਨਿਊਜ਼ੀਲੈਂਡ ਤੋਂ ਡਿਪੋਰਟ ਕੀਤੇ ਗਏ ਭਾਰਤੀ ਵਿਦਿਆਰਥੀਆਂ ਨੂੰ ਰਾਹਤ ਮਿਲਣ ਦੀ ਸੰਭਾਵਨਾ ਬਣ ਗਈ ਹੈ। ਇਮੀਗ੍ਰੇਸ਼ਨ ਦੇ ਵਤੀਰੇ ਬਾਰੇ ਲੋਕਪਾਲ ਕੋਲ ਪਟੀਸ਼ਨ ਦਰਜ ਕੀਤੀ ਗਈ ਸੀ



ਜਿਸ 'ਚ ਦੋਸ਼ ਲਾਇਆ ਗਿਆ ਸੀ ਕਿ ਇਮੀਗ੍ਰੇਸ਼ਨ ਵੱਲੋਂ ਭਾਰਤੀ ਵਿਦਿਆਰਥੀਆਂ ਨਾਲ ਧੱਕਾ ਕੀਤਾ ਗਿਆ ਹੈ। ਲੋਕਪਾਲ ਵੱਲੋਂ ਜਾਰੀ ਕੀਤੀ ਗਈ ਰਿਪੋਰਟ 'ਚ ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀਆਂ ਨੀਤੀਆਂ ਅਤੇ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਲੈ ਕੇ ਕਾਫੀ ਆਲੋਚਨਾ ਕੀਤੀ ਗਈ ਹੈ। ਰਿਪੋਰਟ ਮੁਤਾਬਕ ਸਰਕਾਰ ਵੱਲੋਂ ਇਨ੍ਹਾਂ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲੇ ਏਜੰਟਾਂ ਵਿਰੁੱਧ ਨਾ ਕੋਈ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਕੋਈ ਇਸ ਸਬੰਧੀ ਨੀਤੀ ਬਣਾਈ ਗਈ ਹੈ।

ਵਿਭਾਗ ਨੇ ਲੋਕਪਾਲ ਨੂੰ ਦੱਸਿਆ ਹੈ ਕਿ ਉਹ 213 ਵਿਦਿਆਰਥੀ ਅਰਜ਼ੀਆਂ ਦੀ ਮੁੜ ਤੋਂ ਛਾਣ-ਬੀਣ ਕਰੇਗਾ। ਇਨ੍ਹਾਂ 213 ਅਰਜ਼ੀਆਂ ਵਿਚ 7 ਹੋਰ ਅਜਿਹੀਆਂ ਅਰਜ਼ੀਆਂ ਵੀ ਸ਼ਾਮਲ ਹਨ ਜਿਨ੍ਹਾਂ ਉਤੇ ਇਮੀਗ੍ਰੇਸ਼ਨ ਦੇ ਐਸੋਸੀਏਟ ਮਨਿਸਟਰ ਕ੍ਰਿਸ ਫਫੋਈ ਵੱਲੋਂ ਨਿੱਜੀ ਤੌਰ 'ਤੇ ਜਾਂਚ ਕਰਨ ਦੀ ਗੱਲ ਆਖੀ ਗਈ ਹੈ। ਇਮੀਗ੍ਰੇਸ਼ਨ ਵਕੀਲ ਐਲਿਸਟਰ ਮੈਕਲੀਮੌਂਟ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਨਾਲ ਧੋਖਾਧੜੀ ਏਜੰਟਾਂ ਵੱਲੋਂ ਕੀਤੀ ਗਈ ਸੀ, ਇਸ ਲਈ ਵਿਦਿਆਰਥੀਆਂ ਦਾ ਵੀਜ਼ਾ ਰੱਦ ਨਹੀਂ ਹੋਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਵੱਲੋਂ ਵਿਦਿਆਰਥੀਆਂ ਨੂੰ ਤਾਂ ਹੀ ਦੋਸ਼ੀ ਮੰਨਿਆ ਜਾ ਸਕਦਾ ਸੀ ਜੇਕਰ ਉਨ੍ਹਾਂ ਵੱਲੋਂ ਕਾਗਜ਼ਾਂ ਨਾਲ ਛੇੜਛਾੜ ਕੀਤੀ ਗਈ ਹੁੰਦੀ।

### ਮਾਈਕਲ ਜੈਕਸਨ ਦੇ ਪਿਤਾ ਜੋਅ ਜੈਕਸਨ ਦਾ ਦੇਹਾਂਤ

**ਵਾਸ਼ਿੰਗਟਨ:** ਅਮਰੀਕੀ ਦੇ ਨਾਮੀ ਜੈਕਸਨ ਸੰਗੀਤਕ ਘਰਾਣੇ ਦੀ ਨੀਂਹ ਰੱਖਣ ਵਾਲੇ ਜੋਅ ਜੈਕਸਨ ਦਾ ਦੇਹਾਂਤ ਹੋ ਗਿਆ। ਉਨ੍ਹਾਂ ਆਪਣੇ ਸਿਰੜ ਰਾਹੀਂ ਆਪਣੇ ਪੁੱਤਰ ਮਾਈਕਲ ਜੈਕਸਨ ਨੂੰ ਪੌਪ ਸੰਗੀਤ ਵਿਚ ਮਕਬੂਲੀਅਤ ਅਤੇ



ਕਾਮਯਾਬੀ ਦੀਆਂ ਬੁਲੰਦੀਆਂ ਤੋਂ ਵੀ ਪਾਰ ਪਹੁੰਚਾਇਆ। ਉਨ੍ਹਾਂ ਨੂੰ ਆਪਣੇ ਪੰਜ ਜੈਕਸਨ ਭਰਾਵਾਂ ਨੂੰ ਵੀ ਸੰਗੀਤ ਦੇ ਸਿਖਰਾਂ 'ਤੇ ਪਹੁੰਚਾਉਣ ਦਾ ਮਾਣ ਹਾਸਲ ਹੈ, ਹਾਲਾਂਕਿ ਇਸ ਲਈ ਉਨ੍ਹਾਂ ਉਤੇ ਆਪਣੇ ਪਰਿਵਾਰਕ ਜੀਆਂ ਉਤੇ ਜਬਾਨੀ ਤੇ ਜਿਸਮਾਨੀ ਤਸ਼ੱਦਦ ਕਰਨ ਦੇ ਦੋਸ਼ ਵੀ ਲੱਗਦੇ ਹਨ। ਉਹ 89 ਸਾਲਾਂ ਦੇ ਸਨ। ਮੀਡੀਆ ਰਿਪੋਰਟਾਂ ਮੁਤਾਬਕ ਉਹ ਕੈਂਸਰ ਤੋਂ ਪੀੜਤ ਸਨ।

## ਆਸਟਰੇਲੀਆ ਵੱਲੋਂ ਆਵਾਸ ਪ੍ਰਣਾਲੀ ਦੇ ਨੇਮਾਂ 'ਚ ਸਖਤੀ ਦੀ ਤਿਆਰੀ

**ਬ੍ਰਿਸਬੇਨ:** ਆਸਟਰੇਲਿਆਈ ਸਰਕਾਰ ਆਵਾਸ ਪ੍ਰਣਾਲੀ ਦੇ ਨੇਮਾਂ ਵਿਚ ਸਖਤੀ ਕਰਨ ਦੀ ਤਿਆਰੀ ਕਰ ਰਹੀ ਹੈ। ਸਰਕਾਰ ਵੱਲੋਂ ਨਾਗਰਿਕਤਾ ਵਿਧਾਨ ਬਿੱਲ 2017 (ਆਸਟਰੇਲਿਆਈ ਨਾਗਰਿਕਤਾ ਲਈ ਲੋੜੀਂਦੀਆਂ ਸ਼ਰਤਾਂ ਦੀ ਸਖਤੀ ਅਤੇ ਹੋਰ ਹੀਲੇ) ਨੂੰ ਇਕ ਵਾਰ ਫਿਰ ਨਵੇਂ ਸਿਰੇ ਤੋਂ ਲਾਗੂ ਕਰਨ ਦੀ ਤਿਆਰੀ ਵਿੱਢੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਬਿੱਲ ਅਕਤੂਬਰ 2017 ਵਿਚ ਵਾਪਸ ਲੈ ਲਿਆ ਗਿਆ ਸੀ।

ਇਸ ਤੋਂ ਪਹਿਲਾਂ ਫਰਵਰੀ 2018 ਤੋਂ ਹੀ ਪਾਲਿਨ ਹੈਨਸਨ (ਵਨ ਨੇਸ਼ਨ) ਨੇ ਸੋਧ ਕੀਤੇ ਆਸਟਰੇਲਿਆਈ ਨਾਗਰਿਕਤਾ ਬਿੱਲ ਦੀ ਪ੍ਰੋੜ੍ਹਤਾ ਲਈ ਆਵਾਜ਼ ਬੁਲੰਦ ਕੀਤੀ ਹੋਈ ਹੈ ਤਾਂ ਕਿ ਕਾਨੂੰਨ ਵਿਚ ਲੋੜੀਂਦੀਆਂ ਸਖਤੀਆਂ ਲਿਆਂਦੀਆਂ ਜਾ ਸਕਣ, ਹਾਲਾਂਕਿ ਇਸ ਦਾ ਵੱਖ-ਵੱਖ ਭਾਈਚਾਰਿਆਂ ਵੱਲੋਂ ਵਿਰੋਧ ਵੀ ਜਾਰੀ ਹੈ। ਹੈਨਸਨ ਮੁਤਾਬਕ ਪੱਕੀ ਰਿਹਾਇਸ਼ ਨਾਗਰਿਕਤਾ ਲਈ ਬਿਨੈ ਕਰਨ ਲਈ ਸਮਾਂ ਸੀਮਾਂ ਚਾਰ ਸਾਲਾਂ ਦੀ ਥਾਂ ਤੇ ਅੱਠ ਸਾਲ ਦੀ ਹੋਣੀ ਚਾਹੀਦੀ ਹੈ। ਬਿੱਲ ਦੀਆਂ ਮੁੱਖ ਮੱਦਾਂ ਵਿਚ ਨਾਗਰਿਕਤਾ ਲਈ ਮੌਜੂਦਾ ਯੋਗਤਾ ਨੂੰ ਹਟਾਉਣਾ ਅਤੇ ਮੰਤਰੀਆਂ ਨੂੰ ਇਸ ਗੱਲ ਦੀ ਆਗਿਆ ਦੇਣਾ ਕਿ ਉਹ ਲੁਕਵੇਂ ਵਿਧਾਨਕ ਸਾਧਨਾਂ ਰਾਹੀਂ ਮਾਪਦੰਡ ਲਿਆ ਅਤੇ ਬਦਲ ਸਕਣ ਸ਼ਾਮਲ ਹਨ।

ਇਸ ਤੋਂ ਇਲਾਵਾ ਮੰਤਰੀਆਂ ਨੂੰ ਪ੍ਰਸ਼ਾਸਕੀ ਅਪੀਲ ਟ੍ਰਿਬਿਊਨਲ ਦੇ ਫ਼ੈਸਲਿਆਂ ਨੂੰ ਉਲਟਾਉਣ ਦਾ ਅਧਿਕਾਰ ਦੇਣਾ, ਮੰਤਰੀਆਂ ਦੀਆਂ ਸ਼ਕਤੀਆਂ ਵਿਚ ਨਾਗਰਿਕਤਾ ਮਨਜ਼ੂਰੀ ਅਤੇ ਨਾਗਰਿਕਤਾ ਰੱਦ ਕਰਨ ਦਾ ਵਾਧਾ ਕਰਨਾ, ਅੰਗਰੇਜ਼ੀ ਭਾਸ਼ਾ ਯੋਗਤਾ ਦੀ ਸ਼ਰਤ ਨੂੰ ਮੂਲ ਤੋਂ ਸਮਰੱਥ (5 ਬੈਂਡ) ਹੋਣ ਤੱਕ ਵਧਾਉਣਾ, ਵਸਨੀਕ ਵੱਲੋਂ ਇਹ ਦਿਖਾਉਣਾ ਕਿ ਉਸ ਨੇ ਆਸਟਰੇਲੀਆ ਸਮਾਜ ਨੂੰ ਕਿਵੇਂ ਏਕੀਕ੍ਰਿਤ (ਵਫ਼ਾਦਾਰੀ ਸਾਬਤ ਕਰਨੀ) ਕੀਤਾ ਹੈ, ਵਫ਼ਾਦਾਰੀ ਦੀ ਸਹੁੰ ਸ਼ਾਮਲ ਕਰਨੀ ਅਤੇ ਇਸ ਵਿਚ ਬਿਨੈਕਰਤਾ ਦੇ ਆਸ਼ਰਿਤਾਂ (ਬੱਚਿਆਂ) ਨੂੰ ਵੀ ਸ਼ਾਮਲ ਕਰਨਾ, ਪੱਕੀ ਰਿਹਾਇਸ਼ ਨਾਗਰਿਕਤਾ ਲਈ ਬਿਨੈ ਕਰਨ ਲਈ ਸਮਾਂ ਸੀਮਾਂ ਚਾਰ ਸਾਲਾਂ ਦੀ ਥਾਂ ਤੇ ਅੱਠ ਸਾਲ ਹੋਣਾ ਨਾਗਰਿਕਤਾ ਟੈਸਟ ਦੀ ਯੋਗਤਾ ਵਿਚ ਤਬਦੀਲੀ ਕਰਨੀ, ਚੰਗੇ ਕਿਰਦਾਰ ਦੀ ਸ਼ਰਤ ਨਾਬਾਲਗਾਂ ਤੱਕ ਵੀ ਵਧਾਉਣਾ, ਨਾਗਰਿਕਤਾ ਤੋਂ ਨਾਂਹ ਕਰਨ ਲਈ ਲਾਗੂ ਹਾਲਤਾਂ ਵਿਚ ਵਾਧਾ ਕਰਨਾ, ਲੋਕ ਹਿੱਤ ਅਖ਼ਤਿਆਰ ਵਧਾਉਣਾ ਜੋ ਕਿ ਮੰਤਰੀਆਂ ਵੱਲੋਂ ਨਾਗਰਿਕਤਾ ਲਈ ਨਾਂਹ ਕਰਨ ਲਈ ਵਰਤੇ ਜਾ ਸਕਣ, ਆਸਟਰੇਲਿਆਈ ਅਪੀਲ ਟ੍ਰਿਬਿਊਨਲ ਵੱਲੋਂ ਰੀਵਿਊ ਕਰਨ ਸਮੇਂ ਮੰਤਰੀਆਂ ਵੱਲੋਂ ਲੋਕ ਹਿੱਤ ਦੇ ਨਾਂ ਉਤੇ ਲਏ ਗਏ ਨਿੱਜੀ ਫ਼ੈਸਲਿਆਂ ਨੂੰ ਸ਼ਾਮਲ ਨਾ ਕਰਨਾ ਬਿੱਲ ਦੀਆਂ ਮੱਦਾਂ ਵਿਚ ਸ਼ਾਮਲ ਹਨ। ਆਵਾਸ ਅਰਜ਼ੀਆਂ ਪਾਉਣ ਦੀ ਉਡੀਕ ਵਿਚ ਬੈਠੇ ਕਈਆਂ ਲਈ ਇਹ ਨਵੇਂ ਨੇਮ ਅੜਿੱਕਾ ਖੜ੍ਹਾ ਕਰ ਸਕਦੇ ਹਨ, ਉਨ੍ਹਾਂ ਦੀ ਇੰਤਜ਼ਾਰ ਹੋਰ ਲੰਮੇਰਾ ਹੋ ਸਕਦਾ ਹੈ।

## ਪ੍ਰਾਇਮਰੀ ਚੋਣਾਂ 'ਚ ਭਾਰਤੀ-ਅਮਰੀਕੀਆਂ ਦਾ ਨਾ ਲੱਗਾ ਦਾਅ

**ਵਾਸ਼ਿੰਗਟਨ:** ਲੋਕ ਪ੍ਰਤੀਨਿਧ ਸਦਨ (ਕਾਂਗਰਸ) ਵਿਚ ਦਾਖਲ ਹੋਣ ਦੇ ਚਾਹਵਾਨ ਦੋ ਔਰਤਾਂ ਸਮੇਤ ਅੱਧੀ ਦਰਜਨ ਭਾਰਤੀ-ਅਮਰੀਕੀਆਂ ਨੂੰ ਨਿਊ ਯਾਰਕ, ਮੈਰੀਲੈਂਡ, ਕਾਲੋਰਾਡੋ ਤੇ ਯੂਟਾਹ ਸਟੇਟ ਦੀਆਂ ਆਪੋ ਆਪਣੀਆਂ ਪ੍ਰਾਇਮਰੀ ਚੋਣਾਂ ਵਿਚ ਸ਼ਿਕਸਤ ਦਾ ਮੂੰਹ ਵੇਖਣਾ ਪਿਆ ਹੈ।

ਸਭ ਤੋਂ ਵੱਡਾ ਝਟਕਾ ਮੈਰੀਲੈਂਡ ਦੇ ਛੇਵੇਂ ਕਾਂਗਰਸ ਜ਼ਿਲ੍ਹੇ ਵਿਚ ਅਰੁਣਾ ਮਿੱਲਰ ਤੇ ਨਿਊ ਯਾਰਕ ਦੇ 12ਵੇਂ ਕਾਂਗਰਸ ਜ਼ਿਲ੍ਹੇ ਵਿਚ ਸੂਰਜ ਪਟੇਲ ਦੀ ਹਾਰ ਦੇ ਰੂਪ ਵਿਚ ਲੱਗਿਆ। ਇਹ ਦੋਵੇਂ ਆਪੋ ਆਪਣੀਆਂ ਪ੍ਰਾਇਮਰੀ ਚੋਣ ਵਿਚ ਦਸ ਲੱਖ ਡਾਲਰ ਤੋਂ ਵੱਧ ਚੰਦਾ ਇਕੱਠਾ ਕਰ ਕੇ ਕੌਮੀ ਪੱਧਰ ਉਤੇ ਚਰਚਾ ਵਿਚ ਆ ਗਏ ਸਨ। ਹੈਦਰਾਬਾਦ ਦੀ ਜੰਮਪਲ 53 ਸਾਲਾ ਮਿੱਲਰ, ਜੋ ਸੂਬਾਈ ਡੈਲੀਗੇਟ ਹੈ, ਡੈਮੋਕਰੈਟਿਕ ਪਾਰਟੀ ਦੀ ਪ੍ਰਾਇਮਰੀ ਚੋਣ ਵਿਚ ਡੇਵਿਡ ਟਰੋਨ ਤੋਂ ਹਾਰ ਗਈ।

ਆਪਣੀ ਹਾਰ ਸਵੀਕਾਰਦਿਆਂ ਬੀਬੀ ਮਿੱਲਰ ਨੇ ਕਿਹਾ ਕਿ ਉਸ ਦੀ ਮੁਹਿੰਮ ਨੇ ਮੈਰੀਲੈਂਡ ਤੇ ਦੇਸ਼ ਭਰ ਵਿਚ ਹਜ਼ਾਰਾਂ ਲੋਕਾਂ ਨੂੰ ਖੜ੍ਹੇ ਹੋਣ ਤੇ ਸਿਆਸੀ ਪ੍ਰਕ੍ਰਿਆ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ, ਅਸੀਂ ਆਉਣ ਵਾਲੇ ਸਾਲਾਂ ਵਿਚ ਚੋਣਕਾਰਾਂ ਦੀ ਸ਼ਕਲ-ਸੂਰਤ ਘੜਨ ਵਿਚ ਮਦਦ ਕੀਤੀ ਹੈ। ਪ੍ਰਾਇਮਰੀ ਚੋਣ ਵਿਚ ਸਫਲ ਰਹਿਣ ਵਾਲੇ ਕਾਰੋਬਾਰੀ ਟਰੋਨ ਨੇ ਆਪਣੀ ਜੇਬ੍ਹ 'ਚੋਂ ਇਕ ਕਰੋੜ ਡਾਲਰ ਤੋਂ ਵੱਧ ਯੋਗਦਾਨ ਦਿੱਤਾ ਸੀ। ਬੀਬੀ ਮਿੱਲਰ ਕਰੀਬ ਦਸ ਫੀਸਦ ਵੋਟਾਂ ਦੇ ਫਰਕ ਨਾਲ ਚੋਣ ਹਾਰ ਗਈ। ਬੀਬੀ ਮਿੱਲਰ ਨੇ ਕਿਹਾ, 'ਅਸੀਂ ਆਪਣੀ ਆਸ ਤੋਂ ਵੀ ਵਧ ਕੇ ਚੋਣ ਲੜੀ ਪਰ ਹਾਲੇ ਸਾਡਾ ਕਾਰਜ ਖਤਮ ਨਹੀਂ ਹੋਇਆ। ਮੈਂ ਨਵੰਬਰ ਮਹੀਨੇ ਡੈਮੋਕਰੈਟਿਕ ਪਾਰਟੀ ਨਾਲ ਮਿਲ ਕੇ ਡੋਨਲਡ ਟਰੰਪ ਖਿਲਾਫ ਮੋੜਵੀਂ ਲੜਾਈ ਲਈ ਤਿਆਰ ਹਾਂ।'

ਮੈਰੀਲੈਂਡ ਦੇ ਅੱਠਵੇਂ ਕਾਂਗਰਸ ਜ਼ਿਲ੍ਹੇ ਵਿਚ ਭਾਰਤੀ-ਅਮਰੀਕੀ ਉਤਮ ਪਾਲ ਨੂੰ ਮਹਿਜ 3.7 ਫੀਸਦੀ ਵੋਟਾਂ ਹਾਸਲ ਹੋਈਆਂ ਜਦਕਿ ਮੌਜੂਦਾ ਕਾਂਗਰਸਮੈਨ ਜੇਮੀ ਰਸਕਿਨ ਨੂੰ ਕੁੱਲ ਭੁਗਤੀਆਂ ਵੋਟਾਂ 'ਚੋਂ 90 ਫੀਸਦ ਤੋਂ ਵੱਧ ਮਿਲੀਆਂ। ਸ੍ਰੀਲੰਕਾ ਮੂਲ ਦੇ ਕ੍ਰਿਸ਼ ਵਿਗਨਾਰਾਜਾ ਮੈਰੀਲੈਂਡ ਗਵਰਨਰ ਦੇ ਅਹੁਦੇ ਦੀ ਚੋਣ ਵਿਚ ਚੌਥੇ ਨੰਬਰ ਉਤੇ ਆਏ। ਨਿਊ ਯਾਰਕ ਦੇ 12ਵੇਂ ਕਾਂਗਰਸ ਜ਼ਿਲ੍ਹੇ ਵਿਚ ਨੌਜਵਾਨ ਭਾਰਤੀ-ਅਮਰੀਕੀ ਸੂਰਜ ਪਟੇਲ ਚੰਗੀ ਟੱਕਰ ਦੇਣ ਦੇ ਬਾਵਜੂਦ ਮੌਜੂਦਾ ਕੈਰੋਲਿਨ ਮੈਲੋਨੀ 72 ਤੋਂ ਹਾਰ ਗਏ। ਬੀਬੀ ਮੈਲੋਨੀ 14ਵੀਂ ਵਾਰ ਕਾਂਗਰਸ ਦੀ ਮੈਂਬਰੀ ਹਾਸਲ ਕਰਨ ਦੀ ਚਾਹਵਾਨ ਹੈ ਤੇ ਉਸ ਨੂੰ 58.5 ਫੀਸਦ ਵੋਟਾਂ ਮਿਲੀਆਂ ਜਦਕਿ ਪਟੇਲ ਨੂੰ 41.5 ਫੀਸਦ ਵੋਟਾਂ ਮਿਲੀਆਂ।

ਨਿਊ ਯਾਰਕ ਦੇ 11ਵੇਂ ਕਾਂਗਰਸ ਜ਼ਿਲ੍ਹੇ ਵਿਚ ਦੋ ਭਾਰਤੀ-ਅਮਰੀਕੀ ਉਮਰ ਵੈਦ ਤੇ ਰਾਧਾ ਕ੍ਰਿਸ਼ਨਾ ਮੋਹਨ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ ਉਤੇ ਆਏ। ਇਥੇ ਡੈਮੋਕਰੈਟਿਕ ਪ੍ਰਾਇਮਰੀ ਚੋਣ ਮੈਕਸ ਰੋਜ਼ ਨੇ ਜਿੱਤੀ ਜੋ ਨਵੰਬਰ ਵਿਚ ਹੋਣ ਵਾਲੀਆਂ ਕਾਂਗਰਸ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੇ ਡੈਨ ਡੋਨੋਵਨ ਨੂੰ ਚੁਣੌਤੀ ਦੇਣਗੇ। ਕਾਲੋਰਾਡੋ ਵਿਚ ਪਹਿਲੇ ਕਾਂਗਰਸ ਜ਼ਿਲ੍ਹੇ ਵਿਚ ਭਾਰਤੀ-ਅਮਰੀਕੀ ਸਾਇਰਾ ਰਾਓ ਕਾਂਗਰਸ ਮੈਂਬਰ ਡਿਆਨਾ ਡੀਗੈਟੀ ਤੋਂ ਬੁਰੀ ਤਰ੍ਹਾਂ ਹਾਰ ਗਈ।

ਰਾਓ ਨੂੰ 27.9 ਫੀਸਦ ਜਦਕਿ ਡੀਗੈਟੀ ਨੂੰ 72.1 ਫੀਸਦ ਵੋਟਾਂ ਮਿਲੀਆਂ। ਮੌਜੂਦਾ ਸਮੇਂ ਕਾਂਗਰਸ ਵਿਚ ਪੰਜ ਭਾਰਤੀ-ਅਮਰੀਕੀ ਹਨ ਜਿਨ੍ਹਾਂ 'ਚੋਂ ਚਾਰ ਐਮੀ ਬੇਰਾ ਤੇ ਰੋ ਖੰਨਾ ਕੈਲੀਫੋਰਨੀਆ ਤੋਂ, ਇਲੀਨਾਏ ਤੋਂ ਰਾਜਾ ਕ੍ਰਿਸ਼ਨਾਮੂਰਤੀ ਤੇ ਵਾਸ਼ਿੰਗਟਨ ਸਟੇਟ ਤੋਂ ਪ੍ਰਮਿਲਾ ਜਯਾਪਾਲ ਕਾਂਗਰਸ ਦੇ ਮੈਂਬਰ ਹਨ ਜੋ ਨਵੰਬਰ ਵਿਚ ਹੋਣ ਵਾਲੀਆਂ ਕਾਂਗਰਸ ਚੋਣਾਂ 'ਚ ਮੁੜ ਜ਼ੋਰ ਅਜ਼ਮਾਈ ਕਰਨਗੇ ਜਦਕਿ ਕਮਲਾ ਹੈਰਿਸ ਸੈਨੇਟ ਦੀ ਮੈਂਬਰ ਹੈ ਜਿਸ ਦੇ ਅਹੁਦੇ ਦੀ ਮਿਆਦ ਛੇ ਸਾਲ ਹੈ।

### ਹਾਈ ਕੋਰਟ ਦੇ ਨਵੇਂ ਚੀਫ ਜਸਟਿਸ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਵ-ਨਿਯੁਕਤ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਉਨ੍ਹਾਂ ਦੀ ਪਤਨੀ ਰੂਪਮ ਸ੍ਰੀਵਾਸਤਵ ਹਰਿਮੰਦਰ ਸਾਹਿਬ ਨਤਮਸਤਕ ਹੋਏ। ਉਨ੍ਹਾਂ ਪਾਲਕੀ ਸਾਹਿਬ ਦੀ ਸੇਵਾ ਵੀ ਕੀਤੀ ਤੇ ਸੰਗਤ ਨਾਲ ਬੈਠ ਕੇ ਹੁਕਮਨਾਮਾ ਸਰਵਣ ਕੀਤਾ।

ਉਨ੍ਹਾਂ ਇਥੇ ਯਾਤਰੂ ਕਿਤਾਬ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਆਖਿਆ ਕਿ ਹਰਿਮੰਦਰ ਸਾਹਿਬ ਵਿਚ ਪਾਲਕੀ ਦੀ ਸੇਵਾ ਕਰਕੇ ਉਨ੍ਹਾਂ ਦਾ ਮਨ ਤੇ ਆਤਮਾ ਪਵਿੱਤਰ ਹੋਈ ਹੈ। ਅਜਿਹਾ ਅਸਥਾਨ ਉਨ੍ਹਾਂ ਨੇ ਪਹਿਲਾ ਨਹੀਂ ਦੇਖਿਆ, ਜਿਥੇ ਲੱਖਾਂ ਸ਼ਰਧਾਲੂਆਂ ਦੀ ਆਮਦ ਦੇ ਬਾਵਜੂਦ ਇੰਨੀ ਸਫਾਈ ਹੋਵੇ।

## ਯੂ. ਕੇ. ਸਰਕਾਰ ਵੱਲੋਂ ਭਾਰਤੀ ਮਾਹਿਰਾਂ ਦੇ ਦਰਵਾਜੇ ਡੱਕਣ ਦੇ ਫੈਸਲੇ ਦੀ ਪੈਰਵੀ

**ਲੰਡਨ:** ਭਾਰਤੀਆਂ ਸਮੇਤ ਸੈਂਕੜੇ ਉਚ ਹੁਨਰਮੰਦ ਮਾਹਿਰਾਂ ਦੇ ਪਰਵਾਸ ਦੇ ਹੱਕਾਂ ਉਪਰ ਰੋਕ ਲਾਏ ਜਾਣ ਦੇ ਵਿਵਾਦਤ ਫੈਸਲੇ ਦੀ ਯੂਕੇ ਸਰਕਾਰ ਨੇ ਪੈਰਵੀ ਕੀਤੀ ਹੈ। ਇਮੀਗਰੇਸ਼ਨ ਬਾਰੇ ਮੰਤਰੀ ਕੈਰੋਲਾਈਨ ਨੋਕਸ ਨੇ ਹਾਊਸ ਆਫ਼ ਕਾਮਨਜ਼ ਦੀ ਅਸਰਅੰਦਾਜ਼ ਗ੍ਰਹਿ ਮੰਤਰਾਲੇ ਦੀ ਸਿਲੈਕਟ ਕਮੇਟੀ ਨੂੰ ਲਿਖੇ ਪੱਤਰ 'ਚ ਕਿਹਾ ਹੈ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਵੀਜ਼ਾ ਅਰਜ਼ੀਆਂ ਤੋਂ ਇਸ ਕਰਕੇ ਇਨਕਾਰ ਦਾ ਫੈਸਲਾ ਲਿਆ ਗਿਆ ਹੈ ਕਿਉਂਕਿ ਯੂਕੇ ਦੇ ਇਮੀਗਰੇਸ਼ਨ ਨਿਯਮਾਂ ਤਹਿਤ ਕਮਾਈ ਦੇ ਸਾਧਨਾਂ 'ਚ ਕੋਤਾਹੀ ਦੇ ਮਾਮਲੇ ਸਹੀ ਪਾਏ ਗਏ ਹਨ।

ਪੱਤਰ 'ਚ ਕਿਹਾ ਗਿਆ ਹੈ ਕਿ ਗ੍ਰਹਿ ਵਿਭਾਗ ਨੇ 38 ਕੇਸਾਂ ਉਤੇ ਵਿਚਾਰ ਕਰਕੇ ਉਨ੍ਹਾਂ ਨੂੰ ਨਕਾਰ ਦਿੱਤਾ ਸੀ ਪਰ ਹੁਣ ਅਪੀਲ ਦਾ ਮੌਕਾ ਦਿੱਤਾ ਗਿਆ ਹੈ। ਨੋਕਸ ਨੇ ਕਿਹਾ ਕਿ ਕਮਾਈ ਦੇ ਮੁੱਦੇ ਸਬੰਧੀ ਅਪੀਲ 'ਤੇ ਇਸ ਕਰਕੇ ਵਿਚਾਰ ਹੋ ਰਿਹਾ ਹੈ ਜਦਕਿ ਜ਼ਿਆਦਾਤਰ ਨੂੰ ਮਨੁੱਖੀ ਹੱਕਾਂ ਦੇ ਆਧਾਰ ਉਤੇ ਪਲਟ ਦਿੱਤਾ ਗਿਆ ਹੈ। ਉਚ ਹੁਨਰ ਪ੍ਰਾਪਤ ਪਰਵਾਸੀ ਗਰੁੱਪ ਨੇ ਮੰਤਰੀ ਵੱਲੋਂ ਦਿੱਤੇ ਅੰਕੜਿਆਂ 'ਤੇ ਹੈਰਾਨੀ ਜਤਾਈ ਹੈ। ਉਨ੍ਹਾਂ ਕਿਹਾ ਕਿ ਅਗਲੇ ਕੁਝ ਹਫਤਿਆਂ 'ਚ 1671 ਕੇਸਾਂ ਦੀ ਨਜ਼ਰਸਾਨੀ ਕੀਤੇ ਜਾਣ ਨਾਲ ਇਹ ਗਿਣਤੀ ਵਧ ਜਾਵੇਗੀ। ਗਰੁੱਪ ਦੀ ਤਾਲਮੇਲ ਅਧਿਕਾਰੀ ਅਦਿੱਤੀ ਭਾਰਦਵਾਜ ਨੇ ਕਿਹਾ ਕਿ ਇਸ ਫੈਸਲੇ ਤੋਂ ਪਤਾ ਲਗਦਾ ਹੈ ਕਿ ਗ੍ਰਹਿ ਵਿਭਾਗ ਗਲਤੀਆਂ ਕਰ ਰਿਹਾ ਸੀ। ਯੂਕੇ ਗ੍ਰਹਿ ਵਿਭਾਗ ਨੇ ਕਿਹਾ ਹੈ ਕਿ ਉਨ੍ਹਾਂ 281 ਅਰਜ਼ੀਆਂ ਦੀ ਨਜ਼ਰਸਾਨੀ ਕੀਤੀ ਹੈ ਅਤੇ 249 ਕੇਸਾਂ 'ਚ ਅਰਜ਼ੀਕਾਰਾਂ ਨੇ ਆਪਣੇ ਟੈਕਸ ਰਿਕਾਰਡ ਵਿਚ 10 ਹਜ਼ਾਰ ਪੌਂਡ ਤਕ ਸੋਧ ਕੀਤੀ ਹੈ ਅਤੇ ਬਾਕੀ ਕੇਸਾਂ 'ਚ ਵੀ ਵੱਡੇ ਫਰਕ ਹਨ।

# ਅਮਰੀਕੀ ਅਖਬਾਰ ਦੇ 5 ਪੱਤਰਕਾਰ ਮਾਰੇ

**ਐਨਾਪੋਲਿਸ, ਮੈਰੀਲੈਂਡ:** ਇਥੋਂ ਦੇ ਇਕ ਅਖਬਾਰ 'ਦਿ ਕੈਪੀਟਲ ਗਜ਼ਟ' ਦੇ ਨਿਊਜ਼ ਰੂਮ ਵਿਚ ਦਾਖਲ ਹੋ ਕੇ ਇਕ ਗੋਰੇ ਮੂਲ ਦੇ ਇਕ ਵਿਅਕਤੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਸੀਨੀਅਰ ਉਪ ਸੰਪਾਦਕ (ਪੱਤਰਕਾਰ) ਮਾਰ ਦਿੱਤੇ। ਆਪਣੀ ਕਿਸਮ ਦੀ ਇਸ ਭਿਆਨਕ ਘਟਨਾ ਵਿਚ ਤਿੰਨ ਹੋਰ ਪੱਤਰਕਾਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ।

ਅਖਬਾਰ ਦੇ ਮਾਰੇ ਗਏ ਅਮਲੇ ਵਿਚ ਸਹਾਇਕ ਸੰਪਾਦਕ ਰੋਬ ਹਿਆਸਨ, ਸੰਪਾਦਕੀ ਪੰਨੇ ਦਾ ਇੰਚਾਰਜ ਗੇਰਾਲਡ ਫਿਸ਼ਮੈਨ, ਸੰਪਾਦਕ ਤੇ ਪੱਤਰਕਾਰ ਜੌਹਨ ਮੈਕਨਮਾਰਾ, ਸਪੈਸ਼ਲ ਪਬਲੀਕੇਸ਼ਨ ਸੰਪਾਦਕ ਵੈਂਡੀ ਵਿੰਟਰਜ਼ ਅਤੇ ਸੇਲਜ਼ ਸਹਾਇਕ ਰੇਬੇਕਾ ਸਮਿਥ ਸ਼ਾਮਲ ਹਨ।

ਹਮਲਾਵਰ ਦੀ ਪਛਾਣ ਜੈਰੋਡ ਵਾਰੇਨ ਰਾਮੋਸ (38) ਵਜੋਂ ਹੋਈ ਹੈ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ ਪਹਿਲੀ ਡਿਗਰੀ ਦੇ ਕਤਲ ਦੇ ਪੰਜ ਦੋਸ਼ ਲਾਏ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਅਦਾਲਤ ਦੇ ਰਿਕਾਰਡ ਤੋਂ ਪਤਾ ਲੱਗਾ ਹੈ ਕਿ ਰਾਮੋਸ ਨੇ ਅਖਬਾਰ ਵਿਰੁੱਧ 2012 ਵਿਚ ਮਾਨਹਾਨੀ ਦਾ ਕੇਸ ਦਾਇਰ ਕੀਤਾ ਸੀ। ਅਖਬਾਰ 'ਵਾਸ਼ਿੰਗਟਨ ਪੋਸਟ' ਅਨੁਸਾਰ ਰਾਮੋਸ 'ਦਿ ਕੈਪੀਟਲ ਗਜ਼ਟ' ਦੇ ਵਿਰੁੱਧ ਮਾਨਹਾਨੀ ਦਾ ਮੁਕੱਦਮਾ ਹਾਰ ਗਿਆ ਸੀ। ਅਖਬਾਰ ਨੇ ਰਾਮੋਸ ਵੱਲੋਂ ਸੋਸ਼ਲ ਮੀਡੀਆ ਉਤੇ ਇਕ ਔਰਤ ਨੂੰ ਪ੍ਰੇਸ਼ਾਨ ਕਰਨ ਵਿਰੁੱਧ ਖਬਰ ਪ੍ਰਕਾਸ਼ਿਤ ਕੀਤੀ ਸੀ।

ਰਾਸ਼ਟਰਪਤੀ ਡੋਨਲਡ ਟਰੰਪ ਅਤੇ ਹੋਰ ਰਾਜਸੀ ਆਗੂਆਂ ਨੇ ਇਸ ਘਟਨਾ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਮੋਦੀ ਦੇ ਨੇੜੇ ਨਹੀਂ ਢੁਕ ਸਕਣਗੇ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਨੂੰ ਲੈ ਕੇ ਇਸ ਕਦਰ ਸਖਤੀ ਵਰਤੀ ਜਾ ਰਹੀ ਹੈ ਕਿ ਆਮ ਲੋਕ ਤਾਂ ਕੀ, ਬਿਨਾਂ



ਆਗਿਆ ਤੋਂ ਮੰਤਰੀਆਂ ਨੂੰ ਵੀ ਉਨ੍ਹਾਂ ਦੇ ਨੇੜੇ ਫਟਕਣ ਨਹੀਂ ਦਿੱਤਾ ਜਾ ਰਿਹਾ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਾਜਾਂ ਲਈ ਜਾਰੀ ਕੀਤੀਆਂ ਗਈਆਂ ਨਵੀਆਂ ਸੇਧਾਂ ਵਿਚ ਕਿਹਾ ਗਿਆ ਹੈ ਕਿ ਸਪੈਸ਼ਲ ਪ੍ਰੋਟੈਕਸ਼ਨ ਗਰੁਪ ਐਸ.ਪੀ.ਜੀ. ਤੋਂ ਪ੍ਰਵਾਨਗੀ ਲਏ ਬਗੈਰ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਦੇ ਨੇੜੇ ਨਾ ਆਉਣ ਦਿੱਤਾ ਜਾਵੇ।

ਇਸ ਵਰਤਾਰੇ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਲਈ ਖਤਰਾ 'ਬਹੁਤ ਜ਼ਿਆਦਾ' ਵਧ ਗਿਆ ਹੈ ਤੇ 2019 ਦੀਆਂ ਚੋਣਾਂ ਦੇ ਪੇਸ਼ੇਨਜ਼ਰ ਉਹ 'ਸਭ ਤੋਂ ਬੇਸ਼ਕੀਮਤੀ ਨਿਸ਼ਾਨਾ' ਬਣ ਗਏ ਹਨ।

# ਪੀ.ਪੀ.ਪੀ. ਚੇਅਰਮੈਨ ਬਿਲਾਵਲ ਭੁੱਟੋ ਦੇ ਕਾਫਲੇ 'ਤੇ ਹਮਲਾ

**ਕਰਾਚੀ:** ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਰਵਾਇਤੀ ਗੜ੍ਹ ਲਿਆਰੀ 'ਚ ਪ੍ਰਦਰਸ਼ਨਕਾਰੀਆਂ ਨੇ ਪਾਰਟੀ ਚੇਅਰਮੈਨ ਬਿਲਾਵਲ ਭੁੱਟੋ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ। ਹਮਲੇ 'ਚ ਦੋ ਵਿਅਕਤੀ ਜ਼ਖਮੀ ਹੋ ਗਏ ਅਤੇ ਦੋ ਵਾਹਨ ਨੁਕਸਾਨੇ ਗਏ। ਬਗਦਾਦੀ ਇਲਾਕੇ 'ਚ ਭੁੱਟੋ ਵੱਲੋਂ ਕੱਲ ਚੋਣਾਂ ਲਈ ਕੀਤੇ ਜਾ ਰਹੇ ਪ੍ਰਚਾਰ ਦੌਰਾਨ ਇਹ ਘਟਨਾ ਵਾਪਰੀ।

ਪੁਲਿਸ ਨੇ ਦੱਸਿਆ ਕਿ ਕਰੀਬ 100 ਪ੍ਰਦਰਸ਼ਨਕਾਰੀਆਂ ਨੇ 'ਗੋ ਬਿਲਾਵਲ ਗੋ' ਦੇ ਨਾਅਰੇ ਲਾਏ ਅਤੇ ਕਾਫਲੇ 'ਤੇ ਪਥਰਾਅ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਹਿੰਸਾ 'ਚ ਇਕ ਟਰੱਕ ਤੇ ਕਾਰ ਨੁਕਸਾਨੇ ਗਏ ਪਰ ਪੀ.ਪੀ.ਪੀ. ਚੇਅਰਮੈਨ ਦਾ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਪੀ.ਪੀ.ਪੀ. ਲਿਆਰੀ ਤੋਂ ਚੋਣ ਜਿੱਤਦੀ ਰਹੀ ਹੈ ਅਤੇ 25 ਜੁਲਾਈ ਨੂੰ ਹੋਣ ਜਾ ਰਹੀਆਂ ਆਮ ਚੋਣਾਂ ਦੌਰਾਨ ਬਿਲਾਵਲ ਐਨ. ਏ-247 ਹਲਕੇ ਤੋਂ ਚੋਣ ਲੜ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਅਤੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦੇ ਪੁੱਤਰ ਬਿਲਾਵਲ ਪਹਿਲੀ ਵਾਰ ਆਮ ਚੋਣਾਂ ਲੜ ਰਹੇ ਹਨ।

ਪ੍ਰਤੱਖਦਰਸ਼ੀਆਂ ਨੇ ਦਾਅਵਾ ਕੀਤਾ ਕਿ ਇਲਾਕੇ 'ਚ ਜਿਵੇਂ ਹੀ ਪ੍ਰਦਰਸ਼ਨ ਸ਼ੁਰੂ ਹੋਏ ਤਾਂ ਬਿਲਾਵਲ ਮੌਕੇ ਤੋਂ ਚਲੇ ਗਏ। ਲਿਆਰੀ 'ਚ ਗੈਂਗ ਹਿੰਸਾ ਆਮ ਹੈ ਤੇ ਲੋਕਾਂ ਦਾ ਕਹਿਣਾ ਹੈ ਕਿ ਪਾਰਟੀ ਨੇ ਕਦੇ ਵੀ ਹਾਲਾਤ ਨੂੰ ਸੁਧਾਰਨ ਲਈ ਕੋਈ ਕੰਮ ਨਹੀਂ ਕੀਤਾ। ਪਾਰਟੀ ਆਗੂ ਸਈਦ ਗਨੀ ਨੇ ਦੋਸ਼ ਲਾਇਆ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਅਤੇ ਮੁਤਾਹਿਦਾ ਕੌਮੀ ਮੂਵਮੈਂਟ ਨੇ ਹਿੰਸਾ ਭੜਕਾਈ ਹੈ।

# ਪਰਿਵਾਰ ਦੇ 11 ਜੀਆਂ ਵੱਲੋਂ ਸਮੂਹਿਕ ਖੁਦਕੁਸ਼ੀ

**ਨਵੀਂ ਦਿੱਲੀ:** ਉਤਰੀ ਦਿੱਲੀ ਦੇ ਬੁਰਾੜੀ ਇਲਾਕੇ ਦੇ ਸੰਤ ਨਗਰ ਦੇ ਇਕ ਘਰ ਵਿਚੋਂ ਪਰਿਵਾਰਕ ਮੈਂਬਰਾਂ ਦੀਆਂ 11 ਲਾਸ਼ਾਂ ਭੇਤਭਰੀ ਹਾਲਤ ਵਿਚ ਮਿਲਣ ਮਗਰੋਂ ਇਲਾਕੇ ਵਿਚ ਸਨਸਨੀ ਫੈਲ ਗਈ ਹੈ। ਮੁਢਲੀ ਜਾਂਚ ਦੱਸਦੀ ਹੈ ਪਰਿਵਾਰ ਨੇ ਸਮੂਹਿਕ ਖੁਦਕੁਸ਼ੀ ਕੀਤੀ ਹੈ। 10 ਲਾਸ਼ਾਂ ਛੱਤ ਨਾਲ ਲਟਕਦੀਆਂ ਮਿਲੀਆਂ ਜਦੋਂ ਕਿ ਇਕ ਬਜ਼ੁਰਗ ਔਰਤ ਦੀ ਲਾਸ਼ ਫਰਸ਼ 'ਤੇ ਮਿਲੀ। ਲਾਸ਼ਾਂ ਵਿਚੋਂ ਕਈਆਂ ਦੇ ਮੂੰਹ ਅਤੇ ਕੁਝ ਦੇ ਹੱਥ-ਪੈਰ ਬੰਨ੍ਹੇ ਹੋਏ ਸਨ।

ਦੋ ਮੰਜ਼ਿਲਾ ਮਕਾਨ ਵਿਚ ਸਵੇਰੇ ਗੁਆਂਢੀ ਨੇ ਪਹਿਲਾਂ ਲਾਸ਼ਾਂ ਛੱਤ ਉਤੇ ਲੱਗੇ ਲੋਹੇ ਦੇ ਜਾਲ ਨਾਲ ਲਟਕਦੀਆਂ ਦੇਖੀਆਂ ਅਤੇ ਰੌਲਾ ਪਾ ਦਿੱਤਾ। ਇਸ ਮਗਰੋਂ ਪੁਲਿਸ ਨੂੰ ਲੋਕਾਂ ਵੱਲੋਂ ਸੂਚਿਤ ਕੀਤਾ ਗਿਆ। ਮੌਕੇ ਉਤੇ ਕੋਈ ਖੁਦਕੁਸ਼ੀ ਨੋਟ ਨਹੀਂ ਮਿਲਿਆ ਹੈ। ਪਰਿਵਾਰ ਦੀ ਗਲੀ ਵਿਚ ਹੀ ਪਲਾਈਵੁੱਡ ਤੇ ਪਰਚੂਨ ਦੀ ਦੁਕਾਨ ਹੈ ਅਤੇ ਗੁਆਂਢੀ ਹੇਮੰਤ ਸਵੇਰੇ ਦੁਕਾਨ ਦੇਰ ਤੱਕ ਬੰਦ ਰਹਿਣ ਕਰਕੇ ਘਰ ਦੁੱਧ ਲੈਣ ਗਿਆ ਤਾਂ ਉਸ ਨੂੰ ਘਰ ਦਾ ਦਰਵਾਜ਼ਾ ਖੁੱਲ੍ਹਾ ਮਿਲਿਆ ਤੇ 6-7 ਲਾਸ਼ਾਂ ਲਟਕੀਆਂ ਦੇਖੀਆਂ ਜਿਨ੍ਹਾਂ ਦੇ ਮੂੰਹ ਚਿੱਟੇ ਕੱਪੜੇ ਨਾਲ ਬੰਨ੍ਹੇ ਹੋਏ ਸਨ। ਪੁਲਿਸ ਨੇ ਆ ਕੇ ਦੇਖਿਆ ਤਾਂ ਕੁੱਲ 11 ਲਾਸ਼ਾਂ ਪਾਈਆਂ ਗਈਆਂ। ਹੇਮੰਤ ਮੁਤਾਬਕ 75 ਸਾਲਾਂ ਦੀ ਬਜ਼ੁਰਗ ਮਾਂ ਨਰਾਇਣਾ, ਉਸ ਦੇ ਦੋ ਪੁੱਤਰ ਭੁਪਿੰਦਰ (46) ਤੇ ਲਲਿਤ ਸਿੰਘ (42) ਅਤੇ ਦੋਹਾਂ ਦੀਆਂ ਪਤਨੀਆਂ, ਇਕ ਵਿਧਵਾ ਧੀ, 4 ਪੋਤੇ ਅਤੇ ਇਕ ਦੋਹਤੀ ਘਰ ਵਿਚ ਰਹਿੰਦੇ ਸਨ। ਦੋਵੇਂ ਭਰਾਵਾਂ ਦੀਆਂ ਵੱਖ-ਵੱਖ ਦੁਕਾਨਾਂ ਹਨ ਅਤੇ ਉਹ ਰਾਜਸਥਾਨ ਤੋਂ ਇਥੇ ਕਰੀਬ 23 ਸਾਲ ਪਹਿਲਾਂ ਆ ਕੇ ਵਸੇ ਸਨ।

ਇਕ ਭਰਾ ਰਾਜਸਥਾਨ ਦੇ ਚਿੱਤੌੜਗੜ੍ਹ ਵਿਖੇ ਰਹਿੰਦਾ ਹੈ। ਗੁਆਂਢੀਆਂ ਨੇ ਦੱਸਿਆ ਕਿ ਪਰਿਵਾਰ ਵਿਚ ਕੋਈ ਕਲੇਸ਼ ਨਹੀਂ ਸੀ ਅਤੇ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਵੀ ਨਹੀਂ ਸੀ। ਫੋਰੈਂਸਿਕ ਟੀਮ ਨਾਲ ਜੁੜੇ ਸੂਤਰਾਂ ਮੁਤਾਬਕ ਘਟਨਾ ਵਾਲੀ ਰਾਤ ਨੂੰ ਪਰਿਵਾਰਕ ਮੈਂਬਰਾਂ ਨੂੰ ਖਾਣਾ ਦਿੱਤਾ ਗਿਆ ਜਿਸ ਵਿਚ ਨਸ਼ੀਲਾ ਪਦਾਰਥ ਮਿਲਾਇਆ ਗਿਆ ਸੀ। ਸੂਤਰਾਂ ਮੁਤਾਬਕ ਰਾਤ ਨੂੰ ਕੋਈ ਵੀ ਘਰ ਤੋਂ ਬਾਹਰ ਅਤੇ ਅੰਦਰ ਨਹੀਂ ਗਿਆ ਅਤੇ ਲੁੱਟ ਦਾ ਵੀ ਕੋਈ ਨਿਸ਼ਾਨ ਦਿਖਾਈ ਨਹੀਂ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਪਰਿਵਾਰ ਦੇ ਹੀ ਕਿਸੇ ਮੈਂਬਰ ਨੇ ਬਾਕੀ ਮੈਂਬਰਾਂ ਦਾ ਕਤਲ ਕੀਤਾ ਅਤੇ ਫਿਰ ਖੁਦਕੁਸ਼ੀ ਕਰ ਲਈ।

## ਉਤਰਾਖੰਡ 'ਚ ਬੱਸ ਖੱਡ ਵਿਚ ਡਿੱਗੀ, 48 ਮੌਤਾਂ

**ਦੇਹਰਾਦੂਨ:** ਉਤਰਾਖੰਡ ਦੇ ਪੌੜੀ ਜ਼ਿਲ੍ਹੇ 'ਚ ਇਕ ਬੱਸ ਦੇ ਡੂੰਘੀ ਖੱਡ 'ਚ ਡਿੱਗਣ ਕਰਕੇ 48 ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 10 ਹੋਰ ਜ਼ਖਮੀ ਹੋ ਗਏ। ਪੁਲਿਸ ਮੁਤਾਬਕ ਪ੍ਰਾਈਵੇਟ ਬੱਸ ਰਾਮਨਗਰ ਜਾ ਰਹੀ ਸੀ ਅਤੇ ਉਸ 'ਚ ਸਮਰੱਥਾ ਤੋਂ ਵੱਧ 58 ਮੁਸਾਫਰ ਸਵਾਰ ਸਨ। ਧੂਮਾਕੋਟ ਦੇ ਗਵੀਨ ਪਿੰਡ ਨੇੜੇ ਬੱਸ 200 ਫੁੱਟ ਡੂੰਘੀ ਖੱਡ 'ਚ ਡਿੱਗੀ। 45 ਵਿਅਕਤੀਆਂ ਦੀ ਥਾਂ 'ਤੇ ਹੀ ਮੌਤ ਹੋ ਗਈ ਸੀ ਜਦਕਿ ਤਿੰਨ ਹੋਰ ਨੇ ਹਸਪਤਾਲ 'ਚ ਦਮ ਤੋੜਿਆ।

ਸਵੇਰੇ ਸਾਢੇ 8 ਵਜੇ ਵਾਪਰੇ ਹਾਦਸੇ ਮਗਰੋਂ 8 ਜ਼ਖ਼ਮੀਆਂ ਨੂੰ ਧੂਮਾਕੋਟ ਦੇ ਹਸਪਤਾਲ 'ਚ ਦਾਖਲ ਕਰਾਇਆ ਗਿਆ ਅਤੇ ਦੋ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਰਾਮਨਗਰ ਹਸਪਤਾਲ ਲਈ ਰੈਫਰ ਕੀਤਾ ਗਿਆ ਹੈ। ਹਾਦਸੇ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਬੱਸ 'ਚ ਸਮਰੱਥਾ ਤੋਂ ਜ਼ਿਆਦਾ ਸਵਾਰੀਆਂ ਬਿਠਾਉਣ ਕਰਕੇ ਇਸ ਦਾ ਸੰਤੁਲਨ ਵਿਗੜ ਗਿਆ। ਇਕ ਸਰਕਾਰੀ ਅਧਿਕਾਰੀ ਨੇ ਸੰਭਾਵਨਾ ਜਤਾਈ ਕਿ ਸੜਕ ਵਿਚਕਾਰ ਪਾਣੀ ਨਾਲ ਭਰੇ ਵੱਡੇ ਖੱਡੇ ਤੋਂ ਬਚਾਉਣ ਲਈ ਡਰਾਈਵਰ ਨੇ ਜਦੋਂ ਬੱਸ ਨੂੰ ਮੋੜਿਆ ਤਾਂ ਉਹ ਸਿੱਧੀ ਖੱਡ 'ਚ ਜਾ ਡਿੱਗੀ। ਐਸਪੀ ਨੇ ਕਿਹਾ ਕਿ ਬੱਸ ਇੰਨੀ ਜ਼ੋਰ ਨਾਲ ਡਿੱਗੀ ਕਿ ਉਸ ਦੀ ਛੱਤ ਦੇ ਪਰਖੱਚੇ ਉੱਡ ਗਏ।

# ਪਾਕਿਸਤਾਨ ਵਿਚ ਗੈਰ ਮੁਸਲਿਮ ਵੋਟਰਾਂ ਦੀ ਗਿਣਤੀ ਵਧੀ

**ਲਾਹੌਰ:** ਪਾਕਿਸਤਾਨ 'ਚ ਗੈਰ ਮੁਸਲਿਮ ਵੋਟਰਾਂ ਦੀ ਗਿਣਤੀ 'ਚ 30 ਫੀਸਦੀ ਤੱਕ ਦਾ ਵਾਧਾ ਹੋਇਆ ਹੈ ਅਤੇ ਇਹ ਗਿਣਤੀ ਵਧ ਕੇ 36.3 ਲੱਖ ਹੋ ਗਈ ਹੈ। ਧਾਰਮਿਕ ਘੱਟ ਗਿਣਤੀ ਵੋਟਰਾਂ 'ਚ ਹਿੰਦੂਆਂ ਦੀ ਗਿਣਤੀ (17.7 ਲੱਖ) ਸਭ ਤੋਂ ਵੱਧ ਹੈ। ਅਧਿਕਾਰੀਆਂ ਨੇ 25 ਜੁਲਾਈ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਇਹ ਅੰਕੜੇ ਰਿਲੀਜ਼ ਕੀਤੇ ਹਨ।

'ਦਿ ਐਕਸਪ੍ਰੈੱਸ ਟ੍ਰਿਬਿਊਨ' ਨੇ ਪਾਕਿਸਤਾਨ ਚੋਣ ਕਮਿਸ਼ਨ ਦੇ ਹਵਾਲੇ ਨਾਲ ਜਾਰੀ ਅੰਕੜਿਆਂ 'ਚ ਦੱਸਿਆ ਹੈ ਕਿ ਰਜਿਸਟਰਡ ਸਿੱਖ ਵੋਟਰਾਂ ਦੀ ਗਿਣਤੀ 8,852 ਹੈ। ਵੱਡੀ ਗਿਣਤੀ 'ਚ ਸਿੱਖ ਖੈਬਰ ਪਖਤੂਨਖਵਾ, ਲਾਹੌਰ, ਨਨਕਾਣਾ ਸਾਹਿਬ ਅਤੇ ਸੰਘ ਪ੍ਰਸ਼ਾਸਤ ਕਬਾਇਲੀ ਇਲਾਕਿਆਂ 'ਚ ਵਸਦੇ ਹਨ।

ਹਿੰਦੂਆਂ ਤੋਂ ਬਾਅਦ ਦੂਜੇ ਨੰਬਰ ਉਤੇ ਇਸਾਈ ਭਾਈਚਾਰੇ ਦੇ ਵੋਟਰ ਆਉਂਦੇ ਹਨ। ਉਨ੍ਹਾਂ ਦੇ ਵੋਟਰਾਂ ਦੀ ਗਿਣਤੀ 16.4 ਲੱਖ ਹੈ। ਧਾਰਮਿਕ ਘੱਟ ਗਿਣਤੀਆਂ ਦੇ ਵੋਟਰਾਂ ਦੀ ਗਿਣਤੀ 2013 ਦੇ 27.7 ਲੱਖ ਤੋਂ ਵਧ ਕੇ 2018 'ਚ 36.3 ਲੱਖ ਤਕ ਪਹੁੰਚ ਗਈ ਹੈ।

ਇਸੇ ਤਰ੍ਹਾਂ ਪੰਜਾਬ 'ਚ ਇਸਾਈਆਂ ਦੀ ਵੱਡੀ ਗਿਣਤੀ ਹੈ। ਸਿੰਧ ਖਾਸ ਕਰਕੇ ਕਰਾਚੀ ਦੇ ਵੱਖ-ਵੱਖ ਜ਼ਿਲ੍ਹਿਆਂ 'ਚ 2 ਲੱਖ ਤੋਂ ਵਧ ਇਸਾਈ ਵੋਟਰ ਹਨ। ਬਹਾਈ ਭਾਈਚਾਰੇ ਦੇ 31,543 ਰਜਿਸਟਰਡ ਵੋਟਰ ਹਨ। ਮੁਲਕ ਦੇ 10 ਪ੍ਰਾਂਤਾਂ ਵਿਚ ਸਾਰੇ 10 ਕਰੋੜ ਰਜਿਸਟਰਡ ਵੋਟਰ ਹਨ ਜਿਨ੍ਹਾਂ 'ਚੋਂ 5.92 ਕਰੋੜ ਪੁਰਸ਼ ਅਤੇ 4.67 ਕਰੋੜ ਮਹਿਲਾਵਾਂ ਹਨ।

## ਦਿੱਲੀ 'ਚ ਕੈਨੇਡੀਅਨ ਮਹਿਲਾ ਨਾਲ ਬਲਾਤਕਾਰ

**ਨਵੀਂ ਦਿੱਲੀ:** ਦੱਖਣੀ ਦਿੱਲੀ ਦੇ ਹੌਜ਼ ਖਾਸ ਇਲਾਕੇ ਵਿਚ ਇਕ ਵਿਅਕਤੀ ਨੇ ਕੈਨੇਡੀਅਨ ਮਹਿਲਾ ਨਾਲ ਬਲਾਤਕਾਰ ਕੀਤਾ।

ਮੁਲਜ਼ਮ ਪੀੜਤ ਮਹਿਲਾ ਨੂੰ ਇਕ ਪੱਬ ਵਿਚ ਮਿਲਿਆ ਸੀ। ਮੁਲਜ਼ਮ ਦੀ ਪਛਾਣ ਅਭਿਸ਼ੇਕ ਵਜੋਂ ਹੋਈ ਹੈ, ਜਿਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

# ਟੌਲ ਪਲਾਜੇ ਦਾ ਭਾਰ ਹੁਣ ਬੱਸ ਮੁਸਾਫਰਾਂ ਸਿਰ

**ਬਠਿੰਡਾ:** ਪੰਜਾਬ ਸਰਕਾਰ ਨੇ 'ਟੌਲ' ਦਾ ਭਾਰ ਵੀ ਬੱਸ ਮੁਸਾਫਰਾਂ ਸਿਰ ਪਾ ਕੇ ਸਰਕਾਰੀ ਅਤੇ ਪ੍ਰਾਈਵੇਟ ਬੱਸ ਮਾਲਕਾਂ ਨੂੰ ਸਿੱਧਾ ਫਾਇਦਾ ਪਹੁੰਚਾਇਆ ਹੈ। ਕੌਮੀ ਸ਼ਾਹਰਾਹਾਂ ਦੇ ਟੌਲ ਪਲਾਜ਼ਾ ਹੁਣ ਬੱਸ ਮੁਸਾਫਰਾਂ ਦੀ ਜੇਬ ਹਲਕੀ ਕਰ ਰਹੇ ਹਨ। ਬਠਿੰਡਾ-ਚੰਡੀਗੜ੍ਹ ਸ਼ਾਹਰਾਹ ਉਤੇ ਪੰਜ ਟੌਲ ਪਲਾਜ਼ਾ ਪੈਂਦੇ ਹਨ ਜਿਨ੍ਹਾਂ ਦਾ 25 ਰੁਪਏ ਦਾ ਟੌਲ ਸਵਾਰੀ ਨੂੰ ਚੁੱਕਣਾ ਪੈਂਦਾ ਹੈ। ਬਠਿੰਡਾ ਤੋਂ ਚੰਡੀਗੜ੍ਹ ਤੱਕ ਦਾ ਬੱਸ ਕਿਰਾਇਆ ਹੁਣ 280 ਰੁਪਏ ਤਾਰਨਾ ਪੈਂਦਾ ਹੈ, ਜਿਸ ਵਿਚ 25 ਰੁਪਏ ਦਾ ਟੌਲ ਵੀ ਸ਼ਾਮਲ ਹੈ।

ਪਹਿਲੇ ਪੜਾਅ ਉਤੇ ਇਸ ਮਾਰਗ ਉਤੇ ਦੋ ਟੌਲ ਪਲਾਜ਼ਾ ਚਾਲੂ ਹੋਏ ਸਨ ਤੇ ਉਦੋਂ ਹੀ ਕਿਰਾਏ ਵਿਚ 10 ਰੁਪਏ ਦਾ ਵਾਧਾ ਹੋ ਗਿਆ ਸੀ। ਪੰਜਾਬ ਭਰ ਵਿਚ ਸਭ ਤੋਂ ਵੱਧ ਟੌਲ ਪੀ.ਆਰ.ਟੀ.ਸੀ. ਦਾ ਲੁਧਿਆਣਾ ਡਿਪੂ ਤਾਰਦਾ ਹੈ। ਅੰਦਾਜ਼ਨ ਹਰ ਮਹੀਨੇ ਇਕੱਲੇ ਲੁਧਿਆਣਾ ਡਿਪੂ ਦਾ ਟੌਲ 32 ਲੱਖ ਰੁਪਏ ਬਣ ਜਾਂਦਾ ਹੈ। ਲੁਧਿਆਣਾ ਡਿਪੂ ਸਾਰਾ ਟੌਲ ਹਰ ਮਹੀਨੇ ਬੱਸ ਕਿਰਾਏ ਵਿਚ ਸਵਾਰੀਆਂ ਤੋਂ ਹੀ ਵਸੂਲਦਾ ਹੈ। ਲੁਧਿਆਣਾ ਅੰਮ੍ਰਿਤਸਰ ਰੂਟ ਉਤੇ ਤਿੰਨ ਟੌਲ ਪਲਾਜ਼ੇ, ਲੁਧਿਆਣਾ ਬਠਿੰਡਾ ਰੂਟ ਉਤੇ ਤਿੰਨ, ਲੁਧਿਆਣਾ ਪਟਿਆਲਾ ਰੂਟ 'ਤੇ ਤਿੰਨ ਅਤੇ ਲੁਧਿਆਣਾ ਦਿੱਲੀ ਰੂਟ 'ਤੇ ਚਾਰ ਟੌਲ ਪਲਾਜ਼ਾ ਪੈਂਦੇ ਹਨ।

ਬਠਿੰਡਾ ਡਿਪੂ ਦੇ ਚੰਡੀਗੜ੍ਹ ਲਈ ਕਰੀਬ 22 ਟਾਈਮ ਚੱਲਦੇ ਹਨ ਜਦੋਂ ਕਿ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਟਾਈਮਾਂ ਦੀ ਗਿਣਤੀ ਸੈਂਕੜੇ ਦੇ ਕਰੀਬ ਬਣਦੀ ਹੈ। ਸਰਕਾਰੀ ਸੂਤਰ ਦੱਸਦੇ ਹਨ ਕਿ ਪ੍ਰਤੀ ਮੁਸਾਫਰ ਟੌਲ ਦਾ ਪੰਜ ਰੁਪਏ ਭਾਰ ਪਿਆ ਹੈ। ਹਾਲੇ ਥੋੜ੍ਹੇ ਦਿਨ ਪਹਿਲਾਂ ਹੀ ਸਰਕਾਰ ਨੇ ਬੱਸ ਕਿਰਾਏ ਵਿਚ ਵਾਧਾ ਕੀਤਾ ਸੀ। ਪੀਆਰਟੀਸੀ ਤਰਫ਼ੋਂ ਹਰ ਟੌਲ ਪਲਾਜ਼ਾ ਉਤੇ ਟੌਲ ਤਾਰਿਆ ਜਾਂਦਾ ਹੈ ਅਤੇ ਕਿਰਾਏ ਦੇ ਰੂਪ ਵਿਚ ਸਵਾਰੀਆਂ ਤੋਂ ਵਸੂਲ ਕਰ ਲਿਆ ਜਾਂਦਾ ਹੈ। ਬਠਿੰਡਾ ਚੰਡੀਗੜ੍ਹ ਮਾਰਗ 'ਤੇ ਪਹਿਲੀ ਜੂਨ ਤੋਂ ਸਾਰੇ ਟੌਲ ਪਲਾਜ਼ਾ ਚਾਲੂ ਹੋ ਗਏ ਸਨ। ਵੱਡੇ ਟਰਾਂਸਪੋਰਟਰਾਂ ਦੀਆਂ ਮਰਸਡੀਜ਼ ਬੱਸਾਂ ਵੀ ਇਨ੍ਹਾਂ ਪਲਾਜ਼ਿਆਂ ਤੋਂ ਲੰਘਦੀਆਂ ਹਨ। ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ 'ਤੇ 3 ਟੌਲ ਪਲਾਜ਼ਾ ਪੈਂਦੇ ਹਨ ਜਿਨ੍ਹਾਂ ਦਾ ਪ੍ਰਤੀ ਮੁਸਾਫ਼ਰ ਭਾਰ 15 ਰੁਪਏ ਪਿਆ ਹੈ। ਵੇਰਵਿਆਂ ਅਨੁਸਾਰ ਪ੍ਰਾਈਵੇਟ ਬੱਸ ਮਾਲਕਾਂ ਨੇ ਵੀ ਕਿਰਾਏ ਵਿਚ ਵਾਧਾ ਕੀਤਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਅਤਿਵਾਦੀਆਂ ਵੱਲੋਂ ਕਸ਼ਮੀਰੀ ਬੱਚਿਆਂ ਨੂੰ ਬਣਾਇਆ ਜਾ ਰਿਹੈ ਹਥਿਆਰ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਆਧਾਰਤ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਨੇ ਪਿਛਲੇ ਵਰ੍ਹੇ ਬੱਚਿਆਂ ਨੂੰ ਭਰਤੀ ਕਰਕੇ ਉਨ੍ਹਾਂ ਨੂੰ ਜੰਮੂ ਕਸ਼ਮੀਰ 'ਚ ਸੁਰੱਖਿਆ ਬਲਾਂ ਨਾਲ ਝੜਪਾਂ ਲਈ ਵਰਤਿਆ। ਸੰਯੁਕਤ ਰਾਸ਼ਟਰ ਦੀ ਬੱਚਿਆਂ ਅਤੇ ਹਥਿਆਰਬੰਦ ਸੰਘਰਸ਼ ਬਾਰੇ ਜਾਰੀ ਸਾਲਾਨਾ 'ਚ ਭਾਰਤ ਦੇ ਹਾਲਾਤ ਬਾਰੇ ਕਿਹਾ ਗਿਆ ਕਿ ਛੱਤੀਸਗੜ੍ਹ, ਝਾਰਖੰਡ ਅਤੇ ਜੰਮੂ ਕਸ਼ਮੀਰ ਵਿਚ ਹਿੰਸਕ ਘਟਨਾਵਾਂ ਦੌਰਾਨ ਬੱਚਿਆਂ ਉਤੇ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ।

ਰਿਪੋਰਟ ਮੁਤਾਬਕ ਦੋਵੇਂ ਦਹਿਸ਼ਤੀ ਜਥੇਬੰਦੀਆਂ ਤੋਂ ਇਲਾਵਾ ਸੁਰੱਖਿਆ ਬਲ ਵੀ ਬੱਚਿਆਂ ਨੂੰ ਸੂਹੀਏ ਵਜੋਂ ਵਰਤਦੇ ਹਨ। ਸਰਕਾਰੀ



ਰਿਪੋਰਟ 'ਚ ਖੁਲਾਸਾ ਕੀਤਾ ਗਿਆ ਕਿ ਦੁਨੀਆਂ ਭਰ 'ਚ ਪਿਛਲੇ ਸਾਲ ਸੰਘਰਸ਼ਾਂ ਦੌਰਾਨ 10 ਹਜ਼ਾਰ ਤੋਂ ਵਧ ਬੱਚੇ ਜਾਂ ਤਾਂ ਮਾਰੇ ਜਾਂ ਅਪੰਗ ਹੋ ਗਏ।

ਇਸ ਦੇ ਨਾਲ 8 ਹਜ਼ਾਰ ਤੋਂ ਵਧ ਬੱਚਿਆਂ ਨੂੰ ਭਰਤੀ ਕਰਕੇ ਉਨ੍ਹਾਂ ਨੂੰ ਲੜਾਕਿਆਂ ਵਾਂਗ ਵਰਤਿਆ ਗਿਆ। ਰਿਪੋਰਟ 'ਚ ਭਾਰਤ, ਸੀਰੀਆ, ਅਫ਼ਗਾਨਿਸਤਾਨ, ਯਮਨ, ਫਿਲਪੀਨਜ਼ ਅਤੇ ਨਾਇਜੀਰੀਆ ਸਮੇਤ 20 ਮੁਲਕਾਂ ਦੇ ਹਾਲਾਤ ਦਾ ਜ਼ਿਕਰ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਸਕੱਤਰ ਜਨਰਲ ਅੰਤਨੀਓ ਗੁਟੇਰੇਜ਼ ਦੀ ਰਿਪੋਰਟ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਕਿ ਮਾਓਵਾਦੀ ਪ੍ਰਭਾਵਤ ਇਲਾਕਿਆਂ 'ਚ 188 ਨਾਗਰਿਕ ਮਾਰੇ ਗਏ ਪਰ ਬੱਚਿਆਂ ਦੀ ਮੌਤ ਸਬੰਧੀ ਵੱਖਰਾ ਅੰਕੜਾ ਨਹੀਂ ਮਿਲਿਆ। ਇਸ ਸਾਲ ਮਾਰਚ ਵਿਚ 15 ਵਰ੍ਹਿਆਂ ਦਾ ਲੜਕਾ ਪੁਲਵਾਮਾ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਅਤੇ ਲਸ਼ਕਰ-ਏ-ਤੋਇਬਾ ਦੇ ਦਹਿਸ਼ਤਗਰਦਾਂ ਦਰਮਿਆਨ ਹੋਈਆਂ ਝੜਪਾਂ ਦੌਰਾਨ ਮਾਰਿਆ ਗਿਆ। ਗੁਟੇਰੇਜ਼ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਉਹ ਬੱਚਿਆਂ ਨੂੰ ਭਰਤੀ ਕਰਕੇ ਉਨ੍ਹਾਂ ਦੀ ਵਰਤੋਂ ਕਰਨ ਵਾਲਿਆਂ ਖਿਲਾਫ਼ ਸਖਤ ਕਦਮ ਚੁੱਕੇ।

# ਸਰਜੀਕਲ ਸਟ੍ਰਾਈਕ ਬਾਰੇ ਆਪਣੀ ਵਡਿਆਈ ਕਰਕੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਦੋ ਸਾਲ ਪਹਿਲਾਂ ਕੀਤੇ ਗਏ ਸਰਜੀਕਲ ਹਮਲੇ ਬਾਰੇ ਇਕ ਵੀਡੀਓ ਜਾਰੀ ਹੋਣ ਤੋਂ ਬਾਅਦ ਕਾਂਗਰਸ ਨੇ ਮੋਦੀ ਸਰਕਾਰ 'ਤੇ ਫੌਜੀ ਕਾਰਵਾਈ ਦਾ ਸਿਆਸੀਕਰਨ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਦੇਸ਼ ਦੇ ਬਹਾਦਰ ਫੌਜੀਆਂ ਦੀਆਂ ਕੁਰਬਾਨੀਆਂ ਦਾ ਸਿਆਸੀ ਮੁੱਲ ਵੱਟਣਾ ਬਹੁਤ ਹੀ ਮਾੜੀ ਗੱਲ ਹੈ।

ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਆਖਿਆ ਕਿ ਇਕ ਪਾਸੇ ਮੋਦੀ ਸਰਕਾਰ ਹਥਿਆਰਬੰਦ ਦਸਤਿਆਂ ਦੀਆਂ ਕੁਰਬਾਨੀਆਂ ਦਾ ਸਿਆਸੀ ਮੁੱਲ ਵੱਟਣ ਲਈ ਬੇਕਰਾਰ ਹੋਈ ਪਈ ਹੈ, ਦੂਜੇ ਪਾਸੇ ਇਹ ਪਾਕਿਸਤਾਨ ਨਾਲ ਸਿੱਝਣ ਲਈ ਹਾਲੇ ਤੱਕ ਕੋਈ ਦਿਸ਼ਾ ਤੈਅ ਨਹੀਂ ਕਰ ਸਕੀ। ਉਧਰ, ਭਾਜਪਾ ਨੇ ਕਾਂਗਰਸ 'ਤੇ ਹਥਿਆਰਬੰਦ ਦਸਤਿਆਂ ਦੀ ਵਚਨਬੱਧਤਾ ਤੇ ਹੌਸਲੇ ਬਾਰੇ ਕਿੰਤੂ ਕਰਨ ਤੇ ਇਨ੍ਹਾਂ ਦਾ ਮਨੋਬਲ ਨੀਵਾਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਹੁਣ ਮੁੱਖ ਧਾਰਾ ਦੀ ਪਾਰਟੀ ਨਹੀਂ ਸਗੋਂ ਇਕ ਸੀਮਾਂਤ ਖਿਡਾਰੀ ਬਣ ਗਈ ਹੈ।

ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਨੇ ਕਾਂਗਰਸ ਦਾ ਇਹ ਦੋਸ਼ ਵੀ ਰੱਦ ਕਰ ਦਿੱਤਾ ਕਿ ਮੋਦੀ ਸਰਕਾਰ ਸਰਜੀਕਲ ਹਮਲਿਆਂ ਦਾ ਸਿਆਸੀਕਰਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਇਸ ਦਾ ਸਿਆਸੀ ਲਾਹਾ ਲੈਣਾ ਚਾਹੁੰਦੀ ਹੁੰਦੀ ਤਾਂ ਇਹ ਵੀਡੀਓਜ਼ ਉਤਰ ਪ੍ਰਦੇਸ਼, ਗੁਜਰਾਤ ਜਾਂ ਕਰਨਾਟਕ ਦੀਆਂ ਚੋਣਾਂ ਵੇਲੇ ਜਾਰੀ ਕਰਵਾ ਸਕਦੀ ਸੀ। ਉਨ੍ਹਾਂ ਕਿਹਾ ਕਿ ਸਰਜੀਕਲ ਹਮਲਿਆਂ ਨਾਲ ਜੁੜੇ ਫ਼ੌਜੀ ਅਫਸਰਾਂ ਨੇ ਵੀਡੀਓ ਨੂੰ ਸਹੀ ਕਰਾਰ ਦਿੱਤਾ ਹੈ।



## ਫੌਜ ਦਾ ਸਿਆਸੀਕਰਨ ਨਾ ਕਰਨ ਮੋਦੀ: ਮਾਨ

**ਲਹਿਰਾਗਾਗਾ:** ਸੰਸਦ ਮੈਂਬਰ ਭਗਵੰਤ ਮਾਨ ਨੇ ਭਾਜਪਾ ਨੂੰ ਦੇਸ਼ ਦੀ ਫੌਜ ਦਾ ਰਾਜਸੀਕਰਨ ਨਾ ਕਰਨ ਦੀ ਸਲਾਹ ਦਿੰਦਿਆਂ ਕਿਹਾ ਹੈ ਕਿ 2014 ਮਗਰੋਂ ਭਾਜਪਾ ਨੇ ਸੱਤਾ ਲਈ ਹਰ ਸੰਸਥਾ ਦਾ ਰਾਜਸੀਕਰਨ ਕੀਤਾ ਹੈ ਤੇ ਸਿਰਫ ਭਾਰਤੀ ਫੌਜ ਹੀ ਰਾਜਨੀਤੀ ਤੋਂ ਨਿਰਲੇਪ ਸੀ। ਫੌਜ ਲਗਾਤਾਰ ਪਾਕਿਸਤਾਨ ਖਿਲਾਫ਼ ਸਰਜੀਕਲ ਸਟ੍ਰਾਈਕ ਕਰਕੇ ਆਪਣੇ ਦੇਸ਼ ਪ੍ਰਤੀ ਕੰਮ ਕਰਦੀ ਹੈ ਪਰ ਪ੍ਰਧਾਨ ਮੰਤਰੀ ਮੋਦੀ ਖਾਹਮਖਾਹ ਵੋਟਾਂ ਖਾਤਰ ਇਸ ਦਾ ਸਿਹਰਾ ਲੈਣਾ ਚਾਹੁੰਦੇ ਹਨ।

## ਕੈਪਟਨ ਵੱਲੋਂ ਮੋਦੀ ਸਰਕਾਰ ਦੀ ਆਲੋਚਨਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਜੀਕਲ ਸਟ੍ਰਾਈਕ ਦੇ ਮਾਮਲੇ 'ਤੇ ਭਾਰਤੀ ਫੌਜ ਦਾ ਵਾਰ-ਵਾਰ ਸਿਆਸੀਕਰਨ ਕਰਨ ਦੀਆਂ ਕੋਸ਼ਿਸ਼ਾਂ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਕੈਪਟਨ ਨੇ ਕਿਹਾ ਕਿ ਫੌਜ ਵੱਲੋਂ ਕੀਤੀ ਗਈ ਕਾਰਵਾਈ ਨੂੰ ਸਿਆਸਤ ਜਾਂ ਵੋਟਾਂ ਦੇ ਲਾਭ ਲਈ ਨਹੀਂ ਵਰਤਿਆ ਜਾਣਾ ਚਾਹੀਦਾ।

# ਸਮੇਂ ਦੀ ਪਾਬੰਦੀ ਪੱਖੋਂ ਭਾਰਤੀ ਹਵਾਈ ਅੱਡੇ ਫਾਡੀ

**ਨਵੀਂ ਦਿੱਲੀ:** ਦਿੱਲੀ ਦਾ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡਾ ਦੁਨੀਆਂ ਦਾ 16ਵਾਂ ਸਭ ਤੋਂ ਵੱਧ ਉਡਾਣਾਂ ਵਾਲਾ ਹਵਾਈ ਅੱਡਾ ਹੈ ਪਰ ਓਏਜੀ ਸੰਸਥਾ ਵੱਲੋਂ ਕਰਵਾਏ ਗਏ ਆਲਮੀ ਸਰਵੇਖਣ ਵਿਚ ਉਡਾਣਾਂ ਦੇ ਸਮੇਂ ਦੀ ਪਾਬੰਦੀ ਦੇ ਮਾਮਲੇ ਵਿਚ ਇਸ ਦੀ ਪੁਜ਼ੀਸ਼ਨ ਦੁਨੀਆਂ ਦੇ 513 ਹਵਾਈ ਅੱਡਿਆਂ ਵਿਚੋਂ 451ਵੇਂ ਨੰਬਰ ਉਤੇ ਹੈ। ਮੁੰਬਈ 'ਚ ਛਤਰਪਤੀ ਸ਼ਿਵਾਜੀ ਕੌਮਾਂਤਰੀ ਹਵਾਈ ਅੱਡਾ ਦੇਸ਼ ਦਾ ਦੂਜਾ ਸਭ ਤੋਂ ਵੱਧ ਹਵਾਈ ਅੱਡਾ ਹਵਾਈ ਅੱਡਾ ਹੈ ਪਰ ਸਮੇਂ ਦੀ ਪਾਬੰਦੀ ਪੱਖੋਂ ਇਹ ਦੁਨੀਆਂ ਦੇ ਸਭ ਤੋਂ ਮਾੜੇ ਹਵਾਈ ਅੱਡਿਆਂ 'ਚ ਉਲਟੇ ਪਾਸਿਓਂ 5ਵੇਂ ਨੰਬਰ 'ਤੇ ਹੈ ਤੇ ਇਸ ਪਿੱਛੇ ਸਿਰਫ ਇੰਡੋਨੇਸ਼ੀਆ ਦੇ ਜਕਾਰਤਾ ਸੋਇਕਾਰਨੋ-ਹੱਤਾ ਤੇ ਪਾਕਿਸਤਾਨ ਦੇ ਇਸਲਾਮਾਬਾਦ ਦੇ ਹਵਾਈ ਅੱਡੇ ਹਨ।

ਸਮੇਂ ਸਿਰ ਕਾਰਕਰਦਗੀ (ਓਟੀਪੀ) ਦੇ ਮਾਮਲੇ ਵਿੱਚ ਚੋਟੀ ਦੇ 200 ਹਵਾਈ ਅੱਡਿਆਂ ਵਿਚ ਭਾਰਤ ਦਾ ਕੋਈ ਵੀ ਹਵਾਈ ਅੱਡਾ ਸ਼ੁਮਾਰ ਨਹੀਂ ਹੈ ਪਰ ਅੰਡੇਮਾਨ ਨਿਕੋਬਾਰ ਦੀਪ ਸਮੂਹ ਦਾ ਛੋਟਾ ਹਵਾਈ ਅੱਡਾ ਉਡਾਣਾਂ ਦੇ ਜ਼ਾਬਤੇ ਪੱਖੋਂ ਦੁਨੀਆਂ 'ਚ 65ਵੇਂ ਰੈਂਕ 'ਤੇ ਗਿਣਿਆ ਗਿਆ ਹੈ। ਦਿੱਲੀ ਹਵਾਈ ਅੱਡੇ ਦੀ ਓ.ਟੀ.ਪੀ. 70.7 ਫ਼ੀਸਦ ਰਹੀ ਜਦਕਿ ਨਗੋਇਆ ਕੋਮਾਕੀ ਏਅਰਪੋਰਟ ਜੋ ਆਲਮੀ ਰੈਂਕਿੰਗ ਵਿਚ ਮੋਹਰੀ ਹੈ, ਦੀ ਓ.ਟੀ.ਪੀ. 94.5 ਫੀਸਦ ਰਹੀ। ਮੁੰਬਈ ਦੀ ਓ.ਟੀ.ਪੀ. 60 ਫੀਸਦ ਸੀ। ਹੈਦਰਾਬਾਦ ਹਵਾਈ ਅੱਡਾ 246ਵੇਂ, ਬੰਗਲੌਰ ਹਵਾਈ ਅੱਡਾ 262 ਤੇ ਕੋਲਕਾਤਾ ਹਵਾਈ ਅੱਡਾ 270ਵੇਂ ਰੈਂਕ ਉਤੇ ਹੈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਇਕ ਅਫਸਰ ਨੇ ਕਿਹਾ ਕਿ ਦਿੱਲੀ ਤੇ ਮੁੰਬਈ ਜਿਹੇ ਵੱਡੇ ਹਵਾਈ ਅੱਡਿਆਂ ਉਤੇ ਵੱਡੇ ਮਸਲੇ ਬੁਨਿਆਦੀ ਢਾਂਚੇ ਦੀਆਂ ਕਮੀਆਂ ਪੇਸ਼ੀਆਂ ਕਰ ਕੇ ਹਨ। ਡੀ.ਜੀ.ਸੀ.ਏ. ਵੱਲੋਂ ਮੁਹੱਈਆ ਕਰਵਾਏ ਗਏ ਮਾਸਿਕ ਅੰਕੜਿਆਂ ਕਰ ਕੇ 60 ਫੀਸਦੀ ਤੋਂ ਵੱਧ ਉਡਾਣਾਂ ਵਿਚ ਦੇਰੀ ਆਮਦ ਵਿਚ ਦੇਰੀ ਕਾਰਨ ਹੁੰਦੀ ਹੈ ਜਦਕਿ ਚਾਰ ਕੁ ਫੀਸਦ ਤਕਨੀਕੀ ਕਾਰਨਾਂ ਕਰ ਕੇ ਦੇਰੀ ਹੁੰਦੀ ਹੈ।

# ਮੁੰਬਈ ਦੀਆਂ ਵਿਕਟੋਰੀਅਨ ਗੋਥਿਕ ਤੇ ਆਰਟ ਡੇਕੋ ਇਮਾਰਤ ਨੂੰ ਵਿਸ਼ਵ ਵਿਰਾਸਤਾਂ ਦਾ ਦਰਜਾ

**ਮੁੰਬਈ:** ਮੁੰਬਈ ਦੀਆਂ 'ਵਿਕਟੋਰੀਅਨ ਗੋਥਿਕ' ਅਤੇ 'ਆਰਟ ਡੇਕੋ' ਇਮਾਰਤਾਂ ਦੇ ਸ਼ਾਨਦਾਰ ਸਮੂਹ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤੀ ਥਾਵਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ। ਐਲੀਫੈਂਟਾ ਗੁਫਾਵਾਂ ਅਤੇ ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਰੇਲਵੇ ਸਟੇਸ਼ਨ (ਵਿਕਟੋਰੀਆ ਟਰਮੀਨਸ) ਤੋਂ ਬਾਅਦ 'ਵਿਕਟੋਰੀਅਨ ਗੋਥਿਕ' ਅਤੇ 'ਆਰਟ ਡੇਕੋ' ਨੂੰ ਵਿਸ਼ਵ ਵਿਰਾਸਤ ਐਲਾਨੇ ਜਾਣ ਨਾਲ ਮੁੰਬਈ ਨੂੰ ਇਹ ਤੀਜਾ ਸਨਮਾਨ ਮਿਲਿਆ ਹੈ।

ਯੂਨੈਸਕੋ ਨੇ ਟਵੀਟ ਕਰਕੇ ਦੋਵੇਂ ਇਮਾਰਤਾਂ ਨੂੰ ਵਿਸ਼ਵ ਵਿਰਾਸਤ ਥਾਵਾਂ ਦੀ ਸੂਚੀ 'ਚ ਸ਼ਾਮਲ ਕਰਨ ਦੀ ਜਾਣਕਾਰੀ ਦਿੰਦਿਆਂ ਭਾਰਤ ਨੂੰ ਵਧਾਈ ਦਿੱਤੀ। ਯੂਨੈਸਕੋ ਦੀ ਵਿਸ਼ਵ ਵਿਰਾਸਤ ਕਮੇਟੀ ਦੇ 42ਵੇਂ ਸੈਸ਼ਨ ਦੌਰਾਨ ਇਹ ਫੈਸਲਾ ਲਿਆ ਗਿਆ।

ਪਿਛਲੇ ਸਾਲ ਗੁਜਰਾਤ ਦੇ ਅਹਿਮਦਾਬਾਦ ਨੂੰ ਵਿਸ਼ਵ ਵਿਰਾਸਤੀ ਸ਼ਹਿਰ ਐਲਾਨਿਆ ਗਿਆ ਸੀ। ਅਹਿਮਦਾਬਾਦ ਵਿਸ਼ਵ ਵਿਰਾਸਤੀ ਸ਼ਹਿਰ ਐਲਾਨੇ ਜਾਣ ਵਾਲਾ ਭਾਰਤ ਦਾ ਪਹਿਲਾ ਸ਼ਹਿਰ ਹੈ।

ਮੁੰਬਈ ਅਧਾਰਤ ਆਰਕੀਟੈਕਟ ਆਭਾ ਨਰਾਇਣ ਲਾਂਬਾ, ਜਿਸ ਨੇ ਦੋਵੇਂ ਇਮਾਰਤਾਂ ਦੀ ਮਿਸਲ ਤਿਆਰ ਕੀਤੀ ਸੀ, ਨੇ ਕਿਹਾ ਕਿ ਇਹ ਸ਼ਹਿਰ ਅਤੇ ਭਾਰਤ ਲਈ ਵੱਡੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਮਾਰਤਸਾਜ਼ੀ ਪੱਖੋਂ ਦੋਵੇਂ ਇਮਾਰਤਾਂ ਦਾ ਕੋਈ ਮੁਕਾਬਲਾ ਨਹੀਂ ਹੈ। ਇਸ ਨਾਲ ਵਿੱਤੀ ਸ਼ਹਿਰ ਵਜੋਂ ਜਾਣਿਆ ਜਾਂਦਾ ਮੁੰਬਈ ਆਲਮੀ ਸਭਿਆਚਾਰ ਨਕਸ਼ੇ ਉਤੇ ਵੀ ਆ ਗਿਆ ਹੈ। ਵਿਸ਼ਵ ਵਿਰਾਸਤ ਕਮੇਟੀ ਦੇ ਸਾਰੇ 21 ਮੁਲਕਾਂ ਨੇ ਨਾਮਜ਼ਦਗੀ ਨੂੰ ਹਮਾਇਤ ਦਿੱਤੀ ਜੋ ਵਿਰਲੀ ਗੱਲ ਹੈ।



## ਭੀੜ ਨੇ ਪੰਜ ਜਣਿਆਂ ਨੂੰ ਕੁੱਟ-ਕੁੱਟ ਕੇ ਮਾਰਿਆ

**ਮੁੰਬਈ:** ਮਹਾਰਾਸ਼ਟਰ ਦੇ ਧੁਲੇ ਜ਼ਿਲ੍ਹੇ ਵਿਚ ਭੀੜ ਨੇ ਪੰਜ ਲੋਕਾਂ ਨੂੰ ਮਹਿਜ਼ ਇਸ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਖਦਸ਼ਾ ਸੀ ਕਿ ਉਹ 'ਬੱਚਾ ਚੁੱਕਣ' ਵਾਲੇ ਗਰੋਹ ਦੇ ਮੈਂਬਰ ਹਨ। ਪੁਲਿਸ ਅਧਿਕਾਰੀਆਂ ਮੁਤਾਬਕ ਕੁੱਟਮਾਰ ਦੀ ਇਹ ਘਟਨਾ ਧੁਲੇ ਜ਼ਿਲ੍ਹੇ ਦੇ ਪਿੰਪਲਨੇਰ ਤੋਂ 25 ਕਿਲੋਮੀਟਰ ਦੂਰ ਰੈਨਪਾੜਾ ਵਿਚ ਵਾਪਰੀ। ਘਟਨਾ 'ਚ ਦੋ ਪੁਲੀਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਸਬੰਧੀ 15 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ।

ਇਸ ਦੌਰਾਨ ਰਾਜ ਦੇ ਗ੍ਰਹਿ ਰਾਜ ਮੰਤਰੀ ਦੀਪਕ ਕੇਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉਤੇ ਚੱਲ ਰਹੀਆਂ ਇਨ੍ਹਾਂ ਅਫਵਾਹਾਂ 'ਤੇ ਯਕੀਨ ਨਾ ਕਰਨ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਨ੍ਹਾਂ ਪੰਜਾਂ ਤੇ ਕੁਝ ਹੋਰਨਾਂ ਨੂੰ ਕਬਾਇਲੀ ਬਹੁਗਿਣਤੀ ਵਾਲੇ ਰੈਨਪਾੜਾ ਦੀ ਬਸਤੀ 'ਚ ਇਕ ਸਰਕਾਰੀ ਬੱਸ 'ਚੋਂ ਉਤਰਦਿਆਂ ਵੇਖਿਆ ਗਿਆ ਸੀ। ਇਸ ਦੌਰਾਨ ਇਨ੍ਹਾਂ ਵਿਚੋਂ ਇਕ ਵਿਅਕਤੀ ਨੇ ਜਦੋਂ ਛੋਟੀ ਬੱਚੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਥੇ ਹਫਤਾਵਾਰੀ ਐਤਵਾਰੀ ਮਾਰਕੀਟ ਲਈ ਇਕੱਠੇ ਹੋਏ ਪਿੰਡ ਵਾਸੀਆਂ ਨੇ ਉਨ੍ਹਾਂ ਉਤੇ ਹੱਲਾ ਬੋਲ ਦਿੱਤਾ। ਭੀੜ ਵੱਲੋਂ ਕੀਤੇ ਹਮਲੇ 'ਚ ਪੰਜ ਜਣੇ ਹਲਾਕ ਹੋ ਗਏ।

# ਕਾਲੇ ਧਨ ਦੀ ਵਾਪਸੀ ਬਾਰੇ ਖੁੱਲ੍ਹੀ ਮੋਦੀ ਸਰਕਾਰ ਦੀ ਪੋਲ

**ਨਵੀਂ ਦਿੱਲੀ:** ਮੋਦੀ ਸਰਕਾਰ ਦੇ ਨੋਟਬੰਦੀ ਤੇ ਬੇਨਾਮੀ ਜਾਇਦਾਦ ਕਾਨੂੰਨ ਵਰਗੇ ਸਖਤ ਕਦਮਾਂ ਦੇ ਬਾਵਜੂਦ ਸਵਿੱਸ ਬੈਂਕਾਂ ਵਿਚ ਭਾਰਤੀ ਲੋਕਾਂ ਦੇ ਪੈਸੇ ਵਿਚ ਬੀਤੇ ਸਾਲ ਦੇ ਮੁਕਾਬਲੇ 50 ਫੀਸਦੀ ਦਾ ਵਾਧਾ ਹੋਇਆ ਹੈ। ਇਸ ਵਾਧੇ ਨਾਲ



ਭਾਰਤੀਆਂ ਦਾ ਕੁੱਲ 7000 ਕਰੋੜ ਸਵਿੱਸ ਬੈਂਕਾਂ ਵਿਚ ਜਮ੍ਹਾ ਹੋ ਗਿਆ ਹੈ। ਸਵਿੱਸ ਨੈਸ਼ਨਲ ਬੈਂਕ ਵੱਲੋਂ ਜਾਰੀ ਅੰਕੜਿਆਂ ਤੋਂ ਬਾਅਦ ਇਹ ਖੁਲਾਸਾ ਹੋਇਆ ਹੈ।

ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ 13 ਸਾਲਾਂ ਦੌਰਾਨ ਸਵਿੱਸ ਬੈਂਕਾਂ ਵਿਚ ਪਹਿਲੀ ਵਾਰ ਭਾਰਤੀਆਂ ਦੇ ਪੈਸੇ ਵਿਚ ਇੰਨੀ ਤੇਜ਼ੀ ਨਾਲ ਵਾਧਾ ਹੋਇਆ ਹੈ। ਹਾਲਾਂਕਿ, ਪੂਰੀ ਦੁਨੀਆਂ ਦੇ ਲੋਕਾਂ ਦਾ ਪੈਸਾ 3 ਫੀਸਦੀ ਵਧਿਆ ਹੈ, ਯਾਨੀ ਕਿ ਤਕਰੀਬਨ 100 ਲੱਖ ਕਰੋੜ ਰੁਪਏ (1460 ਅਰਬ ਸਵਿੱਸ ਫ੍ਰੈਂਕ) ਸਵਿੱਸ ਬੈਂਕਾਂ ਵਿਚ ਰੱਖੇ ਗਏ ਹਨ।

ਇਸ ਰਿਪੋਰਟ ਤੋਂ ਬਾਅਦ ਨਰੇਂਦਰ ਮੋਦੀ ਦੀ ਸਰਕਾਰ ਵੱਲੋਂ ਕਾਲੇ ਧਨ ਵਿਰੁੱਧ ਚੁੱਕੇ ਕਦਮਾਂ ਉਤੇ ਸਵਾਲੀਆ ਨਿਸ਼ਾਨ ਉਠਣੇ ਲਾਜ਼ਮੀ ਹਨ। ਕੁਝ ਦਿਨ ਪਹਿਲਾਂ ਕਾਂਗਰਸ ਨੇ ਮੋਦੀ ਸਰਕਾਰ ਦੀ ਨੋਟਬੰਦੀ ਨੂੰ ਵੱਡਾ ਘਪਲਾ ਕਰਾਰ ਦਿੱਤਾ ਸੀ। ਕਾਲੇ ਧਨ ਕਾਰਨ ਮੋਦੀ ਸਰਕਾਰ ਹਮੇਸ਼ਾ ਹੀ ਨਿਸ਼ਾਨੇ 'ਤੇ ਰਹੀ ਹੈ ਕਿਉਂਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਮੋਦੀ ਸਰਕਾਰ ਨੇ ਆਮ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਸਵਿੱਸ ਬੈਂਕਾਂ 'ਚ ਜਮ੍ਹਾ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੇ ਖਾਤੇ 'ਚ 15-15 ਲੱਖ ਰੁਪਏ ਪਾਏ ਜਾਣਗੇ। ਜਦਕਿ ਹੁਣ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕਹਿ ਰਹੇ ਹਨ ਕਿ ਸਵਿੱਸ ਬੈਂਕਾਂ 'ਚ ਜਮ੍ਹਾ ਪੈਸਾ ਜ਼ਰੂਰੀ ਨਹੀਂ ਕਿ ਕਾਲਾ ਧਨ ਹੀ ਹੋਵੇ। ਸਵਿੱਸ ਬੈਂਕਾਂ 'ਚ ਭਾਰਤੀਆਂ ਦੀ ਆਮਦਨ ਦੁੱਗਣੀ ਹੋਣ ਦੇ ਖੁਲਾਸੇ ਤੋਂ ਬਾਅਦ ਸਾਰੀਆਂ ਧਿਰਾਂ ਮੋਦੀ ਸਰਕਾਰ ਨੂੰ ਘੇਰ ਰਹੀਆਂ ਹਨ।

## ਗੁਲਾਮ ਨਬੀ ਆਜ਼ਾਦ 'ਤੇ ਦੇਸ਼ ਧ੍ਰੋਹ ਦਾ ਮਾਮਲਾ ਦਰਜ




**ਨਵੀਂ ਦਿੱਲੀ:** ਸੀਨੀਅਰ ਕਾਂਗਰਸੀ ਨੇਤਾ ਗੁਲਾਮ ਨਬੀ ਆਜ਼ਾਦ ਵੱਲੋਂ ਦਿੱਤੇ ਬਿਆਨ ਜਿਸ 'ਚ ਉਨ੍ਹਾਂ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ 'ਚ ਫੌਜੀ ਕਾਰਵਾਈਆਂ 'ਚ ਅਤਿਵਾਦੀਆਂ ਨਾਲੋਂ ਸਥਾਨਕ ਲੋਕ ਜ਼ਿਆਦਾ ਮਰ ਰਹੇ ਹਨ, ਉਤੇ ਦਿੱਲੀ ਅਦਾਲਤ 'ਚ ਦੇਸ਼ ਧ੍ਰੋਹ ਦਾ ਮਾਮਲਾ ਦਾਈਰ ਕੀਤਾ ਗਿਆ।

ਇਕ ਵਕੀਲ ਵੱਲੋਂ ਦਾਇਰ ਕਰਵਾਏ ਮੁਕੱਦਮੇ 'ਚ ਉਨ੍ਹਾਂ ਨੇ ਆਈ.ਪੀ.ਸੀ. ਦੀ ਧਾਰਾ 124, 120ਬੀ ਅਤੇ 505 ਦੇ ਆਧਾਰ ਉਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ ਅਤੇ ਦਾਅਵਾ ਕੀਤਾ ਹੈ ਕਿ ਆਜ਼ਾਦ ਨੇ ਆਪਣੇ ਬਿਆਨ 'ਚ ਭਾਰਤੀ ਫੌਜ ਨੂੰ ਕਾਤਲ ਦੱਸਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਬਿਆਨ ਦੇਸ਼ ਦੇ ਖਿਲਾਫ਼ ਲੜਾਈ ਛੇੜਨ ਤੋਂ ਘੱਟ ਨਹੀਂ ਹੈ।

# ਵਿਗੜਦੀ ਜਾ ਰਹੀ ਹੈ ਭਾਰਤੀ ਲੀਡਰਾਂ ਦੀ ਬੋਲ-ਬਾਣੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਪਿਛਲੇ ਦਿਨੀਂ ਉਨ੍ਹਾਂ ਬੱਚਿਆਂ ਨੂੰ ਮਿਲਣ ਗਈ, ਜਿਨ੍ਹਾਂ ਦੇ ਮਾਪੇ ਉਨ੍ਹਾਂ ਤੋਂ ਇਸ ਲਈ ਵੱਖ ਕਰ ਦਿੱਤੇ ਗਏ ਸਨ ਕਿ ਉਹ ਬਿਨਾ ਦਸਤਾਵੇਜ਼ਾਂ ਤੋਂ ਅਮਰੀਕਾ ਆਏ ਸਨ। ਉਸ ਵੇਲੇ ਮੇਲਾਨੀਆ ਟਰੰਪ ਦੀ ਜੈਕੇਟ ਤੋਂ ਇੱਕ ਵਿਵਾਦ ਛਿੜ ਗਿਆ। ਜਿਹੜੀ ਜੈਕੇਟ ਉਹ ਪਹਿਨ ਕੇ ਗਈ, ਉਸ ਦੇ ਪਿਛਲੇ ਪਾਸੇ ਅੰਗਰੇਜ਼ੀ ਵਿਚ ਲਿਖਿਆ ਸੀ, 'ਆਈ ਰੀਅਲੀ ਡੌਂਟ ਕੇਅਰ, ਡੂ ਯੂ' (ਮੈਂ ਸੱਚਮੁੱਚ ਕੋਈ ਪ੍ਰਵਾਹ ਨਹੀਂ ਕਰਦੀ,



ਕੀ ਤੁਸੀਂ ਕਰਦੇ ਹੋ)। ਉਸ ਦੇ ਇਸ ਪ੍ਰਗਟਾਵੇ ਨੂੰ ਇੱਕ ਤਰ੍ਹਾਂ ਵਿਰੋਧੀਆਂ ਨੂੰ ਚਿੜਾਉਣ ਵਾਲਾ ਮੰਨਿਆ ਗਿਆ। ਅਮਰੀਕੀ ਲੋਕਾਂ ਨੂੰ ਇਹ ਵੀ ਗਾਲ੍ਹ ਕੱਢਣ ਵਰਗੀ ਗੱਲ ਨਜ਼ਰ ਆਈ, ਤੇ ਇਹ ਗਾਲ੍ਹ ਵਰਗੀ ਗੱਲ ਹੈ ਵੀ ਸੀ।

ਸਾਡੇ ਭਾਰਤੀ ਲੋਕਾਂ ਨੂੰ ਏਦਾਂ ਦੀ ਗੱਲ ਕਿਸੇ ਲੀਡਰ ਦੇ ਪਰਿਵਾਰ ਦੇ ਕਿਸੇ ਮੈਂਬਰ ਦੀ ਜੈਕੇਟ 'ਤੇ ਲਿਖੀ ਨਜ਼ਰ ਆਉਂਦੀ ਤਾਂ ਅਸੀਂ ਸੋਚਣਾ ਸੀ, ਇਹ ਗੱਲ ਲਿਖਣ ਦੀ ਕੀ ਲੋੜ ਸੀ, ਇਹ ਤਾਂ ਸਭ ਨੂੰ ਉਂਜ ਵੀ ਪਤਾ ਹੁੰਦਾ ਹੈ ਕਿ ਲੀਡਰ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਅ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਇਹ ਵੱਡੀ ਗੱਲ ਨਹੀਂ ਸੀ ਬਣਨੀ। ਇਥੇ ਬਹੁਤ ਕੁਝ ਏਦਾਂ ਦਾ ਵਾਪਰਦਾ ਰਹਿੰਦਾ ਹੈ, ਜਿਸ ਨੂੰ ਆਮ ਗੱਲ ਮੰਨਿਆ ਜਾਂਦਾ ਹੈ ਤੇ ਇੱਕ-ਦੋ ਦਿਨ ਦੀ ਚਰਚਾ ਜੋਗਾ ਵੀ ਨਹੀਂ ਸਮਝਿਆ ਜਾਂਦਾ। ਭਾਰਤੀ ਲੀਡਰ ਦੇਸ਼ ਦੇ ਆਮ ਲੋਕਾਂ ਨੂੰ ਹੀ ਨਹੀਂ, ਆਪਣੀ ਰਾਜਸੀ ਬਰਾਦਰੀ ਵਿਚਲੇ ਵਿਰੋਧ ਦੀ ਧਿਰ ਵਾਲਿਆਂ ਨੂੰ ਵੀ ਮੂੰਹ ਪਾੜ ਕੇ ਕਦੇ ਵੀ, ਕੁਝ ਵੀ ਕਹਿ ਸਕਦੇ ਹਨ। ਇਸ ਹਫਤੇ ਫਿਰ ਏਦਾਂ ਹੋਇਆ ਹੈ।

ਪਹਿਲ ਕੀਤੀ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ। ਚਾਰ ਸਾਲ ਭਾਜਪਾ ਨਾਲ ਸੱਤਾ ਮਾਣਨ ਦੀ ਸਾਂਝ ਰੱਖੀ ਤੇ ਪੰਜਵੇਂ ਸਾਲ ਕੰਮ ਵਿਗੜਦਾ ਵੇਖ ਕੇ ਵੱਖ ਹੋ ਗਿਆ। ਉਸ ਦੇ ਨਾਲ ਜੁੜਨ ਨੂੰ ਕੋਈ ਤਿਆਰ ਨਹੀਂ ਹੋ ਰਿਹਾ ਜਾਪਦਾ। ਵਿਰੋਧ ਵਿਚ ਕਈ ਧਿਰਾਂ ਹੱਥ ਮਿਲਾਉਣ ਦੀ ਤਿਆਰੀ ਕਰ ਰਹੀਆਂ ਹਨ। ਇੱਕ ਪੱਤਰਕਾਰ ਨੇ ਇਸ ਬਾਰੇ ਪੁੱਛ ਲਿਆ ਤਾਂ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ ਕਿਹਾ, "ਮੇਰੇ ਖਿਲਾਫ ਬਾਂਦਰਾਂ ਦਾ ਗੈਂਗ ਇਕੱਠਾ ਹੁੰਦਾ ਪਿਆ ਹੈ।"

ਅਗਲੇ ਪਾਸੇ ਵਾਲੇ ਜਦੋਂ ਇਸ ਦਾ ਜਵਾਬ ਦੇਣਗੇ ਤਾਂ ਕਿਹੋ ਜਿਹਾ ਦੇਣਗੇ, ਇਸ ਦਾ ਅੰਦਾਜ਼ਾ ਲਾਉਣ ਲਈ ਇਹੋ ਮਿਸਾਲ ਕਾਫੀ ਹੈ ਕਿ ਏਦਾਂ ਦੇ ਮਾਮਲਿਆਂ ਵਿਚ ਜਿਵੇਂ ਖੂਹ ਵੱਲ ਮੂੰਹ ਕਰ ਕੇ ਕੱਢੀ ਆਵਾਜ਼ ਦੇ ਜਵਾਬ ਵਿਚ ਅੱਗੋਂ ਐਨ ਉਸੇ ਤਰ੍ਹਾਂ ਦੀ ਆਵਾਜ਼ ਆਉਂਦੀ ਹੈ, ਆਂਧਰਾ ਪ੍ਰਦੇਸ਼ ਵਿਚ ਵੀ ਆਵੇਗੀ। ਦੋਵੇਂ ਧਿਰਾਂ ਬਰਾਬਰ ਹੋਣ ਮਗਰੋਂ ਲੋਕਾਂ ਨੂੰ ਫੈਸਲਾ ਕਰਨ ਵਿਚ ਮੁਸ਼ਕਿਲ ਆਵੇਗੀ ਕਿ ਅਗਲੀ ਵਾਰੀ ਜਾਨਵਰਾਂ ਦੀ ਕਿਹੜੀ ਨਸਲ ਨੂੰ ਰਾਜ ਸੌਂਪਣਾ ਹੈ!

ਭਾਰਤ ਦੇ ਰਾਜਾਂ ਦੀ ਰਾਜਨੀਤੀ ਕਿਸ ਨੀਵਾਣ ਨੂੰ ਛੋਹ ਰਹੀ ਹੈ, ਇਸ ਵੱਲ ਵੇਖਣਾ ਬੇਲੋੜਾ ਹੈ, ਕੇਂਦਰ ਦੇ ਅਖਾੜੇ ਵਿਚ ਵੀ ਇਹੋ ਜਿਹਾ ਕੰਮ ਚੋਖਾ ਹੋਈ ਜਾਂਦਾ ਹੈ। ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਦੌਰਾਨ ਵਿਰੋਧੀ ਧਿਰ ਦੇ ਇੱਕ ਆਗੂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਲਈ 'ਨਾਮਰਦ' ਸ਼ਬਦ ਦੀ ਵਰਤੋਂ ਕੀਤੀ ਸੀ। ਅੱਜ ਕੱਲ ਕੇਂਦਰ ਵਿਚ ਇੱਕ ਮੰਤਰੀ ਏਦਾਂ ਦਾ ਹੈ, ਜਿਸ ਨੇ ਖੁਦ ਵੀ ਕਿਸੇ ਸਮੇਂ ਵਿਰੋਧੀ ਧਿਰ ਵਿਚ ਹੁੰਦਿਆਂ ਬਾਕੀ ਵਿਰੋਧੀ ਦਲਾਂ ਦੇ ਆਗੂਆਂ ਬਾਰੇ ਕਹਿ ਦਿੱਤਾ ਸੀ ਕਿ ਆਪੋ-ਆਪਣੇ ਰਾਜਾਂ ਵਿਚ ਸੋਨੀਆ ਗਾਂਧੀ ਅਤੇ ਕਾਂਗਰਸ ਦੇ ਖਿਲਾਫ ਬੋਲਦੇ ਹਨ, ਪਰ ਜਦੋਂ ਕਦੇ ਦਿੱਲੀ ਜਾਣ ਤਾਂ ਸੋਨੀਆ ਗਾਂਧੀ ਦੇ ਪੈਰਾਂ ਦੀਆਂ ਤਲੀਆਂ 'ਕੁੱਤੇ ਵਾਂਗ' ਚੱਟਦੇ ਹਨ। ਰੌਲਾ ਬਹੁਤ ਪਿਆ ਸੀ, ਪਰ ਕੁਝ ਚਿਰ ਪਿੱਛੋਂ ਇੱਕ ਮੋੜ ਉਤੇ ਮਿਹਣਾ ਦੇਣ ਵਾਲਾ ਵੀ ਤੇ ਜਿਨ੍ਹਾਂ ਨੂੰ ਮਿਹਣਾ ਦਿੱਤਾ ਸੀ, ਉਹ ਵੀ, ਸਭ ਇੱਕੋ ਮੰਚ 'ਤੇ ਇਕੱਠੇ ਬੈਠੇ ਨਜ਼ਰ ਆਏ।

ਪਿਛਲੇ ਸਾਲ ਜਨਤਾ ਦਲ (ਯੂ) ਦੇ ਇੱਕ ਆਗੂ ਨੇ ਇੱਕ ਕੇਂਦਰੀ ਮੰਤਰੀ ਦਾ ਮਹਿਕਮਾ ਬਦਲਣ ਉਤੇ ਟਿੱਪਣੀ ਕੀਤੀ ਸੀ ਕਿ ਉਸ ਨੂੰ ਕੱਪੜਾ ਮੰਤਰਾਲਾ ਦੇਣਾ ਹੀ ਠੀਕ ਹੈ, ਵਿਚਾਰੀ ਤਨ ਢਕਣ ਜੋਗੇ ਕੱਪੜੇ ਦਾ ਪ੍ਰਬੰਧ ਕਰ ਸਕੇਗੀ ਤੇ ਰਾਜ ਕਰਦੀ ਪਾਰਟੀ ਦੇ ਆਗੂਆਂ ਨੇ ਜਵਾਬੀ ਚਾਂਦਮਾਰੀ ਕੀਤੀ ਸੀ। ਕੁਝ ਹਫਤਿਆਂ ਪਿੱਛੋਂ ਜਨਤਾ ਦਲ (ਯੂ) ਨੇ ਲਾਲੂ ਪ੍ਰਸਾਦ ਦੇ ਧੜੇ ਦਾ ਸਾਥ ਛੱਡਿਆ ਤੇ ਨਰਿੰਦਰ ਮੋਦੀ ਦੇ ਧੜੇ ਨਾਲ ਆ ਗਏ ਤਾਂ ਉਸੇ ਆਗੂ ਤੇ ਉਸੇ ਮਹਿਲਾ ਮੰਤਰੀ ਦੀ ਪਾਰਲੀਮੈਂਟ ਵਿਚ ਇਕੱਠੇ ਖੜ੍ਹੇ ਹੋਣ ਦੀ ਤਸਵੀਰ ਕਿਸੇ ਅਖਬਾਰ ਨੇ ਛਾਪ ਦਿੱਤੀ ਸੀ। ਉਤਰ ਪ੍ਰਦੇਸ਼ ਵਿਚ ਦੋ ਆਗੂਆਂ ਦਾ ਮੁਲਾਇਮ ਸਿੰਘ ਨਾਲ ਨੇੜ ਹੁੰਦਾ ਸੀ, ਪਰ ਆਪੋ ਵਿਚ ਹਰ ਵੇਲੇ ਆਢਾ ਲੱਗਾ ਰਹਿੰਦਾ ਸੀ। ਇੱਕ ਵਾਰ ਇੱਕ ਜਣੇ ਨੇ ਦੂਸਰੇ ਨੂੰ ਔਰਤਾਂ ਦਾ ਦਲਾਲ ਕਹਿ ਦਿੱਤਾ। ਲੋਕ ਸੁਣ ਕੇ ਹੈਰਾਨ ਹੋ ਰਹੇ ਸਨ ਕਿ ਏਡੀ ਵੱਡੀ ਗੱਲ ਕਹਿ ਦਿੱਤੀ ਹੈ, ਪਰ ਅਗਲੇ ਆਗੂ ਨੇ ਆਪ ਹੀ ਕਹਿ ਦਿੱਤਾ ਕਿ ਮੇਰੇ ਵਾਸਤੇ ਏਦਾਂ ਦੇ ਬੋਲ ਬੋਲਦੇ ਹਨ ਤਾਂ ਬੋਲੀ ਜਾਣ, ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦਾ, ਕਿਉਂਕਿ ਮੇਰਾ ਸਭ ਨਾਲ ਨੇੜ ਹੈ। ਏਦੂੰ ਕੁਝ ਹੋਰ ਅੱਗੇ ਵਧ ਕੇ ਉਸ ਆਗੂ ਨੇ ਆਪਣੀ ਪਾਰਟੀ ਵਿਚਲੀਆਂ ਕੁਝ ਮਹਿਲਾ ਆਗੂਆਂ ਬਾਰੇ ਵੀ ਕਹਿ ਦਿੱਤਾ ਕਿ ਮੇਰਾ ਨੇੜ ਉਨ੍ਹਾਂ ਨਾਲ ਵੀ ਹੈ, ਮੇਰੇ ਖਿਲਾਫ ਦਿੱਤੇ ਗਏ ਬਿਆਨ ਬਾਰੇ ਉਨ੍ਹਾਂ ਦਾ ਪ੍ਰਤੀਕਰਮ ਪੁੱਛ ਲੈਣਾ ਚਾਹੀਦਾ ਹੈ। ਸਾਰੇ ਚੁੱਪ ਹੋ ਗਏ ਸਨ।

ਇੱਕ ਵਾਰ ਪਾਰਲੀਮੈਂਟ ਵਿਚ ਇਹ ਮੁੱਦਾ ਬੜੇ ਜ਼ੋਰ ਨਾਲ ਉਠਿਆ ਕਿ ਔਰਤਾਂ ਨੂੰ ਚੁਣੇ ਹੋਏ ਅਦਾਰਿਆਂ ਵਿਚ ਵੀ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਮੁਲਾਇਮ ਸਿੰਘ ਯਾਦਵ ਇਸ ਦੇ ਬੜਾ ਖਿਲਾਫ ਸੀ। ਇੱਕ ਦਿਨ ਉਤਰ ਪ੍ਰਦੇਸ਼ ਵਿਚ ਇੱਕ ਰੈਲੀ ਵਿਚ ਉਸ ਨੇ ਪਾਰਲੀਮੈਂਟ ਵਿਚ ਜਾਣ ਵਾਲੀਆਂ ਔਰਤਾਂ ਦੇ ਖਿਲਾਫ ਏਦਾਂ ਦੇ ਸ਼ਬਦਾਂ ਦੀ ਵਰਤੋਂ ਕੀਤੀ ਕਿ ਲੋਕ ਹੈਰਾਨ ਰਹਿ ਗਏ। ਬਹੁਤੀ ਹੈਰਾਨੀ ਇਸ ਨਾਲ ਵੀ ਹੋਈ ਕਿ ਜਦੋਂ ਮੁਲਾਇਮ



ਚੰਦਰ ਬਾਬੂ ਨਾਇਡੂ

ਸਿੰਘ ਨੇ ਇਹ ਸ਼ਬਦ ਕਹੇ, ਉਸ ਦੀ ਆਪਣੀ ਪਾਰਲੀਮੈਂਟ ਮੈਂਬਰ ਨੂੰਹ ਵੀ ਉਸੇ ਰੈਲੀ ਦੀ ਸਟੇਜ ਉਤੇ ਬੈਠੀ ਆਪਣੇ ਸਹੁਰੇ ਦੀ ਜ਼ੁਬਾਨ ਵਿਗੜੀ ਸੁਣ ਕੇ ਨੀਵੀਆਂ ਪਾਈ ਜਾਂਦੀ ਸੀ। ਅੰਨਾ ਹਜ਼ਾਰੇ ਦੀ ਲਹਿਰ ਵੇਲੇ ਭਾਜਪਾ ਦੇ ਇੱਕ ਕੇਂਦਰੀ ਆਗੂ ਨੇ ਇਹ ਸ਼ਬਦ ਵਰਤੇ ਸਨ ਕਿ ਇਸ ਨੂੰ ਆਮ ਲੋਕਾਂ ਦੀ ਲਹਿਰ ਐਵੇਂ ਕਹੀ ਜਾਂਦੇ ਹਨ, ਵੱਡੇ ਘਰਾਂ ਦੀਆਂ ਕੁਝ ਔਰਤਾਂ 'ਲਾਲੀ, ਲਪਿਸਟਿਕ ਲਾ ਕੇ ਇੰਡੀਆ ਗੇਟ ਮੁਜਾਹਰਾ ਕਰਨ ਆ ਜਾਂਦੀਆਂ ਹਨ।' ਉਸ ਨੂੰ 'ਲਿਪਸਟਿਕ' ਕਹਿਣਾ ਨਹੀਂ ਸੀ ਆਉਂਦਾ ਤੇ 'ਲਪਿਸਟਿਕ' ਸ਼ਬਦ ਵਰਤ ਰਿਹਾ ਸੀ। ਲੋਕ ਹੱਸੀ ਜਾਂਦੇ ਸਨ, ਪਰ ਉਸ ਦੇ ਨਾਲ ਬੈਠੀ ਉਸੇ ਪਾਰਟੀ ਦੀ ਮਹਿਲਾ ਨੇਤਾ ਇੰਜ ਮੁਸਕੁਰਾਈ ਜਾਂਦੀ ਸੀ, ਜਿਵੇਂ ਕੋਈ ਕਾਮੇਡੀ ਸ਼ੋਅ ਵੇਖ ਰਹੀ ਹੋਵੇ। ਇਹ ਕਾਮੇਡੀ ਸ਼ੋਅ ਤਾਂ ਹੈ ਵੀ ਸੀ।

ਇਸ ਹਫਤੇ ਜਿਵੇਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਆਪਣੇ ਵਿਰੋਧੀਆਂ ਲਈ ਗੰਦੇ ਸ਼ਬਦ ਵਰਤੇ ਹਨ, ਇਸ ਤੋਂ ਪਹਿਲਾਂ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਲਗਭਗ ਏਦਾਂ ਦੇ ਵਰਤ ਚੁਕੇ ਹਨ। ਭਾਜਪਾ ਪ੍ਰਧਾਨ ਨੇ ਕਿਹਾ ਸੀ ਕਿ ਜਿਵੇਂ ਹੜ੍ਹ ਆਇਆ ਵੇਖ ਕੇ ਸਭ ਸੱਪ, ਕੁੱਤੇ ਅਤੇ ਨਿਓਲੇ ਆਪੋ ਵਿਚ ਲੜਨਾ ਛੱਡ ਕੇ ਇੱਕੋ ਰੁੱਖ ਨਾਲ ਜਾ ਚਿੰਬੜਦੇ ਹਨ, ਓਦਾਂ ਹੀ ਨਰਿੰਦਰ ਮੋਦੀ ਦੀ ਚੜ੍ਹਤ ਵੇਖ ਕੇ ਵਿਰੋਧੀ ਧਿਰ ਦੇ ਸਾਰੇ ਆਗੂ ਭਾਜਪਾ-ਵਿਰੋਧੀ ਗੱਠਜੋੜ ਦੇ ਰੁੱਖ ਨਾਲ ਚਿੰਬੜਦੇ ਦਿਸ ਰਹੇ ਹਨ। ਇਨ੍ਹਾਂ ਦੋਵਾਂ ਦੇ ਵਰਤੇ ਗਏ ਸ਼ਬਦ ਸਿਰਾ ਨਹੀਂ, ਸਿਰਫ ਇੱਕ ਵੰਨਗੀ ਹਨ। ਲੋਕ ਸਭਾ ਚੋਣਾਂ ਦਾ ਅਜੇ ਬਿਗਲ ਨਹੀਂ ਵੱਜਾ, ਜਦੋਂ ਉਸ ਦਾ ਐਲਾਨ ਹੋਇਆ, ਸਿਰਾ ਲਾਉਣ ਵਾਲੀਆਂ ਬਾਕੀ ਗੱਲਾਂ ਉਦੋਂ ਹੋਣਗੀਆਂ।

## ਸੰਪਾਦਕ ਦੀ ਡਾਕ

# ਪ੍ਰਿੰ. ਬਲਕਾਰ ਸਿੰਘ ਬਾਜਵਾ ਦੇ ਲੇਖ ਦਾ ਸੱਚ

**ਸਤਿਕਾਰਯੋਗ ਸੰਪਾਦਕ ਜੀਓ,**

ਮੈਂ 'ਪੰਜਾਬ ਟਾਈਮਜ਼' ਦਾ ਪੱਕਾ ਪਾਠਕ ਹਾਂ ਤੇ ਇਸ ਦੀ ਨਿੱਗਰ ਸਮਗਰੀ ਦਾ ਪ੍ਰਸ਼ੰਸਕ ਵੀ ਹਾਂ। ਬੜੇ ਮਾਣ ਦੀ ਗੱਲ ਹੈ ਕਿ ਸੰਪਾਦਨ ਦੇ ਪਿੜ ਵਿਚ ਤੁਸੀਂ ਇਸ ਅਮਰੀਕੀ ਧਰਤੀ 'ਤੇ ਆਪਣੇ ਝੰਡੇ ਗੱਡੇ ਹੋਏ ਹਨ ਜੋ ਦਹਾਕਿਆਂ ਤੋਂ ਕੋਈ ਨਹੀਂ ਉਖੇੜ ਸਕਿਆ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਸੀਂ ਦਾਰਸ਼ਨਿਕ, ਰਾਜਨੀਤਕ, ਵਿਚਾਰਧਾਰਾ-ਆਤਮਿਕ, ਗਿਆਨ ਵਿਗਿਆਨ ਤੇ ਖੇਡਾਂ ਆਦਿ ਖੇਤਰਾਂ ਵਿਚ ਉਚ ਪਾਏ ਦੇ ਜਾਣਕਾਰੀ ਭਰਪੂਰ ਲੇਖ ਚੁਣ ਕੇ ਛਾਪਦੇ ਹੋ। ਇਸ ਤੋਂ ਇਲਾਵਾ ਤੁਸੀਂ ਅਖਬਾਰ ਵਿਚ ਹਮੇਸ਼ਾ ਮਿਆਰੀ ਨਵੀਆਂ, ਪੁਰਾਣੀਆਂ ਤੇ ਦੂਜੀਆਂ ਭਾਸ਼ਾਵਾਂ ਤੋਂ ਅਨੁਵਾਦਿਤ ਅਜਿਹੀਆਂ ਰਚਨਾਵਾਂ ਛਾਪਦੇ ਹੋ, ਜਿਨ੍ਹਾਂ ਦਾ ਇਕ ਇਕ ਸ਼ਬਦ ਪੜ੍ਹੇ ਬਿਨਾ ਪਾਠਕ ਅੱਗੇ ਨਹੀਂ ਤੁਰ ਸਕਦੇ। ਤੁਰਨ ਵੀ ਕਿਵੇਂ, ਤੁਸੀਂ ਇਸ ਬਹੁਮੁੱਲੀ ਸਮਗਰੀ ਦਾ ਅਜਿਹਾ ਮਿੱਠਾ ਘੋਲ ਬਣਾ ਕੇ ਪਰੋਸਦੇ ਹੋ ਕਿ ਇਕ ਇਕ ਘੁੱਟ ਵਿਚੋਂ ਅਨੂਠਾ ਰਸ ਆਉਂਦਾ ਹੈ, ਜੋ ਪਾਠਕ ਨੂੰ ਕੀਲ ਲੈਂਦਾ ਹੈ। ਮੇਰੀ ਇਸ ਪ੍ਰਸ਼ੰਸਾ ਵਿਚ ਉਨ੍ਹਾਂ ਸੈਂਕੜੇ ਪਾਠਕਾਂ ਦੀ ਰਾਏ ਸ਼ਾਮਲ ਹੈ, ਜਿਨ੍ਹਾਂ ਦਾ ਮੇਰੇ ਨਾਲ ਸਿੱਧਾ ਜਾਂ ਫੋਨ ਰਾਹੀਂ ਹਰ ਹਫਤੇ ਸੰਪਰਕ ਹੁੰਦਾ ਰਹਿੰਦਾ ਹੈ। ਕਈ ਤਾਂ ਦੱਸਦੇ ਹਨ ਕਿ ਉਹ ਸਾਲਾਂ ਤੋਂ ਇਸ ਵਡਮੁੱਲੇ ਸਾਹਿਤਕ ਖਜਾਨੇ ਦੀਆਂ ਕਾਪੀਆਂ ਸੰਭਾਲ ਕੇ ਰਖਦੇ ਆ ਰਹੇ ਹਨ।

16 ਜੂਨ ਦੇ ਪਰਚੇ ਵਿਚ ਪ੍ਰਿੰ. ਬਲਕਾਰ ਸਿੰਘ ਬਾਜਵਾ ਦਾ ਸੇਧ ਭਰਪੂਰ ਲੇਖ 'ਜੀਵਨ ਦਾਨ ਕਿਸੇ ਦਾ, ਸ਼ੁਕਰਾਨਾ ਕਿਸੇ ਹੋਰ ਦਾ' ਛਾਪ ਕੇ ਤੁਸੀਂ ਵਧਾਈ ਦੇ ਪਾਤਰ ਹੋ। ਇਸ ਲੇਖ ਦੀ ਚੋਣ ਜਿੱਥੇ ਤੁਹਾਡੀ ਨਿਰਪੇਖ ਤੇ ਅਗਾਂਹ-ਵਧੂ ਸੋਚ ਦਾ ਪ੍ਰਤੀਕ ਹੈ, ਉਥੇ ਇਹ ਤੁਹਾਡੀ ਬੇਬਾਕ ਤੇ ਪ੍ਰੌੜ੍ਹ ਸੰਪਾਦਕੀ ਦਾ ਵੀ ਸਬੂਤ ਹੈ। ਪ੍ਰਿੰਸੀਪਲ ਬਾਜਵਾ ਨੇ ਇਕ ਮਿਸਾਲ ਰਾਹੀਂ ਸਮੂਹ ਸਿੱਖ ਸੰਗਤਾਂ ਨੂੰ ਚੇਤੇ ਕਰਵਾਇਆ ਹੈ ਕਿ ਜੇ ਉਹ ਹਰ ਰੋਜ਼ ਮਨ ਲਾ ਕੇ ਵਿਵੇਕ ਦਾਨ ਤੇ ਭਰੋਸਾ ਦਾਨ ਦੀ ਕਾਮਨਾ ਕਰਦੇ ਹਨ ਤਾਂ ਗੁਰਬਾਣੀ ਦੇ ਸਹੀ ਅਰਥਾਂ ਅਨੁਸਾਰ ਇਸ 'ਤੇ ਅਮਲ ਕਰਨਾ ਵੀ ਉਨ੍ਹਾਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਨੇ ਸਹੀ ਇਸ਼ਾਰਾ ਕੀਤਾ ਹੈ ਕਿ ਵਿਵੇਕ ਤੋਂ ਬਿਨਾ ਸ਼ਰਧਾਲੂ ਦਾ ਭਰੋਸਾ ਅੰਧ-ਵਿਸ਼ਵਾਸ ਵਿਚ ਬਦਲ ਜਾਂਦਾ ਹੈ ਤੇ ਅੰਧ-ਵਿਸ਼ਵਾਸ ਦਾ ਗੁਰਬਾਣੀ ਵਿਚ ਪੂਰਨ ਤੌਰ 'ਤੇ ਖੰਡਨ ਹੈ। ਗੁਰੂ ਸਾਹਿਬ ਨੇ ਸਪਸ਼ਟ ਲਿਖਿਆ ਹੈ, "ਨ ਸਬਦੁ ਬੂਝੈ ਨ ਜਾਣੈ ਬਾਣੀ॥ ਮਨਮੁਖਿ ਅੰਧੇ ਦੁਖਿ ਵਿਹਾਣੀ॥ (ਧਨਾਸਰੀ ਮ: 3, ਪੰਨਾ 665)

ਗਿਆਨ ਦਾ ਭਾਵ ਹੈ ਵਿਵੇਕ ਜਾਂ ਤਰਕ ਆਧਾਰਤ ਗਿਆਨ। ਤਰਕ ਤੋਂ ਬਿਨਾ ਕੋਈ ਵੀ ਗਿਆਨ ਗਿਆਨ ਨਹੀਂ ਹੁੰਦਾ, ਅਟਕਲ-ਪੱਚੂ ਹੈ। ਇਸ ਨੂੰ ਸਮਝਿਆ ਨਹੀਂ ਜਾ ਸਕਦਾ, ਕੇਵਲ ਰੱਟਾ ਲਾਇਆ ਜਾ ਸਕਦਾ ਹੈ। ਵਿਵੇਕੀ ਗਿਆਨ ਵਿਚ ਕ੍ਰਿਆ ਤੇ ਉਦੇਸ਼ ਵਿਚਕਾਰ ਕਾਰਨ ਦਾ ਇਕ ਪੁਲ ਪੈਂਦਾ ਹੈ। ਹਰੇਕ ਉਦੇਸ਼ ਨੂੰ ਪ੍ਰਾਪਤ ਕਰਨ ਲਈ ਵਿਸ਼ੇਸ਼ ਕ੍ਰਿਆ ਕਰਨੀ ਪੈਂਦੀ ਹੈ। ਇਸ ਤੋਂ ਬਿਨਾ ਇਸ ਦਾ ਹੋਣਾ ਅਸੰਭਵ ਹੈ। ਗੁਰੂ ਸਾਹਿਬਾਨ ਨੇ ਇਸ ਖਾਸ ਕਿਸਮ ਦੀ ਕ੍ਰਿਆ ਨੂੰ ਕਰਮ ਦੀ ਸੰਗਿਆ ਦਿੱਤੀ ਹੈ। ਕਰਮ ਦਾ ਭਾਵ ਹੈ ਯੋਗ ਕੰਮ ਜੋ ਇਕ ਖਾਸ ਪ੍ਰਕਾਰ ਦਾ ਸਿੱਟਾ ਪੈਦਾ ਕਰਨ ਲਈ ਕੀਤਾ ਜਾਵੇ। ਕਿਸੇ ਖਾਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਸ ਅਨੁਸਾਰ ਢੁਕਵਾਂ ਕਰਮ ਕਰਨਾ ਬਣਦਾ ਹੈ। ਜੋ ਅਜਿਹਾ ਨਹੀਂ ਮੰਨਦਾ ਜਾਂ ਕਰਦਾ, ਉਸ ਲਈ ਗੁਰੂ ਸਾਹਿਬ ਲਿਖਦੇ ਹਨ, "ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥2॥" (ਆਸਾ ਮ: 2, ਪੰਨਾ 474)

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਨੇ ਮਨੁੱਖੀ ਅਨੁਭਵ ਨੂੰ ਵਿਵੇਕ ਦਾ ਆਧਾਰ ਮੰਨਦਿਆਂ ਹੀ ਹਰਿਦਵਾਰ ਦੇ ਪਾਂਡਿਆਂ ਨੂੰ ਇਹ ਦਰਸਾਇਆ ਸੀ ਕਿ ਸੂਰਜ ਨੂੰ ਪਾਣੀ ਦੇਣ ਦੀ ਕ੍ਰਿਆ ਉਨ੍ਹਾਂ ਦੇ ਉਦੇਸ਼ ਅਨੁਕੂਲ ਕਰਮ ਨਹੀਂ ਹੈ, ਇਸ ਲਈ ਇਹ ਇਕ ਪਖੰਡ ਜਾਂ ਨਿਰਮੂਲ ਕ੍ਰਿਆ ਹੈ।

ਗੁਰਬਾਣੀ ਦੇ ਇਸ ਨਿਯਮ ਨੂੰ ਲਾਗੂ ਕਰਨ ਲਈ ਹਰ ਗੁਰਸਿੱਖ ਦਾ ਫਰਜ ਹੈ ਕਿ ਉਹ ਹਰ ਵਰਤਾਰੇ ਨੂੰ ਸਹੀ ਸਮਝਣ ਲੱਗਿਆਂ ਉਸ ਦਾ ਅਸਲ ਕਾਰਕ ਲੱਭੇ। ਜੇ ਉਹ ਗਲਤ ਕਾਰਕ 'ਤੇ ਉਂਗਲੀ ਰਖਦਾ ਹੈ ਤਾਂ ਉਹ ਗੁਰੂ ਦੀ ਸਿਖਿਆ ਵਿਚ ਹਾਲੇ ਕੱਚਾ ਹੈ। ਉਸ ਦੇ ਵਿਵੇਕ ਵਿਚ ਕਮੀ ਹੈ ਤੇ ਉਹ ਸੰਪੂਰਣ ਸਿੱਖ ਨਹੀਂ ਹੈ ਭਾਵ ਉਹ ਮਨਮੁੱਖ ਹੈ। ਪ੍ਰਿੰ. ਬਾਜਵਾ ਨੇ ਵਿਵੇਕੀ ਸਿੱਖ ਹੋਣ ਦੇ ਨਾਤੇ ਸਹੀ ਮਿਸਾਲ ਦੇ ਕੇ ਦੱਸਿਆ ਹੈ ਕਿ ਜੇ ਕੋਈ ਇਲਾਜ਼ ਤਾਂ ਹਸਪਤਾਲ ਦੇ ਡਾਕਟਰ ਤੋਂ ਕਰਵਾਏ ਤੇ ਸ਼ੁਕਰਾਨੇ ਦਾ ਪਾਠ ਕਿਤੇ ਹੋਰ ਕਰਵਾਵੇ ਤਾਂ ਕ੍ਰਿਆ ਤੇ ਕ੍ਰਿਆ-ਫਲ ਵਿਚਕਾਰ ਕਾਰਕ ਦਾ ਸਹੀ ਮੇਲ ਨਹੀਂ ਬਣਦਾ। ਅਥਵਾ ਇਹ ਵਿਸ਼ਵਾਸ ਨਹੀਂ, ਅੰਧ-ਵਿਸ਼ਵਾਸ ਹੈ। ਇਸ ਲਈ ਇਹ ਗੁਰਮਤਿ ਨਹੀਂ, ਮਨਮੱਤ ਹੈ।

ਪ੍ਰਿੰ. ਬਾਜਵਾ ਨੇ ਇਹ ਵੀ ਦਰੁਸਤ ਲਿਖਿਆ ਹੈ ਕਿ ਇਸ ਤਰ੍ਹਾਂ ਦੀ ਮਨਮੱਤ ਕਾਰਨ ਸਿੱਖੀ ਵਿਚ ਵੀ ਉਹੋ ਜਿਹੇ ਕਰਮ-ਕਾਂਡ ਪੈਦਾ ਹੋ ਗਏ ਹਨ, ਜਿਨ੍ਹਾਂ ਦਾ ਬਾਣੀ ਵਿਚ ਖੰਡਨ ਕੀਤਾ ਗਿਆ ਹੈ। ਸਿੱਖ ਸੰਗਤ ਖੁਦ ਬਾਣੀ ਪੜ੍ਹਦੀ ਨਹੀਂ ਤੇ ਨਾ ਹੀ ਇਸ ਦੇ ਅਰਥ ਕਰਦੀ ਹੈ। ਅਰਥ ਕਰਨੇ ਸੌਖੇ ਵੀ ਨਹੀਂ ਕਿਉਂਕਿ ਗੁਰਬਾਣੀ ਦਰਸ਼ਨ ਤੇ ਵਿਗਿਆਨ ਦੀ ਸਿਖਰ ਹੈ। ਇਸ ਦੇ ਸਮਝਣ ਲਈ ਇਨ੍ਹਾਂ ਦੋਹਾਂ ਵਿਸ਼ਿਆਂ ਵਿਚ ਪਰਪੱਕਤਾ ਹਾਸਲ ਕਰਨਾ ਜਰੂਰੀ ਹੈ। ਪਰ ਉਚ-ਸਿਖਿਆ ਦੀ ਘਾਟ ਕਾਰਨ ਅਜਿਹੀ ਵਿਦਿਆ ਜਨ ਸਾਧਾਰਨ ਦੀ ਪਹੁੰਚ ਤੋਂ ਦੂਰ ਹੈ। ਇਸ ਲਈ ਬਹੁਤੀ ਸਿੱਖ ਸੰਗਤ ਜਗਿਆਸੂ ਹੋਣ ਦੀ ਥਾਂ ਸ਼ਰਧਾਲੂ ਬਣਨ ਲਈ ਮਜ਼ਬੂਰ ਹੋ ਜਾਂਦੀ ਹੈ। ਇਸ ਨੂੰ ਗੁਰਬਾਣੀ ਨਾਲ ਦਿਮਾਗ ਦੀ ਕੜੀ ਜੋੜਨ ਲਈ ਅਜਿਹੀ ਮੱਧ-ਵਰਤੀ ਜਮਾਤ ਦਾ ਸਹਾਰਾ ਲੈਣਾ ਪੈਂਦਾ ਹੈ, ਜਿਸ ਦੇ ਨੁਮਾਇੰਦੇ ਆਪ ਵੀ ਇਸ ਇਲਮ ਤੋਂ ਕੋਰੇ ਹਨ। ਇੰਨਾ ਹੀ ਨਹੀਂ, ਪੇਸ਼ਾਵਰ ਹੋਣ ਕਰਕੇ ਇਸ ਜਮਾਤ ਦਾ ਵਧੇਰੇ ਹਿੱਤ ਬਾਣੀ ਦੇ ਸਹੀ ਪ੍ਰਚਾਰ ਨਾਲ ਨਹੀਂ ਸਗੋਂ ਸ਼ਰਧਾਲੂਆਂ ਨੂੰ ਤਰਕ-ਹੀਣ ਕਥਾਵਾਂ ਰਾਹੀਂ ਭਰਮਾ ਕੇ ਆਪਣੇ ਪ੍ਰਭਾਵ ਨਾਲ ਜੋੜੀ ਰੱਖਣ ਤੀਕ ਸੀਮਤ ਹੁੰਦਾ ਹੈ।

ਪ੍ਰਿੰ. ਬਾਜਵਾ ਨੇ ਠੀਕ ਲਿਖਿਆ ਹੈ ਕਿ ਅਜਿਹੀ ਕ੍ਰਿਆ ਦੇ ਚਲਣ ਨਾਲ ਸੰਗਤ ਅੰਧਵਿਸ਼ਵਾਸੀ ਤੇ ਕਰਮ-ਕਾਂਡੀ ਹੋ ਜਾਂਦੀ ਹੈ। ਫਿਰ ਉਹ ਫਸਲ ਨੂੰ ਹਲ ਵਾਹ ਕੇ ਬੀਜਦੀ ਆਪ ਹੈ, ਇਸ ਨੂੰ ਖਾਦ ਪਾਣੀ ਆਪ ਲਾਉਂਦੀ ਹੈ ਪਰ ਚੰਗੀ ਫਸਲ ਹੋਣ ਦਾ ਸਿਹਰਾ ਕਿਸੇ ਹੋਰ ਦੇ ਸਿਰ ਬੰਨਦੀ ਹੈ। ਇਹ ਬੇਇਨਸਾਫੀ ਦਾ ਨਿਜ਼ਾਮ ਉਸਰਦੀ ਹੈ ਜਿਸ ਵਿਚ ਮਿਹਨਤ ਕੋਈ ਕਰਦਾ ਹੈ ਤੇ ਫਲ ਕੋਈ ਹੋਰ ਖਾਂਦਾ ਹੈ। ਗੱਲ ਇਥੇ ਹੀ ਖਤਮ ਨਹੀਂ ਹੁੰਦੀ ਅਜਿਹੀ ਸੰਗਤ ਫਿਰ ਬਾਬਾ ਜੀ ਨੂੰ ਭੋਗ ਲਗਾਉਂਦੀ ਹੈ, ਪੀਹੜੀ ਦੇ ਪਾਵੇ ਘੁਟਦੀ ਹੈ, ਪੱਖਾ-ਹੀਟਰ ਲਾਉਂਦੀ ਹੈ ਤੇ ਅਜਿਹੇ ਕਈ ਹੋਰ ਕਰਮ ਕਾਂਡੀ ਕਾਰਜ ਕਰਦੀ ਹੈ। ਇਹ ਗੁਰੂ ਨਾਨਕ ਦੀ ਸਿਖਿਆ ਨਹੀਂ ਹੈ।

ਪ੍ਰਿੰ. ਬਾਜਵਾ ਨੇ ਤੀਜੇ ਗੁਰੂ ਸਾਹਿਬ ਤੁਕ ਵਰਤਣ ਲੱਗਿਆਂ ਉਸ ਦੇ ਸ਼ੁਰੂ ਵਿਚ 'ਬਾਣੀ ਗੁਰੂ' ਦੀ ਥਾਂ 'ਸ਼ਬਦ ਗੁਰੂ' ਲਿਖਿਆ ਹੈ ਜੋ ਇਕ ਅਸ਼ੁਧੀ ਹੈ। ਪਰ ਇਸ ਤਕਨੀਕੀ ਅਸ਼ੁਧੀ ਦੇ ਬਾਵਜੂਦ ਅਰਥ ਬਹੁਤੇ ਬਦਲੇ ਨਹੀਂ ਕਿਉਂਕਿ ਗੁਰੂ ਸਾਹਿਬਾਨ ਨੇ ਆਪ ਕਈ ਥਾਂ ਸ਼ਬਦ ਨੂੰ ਵੀ ਗੁਰੂ ਲਿਖਿਆ ਹੈ। ਮਿਸਾਲ ਵਜੋਂ ਗੁਰੂ ਅਰਜਨ ਦੇਵ ਲਿਖਦੇ ਹਨ, "ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦਿਨਾ ਜੀਉ॥ (ਮਾਝ ਮ: 5 ਪੰਨਾ 100) ਪਰ ਇਸ ਦਾ ਭਾਵ ਇਹ ਨਹੀਂ ਕਿ ਬਾਣੀ ਨੂੰ ਅਸ਼ੁਧ ਲਿਖਿਆ ਜਾਵੇ। ਸੋ ਲੇਖਕ ਦੀ ਜਿੰਮੇਵਾਰੀ ਬਣਦੀ ਹੈ ਕਿ ਹਰ ਤੁਕ ਦੀ ਸ਼ੁਧਤਾ ਨੂੰ ਲਿਖਣ ਤੋਂ ਪਹਿਲਾਂ ਤੇ ਲਿਖਣ ਤੋਂ ਬਾਅਦ ਗਹੁ ਨਾਲ ਪਰਖ ਲਵੇ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

## ਸੈਂਚਰੀ ਮਾਰਨ ਜਾ ਰਿਹੈ ਜਸਵੰਤ ਸਿੰਘ ਕੰਵਲ

ਜਸਵੰਤ ਸਿੰਘ ਕੰਵਲ ਦੇ ਸੌਵੇਂ ਜਨਮ ਦਿਵਸ ਮੌਕੇ ਮੈਂ ਇਕ ਲੇਖ 'ਸੈਂਚਰੀ ਮਾਰਨ ਜਾ ਰਿਹੈ ਜਸਵੰਤ ਸਿੰਘ ਕੰਵਲ' ਦੇ ਸਿਰਲੇਖ ਹੇਠ ਭੇਜਿਆ ਸੀ। ਪਰ ਤੁਸੀਂ ਸਿਰਲੇਖ ਛਾਪ ਦਿੱਤੈ 'ਸੈਂਚਰੀ ਮਾਰ ਗਿਆ ਸਾਡਾ ਜਸਵੰਤ ਸਿੰਘ ਕੰਵਲ'। ਪਹਿਲੇ ਪੈਰੇ ਦੀਆਂ ਕੁਝ ਸਤਰਾਂ ਵੀ ਬਦਲ ਦਿੱਤੀਆਂ ਹਨ। ਇਸ ਨਾਲ ਪਾਠਕਾਂ ਨੂੰ ਭੁਲੇਖਾ ਲੱਗ ਗਿਆ ਹੈ ਜਿਵੇਂ ਕੰਵਲ ਸੱਚਮੁੱਚ ਸੌ ਸਾਲ ਦਾ ਹੋ ਗਿਆ ਹੋਵੇ।

ਕੰਵਲ ਦਾ ਜਨਮ 27 ਜੂਨ 1919 ਨੂੰ ਹੋਇਆ ਸੀ ਜੋ ਉਸ ਦਾ ਪਹਿਲਾ ਜਨਮ ਦਿਨ ਸੀ। 27 ਜੂਨ 2018 ਨੂੰ ਉਸ ਦਾ ਸੌਵਾਂ ਜਨਮ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸੈਂਚਰੀ ਮਾਰਨ ਦਾ ਦਿਨ ਤਾਂ 27 ਜੂਨ 2019 ਨੂੰ ਆਵੇਗਾ। ਜੇ ਸੈਂਚਰੀ ਵੱਜ ਗਈ ਤਾਂ ਵਿਸ਼ਵ ਲੇਖਕਾਂ ਵਿਚ ਸਾਡੇ ਕੰਵਲ ਦਾ ਵਿਸ਼ਵ ਰਿਕਾਰਡ ਹੋਵੇਗਾ। ਲੇਖਕਾਂ 'ਚ ਹਾਲੇ ਲੰਮੇਰੀ ਉਮਰ ਦਾ ਰਿਕਾਰਡ ਭਾਈ ਜੋਧ ਸਿੰਘ ਦਾ ਹੈ, ਜੋ 99 ਸਾਲ 6 ਮਹੀਨੇ 4 ਦਿਨ ਜੀਵਿਆ ਸੀ।

*-ਸਰਵਣ ਸਿੰਘ ਬਰੈਂਪਟਨ*

---

***ਨੋਟ: ਪ੍ਰਿੰ. ਸਰਵਣ ਸਿੰਘ ਦੀ ਗੱਲ ਦਰੁਸਤ ਹੈ ਅਤੇ ਅਸੀਂ ਇਸ ਗਲਤੀ ਲਈ ਖਿਮਾ ਦੇ ਜਾਚਕ ਹਾਂ। ਭਵਿੱਖ ਵਿਚ ਅਜਿਹੀ ਗਲਤੀ ਨਾ ਹੋਵੇ, ਵੱਧ ਧਿਆਨ ਦੇਣ ਦੀ ਕੋਸ਼ਿਸ਼ ਕਰਾਂਗੇ। -ਸੰਪਾਦਕ***

ਪੰਜਾਬ ਟਾਈਮਜ਼

*ਸਨਿਚਰਵਾਰ, 7 ਜੁਲਾਈ 2018*

# ਨਸ਼ੇ ਤੇ ਪੰਜਾਬ ਸਰਕਾਰ ਦੀ ਖਾਨਾਪੂਰਤੀ

ਪੰਜਾਬ ਵਿਚ ਨਸ਼ਿਆਂ ਖਿਲਾਫ ਉਠੀ ਆਪ-ਮੁਹਾਰੀ ਮੁਹਿੰਮ ਦਾ ਅਸਰ ਦਿਸਿਆ ਹੈ। ਵੱਖ ਵੱਖ ਥਾਈਂ ਅਣਗਿਣਤ ਲੋਕਾਂ ਨੇ ਰੋਸ ਵਿਖਾਵੇ ਕੀਤੇ ਹਨ ਅਤੇ ਸਭ ਤੋਂ ਵੱਡੀ ਗੱਲ, ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਇਸ ਮਸਲੇ ਬਾਰੇ ਵਿਚਾਰ ਕਰਨ ਲਈ ਉਚੇਚੀ ਮੀਟਿੰਗ ਸੱਦਣੀ ਪੈ ਗਈ। ਇਸ ਮੀਟਿੰਗ ਵਿਚ ਮੁੱਖ ਮੰਤਰੀ ਅਮਰਿੰਦਰ ਸਿੰਘ ਬੁਰੀ ਤਰ੍ਹਾਂ ਘਿਰ ਗਏ ਅਤੇ ਪੁਲਿਸ ਮੁਖੀ ਸੁਰੇਸ਼ ਅਰੋੜਾ ਸਮੇਤ ਹੋਰ ਉਚ ਅਫਸਰਾਂ ਦੀ ਕਾਰਗੁਜ਼ਾਰੀ ਉਤੇ ਵੀ ਸਵਾਲੀਆ ਨਿਸ਼ਾਨ ਲਾਇਆ ਗਿਆ। ਇਉਂ ਪਹਿਲੇ ਹੀ ਝਟਕੇ ਤਹਿਤ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ, ਜਿਸ ਦਾ ਨਾਂ ਇਨ੍ਹਾਂ ਮਾਮਲਿਆਂ ਵਿਚ ਵਾਹਵਾ ਵੱਜਦਾ ਰਿਹਾ ਹੈ, ਨੂੰ ਬਦਲ ਦਿੱਤਾ ਹੈ। ਇਹੀ ਨਹੀਂ, ਕੁੜੀਆਂ ਨੂੰ ਨਸ਼ਿਆਂ ਦੀ ਆਦਤ ਲਾਉਣ ਦੇ ਦੋਸ਼ਾਂ ਵਿਚ ਘਿਰੇ ਡੀ.ਐਸ.ਪੀ. ਦਲਜੀਤ ਸਿੰਘ ਢਿੱਲੋਂ ਨੂੰ ਬਰਤਰਫ਼ ਕਰ ਦਿੱਤਾ ਗਿਆ ਹੈ। ਉਸ ਨੂੰ 28 ਜੂਨ ਨੂੰ ਮੁਅੱਤਲ ਕੀਤਾ ਗਿਆ ਸੀ। ਸੂਹ ਹੈ ਕਿ ਦੋ ਦਰਜਨ ਤੋਂ ਵੱਧ ਦਾਗੀ ਪੁਲਿਸ ਅਧਿਕਾਰੀਆਂ ਵਿਰੁਧ ਵੀ ਸਖਤ ਕਾਰਵਾਈ ਕੀਤੀ ਜਾਵੇਗੀ। ਇਕ ਮੰਤਰੀ ਵਲੋਂ ਦਿਖਾਈ ਤਸਵੀਰ ਤੋਂ ਬਾਅਦ ਮੁੱਖ ਮੰਤਰੀ ਨੇ ਸਵੀਕਾਰ ਕੀਤਾ ਹੈ ਕਿ ਸੂਬੇ ਵਿਚ ਨਸ਼ਿਆਂ ਦੇ ਕਹਿਰ ਕਾਰਨ ਸੂਬੇ ਦੀ ਜਵਾਨੀ ਗਰਕ ਹੋ ਰਹੀ ਹੈ ਅਤੇ ਇਸ ਬਾਰੇ ਤੁਰੰਤ ਕੁਝ ਕਰਨ ਦੀ ਜ਼ਰੂਰਤ ਹੈ। ਵਜ਼ਾਰਤ ਨੇ ਸੂਬੇ ਵਿਚ ਨਸ਼ੀਲੇ ਪਦਾਰਥਾਂ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਕਾਰਨ ਪੈਦਾ ਹੋਏ ਰੋਹ ਦੇ ਮੱਦੇਨਜ਼ਰ ਨਸ਼ੀਲੇ ਪਦਾਰਥਾਂ ਦੇ ਧੰਦੇ ਨੂੰ ਵੱਡਾ ਅਪਰਾਧ ਮੰਨਦਿਆਂ ਇਸ ਦੇ ਸੌਦਾਗਰਾਂ ਅਤੇ ਸਮਗਲਰਾਂ ਨੂੰ ਮੌਤ ਦੀ ਸਜ਼ਾ ਦੇਣ ਲਈ ਕੇਂਦਰ ਸਰਕਾਰ ਨੂੰ ਸਿਫਾਰਿਸ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਹੀ ਨਸ਼ੀਲੇ ਪਦਾਰਥਾਂ ਦੀ ਬੇਰੋਕ-ਟੋਕ ਸਮਗਲਿੰਗ ਨੂੰ ਹਰ ਰੋਜ਼ ਚੈਕ ਕਰਨ ਵਾਸਤੇ ਵਧੀਕ ਮੁੱਖ ਸਕੱਤਰ (ਗ੍ਰਹਿ) ਐਨ.ਐਸ. ਕਲਸੀ ਦੀ ਅਗਵਾਈ ਹੇਠ ਵਿਸ਼ੇਸ਼ ਕਾਰਜ ਗਰੁਪ ਕਾਇਮ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ ਜੋ ਨਸ਼ਿਆਂ 'ਤੇ ਕਾਬੂ ਪਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਸਮੀਖਿਆ ਅਤੇ ਨਿਗਰਾਨੀ ਕਰੇਗਾ। ਮੁੱਖ ਮੰਤਰੀ ਦੀ ਅਗਵਾਈ ਹੇਠ ਕੈਬਨਿਟ ਸਬ-ਕਮੇਟੀ ਵੀ ਬਣਾਈ ਗਈ ਹੈ ਅਤੇ ਵਿਸ਼ੇਸ਼ ਕਾਰਜ ਗਰੁਪ ਕਮੇਟੀ ਨੂੰ ਸਿੱਧੇ ਤੌਰ 'ਤੇ ਰਿਪੋਰਟ ਕਰੇਗਾ। ਇਹ ਕਮੇਟੀ ਹਫ਼ਤੇ ਵਿਚ ਇਕ ਵਾਰ ਮੀਟਿੰਗ ਕਰਕੇ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੀ ਪ੍ਰਗਤੀ ਅਤੇ ਹਾਲਾਤ ਦਾ ਜਾਇਜ਼ਾ ਲਿਆ ਕਰੇਗੀ। ਮੀਟਿੰਗ ਦਾ ਮਿਜ਼ਾਜ ਇੰਨਾ ਤਲਖ ਅਤੇ ਤਿੱਖਾ ਸੀ ਕਿ ਇਕ ਮੰਤਰੀ ਨੇ ਤਾਂ ਮੁੱਖ ਮੰਤਰੀ ਨੂੰ ਉਹ ਤਸਵੀਰ ਵੀ ਦਿਖਾ ਦਿੱਤੀ ਜਿਸ ਵਿਚ ਉਹ ਚੋਣਾਂ ਤੋਂ ਪਹਿਲਾਂ ਨਸ਼ਿਆਂ ਦੇ ਖ਼ਾਤਮੇ ਲਈ ਗੁਟਕਾ ਹੱਥ ਵਿਚ ਲੈ ਕੇ ਸਹੁੰ ਚੁੱਕ ਰਹੇ ਹਨ, ਇਸ ਫੋਟੋ ਵਿਚ ਉਨ੍ਹਾਂ ਦੇ ਮੂੰਹ ਉਤੇ ਕਾਲਖ ਮਲੀ ਹੋਈ ਸੀ। ਇਸ ਮੰਤਰੀ ਨੂੰ ਭਲਕ ਦੀ ਤਸਵੀਰ ਦਿਸ ਰਹੀ ਸੀ ਅਤੇ ਉਸ ਨੇ ਕਿਹਾ ਵੀ ਕਿ ਲੋਕਾਂ ਦਾ ਗੁੱਸਾ ਇਸ ਕਦਰ ਵਧ ਰਿਹਾ ਹੈ, ਭਲਕੇ ਮੰਤਰੀਆਂ-ਵਿਧਾਇਕਾਂ ਦੇ ਮੂੰਹਾਂ 'ਤੇ ਵੀ ਕਾਲਖ ਮਲਣ ਦੀਆਂ ਕਾਰਵਾਈਆਂ ਹੋ ਸਕਦੀਆਂ ਹਨ।

ਇਹ ਅਸਲ ਵਿਚ ਲੋਕਾਂ ਵਲੋਂ ਨਸ਼ਿਆਂ ਖਿਲਾਫ ਹੇਠੋਂ ਉਠੀ ਮੁਹਿੰਮ ਦਾ ਹੀ ਅਸਰ ਹੈ। ਸੂਬੇ ਅੰਦਰ ਪਿਛਲੇ ਕੁਝ ਦਿਨਾਂ ਦੌਰਾਨ ਜਿਸ ਢੰਗ ਨਾਲ ਮੌਤਾਂ ਹੋਈਆਂ ਹਨ, ਉਸ ਨਾਲ ਲੋਕਾਂ ਦੇ ਸਬਰ ਦਾ ਪਿਆਲਾ ਆਖਰਕਾਰ ਭਰ ਗਿਆ। ਲੋਕ, ਆਗੂਆਂ ਦੇ ਨਾਂ ਲੈ-ਲੈ ਕੇ ਉਨ੍ਹਾਂ ਖਿਲਾਫ ਕਾਰਵਾਈ ਮੰਗ ਰਹੇ ਹਨ। ਸੂਹ ਹੈ ਕਿ ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਵੀ ਪੰਜਾਬ ਕਾਂਗਰਸ ਦੇ ਮੁਖੀ ਸੁਨੀਲ ਜਾਖੜ ਨੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈ ਕੇ ਕਿਹਾ ਕਿ ਜੇ ਇਸ ਸ਼ਖਸ ਖਿਲਾਫ ਹੁਣ ਵੀ ਕੋਈ ਕਾਰਵਾਈ ਨਹੀਂ ਕਰਨੀ ਤਾਂ ਚੂੜੀਆਂ ਪਾ ਕੇ ਬੈਠ ਜਾਣਾ ਚਾਹੀਦਾ ਹੈ। ਇਸ ਮਾਮਲੇ 'ਤੇ ਦੋਹਾਂ ਵਿਰੋਧੀ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਨਸ਼ਿਆਂ ਵਾਲੇ ਕੇਸ ਵਿਚ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਵਾਲੀ ਗੱਲ ਲੋਕ ਭੁੱਲੇ ਨਹੀਂ ਹਨ। ਉਧਰ, ਅਕਾਲੀ ਦਲ ਦੇ ਆਗੂ ਤਾਂ ਇਸ ਮਾਮਲੇ ਬਾਰੇ ਕੁਝ ਕਹਿਣ ਜੋਗੇ ਵੀ ਨਹੀਂ ਹਨ। ਉਂਜ ਆਪ-ਮੁਹਾਰੀ ਉਠੀ ਇਸ ਲਹਿਰ ਬਾਰੇ ਇਕ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਬਿਨਾਂ ਕਿਸੇ ਅਗਵਾਈ ਤੋਂ ਅਜਿਹੀ ਮੁਹਿੰਮ ਆਖਰ ਕਿਥੇ ਤੱਕ ਮਾਰ ਕਰ ਸਕੇਗੀ। ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇ ਇਸ ਮੁਹਿੰਮ ਨੂੰ ਸਹੀ ਦਿਸ਼ਾ ਨਾ ਦਿੱਤੀ ਗਈ ਤਾਂ ਇਹ ਆਖਕਰਕਾਰ ਕਿਸੇ ਧਿਰ ਦੇ ਸਿਆਸੀ ਫਾਇਦੇ ਦਾ ਸਬੱਬ ਬਣ ਜਾਵੇਗੀ। ਕੁਝ ਇਕ ਨੇ ਇਸ ਮੁਹਿੰਮ ਨੂੰ ਸਿਰਫ 'ਫੇਸਬੁੱਕੀ' ਮੁਹਿੰਮ ਆਖਿਆ ਹੈ। ਕੁਝ ਵੀ ਹੋਵੇ, ਇਸ ਮੁਹਿੰਮ ਨੇ ਦਿਖਾ ਦਿੱਤਾ ਹੈ ਕਿ ਜਦੋਂ ਆਗੂ ਅਗਵਾਈ ਕਰਨ ਦੇ ਸਮਰੱਥ ਨਹੀਂ ਰਹਿੰਦੇ ਤਾਂ ਲੋਕ ਖੁਦ ਅਗਵਾਈ ਲਈ ਨਿਕਲ ਤੁਰਦੇ ਹਨ। ਕੁਝ ਮਾਹਿਰਾਂ ਨੇ ਵਜ਼ਾਰਤੀ ਮੀਟਿੰਗ ਦੇ ਫੈਸਲਿਆਂ ਨੂੰ ਹੰਝੂ ਪੂੰਝਣ ਦੇ ਤੁਲ ਆਖਿਆ ਹੈ ਅਤੇ ਕਿਹਾ ਹੈ ਕਿ ਹੁਣ ਠੋਸ ਕਾਰਵਾਈ ਦੀ ਜ਼ਰੂਰਤ ਹੈ। ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਦਾ ਆਪਣਾ ਕੇਸ ਐਨਫੋਰਸਮੈਂਟ ਡਾਇਰੈਕਟੋਰੇਟ ਕੋਲ ਬਕਾਇਆ ਪਿਆ ਹੈ ਅਤੇ ਇਹ ਮਹਿਕਮਾ ਸਿੱਧਾ ਕੇਂਦਰੀ ਵਿਤ ਮੰਤਰੀ ਅਰੁਣ ਜੇਤਲੀ ਕੋਲ ਹੈ ਜਿਸ ਨੇ ਪਿਛਲੇ ਸਮੇਂ ਦੌਰਾਨ ਇਕ ਅਕਾਲੀ ਆਗੂ ਨੂੰ ਬਚਾਉਣ ਲਈ ਹਰ ਹੀਲਾ ਕੀਤਾ ਸੀ। ਹੁਣ ਦੇਖਣਾ ਇਹ ਹੈ ਕਿ ਖੁਦ ਕੁੜਿੱਕੀ ਵਿਚ ਫਸੇ ਕੈਪਟਨ ਅਮਰਿੰਦਰ ਸਿੰਘ ਕਿੰਨੀ ਕੁ ਤਕੜੀ ਕਾਰਵਾਈ ਕਰਦੇ ਹਨ ਜਾਂ ਫਿਰ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਬਹੁਤ ਵੱਡਾ ਫੈਸਲਾ ਕਰਦਿਆਂ ਉਨ੍ਹਾਂ ਦੀ ਥਾਂ ਪੰਜਾਬ ਸਰਕਾਰ ਦੀ ਵਾਗਡੋਰ ਕਿਸੇ ਹੋਰ ਲੀਡਰ ਦੇ ਹੱਥ ਦੇਣ ਦਾ ਜੇਰਾ ਦਿਖਾਉਂਦੀ ਹੈ। ਲੋਕਾਂ ਦਾ ਤਿੱਖਾ ਰੋਹ ਦਰਸਾ ਰਿਹਾ ਹੈ ਕਿ ਹੁਣ ਕੁਝ ਕੀਤੇ ਬਗੈਰ ਸਰਨਾ ਨਹੀਂ ਅਤੇ ਨਵਾਂ ਅਧਿਆਏ ਲਿਖੇ ਜਾਣ ਦਾ ਵਕਤ ਹੁਣ ਆ ਗਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਸ਼ਿਆਂ ਖਿਲਾਫ ਨੁਸਖਾ!*

ਕਿਹਾ ਹੋਇਆ ਏ ਸੱਚ ਸਿਆਣਿਆਂ ਨੇ, ਭੂਤ ਲਾਤੋਂ ਕੇ ਬਾਤੋਂ ਸੇ ਮਾਨਤੇ ਨਹੀਂ।
ਯਾਰੀ ਜਿਨ੍ਹਾਂ ਦੀ 'ਉਤਲਿਆਂ' ਨਾਲ ਹੁੰਦੀ, ਕੋਈ ਕੜਾ-ਕਾਨੂੰਨ ਪਹਿਚਾਨਤੇ ਨਹੀਂ।
ਹੁੰਦਾ ਜਿਨ੍ਹਾਂ ਦੇ ਮੂੰਹਾਂ ਨੂੰ ਲਹੂ ਲੱਗਾ, ਉਹ ਅਪੀਲਾਂ-ਦਲੀਲਾਂ ਨੂੰ ਜਾਨਤੇ ਨਹੀਂ।
ਗੁਰੂਆਂ, ਪੀਰਾਂ ਦੇ ਵਾਸਤੇ ਪਾਉ ਭਾਵੇਂ, ਉਹ ਧਰਮ-ਈਮਾਨ ਸਨਮਾਨਤੇ ਨਹੀਂ।
ਆਪੋ ਆਪਣੇ ਜੀਅ ਸੰਭਾਲ ਲਈਏ, ਨਸ਼ੇ ਰੋਕਣਗੇ ਨਹੀਂ ਸਰਕਾਰੀਏ ਜੀ।
ਨਸ਼ੇ ਵੰਡਦਾ ਜਿਹੜਾ ਕੋਈ ਹੱਥ ਆਵੇ, ਉਹਦੀ ਰੱਜ ਕੇ ਭੁਗਤ ਸਵਾਰੀਏ ਜੀ!

# ਪੰਜਾਬ ਦੇ ਮੁੱਖ ਮੁੱਦੇ ਤੇ ਲੀਡਰਾਂ ਦੀ ਨਾਲਾਇਕੀ

*ਪੰਜਾਬ ਦੇ ਮੁੱਦਿਆਂ ਬਾਰੇ ਗੱਲ ਤੋਰਨ ਦੇ ਮਾਮਲੇ ਵਿਚ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਫਿਲਹਾਲ ਬੌਣੀ ਸਾਬਤ ਹੋ ਰਹੀ ਹੈ। ਕੇਂਦਰ ਸਰਕਾਰ ਨੇ ਉਹੀ ਵਿਤਕਰੇ ਵਾਲਾ ਪੈਂਤੜਾ ਮੱਲਿਆ ਹੋਇਆ ਹੈ ਅਤੇ ਇਸ ਬਾਰੇ ਨਾ ਸੱਤਾ ਧਾਰੀ ਅਤੇ ਨਾ ਹੀ ਵਿਰੋਧੀ ਧਿਰ ਕੋਈ ਆਵਾਜ਼ ਬੁਲੰਦ ਕਰ ਰਹੀ ਹੈ। ਸਾਰੇ ਆਪੋ-ਆਪਣੀ ਸਿਆਸਤ ਵਿਚ ਰੁਝੇ ਹੋਏ ਹਨ ਜਿਹੜੀ ਸੂਬੇ ਦਾ ਕੁਝ ਵੀ ਨਹੀਂ ਸੰਵਾਰ ਰਹੀ। ਪੰਜਾਬ ਦੇ ਇਸ ਸਿਆਸੀ ਹਾਲਾਤ ਬਾਰੇ ਟਿੱਪਣੀ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਤੇਲ ਦੀਆਂ ਕੀਮਤਾਂ ਬਾਰੇ ਅਕਾਲੀਆਂ ਦੀ ਖ਼ਾਮੋਸ਼ੀ ਉਤੇ ਸਵਾਲੀਆ ਨਿਸ਼ਾਨ ਲਾਇਆ ਹੈ। ਹੁਣ ਜਦੋਂ ਤੇਲ ਦੀ ਦਰਾਮਦੀ ਕੀਮਤ 69 ਡਾਲਰ ਫੀ ਬੈਰਲ ਹੈ ਤਾਂ ਮੋਦੀ ਸਰਕਾਰ ਡੀਜ਼ਲ 67 ਰੁਪਏ ਲਿਟਰ ਦੇ ਹਿਸਾਬ ਵੇਚ ਰਹੀ ਹੈ। ਜਾਖੜ ਦਾ ਦਾਅਵਾ ਹੈ ਕਿ ਕੇਂਦਰ ਵਿਚ ਯੂ.ਪੀ.ਏ. ਦੀ ਸਰਕਾਰ ਵੇਲੇ ਜਦੋਂ ਤੇਲ ਦਾ ਦਰਾਮਦੀ ਭਾਅ 104 ਡਾਲਰ ਫੀ ਬੈਰਲ ਸੀ ਤਾਂ ਡੀਜ਼ਲ ਦੀ ਕੀਮਤ 41 ਰੁਪਏ ਲਿਟਰ ਸੀ। ਜਾਖੜ ਪੰਜਾਬ ਦੇ ਉਨ੍ਹਾਂ ਕੁਝ ਕੁ ਸੰਜਮੀ ਅਤੇ ਬੇਦਾਗ਼ ਲੀਡਰਾਂ ਵਿਚੋਂ ਹਨ

**ਨਿਰਮਲ ਸੰਧੂ**

ਜੋ ਦਲੀਲ ਅਤੇ ਤੱਥਾਂ ਨਾਲ ਆਪਣੀ ਗੱਲ ਕਰਦੇ ਹਨ।


ਪਰ ਐਤਕੀਂ ਉਹ ਸਹੀ ਨਹੀਂ ਹਨ। ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵੱਲੋਂ 2019 ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਈਵਾਲਾਂ ਨੂੰ ਪਤਿਆਉਣ ਲਈ ਚਲਾਏ ਮਿਸ਼ਨ ਤੋਂ ਬਾਅਦ, ਬਾਦਲਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਹਾਲ ਹੀ ਵਿਚ ਹੋਈ ਮੀਟਿੰਗ ਵਿਚ ਤੇਲ ਦਾ ਮਸਲਾ ਉਠਾਇਆ ਹੈ। ਜਿਵੇਂ ਕਿ ਜਾਪਦਾ ਹੀ ਸੀ, ਪ੍ਰਧਾਨ ਮੰਤਰੀ ਮੋਦੀ ਨੇ ਕੋਈ ਪ੍ਰਵਾਹ ਹੀ ਨਹੀਂ ਕੀਤੀ ਕਿ ਬਾਦਲਾਂ ਨੇ ਕਿਹਾ ਕੀ ਹੈ। ਨਾ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਅੱਗੇ ਰੱਖੀ ਮੰਗਾਂ ਵਾਲੀ ਲੰਮੀ ਸੂਚੀ ਵੱਲ ਉਨ੍ਹਾਂ ਵੱਲੋਂ ਧਿਆਨ ਧਰਨ ਦੀ ਕੋਈ ਉਮੀਦ ਹੈ। ਪੰਜਾਬ ਦੇ ਭਾਜਪਾ ਲੀਡਰ ਮੋਦੀ ਜਾਂ ਸ਼ਾਹ ਨਾਲ ਪੰਜਾਬ ਦੇ ਹੱਕਾਂ ਲਈ ਗੱਲ ਕਰਨ, ਇਹ ਗੱਲ ਮੁਸ਼ਕਿਲ ਜਾਂ ਅਸੰਭਵ ਜਿਹੀ ਲੱਗਦੀ ਹੈ।

ਹੁਣ ਸਵਾਲ ਇਹ ਬਣਦਾ ਹੈ: ਜਦੋਂ ਤੁਹਾਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੋਵੇ ਤਾਂ ਤੁਸੀਂ ਕੀ ਕਰੋਗੇ? ਬਾਦਲ ਵਾਂਗ ਮਕਰ ਕਰੋਗੇ ਕਿ ਸਭ ਅੱਛਾ ਹੈ ਅਤੇ ਲੰਗਰ ਨੂੰ ਜੀ.ਐਸ.ਟੀ. ਤੋਂ ਛੋਟ ਦੇਣ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰੋਗੇ? ਹਾਲਾਂਕਿ ਜੋ ਛੋਟ ਮੰਗੀ ਗਈ ਸੀ, ਦਿੱਤੀ ਗਈ ਛੋਟ ਉਸ ਤੋਂ ਬਿਲਕੁਲ ਵੱਖਰੀ ਹੈ। ਜਾਂ ਫਿਰ ਤੋੜ-ਵਿਛੋੜਾ ਕਰੋਗੇ ਅਤੇ ਚੌਥੀ ਕੂਟ ਵੱਲ ਪੈਰ ਧਰਨ ਦੀ ਦਲੇਰੀ ਕਰੋਗੇ; ਜਾਂ ਕੇਜਰੀਵਾਲ ਵਾਲਾ ਰਾਹ ਅਪਨਾਓਗੇ? ਪੰਜਾਬ ਦੇ ਕਾਂਗਰਸੀ, ਖਾਸ ਕਰਕੇ ਮੋਦੀ ਪ੍ਰਤੀ ਕੁਝ ਵਧੇਰੇ ਹੀ ਸਾਊ ਹਨ ਅਤੇ ਜਦੋਂ 'ਆਪ' ਆਗੂ ਸੁਖਪਾਲ ਸਿੰਘ ਖਹਿਰਾ, ਲੁਧਿਆਣੇ ਵਾਲੇ ਬੈਂਸ ਭਰਾਵਾਂ ਜਾਂ ਇਥੋਂ ਤੱਕ ਕਿ ਇਨ੍ਹਾਂ ਦੇ ਆਪਣੇ ਆਗੂ ਨਵਜੋਤ ਸਿੰਘ ਸਿੱਧੂ ਦੀ ਗੱਲ ਹੁੰਦੀ ਹੈ ਤਾਂ ਵਿਹਾਰ ਉਕਾ ਹੀ ਵੱਖਰਾ ਹੁੰਦਾ ਹੈ।

ਇਹ ਸਮਝਣਾ ਕੋਈ ਬਹੁਤਾ ਔਖਾ ਨਹੀਂ ਕਿ ਅਕਾਲੀ ਦਲ ਉਨ੍ਹਾਂ ਮਸਲਿਆਂ ਵਿਚ ਹੀ ਰੁਝਿਆ ਰਹਿੰਦਾ ਹੈ ਜਿਨ੍ਹਾਂ ਦਾ ਪ੍ਰਧਾਨ ਮੰਤਰੀ ਮੋਦੀ ਜਾਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰੇ ਜਾਂ ਸੂਬਿਆਂ ਨੂੰ ਵੱਧ ਤਾਕਤਾਂ ਦੀ ਕੋਈ ਗੱਲ ਹੀ ਨਹੀਂ, ਜਾਂ ਸਤਲੁਜ-ਯਮੁਨਾ ਲਿੰਕ ਨਹਿਰ ਜਾਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਮਹਿੰਗਾਈ ਨਾਲ ਜੋੜਨ ਜਾਂ ਪੰਜਾਬ ਨੂੰ ਕਿਸੇ ਪੈਕੇਜ ਦੀ ਵੀ ਕੋਈ ਗੱਲ ਨਹੀਂ। ਨਰੇਂਦਰ ਮੋਦੀ-ਅਮਿਤ ਸ਼ਾਹ ਦੀ ਜੋੜੀ ਸਿਆਸੀ ਦਿਸਹੱਦੇ ਉਤੇ ਆਉਣ ਤੋਂ ਪਹਿਲਾਂ ਇਹ ਮੁੱਦੇ ਬਹੁਤ ਸਾਰੇ ਸਾਲਾਂ ਤੋਂ ਅਕਾਲੀ ਸਿਆਸਤ ਦੇ ਅੰਗ-ਸੰਗ ਰਹੇ ਹਨ।

ਅੱਜ ਕੱਲ੍ਹ ਅਕਾਲੀ ਤਰਜਮਾਨ ਸਕੂਲ ਪੁਸਤਕਾਂ ਵਿਚ ਸਿੱਖ ਇਤਿਹਾਸ ਉਨ੍ਹਾਂ ਦੇ ਹਿਸਾਬ ਨਾਲ ਪੇਸ਼ ਨਾ ਹੋਣ 'ਤੇ ਥੋੜ੍ਹਾ-ਬਹੁਤਾ ਖ਼ਫਾ ਹੋ ਕੇ ਹੀ ਤਸੱਲੀ ਕਰ ਲੈਂਦੇ ਹਨ। ਵਿਰੋਧੀ ਧਿਰ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਦੀ "ਰਾਇਸ਼ੁਮਾਰੀ 2020" ਬਾਰੇ ਅਸਪਸ਼ਟ ਜਿਹੀ ਟਿਪਣੀ ਵਿਚੋਂ ਹੀ ਉਹ ਮੁਲਕ ਦੀ ਪ੍ਰਭੁਤਾ ਅਤੇ ਏਕਤਾ ਤੇ ਅਖੰਡਤਾ ਲਈ ਗੰਭੀਰ ਖ਼ਤਰਾ ਲੱਭ ਲੈਂਦੇ ਹਨ। ਬਹੁਤ ਘੱਟ ਜਣਿਆਂ ਨੂੰ ਇਸ ਬਾਰੇ ਖ਼ਬਰ ਹੁੰਦੀ ਹੈ ਪਰ ਇਸ ਮਸਲੇ 'ਤੇ ਸਿਆਸੀ ਲੜਾਈ ਬੜੀ ਬੇਕਿਰਕ ਹੋ ਨਿਬੜਦੀ ਹੈ।

ਅਕਾਲੀਆਂ ਨੇ ਕਿਉਂਕਿ ਸਾਰਿਆਂ ਲਈ ਸੁਰੱਖਿਅਤ ਅਤੇ ਲਾਭਦਾਇਕ ਮੁੱਖ ਮੰਤਰੀ ਅਮਰਿੰਦਰ ਸਿੰਘ ਖ਼ਿਲਾਫ ਇਕ ਖਾਸ ਹੱਦ ਤੋਂ ਅੱਗੇ ਨਾ ਜਾਣ ਦਾ ਫੈਸਲਾ ਕੀਤਾ ਹੋਇਆ ਹੈ, ਇਸ ਲਈ ਜਦੋਂ ਉਹ (ਅਕਾਲੀ) ਸੱਤਾ ਤੋਂ ਬਾਹਰ ਹੋਣ ਕਾਰਨ ਰਤਾ ਕੁ ਅਕੇਵਾਂ ਮਹਿਸੂਸ ਕਰਦੇ ਹਨ ਤਾਂ ਆਪਣੀਆਂ ਤੋਪਾਂ ਦੇ ਮੂੰਹ ਹੋਰ ਪਾਸੇ (ਸਿੱਧੂ ਤੇ ਬੈਂਸ ਭਰਾਵਾਂ ਵੱਲ) ਮੋੜ ਲੈਂਦੇ ਹਨ। ਇਉਂ ਇਕ ਵਾਰ ਫਿਰ ਗੱਲ ਸਮਝ ਆਉਣ ਲੱਗਦੀ ਹੈ ਕਿ ਅਕਾਲੀ ਸਿਆਸਤ ਹੁਣ ਸਿਰਫ ਗ਼ੈਰਕਾਨੂੰਨੀ ਰੇਤ ਖਣਨ ਅਤੇ ਕਾਂਗਰਸ ਵੱਲੋਂ ਵਾਅਦੇ ਮੁਤਾਬਕ ਕਰਜ਼ਾ ਮੁਆਫੀ ਨਾ ਕੀਤੇ ਜਾਣ ਦੇ ਮਸਲਿਆਂ ਤੱਕ ਹੀ ਸੀਮਤ ਕਿਉਂ ਰਹਿੰਦੀ ਹੈ।




*ਅਕਾਲੀਆਂ ਨੇ ਕਿਉਂਕਿ ਸਾਰਿਆਂ ਲਈ ਸੁਰੱਖਿਅਤ ਅਤੇ ਲਾਭਦਾਇਕ ਮੁੱਖ ਮੰਤਰੀ ਅਮਰਿੰਦਰ ਸਿੰਘ ਖ਼ਿਲਾਫ ਇਕ ਖਾਸ ਹੱਦ ਤੋਂ ਅੱਗੇ ਨਾ ਜਾਣ ਦਾ ਫੈਸਲਾ ਕੀਤਾ ਹੋਇਆ ਹੈ, ਇਸ ਲਈ ਜਦੋਂ ਉਹ (ਅਕਾਲੀ) ਸੱਤਾ ਤੋਂ ਬਾਹਰ ਹੋਣ ਕਾਰਨ ਰਤਾ ਕੁ ਅਕੇਵਾਂ ਮਹਿਸੂਸ ਕਰਦੇ ਹਨ ਤਾਂ ਆਪਣੀਆਂ ਤੋਪਾਂ ਦੇ ਮੂੰਹ ਹੋਰ ਪਾਸੇ (ਸਿੱਧੂ ਤੇ ਬੈਂਸ ਭਰਾਵਾਂ ਵੱਲ) ਮੋੜ ਲੈਂਦੇ ਹਨ। ਇਉਂ ਇਕ ਵਾਰ ਫਿਰ ਗੱਲ ਸਮਝ ਆਉਣ ਲੱਗਦੀ ਹੈ ਕਿ ਅਕਾਲੀ ਸਿਆਸਤ ਹੁਣ ਸਿਰਫ .ਗੈਰਕਾਨੂੰਨੀ ਰੇਤ ਖਣਨ ਅਤੇ ਕਾਂਗਰਸ ਵੱਲੋਂ ਵਾਅਦੇ ਮੁਤਾਬਕ ਕਰਜ਼ਾ ਮੁਆਫੀ ਨਾ ਕੀਤੇ ਜਾਣ ਦੇ ਮਸਲਿਆਂ ਤੱਕ ਹੀ ਸੀਮਤ ਕਿਉਂ ਰਹਿੰਦੀ ਹੈ।*

"ਵਿਘਨਕਾਰੀ" ਸਿੱਧੂ, ਖਹਿਰਾ ਅਤੇ ਬੈਂਸ ਭਰਾ ਅਕਸਰ ਨਿਸ਼ਾਨੇ 'ਤੇ ਰਹਿੰਦੇ ਹਨ, ਕਿਉਂਕਿ ਉਹ ਆਪਣੇ ਹਿਸਾਬ ਨਾਲ ਮਾਹੌਲ ਬਦਲਣਾ ਚਾਹੁੰਦੇ ਹਨ। ਸਿੱਟੇ ਵਜੋਂ, ਉਹ ਉਨ੍ਹਾਂ ਲਈ ਗੰਭੀਰ ਖ਼ਤਰਾ ਬਣਦੇ ਹਨ ਜੋ ਇਸ ਸਿਸਟਮ ਤੋਂ ਲਾਹਾ ਲੈਂਦੇ ਹਨ। ਅਜਿਹੇ ਲੋਕ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿਚ ਹਨ ਅਤੇ ਇਨ੍ਹਾਂ ਦੇ ਪਿਛਲਗ ਇਨ੍ਹਾਂ ਬਾਹਰਲਿਆਂ ਉਤੇ ਝਪਟਣ ਲਈ ਸਦਾ ਆਪਸ ਵਿਚ ਮਿਲ ਜਾਂਦੇ ਹਨ ਅਤੇ ਇਨ੍ਹਾਂ ਦੀ ਇਮਦਾਦ ਸਰਕਾਰ ਵਿਚਲੀ ਤਬਦੀਲੀ-ਵਿਰੋਧੀ ਬਹੁਗਿਣਤੀ ਅਤੇ ਪੱਖਪਾਤੀ ਟੈਲੀਵਿਜ਼ਨ ਚੈਨਲਾਂ ਵੱਲੋਂ ਕੀਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਨਹੀਂ ਕਿ ਇਨ੍ਹਾਂ (ਬਾਹਰਲਿਆਂ) ਵੱਲੋਂ ਕਦੀ-ਕਦਾਈਂ ਲਾਪ੍ਰਵਾਹੀ ਨਾਲ ਕੀਤੀਆਂ ਗ਼ਲਤੀਆਂ ਉਤੇ ਵੱਡਾ ਰੱਫੜ ਖੜ੍ਹਾ ਕਰ ਦਿੱਤਾ ਜਾਂਦਾ ਹੈ।

ਸੁਨੀਲ ਜਾਖੜ ਨੇ ਭਾਵੇਂ ਕੇਂਦਰ ਵਲੋਂ ਡੀਜ਼ਲ ਕੀਮਤਾਂ ਘਟਾ ਕੇ ਕਿਸਾਨਾਂ ਦੇ ਹੱਕ ਵਿਚ ਕੁਝ ਵੀ ਨਾ ਕਰਨ ਦੀ ਵਾਜਬ ਦਲੀਲ ਦਿੱਤੀ ਹੈ ਪਰ ਉਨ੍ਹਾਂ ਦੇ ਕਹੇ ਸ਼ਬਦਾਂ ਦਾ ਵਜ਼ਨ ਉਦੋਂ ਜ਼ਿਆਦਾ ਬਣਨਾ ਸੀ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਤੇਲ ਉਤੇ ਕਰ ਘਟਾਉਂਦੀ। ਕਾਂਗਰਸ ਸਰਕਾਰ ਦਿਖਾਵਾ ਤਾਂ ਕਿਸਾਨ-ਪੱਖੀ ਹੋਣ ਦਾ ਕਰਦੀ ਹੈ ਪਰ ਇਹ ਤੇਲ ਉਤੇ ਕਰ ਲਾ ਕੇ ਆਪਣੀ ਜੇਬ ਵੀ ਭਰ ਰਹੀ ਹੈ; ਭਾਵ ਜਿੰਨਾ ਮਹਿੰਗਾ ਤੇਲ, ਓਨੀ ਜ਼ਿਆਦਾ ਕਮਾਈ।

ਇਸ ਤੋਂ ਛੁਟ, ਸਰਕਾਰ ਨੂੰ ਆਸ ਹੈ ਕਿ ਸਾਰੇ ਦਿਹਾਤੀ ਖਪਤਕਾਰਾਂ ਉਤੇ 2 ਫੀਸਦੀ ਬਿਜਲੀ ਡਿਊਟੀ ਲਾ ਕੇ ਇਸ ਨੂੰ ਸਾਲਾਨਾ 200 ਕਰੋੜ ਰੁਪਏ ਮਿਲਣਗੇ। ਕਿਸਾਨਾਂ ਨੂੰ ਮੁਫਤ ਬਿਜਲੀ, ਸਨਅਤਾਂ ਨੂੰ ਸਬਸਿਡੀ 'ਤੇ ਬਿਜਲੀ ਅਤੇ ਭ੍ਰਿਸ਼ਟਾਚਾਰ ਦਾ ਭਾਰੀ ਖਮਿਆਜ਼ਾ ਖਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮੀਟਰ ਖਰੀਦਣ ਦੇ 16 ਕਰੋੜੀ ਘਪਲੇ ਤੋਂ ਬਾਅਦ, ਹੁਣ ਕੋਲੇ ਦਾ ਮਾਮਲਾ ਸਾਹਮਣੇ ਆ ਗਿਆ ਹੈ। ਇਕ ਹਿੰਦੀ ਅਖ਼ਬਾਰ ਦੀ ਰਿਪੋਰਟ ਮੁਤਾਬਿਕ, ਵਿਧਾਨ ਸਭਾ ਕਮੇਟੀ ਦੀ ਜਾਂਚ ਦਸਦੀ ਹੈ ਕਿ ਝਾਰਖੰਡ ਤੋਂ ਕੋਲਾ ਸਪਲਾਈ ਕਰ ਰਹੀ ਪ੍ਰਾਈਵੇਟ ਕੰਪਨੀ ਦੇ ਟੈਕਸ ਪੀ.ਐਸ.ਪੀ.ਸੀ.ਐਲ. ਨੇ ਅਦਾ ਕੀਤੇ ਹਨ ਅਤੇ ਕੋਲੇ ਦਾ ਸਟਾਕ ਹੋਰ ਪਾਸੇ ਭੇਜ ਦਿੱਤਾ ਗਿਆ ਤੇ ਗੱਡੀਆਂ ਵਿਚ ਲੱਦਣ ਤੋਂ ਪਹਿਲਾਂ ਹੀ ਵੇਚ ਵੀ ਦਿੱਤਾ ਗਿਆ।

ਪੰਜਾਬ ਵਿਚ ਭ੍ਰਿਸ਼ਟਾਚਾਰ ਅਜਿਹਾ ਮਸਲਾ ਹੈ ਜਿਸ ਨੂੰ ਕਾਂਗਰਸ ਸਰਕਾਰ ਹੱਥ ਹੀ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਸਿਆਸੀ ਵਿਰੋਧੀਆਂ ਖ਼ਿਲਾਫ ਕਾਰਵਾਈ ਕਰਨੀ ਪੈ ਜਾਵੇਗੀ ਜਿਸ ਨੂੰ ਫਿਰ ਕੋਈ ਵੀ "ਬਦਲਾਖੋਰੀ ਵਾਲੀ ਸਿਆਸਤ" ਦੇ ਖਾਤੇ ਪਾ ਦੇਵੇਗਾ। ਇਸ ਤੋਂ ਇਲਾਵਾ ਤੁਹਾਨੂੰ ਮੁੱਖ ਮੰਤਰੀ ਵੀ ਤਾਂ ਐਨ ਖ਼ਰਾ ਲੋੜੀਂਦਾ ਹੈ ਜਿਹੜਾ ਵਧੀਆ ਢੰਗ ਨਾਲ ਇਹ ਸਫਾਈ ਕਾਰਜ ਆਰੰਭ ਕਰੇ। ਪਹਾੜਾਂ ਵਿਚ ਜਾ ਕੇ ਲੁਤਫ ਲੈਣ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦੂਜੇ, ਤੇ ਸੰਭਵ ਤੌਰ 'ਤੇ ਆਖ਼ਰੀ ਕਾਰਜਕਾਲ ਦੌਰਾਨ ਪਰਦਾਪੋਸ਼ੀਆਂ ਦਾ ਇਕ ਹੋਰ ਸ਼ੌਕ ਪਾਲ ਲਿਆ ਹੈ। ਉਹ ਸਿਆਸਤ ਵਿਚ ਆਪਣੇ "ਦੁਸ਼ਮਣ" ਨਹੀਂ ਛੱਡ ਕੇ ਜਾਣਾ ਚਾਹੁੰਦੇ ਜਿਹੜੇ ਉਨ੍ਹਾਂ ਦੇ ਸੇਵਾਮੁਕਤੀ ਵਾਲੇ ਦਿਨਾਂ ਦੌਰਾਨ ਮਨ ਦਾ ਚੈਨ ਹੀ ਖੋਹ ਲੈਣ।

ਜ਼ਾਹਿਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਪ੍ਰਧਾਨ ਮੰਤਰੀ ਕੋਲ 31000 ਕਰੋੜ ਰੁਪਏ ਦੇ ਕਰਜ਼ੇ ਵਾਲਾ ਮਾਮਲਾ ਉਠਾਇਆ ਹੋਵੇਗਾ ਤਾਂ ਉਨ੍ਹਾਂ ਸੁਨੀਲ ਜਾਖੜ ਵਲੋਂ ਇਸ ਮਸਲੇ ਵਿਚ ਸਨਾਖ਼ਤ ਕੀਤੇ ਘਪਲੇ ਦੀ ਭਾਫ ਵੀ ਨਹੀਂ ਕੱਢੀ ਹੋਣੀ। ਮੀਡੀਆ ਰਿਪੋਰਟਾਂ ਵਿਚ ਮੀਟਿੰਗ ਦੌਰਾਨ 31000 ਕਰੋੜ ਰੁਪਏ ਦੀ ਚਰਚਾ ਬਾਰੇ ਵੇਰਵੇ ਛਪੇ ਹਨ - 12000 ਕਰੋੜ ਰੁਪਏ ਮੂਲ ਅਤੇ 19000 ਕਰੋੜ ਰੁਪਏ ਵਿਆਜ। ਕਿਤੇ ਕੋਈ ਸੰਕੇਤ ਨਹੀਂ ਦਿੱਤਾ ਗਿਆ ਕਿ 12000 ਕਰੋੜ ਰੁਪਏ ਦਾ ਅਨਾਜ ਆਖ਼ਰਕਾਰ ਕਿਥੇ ਗਾਇਬ ਹੋ ਗਿਆ। ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਇਸ ਰਕਮ ਨੂੰ ਵੱਟੇ ਖਾਤੇ ਵਜੋਂ ਲੈਣ ਬਾਰੇ ਆਖਣ ਵੇਲੇ ਇਸ ਦਾ ਜ਼ਿਕਰ ਕੀਤਾ ਹੈ।

ਮੁੱਖ ਮੰਤਰੀ ਜਾਂ ਤਾਂ ਭੁੱਲ ਗਏ ਹਨ ਜਾਂ ਭੁੱਲ ਜਾਣਾ ਚਾਹੁੰਦੇ ਹਨ ਕਿ ਇਸ ਮਾਮਲੇ ਬਾਰੇ ਉਨ੍ਹਾਂ ਵੱਲੋਂ ਬਣਾਏ ਕਮਿਸ਼ਨ ਦਾ ਕੀ ਕਹਿਣਾ ਹੈ। ਪਿਛਲੀ ਸਰਕਾਰ ਦੀਆਂ ਕੋਤਾਹੀਆਂ ਅਤੇ ਗ਼ਲਤੀਆਂ ਦੀ ਪੁਣ-ਛਾਣ ਲਈ ਸਰਕਾਰ ਨੇ ਬਹੁਤ ਸਾਰੇ ਕਮਿਸ਼ਨ ਬਣਾਏ ਹਨ। ਹੁਣ 76 ਵਰ੍ਹਿਆਂ ਦੇ ਲੀਡਰ ਲਈ ਇਨ੍ਹਾਂ ਸਾਰੇ ਕਮਿਸ਼ਨਾਂ ਦੀ ਕਾਰਗੁਜ਼ਾਰੀ ਬਾਰੇ ਖ਼ਬਰ ਰੱਖਣਾ ਔਖਾ ਹੀ ਹੋਵੇਗਾ। ਇਸ ਮਸਲੇ ਬਾਰੇ ਕੇ.ਆਰ. ਲਖਨਪਾਲ ਦੀ ਅਗਵਾਈ ਹੇਠ ਬਣਾਏ ਪੰਜਾਬ ਪ੍ਰਸ਼ਾਸਨਿਕ ਸੁਧਾਰ ਤੇ ਸਦਾਚਾਰ ਕਮਿਸ਼ਨ ਨੇ 31000 ਕਰੋੜ ਰੁਪਏ ਦੇ ਕੈਸ਼ ਕਰੈਡਿਟ ਲਿਮਿਟ ਪਾੜੇ ਤੇ ਇਸ ਦੇ ਨਬੇੜੇ ਬਾਰੇ ਜਾਂਚ ਕਰਵਾਉਣ ਲਈ ਕਿਹਾ ਹੈ। ਇਹ ਕਾਰਜ ਸਹਿਜੇ ਹੀ ਹੋ ਸਕਦਾ ਹੈ ਅਤੇ ਇਸ ਕਾਰਜ ਲਈ ਪ੍ਰਸ਼ਾਸਨ ਵਿਚ ਕਿਸੇ ਮਾਹਿਰ ਦੀ ਵੀ ਕੋਈ ਲੋੜ ਨਹੀਂ ਹੈ। ਅਸਲ ਸਵਾਲ ਹੁਣ ਇਹ ਹੈ: "ਵਿਘਨਕਾਰੀਆਂ" ਤੋਂ ਸਿਵਾ ਕੀ ਕਿਸੇ ਸ਼ਖ਼ਸ ਦੀ ਇਸ ਜਾਂਚ ਵਿਚ ਕੋਈ ਦਿਲਚਸਪੀ ਹੈ?

ਜੇ ਨਸ਼ਿਆਂ ਦੇ 70 ਫੀਸਦ ਕੇਸਾਂ ਵਿਚ ਮੁਲਜ਼ਮ ਬਰੀ ਹੋ ਸਕਦੇ ਹਨ ਤੇ ਇਸ ਬਾਰੇ ਕੋਈ ਛਾਣ-ਬੀਣ ਵੀ ਨਹੀਂ ਹੁੰਦੀ; ਜੇ ਕਾਂਗਰਸੀਆਂ ਨੂੰ ਝੂਠੇ ਕੇਸਾਂ 'ਚ ਫਸਾਉਣ ਵਾਲਿਆਂ ਨੂੰ ਕੋਈ ਸਜ਼ਾ ਨਹੀਂ ਮਿਲ ਸਕਦੀ; ਜੇ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਅਣਪੜ੍ਹੀ ਹੀ ਰਹਿ ਸਕਦੀ ਹੈ ਅਤੇ ਜੇ ਗ਼ੈਰਕਾਨੂੰਨੀ ਖਣਨ ਨਿਰਵਿਘਨ ਜਾਰੀ ਰਹਿ ਸਕਦੀ ਹੈ ਤਾਂ ਇਹ ਫਿਕਰ ਕਿਸ ਨੂੰ ਹੋਵੇਗਾ ਕਿ ਸੂਬੇ ਸਿਰ ਅਣਚਾਹੇ ਕਰਜ਼ੇ ਦਾ ਬੇਅੰਤ ਬੋਝ ਕਿਉਂ ਲੱਦ ਦਿੱਤਾ ਗਿਆ ਹੈ?

# ਪੰਜਾਬ ਦਾ ਕਿਸਾਨ ਸੰਕਟ ਅਤੇ ਆੜ੍ਹਤੀਆ ਸਿਸਟਮ

***ਦਿਹਾਤੀ ਮਸਲਿਆਂ ਬਾਰੇ ਪੱਤਰਕਾਰੀ ਲਈ ਮਸ਼ਹੂਰ ਪੀ. ਸਾਈਨਾਥ 'ਪੀਪਲ'ਜ਼ ਆਰਕਾਈਵ ਆਫ ਰੂਰਲ ਇੰਡੀਆ' ਦੇ ਮੋਢੀ-ਸੰਪਾਦਕ ਹਨ। ਉਹ ਕਈ ਦਹਾਕਿਆਂ ਤੋਂ ਦਿਹਾਤੀ ਭਾਰਤ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾ ਰਹੇ ਹਨ। ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਉਨ੍ਹਾਂ ਨੂੰ ਕਾਲ ਅਤੇ ਭੁੱਖਮਰੀ ਬਾਰੇ ਸੰਸਾਰ ਦੇ ਮਹਾਂ ਮਾਹਿਰਾਂ ਵਿਚ ਸ਼ੁਮਾਰ ਕੀਤਾ ਹੈ। ਪਿਛੇ ਜਿਹੇ ਉਹ ਪੰਜਾਬ ਦਾ ਦੌਰਾ ਕਰਕੇ ਗਏ ਹਨ। ਹੁਣ ਉਨ੍ਹਾਂ ਨੇ ਪੰਜਾਬ ਦੇ ਕਿਸਾਨ ਸੰਕਟ ਬਾਰੇ ਲੜੀ ਅਰੰਭ ਕੀਤੀ ਹੈ। ਇਸ ਦੀ ਪਹਿਲੀ ਕੜੀ ਵਿਚ ਉਨ੍ਹਾਂ ਆੜ੍ਹਤੀਆ ਸਿਸਟਮ ਬਾਰੇ ਗੱਲ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਇਹ ਸਿਸਟਮ ਤੋੜਿਆ ਨਹੀਂ ਜਾਂਦਾ, ਕਿਸਾਨਾਂ ਦਾ ਸੰਕਟ ਹੱਲ ਕਰਨ ਵਿਚ ਸਫਲਤਾ ਨਹੀਂ ਮਿਲ ਸਕਦੀ। -ਸੰਪਾਦਕ***

**ਪੀ. ਸਾਈਨਾਥ**

"ਪੰਜਾਬ ਵਿਚ ਖੇਤੀ ਸੰਕਟ ਵਰਗਾ ਕੋਈ ਮਸਲਾ ਹੀ ਨਹੀਂ ਹੈ।" ਇਹ ਬੋਲ ਹਨ ਪੰਜਾਬ ਦੀ ਸ਼ਕਤੀਸ਼ਾਲੀ ਆੜ੍ਹਤੀਆ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਦਰਸ਼ਨ ਸਿੰਘ ਸੰਘੇੜਾ ਦੇ ਜੋ ਜਥੇਬੰਦੀ ਦੀ ਬਰਨਾਲਾ ਜ਼ਿਲ੍ਹਾ ਇਕਾਈ ਦੇ ਮੁਖੀ ਵੀ ਹਨ। ਆੜ੍ਹਤੀਏ, ਕਿਸਾਨਾਂ ਤੇ ਉਨ੍ਹਾਂ ਦੀ ਜਿਣਸ ਖਰੀਦਣ ਵਾਲਿਆਂ ਵਿਚਕਾਰ ਕੜੀ ਦਾ ਕੰਮ ਕਰਦੇ ਹਨ। ਉਹ ਮੰਡੀ 'ਚ ਜਿਣਸ ਦੀ ਬੋਲੀ ਅਤੇ ਇਸ ਨੂੰ ਖਰੀਦਦਾਰਾਂ ਤਕ ਪੁੱਜਦਾ ਕਰਨ ਦਾ ਪ੍ਰਬੰਧ ਕਰਦੇ ਹਨ। ਇਹ ਸੂਦਖੋਰ ਵੀ ਹਨ ਅਤੇ ਹੁਣ ਡੀਲਰਾਂ ਵਜੋਂ ਵੀ ਉਭਰੇ ਹਨ। ਮਤਲਬ ਸਾਫ ਹੈ ਕਿ ਉਹ ਕਿਸਾਨਾਂ 'ਤੇ ਤਕੜਾ ਕੰਟਰੋਲ ਰੱਖਦੇ ਹਨ।

ਆੜ੍ਹਤੀਏ ਸਿਆਸੀ ਤੌਰ 'ਤੇ ਵੀ ਸ਼ਕਤੀਸ਼ਾਲੀ ਹਨ। ਉਹ ਆਪਣੇ ਪੱਖੀ ਵਿਧਾਇਕਾਂ ਦੇ ਨਾਮ ਗਿਣਾਉਂਦੇ ਹਨ। ਪਿਛਲੇ ਸਾਲ ਜੁਲਾਈ ਵਿਚ ਇਨ੍ਹਾਂ ਨੇ 'ਫਖਰ-ਏ-ਕੌਮ' ਖਿਤਾਬ ਨਾਲ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਸਨਮਾਨ ਕੀਤਾ ਸੀ। ਇਹ ਸਮਾਗਮ ਮੁੱਖ ਮੰਤਰੀ ਦੇ ਇਸ ਐਲਾਨ ਤੋਂ ਤੁਰੰਤ ਬਾਅਦ ਹੋਇਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਕਿਸਾਨਾਂ ਸਿਰ ਚੜ੍ਹਿਆ, ਆੜ੍ਹਤੀਆਂ ਵਾਲਾ ਕਰਜ਼ਾ ਮੁਆਫ ਕਰਨਾ ਮੁਸ਼ਕਿਲ ਹੋਵੇਗਾ।

ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਬਾਰੇ ਇਕ ਅਧਿਐਨ ਦਰਸਾਉਂਦਾ ਹੈ ਕਿ ਕਿਸਾਨਾਂ ਦੇ 86 ਫੀਸਦ ਅਤੇ ਖੇਤ ਮਜ਼ਦੂਰ ਦੇ 80 ਫੀਸਦ ਘਰ ਕਰਜ਼ੇ ਦੀ ਦਲਦਲ ਵਿਚ ਫਸੇ ਹੋਏ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਵਾਏ ਇਸ ਅਧਿਐਨ ਮੁਤਾਬਿਕ, ਇਸ ਕਰਜ਼ੇ ਵਿਚੋਂ ਪੰਜਵੇਂ ਹਿੱਸੇ ਤੋਂ ਵੱਧ ਕਰਜ਼ਾ ਆੜ੍ਹਤੀਆਂ ਅਤੇ ਸੂਦਖੋਰਾਂ ਦਾ ਹੈ। ਸਭ ਤੋਂ ਵਧ ਕਰਜ਼ਾ ਦਰਮਿਆਨੇ ਅਤੇ ਛੋਟੇ ਕਿਸਾਨਾਂ ਸਿਰ ਹੈ। ਇਸ ਅਧਿਐਨ ਦਾ ਆਧਾਰ ਕਿਸਾਨਾਂ ਦੇ 1007 ਅਤੇ ਖੇਤ ਮਜ਼ਦੂਰਾਂ ਦੇ 301 ਘਰ ਹਨ। ਇਹ ਅੰਕੜੇ 2014-15 ਦੌਰਾਨ ਸੂਬੇ ਭਰ ਦੇ ਸਾਰੇ ਖਿੱਤਿਆਂ ਵਿਚੋਂ ਇਕੱਠੇ ਕੀਤੇ ਗਏ। ਹੋਰ ਅਧਿਐਨਾਂ ਵਿਚ ਵੀ ਵਧ ਰਹੇ ਸੰਕਟ ਅਤੇ ਹੋ ਰਹੀ ਦੁਰਗਤ ਬਾਰੇ ਤੱਥ ਸਾਹਮਣੇ ਆਏ ਹਨ।

ਸੰਘੇੜਾ ਖੇਤੀਬਾੜੀ ਦੀ ਬਦਹਾਲੀ ਨੂੰ ਇਹ ਕਹਿੰਦਿਆਂ ਰੱਦ ਕਰਦਾ ਹੈ ਕਿ "ਇਹ ਸਾਰਾ ਕੁਝ ਕਿਸਾਨਾਂ ਦੀਆਂ ਸ਼ਾਹ ਖਰਚ ਆਦਤਾਂ ਕਰਕੇ ਹੈ। ਇਸੇ ਕਰਕੇ ਉਹ ਮੁਸ਼ਕਿਲਾਂ ਵਿਚ ਫਸਦੇ ਹਨ।" ਉਹ ਦ੍ਰਿੜ੍ਹਤਾ ਨਾਲ ਆਖਦਾ ਹੈ, "ਅਸੀਂ ਉਨ੍ਹਾਂ ਨੂੰ ਖਰਚੇ ਚੁੱਕਣ ਲਈ ਪੈਸਾ ਦਿੰਨੇ ਹਾਂ। ਵਿਆਹ, ਇਲਾਜ ਤੇ ਹੋਰ ਖਰਚਿਆਂ ਵੇਲੇ ਵੀ ਬਹੁੜਦੇ ਹਾਂ। ਕਿਸਾਨ ਆਪਣੀ ਫਸਲ ਆੜ੍ਹਤੀਏ ਕੋਲ ਲਿਆਉਂਦਾ ਹੈ। ਅਸੀਂ ਇਹਨੂੰ ਸਾਫ ਕਰਦੇ ਹਾਂ; ਬੋਰੀਆਂ ਵਿਚ ਭਰਦੇ ਹਾਂ; ਅਗਾਂਹ ਸਰਕਾਰ, ਬੈਂਕਾਂ ਅਤੇ ਮੰਡੀ ਨਾਲ ਨਜਿੱਠਦੇ ਹਾਂ।" ਸਰਕਾਰ ਕਣਕ ਅਤੇ ਝੋਨੇ ਦੀ ਕੁਲ ਖਰੀਦ ਕੀਮਤ ਦਾ 2.5 ਫੀਸਦ ਹਿੱਸਾ ਆੜ੍ਹਤੀਆਂ ਨੂੰ ਦਿੰਦੀ ਹੈ। ਸਾਰੀ ਕਾਰਵਾਈ ਪੰਜਾਬ ਮੰਡੀ ਬੋਰਡ ਦੀ ਨਿਗਰਾਨੀ ਹੇਠ ਹੁੰਦੀ ਹੈ। ਕਿਸਾਨਾਂ ਨੂੰ ਜਿਣਸਾਂ ਦਾ ਭੁਗਤਾਨ ਇਨ੍ਹਾਂ ਆੜ੍ਹਤੀਆਂ ਰਾਹੀਂ ਹੁੰਦਾ ਹੈ। ਆੜ੍ਹਤੀਆਂ ਦੀ ਇਹ ਕਮਾਈ ਸੂਦਖੋਰੀ ਵਾਲੀ ਕਮਾਈ ਤੋਂ ਵੱਖਰੀ ਹੁੰਦੀ ਹੈ।

ਅਸੀਂ ਬਰਨਾਲੇ ਦਰਸ਼ਨ ਸਿੰਘ ਸੰਘੇੜਾ ਦੇ ਦਾਣਾ ਮੰਡੀ ਵਾਲੇ ਦਫਤਰ ਪਹੁੰਚਦੇ ਹਾਂ। ਇਸ ਤੋਂ ਪਹਿਲਾਂ ਅਸੀਂ ਪਿੰਡ ਜੋਧਪੁਰ ਜਾ ਕੇ ਆਏ ਹਾਂ। ਉਥੇ ਰਣਜੀਤ ਸਿੰਘ ਤੇ ਬਲਵਿੰਦਰ ਸਿੰਘ ਨੇ ਉਨ੍ਹਾਂ ਦੇ ਰਿਸ਼ਤੇਦਾਰ ਬਲਜੀਤ ਸਿੰਘ ਤੇ ਉਸ ਦੀ ਮਾਂ ਬਲਬੀਰ ਕੌਰ ਵੱਲੋਂ ਸ਼ਰ੍ਹੇਆਮ ਕੀਤੀ ਖੁਦਕੁਸ਼ੀ ਬਾਰੇ ਵਿਸਥਾਰ ਸਹਿਤ ਦੱਸਿਆ ਸੀ। 25 ਅਪਰੈਲ 2016 ਨੂੰ ਇਹ ਦੋਵੇਂ ਖੁਦਕੁਸ਼ੀਆਂ ਘੰਟੇ ਦੇ ਅੰਦਰ ਅੰਦਰ ਹੋਈਆਂ। ਬਲਵਿੰਦਰ ਦੱਸਦਾ ਹੈ, "ਉਹ ਆੜ੍ਹਤੀਏ ਵੱਲੋਂ ਉਨ੍ਹਾਂ ਦੀ ਜ਼ਮੀਨ ਦੀ ਕੁਰਕੀ ਦਾ ਵਿਰੋਧ ਕਰ ਰਹੇ ਸਨ। ਆੜ੍ਹਤੀਆ ਅਦਾਲਤੀ ਹੁਕਮ ਅਤੇ 100 ਦੇ ਕਰੀਬ ਪੁਲਿਸ ਵਾਲਿਆਂ ਨਾਲ ਲੈਸ ਹੋ ਕੇ ਆਇਆ ਸੀ। ਨਾਲ ਮੁਕਾਮੀ ਪ੍ਰਸ਼ਾਸਨ ਦੇ ਕਈ ਮੁਲਾਜ਼ਮ ਅਤੇ ਆੜ੍ਹਤੀਆਂ ਦੇ ਗੁੰਡੇ ਵੀ ਸਨ।" ਤਕਰੀਬਨ 150 ਜਣੇ ਇਸ ਪਰਿਵਾਰ ਦੀ ਦੋ ਏਕੜ ਜ਼ਮੀਨ ਦੀ ਕੁਰਕੀ ਲਈ ਆਏ ਸਨ। ਬਲਵਿੰਦਰ ਸਿੰਘ ਨੇ ਦੱਸਿਆ, "ਪਿੰਡ ਜੋਧਪੁਰ ਵਿਚ 450 ਕੁ ਘਰ ਹਨ, ਇਨ੍ਹਾਂ ਵਿਚੋਂ ਸਿਰਫ 15-20 ਹੀ ਕਰਜ਼ੇ ਦੀ ਮਾਰ ਤੋਂ ਬਚੇ ਹੋਏ ਹਨ।" ਕਰਜ਼ੇ ਕਾਰਨ ਕਿਸਾਨਾਂ ਦੀ ਜ਼ਮੀਨ ਆੜ੍ਹਤੀਆਂ ਕੋਲ ਜਾ ਰਹੀ ਹੈ।

ਸੰਘੇੜਾ ਆਖਦਾ ਹੈ, "ਆੜ੍ਹਤੀਆਂ ਅਤੇ ਕਿਸਾਨਾਂ ਵਿਚਕਾਰ ਰਿਸ਼ਤੇ ਇੰਨੇ ਵੀ ਮਾੜੇ ਨਹੀਂ। ਨਾਲੇ ਕਿਸਾਨੀ ਅੰਦਰ ਕੋਈ ਸੰਕਟ ਹੈ ਵੀ ਨਹੀਂ। ਮੇਰੇ ਵੱਲ ਹੀ ਦੇਖੋ, ਮੇਰੇ ਕੋਲ ਸਿਰਫ ਅੱਠ ਏਕੜ ਜੱਦੀ ਜ਼ਮੀਨ ਸੀ, ਹੁਣ ਮੇਰੇ ਕੋਲ 18 ਏਕੜ ਹਨ। ਮੀਡੀਆ ਕਈ ਵਾਰ ਮਸਲਿਆਂ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ। ਸਰਕਾਰ ਵੱਲੋਂ ਦਿੱਤੇ ਜਾ ਰਹੇ ਮੁਆਵਜ਼ੇ ਨਾਲ ਸਗੋਂ ਹੋਰ ਖੁਦਕੁਸ਼ੀਆਂ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਇਹ ਮੁਆਵਜ਼ੇ ਬਿਲਕੁਲ ਬੰਦ ਕਰ ਦਿਉ, ਖੁਦਕੁਸ਼ੀਆਂ ਆਪੇ ਰੁਕ ਜਾਣਗੀਆਂ।" ਉਸ ਮੁਤਾਬਕ, ਅਸਲ ਖਲਨਾਇਕ ਯੂਨੀਅਨਾਂ ਹਨ ਜਿਹੜੀਆਂ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਘਾਤਕ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਹੈ। ਇਹ ਯੂਨੀਅਨ ਬਰਨਾਲਾ ਖੇਤਰ ਵਿਚ ਵਾਹਵਾ ਮਜ਼ਬੂਤ ਹੈ। ਯੂਨੀਅਨ ਮੈਂਬਰ ਕੁਰਕੀ ਅਤੇ ਕਬਜ਼ੇ ਰੋਕਣ ਲਈ ਵੱਡੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਹਨ; ਉਸ ਵਕਤ ਵੀ ਜਦੋਂ ਆੜ੍ਹਤੀਏ ਆਪਣੇ ਬੰਦੂਕਚੀਆਂ ਨਾਲ ਦਨਦਨਾਉਂਦੇ ਚੜ੍ਹੇ ਆਉਂਦੇ ਹਨ।

ਇਸੇ ਦੌਰਾਨ ਕਰਜ਼ੇ ਕਾਰਨ ਖੁਦਕੁਸ਼ੀਆਂ ਵਧ ਰਹੀਆਂ ਹਨ। ਪਿਛਲੇ ਸਾਲ ਵਿਧਾਨ ਸਭਾ ਦੀ ਕਮੇਟੀ ਅੱਗੇ ਖੇਤੀ ਖੁਦਕੁਸ਼ੀਆਂ ਬਾਰੇ ਪੇਸ਼ ਰਿਪੋਰਟ ਦੱਸਦੀ ਹੈ ਕਿ ਸਾਲ 2000 ਅਤੇ 2015 ਵਿਚ 8294 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। 'ਪੰਜਾਬ 'ਚ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ' ਦੇ ਸਿਰਲੇਖ ਹੇਠ ਜਾਰੀ ਇਸ ਰਿਪੋਰਟ ਮੁਤਾਬਿਕ, ਇਸ ਸਮੇਂ ਦੌਰਾਨ 6373 ਖੇਤ ਮਜ਼ਦੂਰਾਂ ਨੇ ਵੀ ਖੁਦਕੁਸ਼ੀ ਕੀਤੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਤਿਆਰ ਇਸ ਰਿਪੋਰਟ ਦੇ ਇਹ ਅੰਕੜੇ ਸੂਬੇ ਦੇ ਕੁੱਲ 22 ਵਿਚੋਂ ਸਿਰਫ 6 ਜ਼ਿਲ੍ਹਿਆਂ ਦੇ ਹਨ ਤੇ ਖੁਦਕੁਸ਼ੀਆਂ ਵਿਚੋਂ 83 ਫੀਸਦ ਦਾ ਸਬੰਧ ਕਰਜ਼ੇ ਨਾਲ ਹੈ।

ਇਕ ਹੋਰ ਆੜ੍ਹਤੀਏ ਤੇਜਾ ਸਿੰਘ ਦਾ ਦਾਅਵਾ ਹੈ, "ਬੇਵਸੀ ਕਰਕੇ ਕੋਈ ਖੁਦਕੁਸ਼ੀ ਨਹੀਂ ਕਰ ਰਿਹਾ। ਪਿਛਲੇ 10 ਵਰ੍ਹਿਆਂ ਤੋਂ ਖੇਤੀ ਚੰਗੀ ਹੋ ਰਹੀ ਹੈ। ਆੜ੍ਹਤੀਆਂ ਨੇ ਤਾਂ ਸਗੋਂ ਵਿਆਜ ਦਰਾਂ ਘਟਾਈਆਂ ਹਨ।" ਉਸ ਮੁਤਾਬਕ, ਵਿਆਜ ਦਰ ਇਕ ਫੀਸਦ ਪ੍ਰਤੀ ਮਹੀਨਾ। ਵੱਖ ਵੱਖ ਪਿੰਡਾਂ ਦੇ ਜਿੰਨੇ ਵੀ ਕਿਸਾਨਾਂ ਨਾਲ ਗੱਲ ਹੋਈ, ਉਨ੍ਹਾਂ ਦਾ ਕਹਿਣਾ ਸੀ ਕਿ ਵਿਆਜ ਦਰ ਡੇਢ ਫੀਸਦ ਪ੍ਰਤੀ ਮਹੀਨਾ (18 ਫੀਸਦ ਸਾਲਾਨਾ) ਜਾਂ ਇਸ ਤੋਂ ਵੀ ਕਿਤੇ ਵੱਧ ਹੈ। ਤੇਜਾ ਸਿੰਘ ਉਹੀ ਆੜ੍ਹਤੀਆ ਹੈ ਜਿਸ ਦਾ ਸਬੰਧ ਜੋਧਪੁਰ ਵਿਚ ਮਾਂ-ਪੁੱਤ ਦੀ ਖੁਦਕੁਸ਼ੀ ਨਾਲ ਜੁੜਿਆ ਹੋਇਆ ਹੈ। ਉਹ ਆਖਦਾ ਹੈ, "ਇਨ੍ਹਾਂ ਵਿਚੋਂ ਸਿਰਫ 50 ਫੀਸਦ ਖੁਦਕੁਸ਼ੀਆਂ ਹੀ ਸੱਚੀਆਂ ਹਨ।"

ਉਂਜ, ਆੜ੍ਹਤੀਆਂ ਦੀ ਸਿਆਸਤ ਬਾਰੇ ਉਹ ਸਾਫਗੋਈ ਨਾਲ ਬੋਲਦਾ ਹੈ: "ਜਿਹੜੀ ਵੀ ਪਾਰਟੀ ਸੱਤਾ ਵਿਚ ਆਉਂਦੀ ਹੈ, ਉਸ ਨਾਲ ਜੁੜਿਆ ਬੰਦਾ ਸਾਡੀ ਐਸੋਸੀਏਸ਼ਨ ਦਾ ਪ੍ਰਧਾਨ ਬਣ ਜਾਂਦਾ ਹੈ।" ਮੌਜੂਦਾ ਸੂਬਾ ਪ੍ਰਧਾਨ ਕਾਂਗਰਸ ਨਾਲ ਹੈ। ਚੋਣਾਂ ਤੋਂ ਪਹਿਲਾਂ ਪ੍ਰਧਾਨ ਅਕਾਲੀ ਸੀ। ਤੇਜਾ ਸਿੰਘ ਦੇ ਪੁੱਤਰ ਜਸਪ੍ਰੀਤ ਸਿੰਘ ਨੂੰ ਲੱਗਦਾ ਹੈ ਕਿ ਆੜ੍ਹਤੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਹ ਦੱਸਦਾ ਹੈ, "ਸਾਡੇ ਕੇਸ (ਜੋਧਪੁਰ) ਤੋਂ ਬਾਅਦ ਤਕਰੀਬਨ 50 ਆੜ੍ਹਤੀਏ ਇਹ ਕਾਰੋਬਾਰ ਛੱਡ ਗਏ ਹਨ।"

ਫਿਰ ਵੀ, ਜਸਪ੍ਰੀਤ ਮੀਡੀਆ ਤੋਂ ਪੂਰਾ ਖੁਸ਼ ਹੈ: "ਮੁਕਾਮੀ ਪ੍ਰੈੱਸ ਦਾ ਵਿਹਾਰ ਸਾਡੇ ਨਾਲ ਬਹੁਤ ਵਧੀਆ ਹੈ। ਸਾਡਾ ਮੀਡੀਆ ਵਿਚ ਪੂਰਾ ਭਰੋਸਾ ਹੈ। ਆਪਣੇ ਹੱਕ ਵਿਚ ਖਬਰਾਂ ਲਗਵਾਉਣ ਲਈ ਅਸੀਂ ਇਨ੍ਹਾਂ ਨੂੰ ਕੋਈ ਪੈਸਾ ਨਹੀਂ ਦਿੱਤਾ ਹੈ। ਹਿੰਦੀ ਪ੍ਰੈੱਸ ਸਾਡੇ ਬਚਾਓ ਲਈ ਅੱਗੇ ਆਈ ਹੈ (ਜਦੋਂ ਪਿੰਡ ਜੋਧਪੁਰ ਵਾਲੀ ਘਟਨਾ ਤੋਂ ਬਾਅਦ ਸਾਡੇ ਖਿਲਾਫ ਫੌਜਦਾਰੀ ਕੇਸ ਦਰਜ ਕੀਤੇ ਗਏ ਸਨ)। ਸਾਨੂੰ ਹਾਈਕੋਰਟ ਤੋਂ ਤੁਰੰਤ ਜ਼ਮਾਨਤ ਮਿਲ ਗਈ, ਆਮ ਹਾਲਾਤ ਵਿਚ ਇੰਨੀ ਛੇਤੀ ਸੰਭਵ ਨਹੀਂ ਸੀ।" ਉਹ ਮਹਿਸੂਸ ਕਰਦਾ ਹੈ ਕਿ ਹਿੰਦੀ ਅਖਬਾਰਾਂ ਉਨ੍ਹਾਂ ਦੀ ਵੱਧ ਹਮਾਇਤ ਕਰਦੀਆਂ ਹਨ, ਕਿਉਂਕਿ ਇਹ ਵਪਾਰੀ ਭਾਈਚਾਰੇ ਦਾ ਸਮਰਥਨ ਕਰਦੀਆਂ ਹਨ। ਉਹ ਅਫਸੋਸ ਜ਼ਾਹਿਰ ਕਰਦਾ ਹੈ ਕਿ ਪੰਜਾਬੀ ਪ੍ਰੈੱਸ ਜ਼ਮੀਨਾਂ ਵਾਲਿਆਂ ਦੇ ਹੱਕ ਵਿਚ ਭੁਗਤਦੀ ਹੈ।

ਸੂਬਾ ਸਰਕਾਰ ਵੱਲੋਂ ਅਕਤੂਬਰ 2017 ਵਿਚ ਕੀਤੀ ਕਰਜ਼ਾ ਮੁਆਫੀ ਬਹੁਤ ਸੀਮਤ, ਪੜਾਅਵਾਰ ਅਤੇ ਬਾਸ਼ਰਤ ਸੀ। ਇਹ ਸਹਿਕਾਰੀ ਬੈਂਕਾਂ ਅਤੇ ਸਰਕਾਰੀ ਜਾਂ ਪ੍ਰਾਈਵੇਟ ਖੇਤਰ ਦੇ ਬੈਂਕਾਂ ਨਾਲ ਸਬੰਧਤ ਸੀ। ਇਹ ਬਹੁਤ ਸੀਮਤ ਜਿਹੇ ਢੰਗ ਨਾਲ ਲਾਗੂ ਕੀਤੀ ਗਈ। ਕਾਂਗਰਸ ਨੇ ਆਪਣੇ 2017 ਵਾਲੇ ਚੋਣ ਮੈਨੀਫੈਸਟੋ ਵਿਚ "ਕਿਸਾਨਾਂ ਦੇ ਮੁਕੰਮਲ ਖੇਤੀ ਕਰਜ਼ੇ ਮੁਆਫ" ਕਰਨ ਦਾ ਵਾਅਦਾ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਨੂੰ "ਵਧੇਰੇ ਵਿਆਪਕ ਅਤੇ ਅਸਰਦਾਰ" ਬਣਾਉਣ ਲਈ 'ਪੰਜਾਬ ਖੇਤੀ ਕਰਜ਼ਾ ਨਬੇੜਾ ਐਕਟ-2016' ਵਿਚ ਤਬਦੀਲੀ ਕੀਤੀ ਜਾਵੇਗੀ। ਹੁਣ ਤਕ ਸਰਕਾਰ ਨੇ ਆੜ੍ਹਤੀਆਂ ਦੇ ਕਿਸਾਨਾਂ ਸਿਰ ਚੜ੍ਹੇ 17 ਹਜ਼ਾਰ ਕਰੋੜ ਰੁਪਏ ਵਿਚੋਂ ਇਕ ਵੀ ਪੈਸਾ ਮੁਆਫ ਨਹੀਂ ਕੀਤਾ ਹੈ।

2010 ਵਿਚ ਹੋਏ ਅਧਿਐਨ ਵਿਚ ਸਿਫਾਰਿਸ਼ ਕੀਤੀ ਗਈ ਸੀ ਕਿ "ਆੜ੍ਹਤੀਆਂ ਰਾਹੀਂ ਕਿਸਾਨਾਂ ਨੂੰ ਭੁਗਤਾਨ ਵਾਲਾ ਸਿਸਟਮ" ਖਤਮ ਹੋਣਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਆਪਣੇ ਅਧਿਐਨ 'ਪੰਜਾਬ ਦੀ ਖੇਤੀ ਵਿਚ ਆੜ੍ਹਤੀਆ ਸਿਸਟਮ' ਵਿਚ ਕਿਹਾ ਸੀ ਕਿ "ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੀ ਸਿੱਧੀ ਅਦਾਇਗੀ ਹੋਣੀ ਚਾਹੀਦੀ ਹੈ।"

ਆੜ੍ਹਤੀਆਂ ਅਤੇ ਕਿਸਾਨਾਂ ਦੀ ਇਹ ਕਹਾਣੀ ਸਮੁੱਚੇ ਮੁਲਕ ਵਿਚ ਗੂੰਜ ਰਹੀ ਹੈ। ਉਂਜ, ਪੰਜਾਬ ਦੀ ਕਹਾਣੀ ਰਤਾ ਵੱਖਰੀ ਹੈ। ਦਰਸ਼ਨ ਸਿੰਘ ਸੰਘੇੜਾ, ਤੇਜਾ ਸਿੰਘ ਅਤੇ ਕਈ ਹੋਰ, ਬਾਣੀਆ ਜਾਂ ਅਜਿਹੀਆਂ ਕਿਸੇ ਹੋਰ ਵਪਾਰੀ ਜਾਤ ਵਿਚੋਂ ਨਹੀਂ। ਉਹ ਜੱਟ ਸਿੱਖ ਹਨ। ਜੱਟ ਇਸ ਵਪਾਰ ਵਿਚ ਕਾਫੀ ਮਗਰੋਂ ਆਏ। ਹੁਣ ਇਹ ਚੰਗਾ ਕਾਰੋਬਾਰ ਚਲਾ ਰਹੇ ਹਨ। ਪੰਜਾਬ ਦੇ ਕੁਲ 47 ਹਜ਼ਾਰ ਆੜ੍ਹਤੀਆਂ ਵਿਚੋਂ 23 ਹਜ਼ਾਰ ਜੱਟ ਹਨ। ਸੰਘੇੜਾ ਆਖਦਾ ਹੈ, "ਸ਼ਹਿਰਾਂ ਵਿਚ ਸਾਡਾ ਕੋਈ ਵੱਡਾ ਗਰੁੱਪ ਨਹੀਂ ਹੈ। ਮੈਂ ਇਸ ਕਾਰੋਬਾਰ ਵਿਚ 1988 ਵਿਚ ਆਇਆ। ਇਸ ਤੋਂ 10 ਸਾਲ ਬਾਅਦ ਵੀ ਇਸ ਮੰਡੀ ਵਿਚ ਮਸਾਂ 5-7 ਜੱਟ ਆੜ੍ਹਤੀਏ ਸਨ। ਅੱਜ ਇਥੇ ਆੜ੍ਹਤੀਆਂ ਦੀਆਂ 150 ਦੁਕਾਨਾਂ ਹਨ, ਇਨ੍ਹਾਂ ਵਿਚੋਂ ਇਕ ਤਿਹਾਈ ਜੱਟ ਹਨ। ਆਲੇ-ਦੁਆਲੇ ਵਾਲੀਆਂ ਛੋਟੀਆਂ ਮੰਡੀਆਂ ਵਿਚ ਸਾਡੀ ਬਹੁਮਤ ਹੈ।"

ਬਹੁਤੇ ਜੱਟਾਂ ਨੇ ਬਾਣੀਏ ਆੜ੍ਹਤੀਆਂ ਦੇ ਜੂਨੀਅਰ ਸਹਾਇਕਾਂ ਵਜੋਂ ਸ਼ੁਰੂਆਤ ਕੀਤੀ ਸੀ, ਫਿਰ ਆਪਣਾ ਕਾਰੋਬਾਰ ਖੜ੍ਹਾ ਕਰ ਲਿਆ। ਬਾਣੀਆਂ ਨੇ ਜੱਟਾਂ ਨੂੰ ਆਪਣੇ ਭਾਈਵਾਲ ਆਖਿਰ ਕਿਉਂ ਬਣਾਇਆ? ਦਰਅਸਲ, ਪੈਸੇ ਦੀ ਵਸੂਲੀ ਵੇਲੇ ਕਿਸਾਨਾਂ ਦੇ ਅੱਖੜ ਵਿਹਾਰ ਸਾਹਮਣਾ ਕਰਨਾ ਪੈਂਦਾ ਸੀ। ਸੰਘੇੜਾ ਦੱਸਦਾ ਹੈ, "ਬਾਣੀਏ ਆੜ੍ਹਤੀਏ ਅਕਸਰ ਡਰ ਜਾਂਦੇ ਸਨ।" ਜੱਟ ਆੜ੍ਹਤੀਏ ਛੇਤੀ ਭੱਜਣ ਵਾਲੇ ਨਹੀਂ ਹਨ। ਉਹ ਬੜੇ ਸਹਿਜ ਨਾਲ ਆਖਦਾ ਹੈ, "ਅਸੀਂ ਪੈਸੇ ਕਢਵਾ ਲੈਂਦੇ ਹਾਂ।"

ਮੈਂ ਇਹ ਕਹਾਣੀ ਮੁਕਤਸਰ ਜ਼ਿਲ੍ਹੇ ਵਿਚ ਜੱਟ ਕਿਸਾਨਾਂ ਨੂੰ ਸੁਣਾਈ ਤਾਂ ਉਹ ਓਪਰਾ ਜਿਹਾ ਹੱਸੇ। ਉਨ੍ਹਾਂ ਵਿਚੋਂ ਕੁੱਝ ਇਕ ਨੇ ਕਿਹਾ, "ਉਸ ਬੰਦੇ ਨੇ ਤੁਹਾਨੂੰ ਸੱਚ ਹੀ ਦੱਸਿਆ ਹੈ। ਜੱਟ ਮੁਸੀਬਤ ਵੇਲੇ ਪਿੱਛੇ ਨਹੀਂ ਹਟਦਾ, ਬਾਣੀਆ ਭੱਜ ਜਾਵੇਗਾ।" ਇਸ ਕਾਰੋਬਾਰ ਵਿਚ ਜੂਨੀਅਰ ਭਾਈਵਾਲ ਹੁਣ ਮੋਹਰੀ (ਬਿੱਗ ਬ੍ਰਦਰ) ਬਣ ਰਹੇ ਹਨ।

ਉਂਜ, ਬਾਣੀਆਂ ਨਾਲ ਇਸ ਭਾਈਵਾਲੀ ਦਾ ਅਸਰ ਸ਼ਾਇਦ ਸੀਮਤ ਜਿਹੇ ਰੂਪ ਨਾਲ ਦਿਸਦਾ ਹੈ। ਸੰਘੇੜਾ ਦੇ ਦਫਤਰ ਵਿਚ ਅਸੀਂ ਉਸ ਦੇ ਪੁੱਤਰ ਓਂਕਾਰ ਸਿੰਘ ਨੂੰ ਉਨ੍ਹਾਂ ਪੰਜ ਤਸਵੀਰਾਂ ਬਾਰੇ ਪੁੱਛਿਆ ਜੋ ਕੰਧ ਉਤੇ ਲਟਕ ਰਹੀਆਂ ਸਨ। ਪਹਿਲੀਆਂ ਦੋ ਤਸਵੀਰਾਂ ਗੁਰੂ ਗੋਬਿੰਦ ਸਿੰਘ ਤੇ ਗੁਰੂ ਨਾਨਕ ਅਤੇ ਆਖਰੀ ਦੋ ਤਸਵੀਰਾਂ ਗੁਰੂ ਹਰਿਗੋਬਿੰਦ ਤੇ ਗੁਰੂ ਤੇਗ ਬਹਾਦਰ ਦੀਆਂ ਹਨ। ਇਨ੍ਹਾਂ ਦੇ ਵਿਚਕਾਰ ਪੰਜਵੀਂ ਤਸਵੀਰ ਸ਼ਿਵ, ਪਾਰਬਤੀ ਅਤੇ ਇਨ੍ਹਾਂ ਦੇ ਪੁੱਤਰ ਗਣੇਸ਼ ਦੀ ਹੈ। ਇਹ ਕਿਵੇਂ? ਓਂਕਾਰ ਸਿੰਘ ਕਹਿੰਦਾ ਹੈ, "ਅਸੀਂ ਇਸ ਕਿੱਤੇ ਵਿਚ ਆਏ ਹਾਂ ਤਾਂ ਸਾਨੂੰ ਇਸ ਦੇ ਤੌਰ-ਤਰੀਕੇ ਵੀ ਅਪਨਾਉਣੇ ਪੈਣਗੇ।"

---

# ਕਦੋਂ ਦੇਖਾਂਗੇ ਖੇਡਦਾ ਪੰਜਾਬ?

**ਸੁਰਿੰਦਰ ਸਿੰਘ ਤੇਜ**

ਵਿਸ਼ਵ ਕੱਪ ਫੁਟਬਾਲ ਤਹਿਤ ਮੁਕਾਬਲੇ ਭਾਵੇਂ ਰੂਸ ਵਿਚ ਚੱਲ ਰਹੇ ਹਨ, ਪਰ ਇਹ ਮੱਲ੍ਹਮ ਲਾਉਣ ਦਾ ਕੰਮ ਸਾਡੇ ਪੰਜਾਬ ਵਿਚ ਵੀ ਕਰ ਰਹੇ ਹਨ ਜਿਥੇ ਕਿਸਾਨੀ ਖੁਦਕੁਸ਼ੀਆਂ ਦੀ ਥਾਂ ਜਨਤਕ ਚਿੰਤਾ ਹੁਣ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਵੱਲ ਕੇਂਦ੍ਰਿਤ ਹੈ। ਇਕ ਮਹੀਨੇ ਤੋਂ ਘੱਟ ਸਮੇਂ ਵਿਚ 27 ਮੌਤਾਂ ਨੇ ਸਿਆਸਤਦਾਨਾਂ ਨੂੰ ਛੱਡ ਕੇ ਸਮਾਜ ਦੇ ਬਾਕੀ ਸਾਰੇ ਵਰਗਾਂ ਨੂੰ ਦਹਿਲਾ ਕੇ ਰੱਖ ਦਿੱਤਾ ਹੈ। ਜਿਸ ਤਰ੍ਹਾਂ ਦੇ ਹੌਲਨਾਕ ਵੀਡੀਓ ਦੇਖਣ ਨੂੰ ਮਿਲ ਰਹੇ ਹਨ, ਉਹ ਨਿਹਾਇਤ ਖ਼ੌਫ਼ਨਾਕ ਮੰਜ਼ਰ ਪੇਸ਼ ਕਰਦੇ ਹਨ। ਰੂੜੀਆਂ 'ਤੇ ਮਰੇ ਪਏ ਨਸ਼ੇੜੀ ਪੁੱਤ ਦੀ ਮਾਂ ਦੇ ਕੀਰਨੇ, ਪੈਰ ਲੱਤਾਂ ਨਾਲੋਂ ਬਿਲਕੁਲ ਕੱਟੇ ਹੋਣ ਦੇ ਬਾਵਜੂਦ ਇਸ ਸਥਿਤੀ ਤੋਂ ਅਣਜਾਣ ਨੌਜਵਾਨ - ਅਜਿਹੇ ਦ੍ਰਿਸ਼ਾਂ ਤੋਂ ਤ੍ਰਸਤ ਤੇ ਉਦਾਸ ਹੋਏ ਮਨ ਨੂੰ ਫੁਟਬਾਲ ਮੈਚ ਕੁਝ ਸੁਕੂਨ ਅਵਸ਼ ਦਿੰਦੇ ਹਨ।

ਇਸ ਕਾਲਮਨਵੀਸ ਨੂੰ ਜ਼ਾਤੀ ਤੌਰ 'ਤੇ ਵਿਸ਼ਵ ਕੱਪ ਫੁਟਬਾਲ ਨਾਲੋਂ ਯੂਰਪੀ ਕੱਪ (ਯੂਰੋ ਫੁਟਬਾਲ) ਜਾਂ ਕੋਪਾ ਅਮੈਰਿਕਾ (ਅਮਰੀਕਾ ਕੱਪ) ਚੈਂਪੀਅਨਸ਼ਿਪਸ ਜ਼ਿਆਦਾ ਪਸੰਦ ਹਨ। ਇਸ ਦੀ ਮੁੱਖ ਵਜ੍ਹਾ ਹੈ ਕਿ ਉਨ੍ਹਾਂ ਟੂਰਨਾਮੈਂਟਾਂ ਵਿਚ ਮੁਕਾਬਲੇ ਵੱਧ ਮਿਆਰੀ, ਵੱਧ ਸੰਘਰਸ਼ਪੂਰਨ, ਵੱਧ ਰੋਮਾਂਚਕ ਤੇ ਵੱਧ ਕੌਤਕੀ ਹੁੰਦੇ ਹਨ। ਵਿਸ਼ਵ ਕੱਪ ਵਿਚ ਕਿਉਂਕਿ ਕੌਮਾਂਤਰੀ ਫੁਟਬਾਲ ਮਹਾਂਸੰਘ (ਫੀਫਾ) ਨੇ ਸਾਡੇ ਸੰਸਾਰ ਦੇ ਸਾਰੇ ਖ਼ਿੱਤਿਆਂ ਨੂੰ ਅਨੁਪਾਤਕ ਨੁਮਾਇੰਦਗੀ ਦੇਣੀ ਹੁੰਦੀ ਹੈ, ਇਸ ਲਈ ਏਸ਼ੀਆ ਜਾਂ ਅਫਰੀਕਾ ਤੋਂ ਕੁਝ ਟੀਮਾਂ ਅਜਿਹੀਆਂ ਕੁਆਲੀਫਾਈ ਕਰ ਜਾਂਦੀਆਂ ਹਨ ਜੋ ਮਿਆਰੀ ਪੈਮਾਨਿਆਂ ਪੱਖੋਂ ਬਾਕੀ ਕੁਆਲੀਫਾਇਰਾਂ ਦੇ ਹਾਣ ਦੀਆਂ ਨਹੀਂ ਹੁੰਦੀਆਂ। ਲਿਹਾਜ਼ਾ, ਪਹਿਲੇ ਗੇੜ ਦੇ ਕੁਝ ਮੈਚ ਇਕਪਾਸੜ ਵੀ ਰਹਿੰਦੇ ਹਨ ਤੇ ਨੀਰਸ ਵੀ। ਮੌਜੂਦਾ ਵਿਸ਼ਵ ਕੱਪ ਦੌਰਾਨ ਮਿਸਰ ਤੇ ਸਾਊਦੀ ਅਰਬ ਨੇ ਜਿੰਨੇ ਵੀ ਮੈਚ ਖੇਡੇ, ਉਹ ਅਕਾਊ ਸਨ। ਇਸੇ ਤਰ੍ਹਾਂ ਵੀਰਵਾਰ ਰਾਤੀਂ ਟਿਊਨਿਸ਼ੀਆ ਬਨਾਮ ਪਨਾਮਾ ਅਤੇ ਬੈਲਜੀਅਮ ਬਨਾਮ ਇੰਗਲੈਂਡ ਮੈਚ ਵੀ ਵਿਸ਼ਵ ਕੱਪ ਵਾਲੇ ਮਿਆਰ ਦੇ ਨਹੀਂ ਸਨ। ਇੰਜ ਹੀ, ਬ੍ਰਾਜ਼ੀਲ ਤੇ ਸਰਬੀਆ ਦਾ ਮੈਚ ਵੀ ਬੇਹਦ ਉਬਾਊ ਸੀ।

ਆਖ਼ਰੀ 16 ਦੇ ਗੇੜ ਵਿਚ 10 ਟੀਮਾਂ ਸਿਰਫ਼ ਯੂਰਪ ਤੋਂ ਪੁੱਜਣੀਆਂ ਇਸ ਹਕੀਕਤ ਦਾ ਪ੍ਰਮਾਣ ਹੈ ਕਿ ਯੂਰਪ ਜਾਂ ਲਾਤੀਨੀ ਅਮਰੀਕਾ ਵਿਚ ਫੁਟਬਾਲ ਦਾ ਮਿਆਰ ਬਾਕੀ ਮਹਾਂਦੀਪਾਂ ਨਾਲੋਂ ਉਚਾ ਹੈ। ਲਾਤੀਨੀ ਅਮਰੀਕੀ ਮੁਲਕਾਂ ਦੇ ਬਹੁਤੇ ਨਾਮੀ ਖਿਡਾਰੀ ਯੂਰਪੀ ਕਲੱਬਾਂ ਦੇ ਸਿਤਾਰੇ ਹਨ। ਉਨ੍ਹਾਂ ਨੂੰ ਉਥੇ ਬਿਹਤਰੀਨ ਖਿਡਾਰੀਆਂ ਨਾਲ ਖੇਡਣ ਦਾ ਲਗਾਤਾਰ ਮੌਕਾ ਮਿਲਦਾ ਹੈ। ਏਸ਼ੀਆ ਜਾਂ ਅਫਰੀਕਾ ਨਾਲ ਸਬੰਧਤ ਖਿਡਾਰੀਆਂ ਦਾ ਯੂਰਪੀ ਕਲੱਬਾਂ ਵਿਚ ਦਾਖ਼ਲਾ ਓਨਾ ਆਸਾਨ ਨਹੀਂ, ਜਿੰਨਾ ਲਾਤੀਨੀ ਅਮਰੀਕੀਆਂ ਦਾ ਹੈ। ਉਸ ਦੀ ਇਕ ਖ਼ਾਸ ਵਜ੍ਹਾ ਹੈ। ਯੂਰਪੀ ਟੀਮਾਂ ਦੀ ਖੇਡ ਸ਼ੈਲੀ ਮਕੈਨਿਕੀ (ਮਸ਼ੀਨਨੁਮਾ) ਹੈ। ਉਹ ਜਿਸਮਾਨੀ ਤੌਰ 'ਤੇ ਵਧ ਫਿੱਟ ਹਨ, ਪਰ ਉਨ੍ਹਾਂ ਦੀ ਸ਼ੈਲੀ 'ਚ ਕਲਾਤਮਿਕਤਾ ਨਹੀਂ। ਲਾਤੀਨੀ ਅਮਰੀਕੀਆਂ ਦੀ ਖੇਡ ਕਲਾਤਮਿਕ ਹੈ। ਉਹ ਸਨਾਤਨੀ ਖੇਡ ਖੇਡਦੇ ਹਨ। ਛੋਟੇ ਛੋਟੇ ਸਟੀਕ ਪਾਸ, ਸੁੰਦਰ ਡਰਿਬਲਿੰਗ, ਵਿਰੋਧੀ ਖਿਡਾਰੀ ਨੂੰ ਝਕਾਨੀ ਦੇਣ ਦੀ ਹੁਨਰਮੰਦੀ। ਉਨ੍ਹਾਂ ਦੀ ਖੇਡ ਅੰਦਰਲੀ ਸੰਗੀਤਕ ਲੈਅ ਮੰਤਰਮੁਗਧ ਕਰਦੀ ਹੈ। ਇਹੀ ਕਲਾ ਉਨ੍ਹਾਂ ਦੀ ਮਾਰਕੀਟ ਕੀਮਤ ਵਧਾਉਂਦੀ ਹੈ।

ਫੁਟਬਾਲ ਨੂੰ ਸਭ ਤੋਂ ਖ਼ੂਬਸੂਰਤ ਖੇਡ ਮੰਨਣ ਵਾਲਿਆਂ ਦੀ ਦੁਨੀਆਂ ਵਿਚ ਗਿਣਤੀ ਬੇਸ਼ੁਮਾਰ ਹੈ। ਇਸ ਨੂੰ ਗ਼ਰੀਬ ਤੇ ਅਮੀਰ ਦਾ ਪਾੜਾ ਮੇਟਣ ਵਾਲੀ ਖੇਡ ਵੀ ਮੰਨਿਆ ਜਾਂਦਾ ਹੈ। ਸੇਨੇਗਲ, ਪਨਾਮਾ ਜਾਂ ਕੋਲੰਬੀਆ ਵਰਗੇ ਗ਼ਰੀਬ ਤੇ ਖ਼ਾਨਾਜੰਗੀ ਪੀੜਤ ਦੇਸ਼ਾਂ ਦਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਾ ਦਰਸਾਉਂਦਾ ਹੈ ਕਿ ਸਿਰਫ਼ ਦੋ ਚੀਜ਼ਾਂ (ਭਾਵ 110 ਗੁਣਾ 75 ਮੀਟਰ ਦਾ ਮੈਦਾਨ ਅਤੇ ਇਕ ਬਾਲ) ਸਾਧਨ ਸੰਪੰਨਾਂ ਤੇ ਸਾਧਨ ਵਿਹੂਣਿਆਂ ਦਰਮਿਆਨ ਫ਼ਾਸਲਾ ਕਿੰਨੇ ਜਾਦੂਈ ਢੰਗ ਨਾਲ ਮੇਟ ਦਿੰਦੀਆਂ ਹਨ। ਇਸ ਖੇਡ ਵਿਚ ਮੁਹਾਰਤ ਹਾਸਲ ਕਰਨ ਲਈ ਫੈਂਸੀ ਗੈਜੇਟਸ ਦੀ ਲੋੜ ਨਹੀਂ; ਮਿਹਨਤ, ਲਗਨ ਤੇ ਅਭਿਆਸ ਹੀ ਕਾਮਯਾਬੀ ਦੇ ਗੁਰ ਵੀ ਹਨ ਅਤੇ ਸਭ ਤੋਂ ਕਾਰਗਰ ਹਥਿਆਰ ਵੀ। ਇਹੀ ਕਾਰਨ ਹੈ ਕਿ ਵਿਸ਼ਵ ਕੱਪ ਦੇ ਕੁਆਲੀਫਾਇਰਾਂ ਵਿਚ ਅਮਰੀਕਾ ਜਾਂ ਚੀਨ ਵਰਗੀਆਂ ਆਰਥਿਕ (ਤੇ ਫ਼ੌਜੀ) ਮਹਾਂਸ਼ਕਤੀਆਂ ਸ਼ੁਮਾਰ ਨਹੀਂ। ਇਕ ਹੋਰ ਆਰਥਿਕ ਮਹਾਂਸ਼ਕਤੀ ਜਰਮਨੀ ਨੂੰ ਪਹਿਲੇ ਗੇੜ 'ਚੋਂ ਬਾਹਰ ਹੋਣ ਦੀ ਨਮੋਸ਼ੀ ਝੱਲਣੀ ਪਈ। ਜਿਥੋਂ ਤਕ (ਬਕੌਲ ਮੋਦੀ) 'ਦੁਨੀਆਂ ਦੇ ਵਿਕਾਸ ਇੰਜਨ' ਭਾਰਤ ਦਾ ਸਵਾਲ ਹੈ, ਇਸ ਨੂੰ ਤਾਂ 1950 ਤੋਂ ਬਾਅਦ ਕਦੇ ਫਾਈਨਲਜ਼ ਵਿਚ ਦਾਖ਼ਲਾ ਹੀ ਨਹੀਂ ਮਿਲਿਆ; 1950 ਵਿਚ ਵੀ 'ਤਕਨੀਕੀ ਤੌਰ 'ਤੇ ਦਾਖ਼ਲਾ' ਇਸ ਕਰਕੇ ਮਿਲਿਆ ਸੀ ਕਿਉਂਕਿ ਕੁਆਲੀਫਾਈਂਗ ਗੇੜ 'ਚ ਹੋਰਨਾਂ ਮੁਲਕਾਂ ਨੇ ਖੇਡਣ ਤੋਂ ਨਾਂਹ ਕਰ ਦਿੱਤੀ ਸੀ।

ਉਪਰੋਕਤ ਸਥਿਤੀ ਦੇ ਬਾਵਜੂਦ ਅਸਲੀਅਤ ਇਹ ਵੀ ਹੈ ਕਿ 1947 ਵਿਚ ਆਜ਼ਾਦੀ ਮਿਲਣ ਤੋਂ ਲੈ ਕੇ 1960 ਤਕ ਘੱਟੋਘੱਟ ਏਸ਼ਿਆਈ ਪੱਧਰ 'ਤੇ ਭਾਰਤੀ ਕਾਰਗੁਜ਼ਾਰੀ ਕਾਫ਼ੀ ਜ਼ਿਕਰਯੋਗ ਸੀ। ਭਾਰਤੀ ਫੁਟਬਾਲ ਟੀਮ ਨੇ 1948 (ਲੰਡਨ) ਤੇ 1952 (ਹੇਲਸਿੰਕੀ) ਓਲੰਪਿਕਸ 'ਚ ਭਾਗ ਲਿਆ ਸੀ ਅਤੇ 1956 ਦੇ ਮੈਲਬਰਨ ਓਲੰਪਿਕ ਵਿਚ ਤਾਂ ਸੈਮੀ ਫਾਈਨਲਜ਼ ਵਿਚ ਵੀ ਪਹੁੰਚੀ। ਇਸੇ ਤਰ੍ਹਾਂ 1951 ਦੀਆਂ ਏਸ਼ਿਆਈ ਖੇਡਾਂ ਵਿਚ ਭਾਰਤ, ਫੁਟਬਾਲ ਦਾ ਗੋਲਡ ਮੈਡਲਿਸਟ ਸੀ। ਭਾਰਤੀ ਨਿਘਾਰ 1960ਵਿਆਂ ਤੋਂ ਸ਼ੁਰੂ ਹੋਇਆ। ਦਰਅਸਲ, ਭਾਰਤੀ ਫੁਟਬਾਲ ਦੇ ਉਨ੍ਹਾਂ ਦਿਨਾਂ ਦੇ ਉਭਾਰ ਵਿਚ ਪੰਜਾਬ ਦਾ ਖ਼ਾਸ ਯੋਗਦਾਨ ਸੀ। ਜਰਨੈਲ ਸਿੰਘ, ਗੁਰਦੇਵ ਸਿੰਘ ਗਿੱਲ ਤੇ ਇੰਦਰ ਸਿੰਘ ਵਰਗੇ ਖਿਡਾਰੀ ਪੰਜਾਬ ਵਿਚ ਵੀ ਨਾਇਕ ਸਨ, ਬੰਗਾਲ ਵਿਚ ਵੀ ਅਤੇ ਕੇਰਲਾ ਵਿਚ ਵੀ। ਕਦੇ ਚਾਰ ਚਾਰ ਪੰਜਾਬੀ ਖਿਡਾਰੀ ਕੌਮੀ ਟੀਮ ਦਾ ਸ਼ਿੰਗਾਰ ਹੁੰਦੇ ਸਨ, ਹੁਣ ਮਿਨਰਵਾ ਪੰਜਾਬ ਦੇ ਗੁਰਪ੍ਰੀਤ ਸਿੰਘ ਸੰਧੂ ਨੂੰ ਛੱਡ ਕੇ ਹੋਰ ਕੋਈ ਅਜਿਹਾ ਪੰਜਾਬੀ ਖਿਡਾਰੀ ਨਹੀਂ ਜਿਸ ਨੂੰ ਫੁਟਬਾਲ ਦੇ ਖੇਤਰ 'ਚ ਪੰਜਾਬ ਦਾ ਮਾਣ ਮੰਨਿਆ ਜਾ ਸਕੇ।

ਫੁਟਬਾਲ ਬਾਰੇ ਡੇਢ ਦਰਜਨ ਬਿਹਤਰੀਨ ਸਾਹਿਤਕ ਕਿਰਤਾਂ ਰਚਣ ਵਾਲੇ ਯੂਰੂਗੁਏਅਨ ਲੇਖਕ ਐਦੂਆਰਦੋ ਗੈਲੀਏਨੋ ਦਾ ਕਥਨ ਹੈ ਕਿ ਨਸ਼ਿਆਂ ਦੀ ਭਰਮਾਰ ਵਾਲੇ ਭੂਗੋਲਿਕ ਖ਼ਿੱਤੇ (ਲਾਤੀਨੀ ਅਮਰੀਕਾ) ਵਿਚ ਸਥਿਤ ਹੋਣ ਦੇ ਬਾਵਜੂਦ ਉਸ ਦੇ ਮੁਲਕ ਦੀ ਨੌਜਵਾਨੀ ਦਾ ਜੇਕਰ ਨਸ਼ਿਆਂ ਦੇ ਸੰਤਾਪ ਤੋਂ ਬਚਾਅ ਹੋਇਆ ਹੈ ਤਾਂ ਇਹ ਫੁਟਬਾਲ ਦੀ ਬਦੌਲਤ ਹੈ; ਉਸ ਮੁਲਕ ਦੇ ਤਕਰੀਬਨ ਹਰ ਪਿੰਡ ਵਿਚ ਖੇਡ ਮੈਦਾਨ ਹੈ ਅਤੇ ਫੁਟਬਾਲ ਦੀਆਂ ਦੋ ਦੋ ਟੀਮਾਂ ਹਨ। ਕੀ ਇਹੀ ਫਾਰਮੂਲਾ ਪੰਜਾਬ ਵਿਚ ਨਹੀਂ ਅਜ਼ਮਾਇਆ ਜਾ ਸਕਦਾ?

# ਆਮ ਆਦਮੀ ਪਾਰਟੀ ਦਾ ਸੰਕਟ

**ਸਾਲ 2014 ਵਿਚ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਬੱਲੇ-ਬੱਲੇ ਖੱਟਣ ਵਾਲੀ ਆਮ ਆਦਮੀ ਪਾਰਟੀ ਬਾਅਦ ਵਿਚ ਕੋਈ ਖਾਸ ਮਾਅਰਕਾ ਨਹੀਂ ਮਾਰ ਸਕੀ। ਪਾਰਟੀ ਅੰਦਰਲਾ ਕਲੇਸ਼ ਇਸ ਅੰਦਰਲੀ ਤਾਕਤ ਨੂੰ ਖੋਰਨ ਦਾ ਸਬੱਬ ਬਣ ਗਿਆ। ਪਰਦੇਸੀਂ ਵਸਦੇ ਸਮਰਥਕਾਂ ਨੇ ਪਾਰਟੀ ਦਾ ਵਜ਼ਨ ਵਧਾਉਣ ਲਈ ਹਰ ਹੀਲਾ-ਵਸੀਲਾ ਕੀਤਾ ਪਰ ਪੰਜਾਬ ਵਿਚ ਪਾਰਟੀ ਦਾ ਕੋਈ ਮੂੰਹ-ਮੱਥਾ ਨਾ ਬਣਨ ਕਾਰਨ ਪੱਲੇ ਨਿਰਾਸ਼ਾ ਹੀ ਪਈ। ਉਂਜ, ਇਸ ਪਾਰਟੀ ਤੋਂ ਅਜੇ ਵੀ ਬਹੁਤ ਸਾਰੇ ਲੋਕ ਆਸਵੰਦ ਹਨ। ਇਨ੍ਹਾਂ ਨੂੰ ਲੱਗਦਾ ਹੈ ਕਿ ਪਾਰਟੀ ਦੀ ਲੀਡਰਸ਼ਿਪ ਪੁਰਾਣੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਅਗਾਂਹ ਲਈ ਨਵੀਆਂ ਪੈੜਾਂ ਪਾਵੇਗੀ। ਪਾਰਟੀ ਦੇ ਇਨ੍ਹਾਂ ਹਾਲਾਤ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਸ. ਨਰਿੰਦਰ ਸਿੰਘ ਢਿੱਲੋਂ ਨੇ ਕੀਤੀ ਹੈ। -ਸੰਪਾਦਕ**

ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਇਸ ਸਮੇਂ ਡੂੰਘੇ ਸੰਕਟ ਦੀ ਸ਼ਿਕਾਰ ਹੈ। ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਅਤੇ ਉਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਲੋਕਾਂ ਵਲੋਂ ਜੋ ਹੁੰਗਾਰਾ ਇਸ ਪਾਰਟੀ ਨੂੰ ਦਿੱਤਾ ਗਿਆ ਸੀ, ਉਹ ਹੁਣ ਨਜ਼ਰ ਨਹੀਂ ਆ ਰਿਹਾ। ਪਹਿਲਾਂ ਗੁਰਦਾਸਪੁਰ ਲੋਕ ਸਭਾ ਹਲਕੇ ਅਤੇ ਫਿਰ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਚੋਣ ਵਿਚ ਇਸ ਪਾਰਟੀ ਦੀ ਕਾਰਗੁਜ਼ਾਰੀ ਬਹੁਤ ਮਾੜੀ ਰਹੀ। ਕੋਈ ਵੀ ਜਿੱਤ ਜਾਂ ਹਾਰ, ਚੋਣ ਪ੍ਰਕ੍ਰਿਆ ਦਾ ਹਿੱਸਾ ਹੁੰਦੀ ਹੈ ਪਰ ਦੇਖਣਾ ਇਹ ਹੁੰਦਾ ਹੈ ਕਿ ਪਾਰਟੀ ਨੇ ਇਕਮੁੱਠ ਹੋ ਕੇ ਚੋਣ ਲੜੀ ਤੇ ਮੁਕਾਬਲਤਨ ਪਾਰਟੀ ਦੀ ਕਾਰਗੁਜ਼ਾਰੀ ਠੀਕ ਰਹੀ। ਇਨ੍ਹਾਂ ਦੋਹਾਂ ਹਲਕਿਆਂ ਵਿਚ ਨਾ ਪਾਰਟੀ ਨੇ ਇਕਮੁੱਠ ਹੋ ਕੇ ਚੋਣ ਲੜੀ ਅਤੇ ਨਾ ਹੀ ਪਾਰਟੀ ਦੀ ਕਾਰਗੁਜ਼ਾਰੀ ਨੇ ਠੀਕ ਸਿੱਟੇ ਕੱਢੇ। ਜੇ ਪਾਰਟੀ ਇਕਮੁੱਠ ਹੋ ਕੇ ਨਾ ਲੜੇ ਤਾਂ ਠੀਕ ਸਿੱਟੇ ਪ੍ਰਾਪਤ ਨਹੀਂ ਹੋ ਸਕਦੇ। ਪਹਿਲਾਂ ਵੀ ਪੰਜਾਬ ਵਿਧਾਨ ਸਭਾ ਚੋਣਾਂ ਦਾ ਲੇਖਾ

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਜੋਖਾ ਕਰਦਿਆਂ ਬਹੁਤ ਸਾਰੇ ਪੱਤਰਕਾਰਾਂ ਅਤੇ ਲੇਖਕਾਂ ਨੇ ਪਾਰਟੀ ਦੀ ਉਸਾਰੂ ਆਲੋਚਨਾ ਕਰਦਿਆਂ ਇਸ ਦੀ ਕਾਰਜਪ੍ਰਣਾਲੀ ਠੀਕ ਕਰਨ ਲਈ ਸੁਝਾਅ ਦਿਤੇ ਸਨ ਪਰ 'ਪਰਨਾਲਾ ਉਥੇ ਦਾ ਉਥੇ' ਰਿਹਾ। ਪਾਰਟੀ ਦੇ ਪਿੰਡ ਜਾਂ ਸ਼ਹਿਰ ਪੱਧਰ ਤਕ ਵਰਕਰਾਂ ਵਿਚ ਜਿੰਨਾ ਉਤਸ਼ਾਹ ਸੀ, ਉਹ ਖਤਮ ਹੋ ਚੁਕਾ ਹੈ ਅਤੇ ਬਹੁਤ ਸਾਰੇ ਵਰਕਰ ਜਾਂ ਤਾਂ ਨਿਰਉਤਸ਼ਾਹਿਤ ਹੋ ਕੇ ਘਰ ਬੈਠ ਗਏ ਹਨ, ਜਾਂ ਦੂਜੀਆਂ ਪਾਰਟੀ ਨਾਲ ਜੁੜ ਰਹੇ ਹਨ।

ਰਾਜਨੀਤੀ ਬਦਲਣ, ਦੂਜੀਆਂ ਪਾਰਟੀਆਂ ਵਿਚੋਂ ਕੱਢੇ ਆਗੂਆਂ ਦੀ ਥਾਂ ਪਾਰਟੀ ਛੱਡ ਕੇ ਆਉਣ ਵਾਲੇ ਸਾਫ-ਸੁਥਰੇ ਅਕਸ ਵਾਲੇ ਲੀਡਰਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਨ, ਪਾਰਟੀ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲਿਆਂ ਤੇ ਵਾਲੰਟੀਅਰਾਂ ਨੂੰ ਟਿਕਟਾਂ ਦੇਣ, ਭ੍ਰਿਸ਼ਟਾਚਾਰ, ਮਾਫੀਆ ਤੇ ਨਸ਼ਿਆਂ ਵਿਰੁਧ ਲਗਾਤਾਰ ਸੰਘਰਸ਼ ਕਰਨ ਆਦਿ ਦਾ ਨਾਅਰਾ ਲੈ ਕੇ ਤੂਫਾਨ ਵਾਂਗ ਆਈ ਇਹ ਪਾਰਟੀ ਹੁਣ ਆਪਸੀ ਧੜੇਬੰਦੀ ਵਿਚ ਹੀ ਬੁਰੀ ਤਰ੍ਹਾਂ ਉਲਝ ਗਈ ਹੈ ਅਤੇ ਸਾਰੇ ਮੁੱਦੇ ਇਕ ਪਾਸੇ ਰਹਿ ਗਏ ਹਨ।

ਪਾਰਟੀ ਨੂੰ ਖੜ੍ਹੀ ਕਰਨ ਵਾਲਿਆਂ ਨੇ ਆਪਣੇ ਕਾਰੋਬਾਰ ਦਾ ਨੁਕਸਾਨ ਵੀ ਕਰਵਾਇਆ ਅਤੇ ਵਿਰੋਧੀ ਪਾਰਟੀ ਦੀ ਬਦਲਾਊ ਨੀਤੀ ਦਾ ਸ਼ਿਕਾਰ ਵੀ ਹੋਏ ਪਰ ਪਾਰਟੀ ਦਾ ਪੱਲਾ ਨਹੀਂ ਸੀ ਛੱਡਿਆ; ਹੁਣ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਵੇਂ ਪਾਰਟੀ ਦੇ ਕੇਂਦਰੀ ਲੀਡਰਾਂ-ਸੰਜੇ ਸਿੰਘ ਤੇ ਦੁਰਗੇਸ਼ ਪਾਠਕ 'ਤੇ ਕਈ ਤਰ੍ਹਾਂ ਦੇ ਦੋਸ਼ ਲੱਗੇ ਪਰ ਇਹ ਸਭ ਕੁਝ ਨਜ਼ਰਅੰਦਾਜ਼ ਕਰ ਕੇ ਵਰਕਰ ਇਕਮੁੱਠ ਹੋ ਕੇ ਪਾਰਟੀ ਲਈ ਕੰਮ ਕਰਦੇ ਰਹੇ।

ਪਾਰਟੀ ਦਾ ਗ੍ਰਾਫ ਡਿੱਗਣ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਕੇਂਦਰੀ ਲੀਡਰਾਂ ਨੇ ਪਾਰਟੀ ਦੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਤਾਨਾਸ਼ਾਹੀ ਢੰਗ ਨਾਲ ਅਹੁਦੇ ਤੋਂ ਹਟਾ ਦਿੱਤਾ। ਇਸ ਤੋਂ ਬਾਅਦ ਕੇਂਦਰੀ ਲੀਡਰਾਂ 'ਤੇ ਦੋਸ਼-ਦਰ-ਦੋਸ਼ ਲਗਦੇ ਰਹੇ ਅਤੇ ਲੀਡਰ ਸੌ ਸੀਟਾਂ ਜਿੱਤਣ ਦੇ ਦਾਅਵੇ ਕਰਦੇ ਕਰਦੇ ਅੰਤ ਵੀਹ ਸੀਟਾਂ 'ਤੇ ਅਟਕ ਗਏ। ਵੀਹ ਸੀਟਾਂ ਜਿੱਤਣ ਤੋਂ ਬਾਅਦ ਕੇਂਦਰੀ ਨੇਤਾ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਤਾਂ ਦਿੱਲੀ ਦੌੜ ਗਏ ਪਰ ਜਿੱਤੇ ਹੋਏ ਵਿਧਾਇਕ ਵੀ ਇਕਮੁੱਠ ਅਤੇ ਇਕ ਸੁਰ ਨਾ ਰਹਿ ਸਕੇ। ਅੱਜ ਵੀ ਉਨ੍ਹਾਂ ਵਲੋਂ ਇਕ ਦੂਜੇ ਦੀਆਂ ਲੱਤਾਂ ਖਿੱਚਣ ਦੇ ਚਰਚੇ ਹਨ।

ਕੋਈ ਵੀ ਸਿਆਸੀ ਪਾਰਟੀ ਕੇਂਦਰੀ ਲੀਡਰਸ਼ਿਪ ਦੀ ਯੋਗ ਅਗਵਾਈ ਤੋਂ ਬਿਨਾ ਨਹੀਂ ਚਲ ਸਕਦੀ। ਇਸੇ ਕਰਕੇ ਭਾਰਤ ਵਿਚ ਸਾਰੀਆਂ ਕੌਮੀ ਪਾਰਟੀਆਂ ਨੇ ਵੱਖ-ਵੱਖ ਰਾਜਾਂ ਵਾਸਤੇ ਇੰਚਾਰਜ ਲਾਏ ਹੋਏ ਹਨ। ਕੇਂਦਰੀ ਲੀਡਰਸ਼ਿਪ ਦੀ ਡਿਊਟੀ ਬਣਦੀ ਹੈ ਕਿ ਉਹ ਉਸ ਰਾਜ ਪ੍ਰਤੀ ਕੋਈ ਫੈਸਲਾ ਰਾਜ ਦੀ ਟੀਮ ਨਾਲ ਸਲਾਹ ਮਸ਼ਵਰਾ ਕਰਕੇ ਕਰੇ। ਰਾਜ ਪੱਧਰ ਦੇ ਨੇਤਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਕੇਂਦਰੀ ਲੀਡਰਸ਼ਿਪ ਵੱਲੋਂ ਕੀਤੇ ਫੈਸਲੇ ਲਾਗੂ ਕਰੇ ਭਾਵੇਂ ਕਿਸੇ ਫੈਸਲੇ 'ਤੇ ਕਿਸੇ ਨੇਤਾ ਦੀ ਅਸਹਿਮਤੀ ਵੀ ਹੋਵੇ। ਉਹ ਆਪਣੀ ਅਸਹਿਮਤੀ ਰਾਜ ਦੇ ਇੰਚਾਰਜ ਨੂੰ ਨੋਟ ਕਰਵਾ ਸਕਦਾ ਹੈ। ਅਸੀਂ ਦੇਖਦੇ ਹਾਂ ਕਿ ਆਮ ਆਦਮੀ ਪਾਰਟੀ ਵਿਚ ਕੇਂਦਰੀ ਲੀਡਰਸ਼ਿਪ ਅਤੇ ਰਾਜ ਪੱਧਰ ਦੇ ਨੇਤਾਵਾਂ ਵਲੋਂ ਹਮੇਸ਼ਾ ਉਲੰਘਣਾ ਹੋਈ ਹੈ। ਇਥੋਂ ਹੀ ਪਾਰਟੀ ਦਾ ਨਿਘਾਰ ਸ਼ੁਰੂ ਹੁੰਦਾ ਹੈ।

2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੀ ਟਿਕਟ 'ਤੇ ਜਿੱਤੇ ਡਾ. ਧਰਮਵੀਰ ਗਾਂਧੀ (ਪਟਿਆਲਾ) ਅਤੇ ਹਰਿੰਦਰ ਸਿੰਘ ਖਾਲਸਾ (ਫਤਿਹਗੜ੍ਹ ਸਾਹਿਬ) ਨੇ ਕੁਝ ਫੈਸਲਿਆਂ 'ਤੇ ਅਸਹਿਮਤ ਹੁੰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਿਰੁਧ ਜਨਤਕ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਉਹ ਪਾਰਟੀ ਤੋਂ ਬਾਗੀ ਹੋਏ ਤੇ ਪਾਰਟੀ ਵਿਰੋਧੀ ਨੇਤਾਵਾਂ ਦੀਆਂ ਪ੍ਰੈਸ ਕਾਨਫਰੰਸਾਂ ਅਤੇ ਪਾਰਟੀ ਵਿਰੋਧੀਆਂ ਵੱਲੋਂ ਸੱਦੀਆਂ ਮੀਟਿੰਗਾਂ ਵਿਚ ਪਾਰਟੀ ਵਿਰੁਧ ਭਾਸ਼ਣ ਕਰਦੇ ਰਹੇ। ਹਾਲਤ ਇਥੋਂ ਤਕ ਪਹੁੰਚ ਗਈ ਕਿ 29 ਅਗਸਤ 2015 ਨੂੰ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆਂ ਦੇ ਮੇਲੇ 'ਤੇ ਇਹ ਨੇਤਾ ਆਪਣੀ ਪਾਰਟੀ ਦੀ ਸਟੇਜ 'ਤੇ ਨਹੀਂ ਗਏ ਅਤੇ ਵੱਖਰੀ ਸਟੇਜ ਲਾ ਕੇ ਆਪਣੀ ਹੀ ਪਾਰਟੀ ਨੂੰ ਭੰਡਦੇ ਰਹੇ। ਇਸ ਤੋਂ ਤੁਰੰਤ ਬਾਅਦ ਕੇਂਦਰੀ ਲੀਡਰਸ਼ਿਪ ਨੇ ਇਨ੍ਹਾਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅਤਲ ਕਰ ਦਿਤਾ ਜੋ ਅੱਜ ਤਕ ਮੁਅਤਲ ਹਨ।

ਮੈਂ ਸਮਝਦਾ ਹਾਂ ਕਿ ਕੋਈ ਨਵੀਂ ਪਾਰਟੀ ਪਹਿਲੀ ਵਾਰ ਚੋਣ ਲੜੇ, ਉਸ ਦਾ ਕੋਈ ਹੇਠਾਂ ਤਕ ਢਾਂਚਾ ਵੀ ਨਾ ਹੋਵੇ ਅਤੇ ਕੋਈ ਠੋਸ ਪਾਰਟੀ ਪ੍ਰੋਗਰਾਮ ਵੀ ਨਾ ਹੋਵੇ ਤਾਂ ਲੋਕ ਸਭਾ ਦੀਆਂ ਚਾਰ



ਅਤੇ ਵਿਧਾਨ ਸਭਾ ਦੀਆਂ ਵੀਹ ਸੀਟਾਂ ਲੈ ਜਾਵੇ, ਇਹ ਵੀ ਪ੍ਰਾਪਤੀ ਹੀ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਵਿਚ ਮੁੱਖ ਆਮ ਆਦਮੀ ਪਾਰਟੀ ਸੀ ਅਤੇ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੂੰ ਵਿਰੋਧੀ ਧਿਰ ਦਾ ਨੇਤਾ ਚੁਣਿਆ ਗਿਆ। ਸ. ਫੂਲਕਾ ਨੂੰ ਜਿਸ ਸਰਗਰਮੀ ਨਾਲ ਕੰਮ ਕਰਨਾ ਚਾਹੀਦਾ ਸੀ, ਉਹ ਨਾ ਕਰ ਸਕੇ ਤੇ ਵਿਰੋਧੀ ਪਾਰਟੀ ਦੇ ਨੇਤਾ ਵਜੋਂ ਸਥਾਪਤ ਨਾ ਹੋ ਸਕੇ। ਉਨ੍ਹਾਂ ਇਹ ਕਹਿ ਕੇ ਅਸਤੀਫਾ ਦੇ ਦਿੱਤਾ ਕਿ ਉਹ ਦਿੱਲੀ ਦੇ 1984 ਸਿੱਖ ਕਤਲੇਆਮ ਦੇ ਕੇਸਾਂ ਵੱਲ ਧਿਆਨ ਦੇਣਾ ਚਾਹੁੰਦੇ ਹਨ।

ਇਸ ਤੋਂ ਬਾਅਦ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦਾ ਨੇਤਾ ਚੁਣਿਆ ਗਿਆ। ਸ. ਖਹਿਰਾ ਤੇਜ਼ ਤਰਾਰ ਨੇਤਾ ਹੈ। ਉਹ ਵਿਰੋਧੀਆਂ ਖਿਲਾਫ ਸਿਆਸੀ ਲੜਾਈ ਲਈ ਤੱਥ ਇਕੱਠੇ ਕਰ ਸਕਦਾ ਹੈ ਤੇ ਬਾਦਲੀਲ ਬਹਿਸ ਕਰ ਸਕਦਾ ਹੈ। ਉਸ ਦੇ ਸੰਘਰਸ਼ ਕਾਰਨ ਹੀ ਰਾਣਾ ਗੁਰਜੀਤ ਸਿੰਘ ਹੇਠੋਂ ਵਜ਼ੀਰੀ ਦੀ ਕੁਰਸੀ ਖਿਸਕ ਗਈ। ਬੀਬੀ ਜਗੀਰ ਕੌਰ ਨਾਲ ਵੀ ਉਹ ਬਾਦਲੀਲ ਸਿਆਸੀ ਆਢਾ ਲਾਈ ਰੱਖਦਾ ਹੈ। ਹੁਣ ਵੀ ਉਹ ਅਕਾਲੀ ਅਤੇ ਕਾਂਗਰਸੀ ਲੀਡਰਾਂ ਵਿਰੁਧ ਸਿਆਸੀ ਹਮਲੇ ਜਾਰੀ ਰੱਖ ਰਿਹਾ ਹੈ। ਪਾਰਟੀ ਵਿਚ ਇਸ ਵੇਲੇ ਉਹ ਸਭ ਤੋਂ ਵੱਧ ਸਰਗਰਮ ਹਨ, ਲੇਕਿਨ ਸ. ਖਹਿਰਾ ਦਾ ਦੁਖਾਂਤ ਹੈ ਕਿ ਉਸ ਦੀ ਪਾਰਟੀ ਦੇ ਲੀਡਰ ਹੀ ਉਸ ਦੇ ਨਾਲ ਨਹੀਂ ਖੜ੍ਹਦੇ। ਜਦ ਵਿਰੋਧੀ ਧਿਰ ਦਾ ਨੇਤਾ ਬਣਨ ਤੋਂ ਬਾਅਦ ਕੈਪਟਨ ਸਰਕਾਰ ਨੇ ਉਸ ਨੂੰ ਕਥਿਤ ਝੂਠੇ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਪਾਰਟੀ ਨੂੰ ਉਸ ਨਾਲ ਖੜ੍ਹਨਾ ਚਾਹੀਦਾ ਸੀ, ਪਰ ਨਹੀਂ ਖੜ੍ਹੀ। ਭਗਵੰਤ ਮਾਨ ਵੀ ਚੁੱਪ ਰਿਹਾ, ਕਈਆਂ ਨੇ ਅਸਤੀਫੇ ਦੀ ਮੰਗ ਦੇ ਬਿਆਨ ਵੀ ਦਾਗ ਦਿੱਤੇ। ਜਦ ਉਸ ਨੂੰ ਸੁਪਰੀਮ ਕੋਰਟ ਵਲੋਂ ਰਾਹਤ ਮਿਲ ਗਈ ਤਾਂ ਉਹ ਵਿਧਾਇਕ, ਜੋ ਵਿਰੋਧੀ ਧਿਰ ਦੇ ਨੇਤਾ ਦੀ ਕੁਰਸੀ 'ਤੇ ਅੱਖ ਰੱਖੀ ਬੈਠੇ ਸੀ, ਸਭ ਦੰਗ ਰਹਿ ਗਏ।

ਇਸ ਦੇ ਨਾਲ ਹੀ ਸ. ਖਹਿਰਾ ਦਾ ਕੰਮ ਢੰਗ ਵੀ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲਾ ਨਹੀਂ। ਉਹ ਵਿਅਕਤੀਗਤ ਭੱਜ ਦੌੜ ਹੀ ਕਰਦਾ ਹੈ ਅਤੇ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਥਾਂ ਵਿਧਾਇਕਾਂ ਰਾਹੀਂ ਪਾਰਟੀ ਚਲਾਉਣ ਦੇ ਯਤਨ ਵਿਚ ਰਹਿੰਦਾ ਹੈ। ਵਿਧਾਇਕ ਦੇ ਤੌਰ 'ਤੇ ਉਸ ਦਾ ਕੰਮ ਖੇਤਰ ਤਾਂ ਭੁਲੱਥ ਹਲਕਾ ਹੀ ਹੈ, ਇਸ ਤੋਂ ਬਾਹਰ ਉਸ ਨੂੰ ਪਾਰਟੀ ਦੇ ਫੈਸਲੇ ਤਹਿਤ ਜਾਂ ਉਥੋਂ ਦੇ ਪਾਰਟੀ ਆਗੂਆਂ ਦੇ ਸੱਦੇ 'ਤੇ ਜਾਣਾ ਚਾਹੀਦਾ ਹੈ। ਉਹ ਜੇ ਬੇਲਗਾਮ ਹੀ ਆਪਣੇ ਘੇਰੇ ਤੋਂ ਬਾਹਰ ਜਾਵੇਗਾ ਤਾਂ ਪਾਰਟੀ ਵਰਕਰਾਂ ਜਾਂ ਵਿਧਾਇਕਾਂ ਵਿਚ ਨਾਰਾਜ਼ਗੀ ਤਾਂ ਹੋਵੇਗੀ ਹੀ। ਜੇ ਉਸ ਨੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਅਤੇ ਆਪਣੇ ਕੰਮ ਕਰਨ ਦੇ ਢੰਗ 'ਚ ਸੁਧਾਰ ਨਾ ਕੀਤਾ ਤਾਂ ਉਸ ਦਾ ਵਿਰੋਧ ਹੋਰ ਵਧ ਸਕਦਾ ਹੈ ਤੇ ਉਸ ਦੀ ਵਿਰੋਧੀ ਧਿਰ ਦੇ ਨੇਤਾ ਦੀ ਕੁਰਸੀ ਨੂੰ ਖਤਰਾ ਹੋ ਸਕਦਾ ਹੈ।

ਆਮ ਆਦਮੀ ਪਾਰਟੀ ਜਿਸ ਸੰਕਟ ਦਾ ਸ਼ਿਕਾਰ ਹੈ, ਉਸ ਦੇ ਜ਼ਿੰਮੇਵਾਰ ਇਸ ਦੇ ਨੇਤਾ ਹੀ ਹਨ। ਪਾਰਟੀ ਦੇ ਵਿਧਾਇਕ ਅਜੇ ਤਜਰਬੇਕਾਰ ਵੀ ਨਹੀਂ ਹਨ ਪਰ ਉਹ ਚਾਹੁੰਦੇ ਹਨ ਕਿ ਸ. ਖਹਿਰਾ ਕੋਲੋਂ ਵਿਰੋਧੀ ਧਿਰ ਦੇ ਨੇਤਾ ਦੀ ਕੁਰਸੀ ਖੋਹ ਲਈ ਜਾਵੇ। ਉਨ੍ਹਾਂ ਦੇ ਇਸ ਕੰਮ ਵਿਚ ਅਕਾਲੀ ਅਤੇ ਕਾਂਗਰਸੀ ਵੀ ਅੰਦਰਖਾਤੇ ਸਾਥ ਦੇ ਸਕਦੇ ਹਨ। ਪਾਰਟੀ ਦਾ ਜਥੇਬੰਦਕ ਢਾਂਚਾ ਵੀ ਅਜੇ ਐਸਾ ਨਹੀਂ ਜੋ ਇਸ ਦੇ ਮੈਂਬਰਾਂ ਨੂੰ ਭਾਵੇਂ ਕਿੱਡਾ ਵੀ ਲੀਡਰ ਹੋਵੇ, ਜ਼ਾਬਤੇ 'ਚ ਚਲਣ ਲਈ ਕਾਰਵਾਈ ਕਰ ਸਕੇ।

ਸ. ਖਹਿਰਾ ਜਿਥੇ ਮਿਹਨਤੀ, ਤੇਜ਼ ਤਰਾਰ ਅਤੇ ਅੱਜ ਦੀ ਤਾਰੀਕ ਵਿਚ ਬੇਦਾਗ ਨੇਤਾ ਹੈ, ਉਥੇ ਉਸ ਵਿਰੁਧ ਲੰਮੀ ਦੋਸ਼-ਸੂਚੀ ਵੀ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਬਾਅਦ ਸ. ਖਹਿਰਾ ਨੇ ਜਨਤਕ ਤੌਰ 'ਤੇ ਆਵਾਜ਼ ਉਠਾਈ ਸੀ ਕਿ ਪੰਜਾਬ ਇਕਾਈ ਅੰਦਰ ਦਿੱਲੀ ਵਾਲਿਆਂ ਦਾ ਦਖਲ ਨਹੀਂ ਹੋਣਾ ਚਾਹੀਦਾ। ਜਦ ਭਗਵੰਤ ਮਾਨ ਨੂੰ ਪਾਰਟੀ ਪ੍ਰਧਾਨ ਬਣਾਇਆ ਗਿਆ ਸੀ ਤਾਂ ਸ. ਖਹਿਰਾ ਵੱਲੋਂ ਉਸ ਦਾ ਵਿਰੋਧ ਵੀ ਜਨਤਕ ਹੋ ਗਿਆ ਸੀ। ਇਸ ਤੋਂ ਪਹਿਲਾਂ ਜਦ ਸੁੱਚਾ ਸਿੰਘ ਛੋਟੇਪੁਰ ਨੂੰ ਕਨਵੀਨਰਸ਼ਿਪ ਤੋਂ ਹਟਾਇਆ ਗਿਆ ਸੀ ਤਾਂ ਸ. ਖਹਿਰਾ ਨੇ ਇਸ ਦਾ ਜਨਤਕ ਵਿਰੋਧ ਕੀਤਾ ਸੀ। ਪੰਜਾਬ ਇਕਾਈ ਨਾਲ ਸਲਾਹ ਕਰਨ ਤੋਂ ਬਿਨਾ ਸ੍ਰੀ ਕੇਜਰੀਵਾਲ ਵਲੋਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦਾ ਸ. ਖਹਿਰਾ ਨੇ ਜਨਤਕ ਵਿਰੋਧ ਕੀਤਾ ਸੀ। ਉਨ੍ਹਾਂ ਦੇ ਇਹ ਇਤਰਾਜ਼ ਠੀਕ ਹੋ ਸਕਦੇ ਹਨ ਪਰ ਇਨ੍ਹਾਂ ਨੂੰ ਜਨਤਕ ਕਰਨ ਦਾ ਉਸ ਨੂੰ ਕੋਈ ਹੱਕ ਨਹੀਂ। ਉਹਨੂੰ ਆਪਣੇ ਇਤਰਾਜ਼ ਪਾਰਟੀ ਦੇ ਅੰਦਰ ਉਠਾਉਣੇ ਚਾਹੀਦੇ ਹਨ।

ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਚੁਕਾ ਭਗਵੰਤ ਮਾਨ ਲੋਕਾਂ ਦੀ ਬੋਲੀ ਵਿਚ ਭਾਸ਼ਣ ਕਰਨ ਵਾਲਾ ਚੰਗਾ ਬੁਲਾਰਾ ਹੈ। ਦਿਨ ਰਾਤ ਕੰਮ ਕਰਨ ਵਾਲਾ ਇਹ ਆਗੂ ਕੁਝ ਸਮੇਂ ਤੋਂ ਗੈਰ ਸਰਗਰਮ ਹੈ। ਉਹ ਆਪਣੇ ਭਾਸ਼ਣ ਵਿਚ ਲੋਕਾਂ ਨੂੰ ਕੀਲ ਕੇ ਬਿਠਾ ਸਕਦਾ ਹੈ ਅਤੇ ਉਸ ਦੇ ਨਾਂ 'ਤੇ ਭੀੜ ਇਕੱਠੀ ਹੋ ਜਾਂਦੀ ਹੈ। ਸਿਆਸੀ



ਵਿਰੋਧੀਆਂ 'ਤੇ ਚੋਟਾਂ ਕਰਨ ਦੀ ਉਸ ਨੂੰ ਮੁਹਾਰਤ ਹਾਸਲ ਹੈ। ਪਰ ਆਪਣੇ ਪ੍ਰਧਾਨਗੀ ਵਾਲੇ ਸਮੇਂ ਦੌਰਾਨ ਉਹ ਪਾਰਟੀ ਦਾ ਜਥੇਬੰਦਕ ਢਾਂਚਾ ਬਣਾ ਕੇ ਉਸ ਨੂੰ ਸਰਗਰਮ ਨਹੀਂ ਕਰ ਸਕਿਆ ਜਿਸ ਕਰਕੇ ਉਹ ਬਤੌਰ ਪ੍ਰਧਾਨ ਸਥਾਪਤ ਨਹੀਂ ਹੋ ਸਕਿਆ। ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾ ਕੇ ਉਨ੍ਹਾਂ ਨੂੰ ਸਰਗਰਮ ਕਰਨਾ ਤੇ ਜ਼ਿਲ੍ਹਾ ਪੱਧਰ ਤੋਂ ਹੇਠਾਂ ਸਰਗਰਮੀ ਕਰਵਾਉਣੀ ਪ੍ਰਧਾਨ ਦੀ ਜ਼ਿੰਮੇਵਾਰੀ ਬਣਦੀ ਹੈ। ਉਹ ਵੀ ਸਾਰਿਆਂ ਨੂੰ ਨਾਲ ਲੈ ਕੇ ਚਲਣ ਵਿਚ ਅਸਮਰਥ ਰਿਹਾ ਹੈ। ਪਿਛਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਬਾਅਦ ਦਿੱਲੀ ਦੀ ਕੇਂਦਰੀ ਲੀਡਰਸ਼ਿਪ ਵਿਰੁਧ ਉਸ ਨੇ ਵੀ ਜਨਤਕ ਬਿਆਨਬਾਜ਼ੀ ਕੀਤੀ ਸੀ ਕਿ ਟਿਕਟਾਂ ਦੀ ਵੰਡ ਵਿਚ ਉਸ ਦੀ ਕੋਈ ਸਲਾਹ ਨਹੀਂ ਲਈ ਗਈ। ਬਿਕਰਮ ਸਿੰਘ ਮਜੀਠੀਆ ਤੋਂ ਕੇਜਰੀਵਾਲ ਵਲੋਂ ਮੁਆਫੀ ਮੰਗੇ ਜਾਣ 'ਤੇ ਉਸ ਨੇ ਪ੍ਰਧਾਨਗੀ ਤੋਂ



ਅਸਤੀਫਾ ਦੇ ਦਿੱਤਾ ਸੀ। ਅਸਤੀਫਾ ਭਾਵੇਂ ਮਨਜ਼ੂਰ ਨਹੀਂ ਹੋਇਆ ਪਰ ਭਗਵੰਤ ਮਾਨ ਨੇ ਵਾਪਸ ਨਹੀਂ ਲਿਆ।

ਇਸ ਪੱਧਰ ਦੇ ਆਗੂ ਵੀ ਜਦ ਪਾਰਟੀ ਅਨੁਸ਼ਾਸਨ ਤੋਂ ਬਾਹਰ ਹੋਣਗੇ ਤਾਂ ਪਾਰਟੀ ਉਨ੍ਹਾਂ ਨੂੰ ਓਨਾ ਚਿਰ ਹੀ ਬਰਦਾਸ਼ਤ ਕਰੇਗੀ ਜਦ ਤਕ ਉਨ੍ਹਾਂ ਦਾ ਬਦਲ ਨਹੀਂ ਲੱਭ ਜਾਂਦਾ।

ਪਾਰਟੀ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਾਰਟੀ ਕਾਰਜਸ਼ੈਲੀ ਵਿਚ ਗਲਤੀਆਂ ਕਰਦਾ ਹੈ ਅਤੇ ਪੰਜਾਬ ਦੇ ਸਾਥੀਆਂ ਨਾਲ ਸਲਾਹ ਤੋਂ ਬਿਨਾਂ ਬਿਕਰਮ ਮਜੀਠੀਆ ਤੋਂ ਮੁਆਫੀ ਮੰਗਣਾ ਦਰੁਸਤ ਨਹੀਂ ਸੀ। ਜੇ ਪਾਰਟੀ ਮੁਖੀ ਵੀ ਆਪਹੁਦਰੀ ਕਾਰਜਸ਼ੈਲੀ ਨਾ ਅਪਨਾਉਂਦਾ ਤਾਂ ਪੰਜਾਬ ਵਿਚ ਪਾਰਟੀ ਦੀ ਹਾਲਤ ਬਿਹਤਰ ਹੋਣੀ ਸੀ। ਰਾਜਨੀਤੀ ਨੂੰ ਝੂਠ ਦੀ ਲੜੀ ਨਹੀਂ, ਸਾਇੰਸ ਸਮਝਣਾ ਚਾਹੀਦਾ ਹੈ। ਸਾਇੰਸ ਠੀਕ ਢੰਗ ਨਾਲ ਮਨੁੱਖਤਾ ਦਾ ਭਲਾ ਵੀ ਕਰ ਸਕਦੀ ਹੈ ਪਰ ਗਲਤ ਵਰਤੋਂ ਨਾਲ ਮਨੁੱਖਤਾ ਲਈ ਮਾਰੂ ਵੀ ਸਾਬਤ ਹੋ ਸਕਦੀ ਹੈ। ਦੁੱਖ ਦੀ ਗੱਲ ਹੈ ਕਿ ਭਾਰਤ ਵਿਚ ਰਾਜਨੀਤੀ ਝੂਠ ਜਾਂ ਫਿਰ ਅਕਸ ਦੇ ਸਾਫ ਪਰ ਅਨਾੜੀ ਹੱਥਾਂ ਵਿਚ ਹੈ। ਸ੍ਰੀ ਕੇਜਰੀਵਾਲ ਦੀ ਅਨਾੜੀਆਂ ਵਾਲੀ ਕਾਰਜਸ਼ੈਲੀ ਨੂੰ ਠੀਕ ਕਰਨ ਲਈ ਪਾਰਟੀ ਦੇ ਅੰਦਰ ਵਿਰੋਧ ਕਰਨ ਦੀ ਲੋੜ ਹੈ। ਇਹ ਅਨੁਸ਼ਾਸਨ ਭੰਗ ਕਰਕੇ ਠੀਕ ਨਹੀਂ ਹੋ ਸਕਦੀ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੀਡੀਆ ਵਿਚ ਹੋਈ ਚਰਚਾ ਅਨੁਸਾਰ ਭਗਵੰਤ ਮਾਨ ਮੁੱਖ ਮੰਤਰੀ ਬਣਨ ਦਾ ਤਕੜਾ ਦਾਅਵੇਦਾਰ ਸੀ। ਇਹ ਕਨਸੋਆਂ ਵੀ ਸਨ ਕਿ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ ਅਤੇ ਜਗਮੀਤ ਬਰਾੜ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਨ ਵਿਚ ਭਗਵੰਤ ਮਾਨ ਹੀ ਰੋੜਾ ਬਣਿਆ ਸੀ। ਉਸ ਨੂੰ ਡਰ ਸੀ ਕਿ ਕੋਈ ਵੱਡੇ ਕੱਦ ਵਾਲਾ ਨੇਤਾ ਜੇ ਆ ਗਿਆ ਤਾਂ ਉਸ ਦਾ ਮੁੱਖ ਮੰਤਰੀ ਬਣਨ ਦਾ ਅਧਿਕਾਰ ਖੁਸ ਨਾ ਜਾਵੇ। ਜੇ ਇਹ ਸੱਚ ਹੈ ਤਾਂ ਇਨ੍ਹਾਂ ਲੀਡਰਾਂ ਨੂੰ ਸ਼ਾਮਲ ਨਾ ਕਰਨ ਦਾ ਜੋ ਖਮਿਆਜ਼ਾ ਪਾਰਟੀ ਨੂੰ ਭੁਗਤਣਾ ਪਿਆ, ਉਸ ਦਾ ਜ਼ਿੰਮੇਵਾਰ ਭਗਵੰਤ ਮਾਨ ਹੀ ਹੈ। ਜਦ ਟਿਕਟਾਂ ਦੀ ਵੰਡ ਵੇਲੇ ਮਾਨ ਨੇ ਦਖਲਅੰਦਾਜ਼ੀ ਨਹੀਂ ਕੀਤੀ ਤਾਂ ਬਾਅਦ ਵਿਚ ਇਤਰਾਜ਼ ਕਰਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਹੁਣ ਪੰਜਾਬ ਦੇ ਇੰਚਾਰਜ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਹਨ। ਉਹ ਬਹੁਤੀ ਦਖਲਅੰਦਾਜ਼ੀ ਨਹੀਂ ਕਰ ਰਹੇ ਜਿਸ ਕਰਕੇ ਪੰਜਾਬ ਵਿਚ ਪਾਰਟੀ ਦਾ ਜਾਂ ਤਾਂ ਕੋਈ ਨੇਤਾ ਨਹੀਂ, ਜਾਂ ਫਿਰ ਸਾਰੇ ਹੀ ਨੇਤਾ ਹਨ। ਪਾਰਟੀ ਦੀ ਅੱਜ ਜੋ ਹਾਲਤ ਹੈ, ਉਸ ਨੂੰ ਦੇਖ ਕੇ ਸ. ਖਹਿਰਾ ਸਮੇਤ ਉਨ੍ਹਾਂ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜੋ ਕੇਂਦਰੀ ਲੀਡਰਸ਼ਿਪ ਦਾ ਦਖਲ ਅਤੇ ਅਨੁਸ਼ਾਸਨ ਪ੍ਰਵਾਨ ਨਹੀਂ ਕਰਦੇ। ਜਿੰਨਾ ਚਿਰ ਕਿਸੇ ਵੀ ਪਾਰਟੀ ਦੇ ਸਿਰ 'ਤੇ ਕੇਂਦਰੀ ਲੀਡਰਸ਼ਿਪ ਦਾ ਕੁੰਡਾ ਨਹੀਂ, ਓਨਾ ਚਿਰ ਪਾਰਟੀ ਚਲ ਨਹੀਂ ਸਕਦੀ।

ਜੇ ਪਾਰਟੀ ਦੇ ਮੁੱਖ ਆਗੂਆਂ ਨੇ ਅਜੇ ਵੀ ਸਬਕ ਨਾ ਸਿਖਿਆ ਅਤੇ ਇਹ ਟੀਮ ਨੂੰ ਇਕਮੁੱਠ ਕਰਕੇ ਨਾ ਤੁਰੇ ਤਾਂ ਪਾਰਟੀ ਦਾ ਖਾਤਮਾ ਤੈਅ ਹੈ। ਕਿੰਨੀ ਹਾਸੋਹੀਣੀ ਗੱਲ ਹੈ ਕਿ ਸ਼ਾਹਕੋਟ ਦੀ ਚੋਣ ਮੁਹਿੰਮ ਸਮੇਂ ਭਗਵੰਤ ਮਾਨ ਵਿਦੇਸ਼ ਚਲਾ ਗਿਆ ਤੇ ਸੁਖਪਾਲ ਖਹਿਰਾ ਮੁਹਿੰਮ ਵਿਚ ਆਏ ਹੀ ਨਹੀਂ। ਜੇ ਕੰਮ ਦਾ ਇਹੋ ਢੰਗ ਰਿਹਾ ਤਾਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਸੀਟ ਜਿੱਤਣੀ ਤਾਂ ਦੂਰ, ਪਾਰਟੀ ਦੇ ਤੱਪੜ ਰੁਲ ਸਕਦੇ ਹਨ। ਭਗਵੰਤ ਮਾਨ ਅਤੇ ਸੁਖਪਾਲ ਖਹਿਰਾ ਜੇ ਇਕੱਠੇ ਹੋ ਕੇ ਬਾਕੀ ਟੀਮ ਨੂੰ ਨਾਲ ਲੈ ਕੇ ਤੁਰਦੇ ਹਨ ਤਾਂ ਚੰਗੇ ਸਿੱਟੇ ਨਿਕਲ ਸਕਦੇ ਹਨ। ਪਾਰਟੀ ਵਿਧਾਇਕਾਂ ਨੂੰ ਵੀ ਪਾਰਟੀ ਉਸਾਰੀ ਦੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

ਭਾਰਤ ਅੰਦਰ ਮਹਿੰਗਾਈ, ਬੇਰੁਜ਼ਗਾਰੀ, ਰਿਸ਼ਵਤਖੋਰੀ, ਕਈ ਤਰ੍ਹਾਂ ਦੇ ਮਾਫੀਆ, ਗੁੰਡਾਗਰਦੀ, ਭਾਜਪਾ ਵੱਲੋਂ ਫੈਲਾਈ ਜਾ ਰਹੀ ਫਿਰਕਾਪ੍ਰਸਤੀ, ਪੁਲਿਸ ਵਧੀਕੀਆਂ ਆਦਿ ਦਾ ਬੋਲਬਾਲਾ ਹੈ। ਪੰਜਾਬ ਨੂੰ ਵੀ ਬਾਕੀ ਦੇਸ਼ ਨਾਲੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਦੇਸ਼ ਅੰਦਰ ਅੱਜ ਦੇ ਸਿਆਸੀ ਵਾਤਾਵਰਣ ਮੁਤਾਬਕ ਪ੍ਰੋਗਰਾਮ ਐਲਾਨਣਾ ਚਾਹੀਦਾ ਹੈ। ਸ੍ਰੀ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਪੰਜਾਬ ਇਕਾਈ ਵੱਲ ਉਚੇਚਾ ਧਿਆਨ ਦੇ ਕੇ ਪਾਰਟੀ ਨੂੰ ਲੀਹ 'ਤੇ ਲਿਆਉਣਾ ਚਾਹੀਦਾ ਹੈ। ਵਿਦੇਸ਼ਾਂ ਵਿਚ ਵਸਦੇ ਪਾਰਟੀ ਸਮਰਥਕਾਂ ਨੂੰ ਵੀ ਕੰਮ ਢੰਗ ਵਿਚ ਸੁਧਾਰ ਲਿਆਉਣ ਲਈ ਦਬਾਅ ਪਾਉਣਾ ਚਾਹੀਦਾ ਹੈ। ਵਿਦੇਸ਼ਾਂ ਵਿਚ ਆਉਣ ਅਤੇ ਹਮਾਇਤ ਮੰਗਣ ਵਾਲੇ ਲੀਡਰਾਂ ਨੂੰ ਪਾਰਟੀ ਦੇ ਨਿਘਾਰ ਬਾਰੇ ਸਵਾਲ ਪੁੱਛਣੇ ਚਾਹੀਦੇ ਹਨ। ਲੀਡਰਾਂ ਨੂੰ ਲੋਕਾਂ ਦਾ ਦਬਾਅ ਹੀ ਸਿੱਧੇ ਰਸਤੇ ਉਤੇ ਲਿਆ ਸਕਦਾ ਹੈ।

ਜੇ ਪਾਰਟੀ ਨੂੰ ਮਜ਼ਬੂਤ ਕਰਨਾ ਹੈ ਤਾਂ ਪੰਜਾਬ ਦੇ ਵਿਧਾਇਕਾਂ ਅਤੇ ਹੋਰ ਨੇਤਾਵਾਂ ਨੂੰ ਇਕਮੁਠ ਹੋ ਕੇ ਪਾਰਟੀ ਵੱਲੋਂ ਐਲਾਨੇ ਮੁੱਦਿਆਂ 'ਤੇ ਕਾਨਫਰੰਸਾਂ ਅਤੇ ਰੈਲੀਆਂ ਦਾ ਸਿਲਸਿਲਾ ਸ਼ੁਰੂ ਕਰਨਾ ਚਾਹੀਦਾ ਹੈ। ਨਿਰਾਸ਼ ਬੈਠੇ ਵਾਲੰਟੀਅਰਾਂ ਤਕ ਪਹੁੰਚ ਕਰਕੇ ਉਨ੍ਹਾਂ ਨੂੰ ਪਾਰਟੀ ਨਾਲ ਤੋਰਨ ਲਈ ਉਨ੍ਹਾਂ ਦੇ ਗਿਲੇ ਸ਼ਿਕਵੇ ਦੂਰ ਕਰਨੇ ਚਾਹੀਦੇ ਹਨ। ਮਹਿੰਗਾਈ, ਬੇਰੁਜ਼ਗਾਰੀ, ਮਾਫੀਆ ਕਲਚਰ, ਭਾਜਪਾ ਤੇ ਅਕਾਲੀ ਦਲ ਦੀ ਫਿਰਕੂ ਪਹੁੰਚ, ਰਿਸ਼ਵਤਖੋਰੀ ਆਦਿ ਮੁੱਦਿਆਂ ਵਿਰੁਧ ਸੰਘਰਸ਼ ਲਈ ਲੋਕਾਂ ਦੀ ਲਾਮਬੰਦੀ ਕਰਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸੇ ਵਿਚ ਹੀ ਪੰਜਾਬ, ਆਮ ਆਦਮੀ ਪਾਰਟੀ ਅਤੇ ਲੋਕਾਂ ਦਾ ਭਲਾ ਹੈ।

# ਨਿਊ ਯਾਰਕ ਦੇ ਟਾਈਮਜ਼ ਸਕੁਏਅਰ ਵਿਖੇ ਸਿੱਖਾਂ ਵੱਲੋਂ ਭਾਰੀ ਰੋਸ ਰੈਲੀ

**ਨਿਊ ਯਾਰਕ (ਬਿਊਰੋ):** ਜੂਨ 1984 ਵਿਚ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਕੀਤੇ ਗਏ ਹਮਲੇ ਦੀ 34ਵੀਂ ਵਰ੍ਹੇਗੰਢ ਮੌਕੇ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ, ਸਿੱਖ ਕਲਚਰਲ



ਸੁਸਾਇਟੀ ਅਤੇ ਟਰਾਈ ਸਟੇਟ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਸਥਾਨਕ ਟਾਈਮਜ਼ ਸਕੁਏਅਰ ਵਿਖੇ ਵੱਡੀ ਰੋਸ ਰੈਲੀ ਕੀਤੀ ਗਈ। ਜਿੱਥੇ ਇਸ ਰੈਲੀ ਵਿਚ ਨਿਊ ਯਾਰਕ, ਨਿਊ ਜਰਸੀ, ਪੈਨਸਿਲਵੇਨੀਆ, ਕਨੈਕਟੀਕਟ, ਵਰਜੀਨੀਆ ਅਤੇ ਫਿਲਾਡੈਲਫੀਆ ਤੋਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ, ਉਥੇ ਇਹ ਰੋਸ ਰੈਲੀ ਆਏ ਸੈਲਾਨੀਆਂ ਲਈ ਵੀ ਖਿੱਚ ਦਾ ਕੇਂਦਰ ਰਹੀ।

ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਬੁਲਾਰੇ ਸ. ਹਰਜਿੰਦਰ ਸਿੰਘ ਨੇ ਪ੍ਰੈਸ ਦੇ ਨਾਂ ਸੰਦੇਸ਼ ਪੜ੍ਹਦਿਆਂ ਕਿਹਾ ਕਿ 1984 ਦੇ ਘੱਲੂਘਾਰੇ ਅਤੇ ਸਿੱਖ ਨਸਲਕੁਸ਼ੀ ਨੇ ਖਾਲਿਸਤਾਨ ਦੀ ਨੀਂਹ ਰੱਖ ਦਿੱਤੀ ਸੀ ਅਤੇ ਪਿਛਲੇ 34 ਸਾਲਾਂ ਤੋਂ ਹਕੂਮਤ ਵੱਲੋਂ ਵੱਖ-ਵੱਖ ਤਰੀਕਿਆਂ ਨਾਲ ਸਿੱਖਾਂ 'ਤੇ ਹਮਲੇ ਨਿਰੰਤਰ ਜਾਰੀ ਹਨ। 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਸ਼ੁਰੂਆਤ ਹੋਈ ਅਤੇ ਅੱਜ ਵੀ ਜਾਰੀ ਹਨ। ਹਕੂਮਤ ਸਿੱਖਾਂ ਨੂੰ ਇਨਸਾਫ ਦੇਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਨਸਾਫ ਲਈ ਸਰਬੱਤ ਖਾਲਸਾ ਵੱਲੋਂ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਬਰਗਾੜੀ ਇਨਸਾਫ ਮੋਰਚੇ ਦੀ ਬਾਹਰਲੇ ਸਿੱਖ ਡਟਵੀਂ ਹਮਾਇਤ ਕਰ ਰਹੇ ਹਨ।

ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਭਾਰਤ ਦੀ ਕਮਾਨ ਆਰ. ਐਸ. ਐਸ. ਦੇ ਹੱਥ ਹੈ ਅਤੇ ਉਸ ਦੀਆਂ ਨੀਤੀਆਂ ਨਾਜ਼ੀ ਜਰਮਨੀ ਦੀ ਤਰਜ਼ 'ਤੇ ਘੱਟਗਿਣਤੀਆਂ ਦਾ ਘਾਣ ਕਰ ਰਹੀਆਂ ਹਨ। ਮਨੁੱਖਤਾ ਵਿਰੋਧੀ ਇਨ੍ਹਾਂ ਨੀਤੀਆਂ ਦਾ ਮੁਸਲਮਾਨ, ਇਸਾਈ, ਸਿੱਖ, ਦਲਿਤ ਅਤੇ ਆਦੀਵਾਸੀ ਸ਼ਿਕਾਰ ਹੋ ਰਹੇ ਹਨ। ਭਾਰਤ ਦੀ ਮੋਦੀ ਸਰਕਾਰ ਵੱਲੋਂ ਅੰਤਰਰਾਸ਼ਟਰੀ ਸੰਧੀਆਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਵਿਚ ਅਮਨੈਸਟੀ ਇੰਟਰਨੈਸ਼ਨਲ ਅਤੇ ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਦੇ ਵਫਦਾਂ ਨੂੰ ਭਾਰਤ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਉਨ੍ਹਾਂ ਆਖਿਆ ਕਿ ਅਮਰੀਕਾ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਨੂੰ ਅੱਜ ਮਜ਼ਲੂਮਾਂ ਦੀ ਹਮਾਇਤ 'ਤੇ ਆਉਣ ਦੀ ਲੋੜ ਹੈ। ਸਿੱਖ ਕੌਮ ਦਾ ਜਨਮ ਹੀ ਆਜ਼ਾਦਾਨਾ ਤੌਰ 'ਤੇ ਹੋਇਆ ਸੀ ਅਤੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਸਿੱਖਾਂ ਦਾ ਸੰਘਰਸ਼ ਜਾਰੀ ਰਹੇਗਾ।

ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਆਈਆਂ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ, ਖਾਸ ਤੌਰ 'ਤੇ ਸ਼ਿਲਾਂਗ ਦੀ ਸਥਿਤੀ ਤੋਂ ਅਮਰੀਕੀ ਸਰਕਾਰ ਨੂੰ ਜਾਣੂ ਕਰਾਉਣ ਲਈ ਆਉਣ ਵਾਲੇ ਸਮੇਂ ਵਿਚ ਸਟੇਟ ਡਿਪਾਰਟਮੈਂਟ ਤੱਕ ਪਹੁੰਚ ਕੀਤੀ ਜਾਵੇਗੀ।



ਰੈਲੀ ਨੂੰ ਅਕਾਲੀ ਦਲ (ਅ) ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਸਿੱਖ ਯੂਥ ਆਫ ਅਮਰੀਕਾ ਦੇ ਬਲਾਕਾ ਸਿੰਘ, ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਦੁਆਬਾ ਸਿੱਖ ਐਸੋਸੀਏਸ਼ਨ ਦੇ ਹਰਮੇਲ ਸਿੰਘ, ਵਰਜੀਨੀਆ ਤੋਂ ਨਰਿੰਦਰ ਸਿੰਘ, ਕਾਰਟਰੇਟ ਗੁਰੂਘਰ ਤੋਂ ਪਿਆਰਾ ਸਿੰਘ ਤੇ ਯੂਥ ਆਗੂ ਵਰਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਅਮਰੀਕਨ ਮੀਡੀਆ, ਟੀ. ਵੀ.-84 ਅਤੇ ਗਲੋਬਲ ਪੰਜਾਬ ਨੇ ਰੈਲੀ ਨੂੰ ਕਵਰ ਕੀਤਾ।

## ਕਤਲ ਦੇ ਦੋਸ਼ 'ਚ ਪੰਜਾਬੀ ਨੂੰ ਪੰਜ ਸਾਲ ਦੀ ਸਜ਼ਾ

**ਲੰਡਨ:** ਇਕ ਭਾਰਤੀ ਮੂਲ ਦੇ ਵਿਅਕਤੀ ਨੂੰ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਮਾਰਨ ਦੇ ਦੋਸ਼ ਵਿਚ ਅਦਾਲਤ ਨੇ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਇਸ ਕਰਕੇ ਚਾਕੂ ਮਾਰ ਕੇ ਮਾਰ ਦਿੱਤਾ ਸੀ ਕਿ ਉਸ ਨੂੰ ਸ਼ੱਕ ਪੈਦਾ ਹੋ ਗਿਆ ਸੀ ਕਿ ਉਸ ਦੇ ਉਸ ਦੀ ਪਤਨੀ ਦੇ ਨਾਲ ਨਾਜਾਇਜ਼ ਸਬੰਧ ਹਨ। ਦੋਸ਼ੀ ਦਿਮਾਗੀ ਤੌਰ ਉਤੇ ਬਿਮਾਰ ਦੱਸਿਆ ਜਾਂਦਾ ਹੈ।

ਦੋਸ਼ੀ ਸੁਖਵਿੰਦਰ ਸਿੰਘ ਜੋ ਦਿਮਾਗੀ ਰੋਗੀ ਹੈ, ਨੇ ਅਗਸਤ 2017 ਵਿਚ ਹਰੀਸ਼ ਕੁਮਾਰ ਨੂੰ ਛਾਤੀ ਵਿਚ ਚਾਕੂ ਮਾਰ ਕੇ ਮਾਰ ਦਿੱਤਾ ਸੀ ਅਤੇ ਫਿਰ ਲਾਸ਼ ਨੂੰ ਕਾਰ ਦੀ ਮੂਹਰਲੀ ਸੀਟ ਉਤੇ ਪਾ ਕੇ ਆਪ ਹੀ ਵੈਸਟ ਮਿਡਲੈਂਡਜ਼ ਥਾਣੇ ਲੈ ਗਿਆ ਸੀ ਅਤੇ ਪੁਲਿਸ ਅੱਗੇ ਆਪਣਾ ਜੁਰਮ ਸਵੀਕਾਰ ਕਰ ਕੇ ਆਤਮ ਸਮਰਪਣ ਕਰ ਦਿੱਤਾ ਸੀ।

## ਕੈਪਟਨ ਸਰਕਾਰ ਨਸ਼ਾ ਮੁਕਤੀ ਲਈ ਗੰਭੀਰ ਨਹੀਂ: ਧਾਲੀਵਾਲ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਯੂਥ ਅਕਾਲੀ ਦਲ, ਮਿਡਵੈਸਟ ਦੇ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨਸ਼ਿਆਂ ਦੀ ਵਬਾ ਨੂੰ ਰੋਕਣ ਲਈ ਗੰਭੀਰ ਨਹੀਂ ਹੈ ਤੇ ਨਸ਼ਾ ਹਰ ਰੋਜ਼ ਪੰਜਾਬ ਦੀ ਜਵਾਨੀ ਨੂੰ ਨਿਗਲਦਾ ਜਾ ਰਿਹਾ ਹੈ। ਪਿਛਲੇ ਦਿਨੀਂ ਅੰਮ੍ਰਿਤਸਰ ਦੇ ਛੇਹਰਟਾ ਖੇਤਰ ਦੇ ਦੋ ਨੌਜਵਾਨਾਂ ਅਤੇ ਕੋਟਕਪੂਰਾ ਵਿਚ 25 ਸਾਲ ਦੇ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ।



ਖੇਡ ਸੰਸਥਾ ਨਾਲ ਜੁੜੇ ਰਹੇ ਅਤੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਸਾਬਕਾ ਪ੍ਰਧਾਨ ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਕਾਂਗਰਸ ਸਰਕਾਰ ਬਣੀ ਨੂੰ 15 ਮਹੀਨੇ ਹੋ ਗਏ ਹਨ, ਅਜੇ ਤੱਕ ਪੰਜਾਬ ਨਸ਼ਾ ਮੁਕਤ ਨਹੀਂ ਹੋ ਸਕਿਆ। ਉਨ੍ਹਾਂ ਨਸ਼ਿਆਂ ਕਾਰਨ ਹੋ ਰਹੀ ਨੌਜਵਾਨਾਂ ਦੀ ਮੌਤ ਲਈ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨਸ਼ਿਆਂ ਦੀ ਰੋਕਥਾਮ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਨੌਜਵਾਨਾਂ ਦਾ ਘਾਣ ਨਾ ਹੋ ਸਕੇ ਤੇ ਜਵਾਨ ਪੁੱਤਾਂ ਦੇ ਮਾਪੇ ਚੈਨ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਸਕਣ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 68ਵੀਂ ਬਰਸੀ ਮਨਾਈ

**ਓਕ ਕਰੀਕ, ਵਿਸਕਾਨਸਿਨ (ਬਿਊਰੋ):** ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਵਿਸਕਾਨਸਿਨ ਵਲੋਂ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 68ਵੀਂ ਬਰਸੀ ਪਿਛਲੇ ਦਿਨੀਂ ਇਥੇ ਗੁਰਦੁਆਰਾ ਓਕ ਕਰੀਕ ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਮੇਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਬੰਬੇ ਵਾਲਿਆਂ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ. ਮੋਤਾ ਸਿੰਘ ਗਿਲਜੀਆਂ ਨੇ ਸੰਤ ਮੁਰਾਲੇਵਾਲਿਆਂ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਸੰਤਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਨਸੀਹਤ ਦਿੱਤੀ। ਗੁਰੂ ਲਾਧੋ ਰੇ ਸੇਵਾ ਸੁਸਾਇਟੀ ਦੇ ਸੈਕਟਰੀ ਪਰਮਿੰਦਰ ਸਿੰਘ ਗੋਲਡੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਵਲੋਂ ਸੰਗਤ ਦੇ ਸਹਿਯੋਗ ਨਾਲ 19 ਅਗਸਤ 2018 ਨੂੰ 'ਗੁਰੂ ਲਾਧੋ ਰੇ ਦਿਵਸ' ਵੀ ਮਨਾਇਆ ਜਾਵੇਗਾ।



ਬਰਸੀ ਸਮਾਗਮ ਮੌਕੇ ਸੰਗਤ ਦੀ ਸੇਵਾ ਲਈ ਇੰਡੀਆ ਕੈਫੇ, ਬਾਲੀਵੁਡ ਗਰਿੱਲ ਅਤੇ ਰੌਇਲ ਇੰਡੀਆ ਰੈਸਟੋਰੈਂਟ ਵਾਲਿਆਂ ਨੇ ਭਾਂਤ ਸੁਭਾਂਤ ਦੇ ਭੋਜ ਪਦਾਰਥਾਂ ਦੇ ਸਟਾਲ ਲਾਏ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਭਰਪੂਰ ਅਨੰਦ ਮਾਣਿਆ। ਗਰਮਾ ਗਰਮ ਜਲੇਬੀਆਂ ਦੀ ਸੇਵਾ ਹੈਪੀ ਹੀਰ ਵਲੋਂ ਸੀ। ਬੱਚਿਆਂ ਦੀਆਂ ਪੂਰੀਆਂ ਮੌਜਾਂ ਸਨ ਜਿਨ੍ਹਾਂ ਦੇ ਖੇਡਣ-ਮੱਲਣ ਲਈ ਝੂਲਿਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਆਈ. ਪੀ. ਐਸ. ਪਹਿਲਵਾਨ ਕਰਤਾਰ ਸਿੰਘ, ਬਚਨ ਸਿੰਘ ਗਿੱਲ, ਹਰਭਜਨ ਸਿੰਘ, ਗੁਰਦੇਵ ਸਿੰਘ, ਪਾਖਰ ਸਿੰਘ, ਮਨਦੀਪ ਧਵਨ, ਬੇਅੰਤ ਸਿੰਘ ਬੋਪਾਰਾਏ ਅਤੇ ਸ਼ਿਕਾਗੋ ਤੋਂ ਅੰਮ੍ਰਿਤਪਾਲ ਸਿੰਘ ਸੰਘਾ, ਨਰਿੰਦਰ ਸਰਾਂ, ਹੈਪੀ ਹੀਰ, ਹਰਵਿੰਦਰ ਸਿੰਘ ਬਿੱਲਾ, ਲੱਕੀ ਸਿੰਘ ਸਹੋਤਾ, ਗੁਰਮੀਤ ਸਿੰਘ ਭੋਲਾ ਅਤੇ ਹੋਰਨਾਂ ਨੇ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਦੇ ਅਹੁਦੇਦਾਰਾਂ- ਜਰਨੈਲ ਸਿੰਘ ਮਿਆਣੀ, ਪਰਮਿੰਦਰ ਸਿੰਘ ਗੋਲਡੀ, ਸਤਪਾਲ ਸਿੰਘ ਟੀਟੂ, ਹਰਜਿੰਦਰ ਸਿੰਘ ਜਿੰਦੀ, ਦਵਿੰਦਰ ਸਿੰਘ ਬਿੰਦ, ਨਰਿੰਦਰਪਾਲ ਸਿੰਘ, ਜਸਵਿੰਦਰ ਸਿੰਘ ਭੱਦਾਸ, ਜੱਗੀ ਸਿੰਘ ਘੋਤੜਾ, ਸੁਖਵਿੰਦਰ ਸਿੰਘ, ਮੋਤਾ ਸਿੰਘ ਗਿਲਜੀਆਂ ਅਤੇ ਹਰਮਿੰਦਰ ਸਿੰਘ ਕਿੱਟੂ ਨੇ ਪੂਰੀ ਮਿਹਨਤ ਕੀਤੀ।













# ਬੁਧੀਜੀਵੀਆਂ ਦੀ ਉਮਰ ਤੇ ਦੇਣ ਉਤੇ ਇੱਕ ਝਾਤ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਅਮਰਜੀਤ ਸਿੰਘ ਹੇਅਰ ਦੀ ਨਵੀਂ ਪੁਸਤਕ 'ਮੇਰੇ ਮਨਪਸੰਦ ਲੇਖਕ' ਪਈ ਹੈ। ਇਸ ਪੁਸਤਕ ਵਿਚ ਪੰਜਾਬੀ ਦੇ ਲੇਖਕ ਪੰਜ ਹਨ-ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਿਵ ਕੁਮਾਰ



*ਅਮਰਜੀਤ ਸਿੰਘ ਹੇਅਰ*

ਬਟਾਲਵੀ, ਸੁਰਜੀਤ ਸਿੰਘ ਪਾਤਰ ਤੇ ਕੁਲਵੰਤ ਸਿੰਘ ਵਿਰਕ; ਉਰਦੂ ਦੇ ਅੱਠ-ਇਕਬਾਲ, ਫੈਜ਼ ਅਹਿਮਦ ਫੈਜ਼ ਤੇ ਸਾਹਿਰ ਲੁਧਿਆਣਵੀ ਸਮੇਤ ਅਤੇ ਅਫਸਾਨਾ ਨਿਗਾਰ ਮੰਟੋ; ਦੋ ਰੂਸੀ ਨਾਵਲਕਾਰ ਤਾਲਸਟਾਏ ਤੇ ਦੋਸਤੋਵਸਕੀ; ਦੋ ਅੰਗਰੇਜ਼ੀ ਲੇਖਕ ਬਰਟਰੰਡ ਰੱਸਲ (ਫਿਲਾਸਫਰ) ਅਤੇ ਡੀ. ਐਚ. ਲਾਰੈਂਸ (ਨਾਵਲਕਾਰ)।

ਅਮਰਜੀਤ ਸਿੰਘ ਹੇਅਰ ਖੇਤੀ ਯੂਨੀਵਰਸਿਟੀ, ਲੁਧਿਆਣਾ ਵਿਚ ਮੇਰਾ ਕੁਲੀਗ ਤੇ ਮਿੱਤਰ ਰਿਹਾ ਹੈ। ਉਸ ਦੀ ਨਵੀਂ ਪੁਸਤਕ ਤੋਂ ਪਤਾ ਲੱਗਾ ਕਿ ਉਹ ਕਿੰਨਾ ਪੜ੍ਹਦਾ ਹੈ। ਫਿਲਾਸਫਰ ਰੱਸਲ ਬਾਰੇ ਲਿਖਦਾ ਹੈ ਕਿ ਜਿਸ ਨੇ ਉਸ ਨੂੰ ਨਹੀਂ ਪੜ੍ਹਿਆ, ਉਹ ਅਨਪੜ੍ਹ ਹੈ। ਮੈਂ ਖੁਦ ਅਨਪੜ੍ਹ ਸ਼੍ਰੇਣੀ ਵਿਚ ਆਉਂਦਾ ਹਾਂ, ਫਿਰ ਵੀ ਪਾਠਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਮਰਜੀਤ ਦੀ ਚੋਣ ਭਰੋਸੇਯੋਗ ਹੈ ਤੇ ਲਿਖਣ ਸ਼ੈਲੀ ਸੰਖੇਪ। ਸੌ ਕੁ ਪੰਨਿਆਂ ਵਿਚ ਏਨੇ ਲੇਖਕਾਂ ਦੀ ਜਾਣ-ਪਛਾਣ ਮੈਂ ਹੋਰ ਕਿਧਰੇ ਨਹੀਂ ਪੜ੍ਹੀ।

ਇਸ ਪੁਸਤਕ ਵਿਚ ਕੁਲਵੰਤ ਸਿੰਘ ਵਿਰਕ ਲਾਰੈਂਸ ਦਾ ਸ਼ਾਨੀ ਹੈ। ਉਸ ਦੀ ਰਚਨਾ 'ਖੱਬਲ' ਬਾਰੇ ਅਮਰਜੀਤ ਓਨੀ ਹੀ ਸ਼ਰਧਾ ਨਾਲ ਲਿਖਦਾ ਹੈ, ਜਿੰਨਾ ਲਾਰੈਂਸ ਦੀ ਰਚਨਾ 'ਲੇਡੀ ਚੈਟਰਲੇਜ਼ ਲਵਰ' ਬਾਰੇ। ਉਂਜ ਉਹ ਮੰਟੋ ਦੀ ਅਫਸਾਨਾਨਿਗਾਰੀ ਦਾ ਏਨਾ ਮੱਦਾਹ ਹੈ ਕਿ ਅੰਮ੍ਰਿਤਸਰ 'ਚ ਜੋ ਦੇਸ਼ ਵੰਡ ਦੀ ਯਾਦਗਾਰ ਬਣਾਈ ਗਈ ਹੈ, ਉਸ ਵਿਚ ਮੰਟੋ 'ਤੇ ਪੂਰਾ ਸੈਕਸ਼ਨ ਮੰਗਦਾ ਹੈ; ਇਸ ਲਈ ਕਿ ਉਹ ਆਪਣੀ ਉਮਰ ਦੇ ਪਹਿਲੇ ਤੇਈ ਸਾਲ ਅੰਮ੍ਰਿਤਸਰ ਰਿਹਾ।

ਅਮਰਜੀਤ ਸ਼ਾਇਰੀ ਦੀ ਉਤਮਤਾ ਨੂੰ ਕਿੰਨਾ ਪਛਾਣਦਾ ਹੈ, ਇਸ ਦਾ ਪਤਾ ਮਨਪਸੰਦ ਕਵੀਆਂ ਦੇ ਚੁਣੇ ਹੋਏ ਸ਼ਿਅਰਾਂ ਤੋਂ ਲਗਦਾ ਹੈ:

ਮੁਹੱਬਤ ਮੇਂ ਨਹੀਂ ਹੈ ਫਰਕ
ਜੀਨੇ ਔਹ ਮਰਨੇ ਕਾ।
ਉਸੀ ਕੋ ਦੇਖ ਕਰ ਜੀਤੇ ਹੈ
ਜਿਸ ਕਾਫਰ ਪੇ ਦਮ ਨਿਕਲੇ।
*(ਮਿਰਜ਼ਾ ਗਾਲਿਬ)*

ਖੁਦੀ ਕੋ ਕਰ ਬੁਲੰਦ ਇਤਨਾ
ਕਿ ਹਰ ਤਕਦੀਰ ਸੇ ਪਹਿਲੇ,
ਖੁਦਾ ਬੰਦੇ ਸੇ ਖੁਦ ਪੂਛੇ
ਬਤਾ ਤੇਰੀ ਰਜ਼ਾ ਕਿਆ ਹੈ।
*(ਅਲਾਮਾ ਇਕਬਾਲ)*

ਕਈ ਬਾਰ ਇਸ ਕਾ ਦਾਮਨ
ਭਰ ਦੀਆ ਉਸ ਨੇ ਦੋ ਆਲਮ ਸੇ,



*ਸਆਦਤ ਹਸਨ ਮੰਟੋ*

ਮਗਰ ਦਿਲ ਹੈ ਕਿ ਇਸ ਕੀ
ਖਾਨਾ ਵੀਰਾਨੀ ਨਹੀਂ ਜਾਤੀ।
*(ਫੈਜ਼ ਅਹਿਮਦ ਫੈਜ਼)*



*ਬੁੱਲ੍ਹੇ ਸ਼ਾਹ*

ਤੁਆਰਫ ਰੋਗ ਹੋ ਜਾਏ ਤੋ
ਉਸ ਕੋ ਭੂਲਨਾ ਬਿਹਤਰ,
ਤੁਅੱਲੁਕ ਬੋਝ ਬਨ ਜਾਏ ਤੋ
ਉਸ ਕੋ ਤੋੜਨਾ ਅੱਛਾ।
ਵੋਹ ਅਫਸਾਨਾ ਜਿਸੇ ਅੰਜਾਮ ਤੱਕ
ਲਾਨਾ ਨਾ ਹੋ ਮੁਮਕਿਨ,
ਉਸੇ ਏਕ ਖੂਬਸੂਰਤ
ਮੋੜ ਦੇ ਕਰ ਛੋੜਨਾ ਅੱਛਾ।
*(ਸਾਹਿਰ ਲੁਧਿਆਣਵੀ)*


ਬਹੁਤ ਮੈਨੇ ਸੁਨੀ ਹੈ
ਆਪ ਕੀ ਤਕਰੀਰ ਮੌਲਾਨਾ।
ਮਗਰ ਬਦਲੀ ਨਹੀਂ ਅਬ ਤਕ
ਮੇਰੀ ਤਕਦੀਰ ਮੌਲਾਨਾ। *(ਹਬੀਬ ਜਾਲਿਬ)*

ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
*(ਸੁਰਜੀਤ ਪਾਤਰ)*

ਵੋਹ ਤੋ ਖੁਸ਼ਬੂ ਹੈ,
ਹਵਾਓਂ ਮੇਂ ਬਿਖਰ ਜਾਏਗਾ।
ਮਸਲਾ ਫੂਲ ਕਾ ਹੈ, ਫੂਲ ਕਿਧਰ ਜਾਏਗਾ?
*(ਪਰਵੀਨ ਸ਼ਾਕਿਰ)*

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ। *(ਸ਼ਿਵ ਕੁਮਾਰ)*

ਅਮਰਜੀਤ ਹੇਅਰ ਦੀ ਪੁਸਤਕ ਪੜ੍ਹ ਕੇ ਇਹ ਵੀ ਪਤਾ ਲਗਦਾ ਹੈ ਕਿ ਜੋਬਨ ਰੁਤੇ (37 ਸਾਲ ਦੇ ਉਮਰੇ) ਮਰਨ ਵਾਲਾ ਇੱਕਲਾ ਸ਼ਿਵ ਕੁਮਾਰ ਹੀ ਨਹੀਂ ਸੀ, ਪਰਵੀਨ ਸ਼ਾਕਿਰ (42 ਸਾਲ), ਮੰਟੋ (43 ਸਾਲ) ਅਤੇ ਡੀ. ਐਚ. ਲਾਰੈਂਸ (45 ਸਾਲ) ਵੀ ਸਨ। ਸਭ ਤੋਂ ਵਧ ਉਮਰ ਭੋਗਣ ਵਾਲਾ ਬਰਟਰੰਡ ਰੱਸਲ (98) ਸੀ ਪਰ



*ਬਰਟਰੰਡ ਰੱਸਲ*

ਤਾਲਸਟਾਏ (82 ਸਾਲ) ਤੇ ਬਾਬਾ ਬੁੱਲ੍ਹੇ ਸ਼ਾਹ (78 ਸਾਲ) ਵੀ ਬਹੁਤਾ ਪਿੱਛੇ ਨਹੀਂ ਰਹੇ।

ਮੈਂ ਅਮਰਜੀਤ ਦੀ ਪਸੰਦ ਬੁੱਲ੍ਹੇ ਸ਼ਾਹ ਦੇ ਬੋਲਾਂ ਨਾਲ ਖਤਮ ਕਰਨੀ ਚਾਹਾਂਗਾ:

ਧਰਮਸ਼ਾਲਾ ਧਾੜਵੀ ਵਸਦੇ
ਠਾਕਰ ਦੁਆਰੇ ਠੱਗ।
ਵਿਚ ਮਸੀਤੇ ਰਹਿਣ ਕਸਾਈ
ਆਸ਼ਕ ਰਹਿਣ ਅੱਲਗ।



*ਸਾਹਿਰ ਲੁਧਿਆਣਵੀ*

ਜੇ ਅਮਰਜੀਤ ਸਿੰਘ ਹੇਅਰ ਨੇ ਆਪਣੀ ਪਸੰਦ ਦੇ ਬੁਧੀਜੀਵੀਆਂ ਦਾ ਮੁੱਲ ਪਾਇਆ ਹੈ ਤਾਂ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਚੇਅਰਮੈਨ ਅਤੇ ਮੇਰੇ ਮਿੱਤਰ ਸੁਰਜੀਤ ਪਾਤਰ ਨੇ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਨ ਉਤੇ 27 ਜੂਨ 2018 ਨੂੰ ਢੁਡੀਕੇ ਜਾ ਕੇ ਵਧਾਈ ਦਿੱਤੀ, ਜਿੱਥੇ ਸਾਹਿਤ ਜਗਤ ਦੀਆਂ 250 ਨਾਮਵਰ ਹਸਤੀਆਂ ਨੇ ਭਾਰਤ ਸਰਕਾਰ ਵਲੋਂ ਕੰਵਲ ਲਈ ਪਦਮ ਵਿਭੂਸ਼ਨ ਐਵਾਰਡ ਦੀ ਮੰਗ ਕੀਤੀ।

ਇਸ ਮੌਕੇ ਇਹ ਵੀ ਚੇਤੇ ਕੀਤਾ ਗਿਆ ਕਿ ਉਮਰ ਤੇ ਗਤੀਵਿਧੀਆਂ ਪੱਖੋਂ ਕੰਵਲ ਖੁਸ਼ਵੰਤ ਸਿੰਘ ਤੇ ਭਾਈ ਜੋਧ ਸਿੰਘ ਨੂੰ ਮਾਤ ਪਾ ਗਿਆ ਹੈ। ਭਾਈ ਸਾਹਿਬ 100 ਸਾਲ ਤੋਂ 5 ਮਹੀਨੇ 27 ਦਿਨ ਘਟ ਜੀਵੇ। ਅਕਾਲ ਚਲਾਣੇ ਤੋਂ ਇੱਕ ਮਹੀਨਾ ਪਹਿਲਾਂ ਸੰਤ ਸਿੰਘ ਸੇਖੋਂ ਮੈਨੂੰ ਨਾਲ ਲੈ ਕੇ ਉਨ੍ਹਾਂ ਦੀ ਰਿਹਾਇਸ਼ ਉਤੇ ਉਨ੍ਹਾਂ ਨੂੰ ਮਿਲਣ ਗਏ ਤਾਂ 'ਭਾਈ ਸਾਬ੍ਹ ਪਛਾਣਿਆ?' ਦਾ ਜੋ ਉਤਰ ਸੇਖੋਂ ਨੂੰ ਮਿਲਿਆ, ਉਹ ਮੈਨੂੰ ਕਦੀ ਨਹੀਂ ਭੁੱਲਣਾ, "ਦਾੜ੍ਹੀ ਘੱਟ ਰੰਗਿਆਂ ਆਵਾਜ਼ ਤਾਂ ਨਹੀਂ ਬਦਲ ਜਾਂਦੀ।"

ਮੈਂ ਢੁੱਡੀਕੇ ਨਹੀਂ ਜਾ ਸਕਿਆ। ਹੋ ਸਕਿਆ ਤਾਂ ਅਗਲੇ ਸਾਲ ਜਾ ਕੇ ਬੜੇ ਭਾਈ ਨੂੰ ਸੇਖੋਂ ਵਾਲਾ ਸਵਾਲ ਕਰਕੇ ਪ੍ਰਤੀਕਰਮ ਉਡੀਕਾਂਗਾ। ਕੰਵਲ ਬਾਬਾ ਜ਼ਿੰਦਾਬਾਦ। ਉਸ ਦੀ ਦੇਣ ਦਾ ਜਵਾਬ ਨਹੀਂ।

**ਅੰਤਿਕਾ:** ਹਰਮਿੰਦਰ ਸਿੰਘ ਕੋਹਾਰਵਾਲਾ
ਚਸਕਣ ਹੱਡ ਤੇ ਖੱਲੀਆਂ,
ਪੈਂਦੀ ਕਦੇ ਕੜੱਲ।
ਲਾਈ ਰੱਖਣ ਰੌਣਕਾਂ, ਭੁੱਲੀ ਰਹੇ ਇਕੱਲ।

# ਜੀਵਨ ਦਾ ਜਸ਼ਨ, ਸੱਚ ਦਾ ਅਮਲ-ਜਸਵੰਤ ਸਿੰਘ ਕੰਵਲ

ਕਿੰਨੀ ਖੁਸ਼ਖਬਰੀ ਹੈ ਕਿ ਕੱਲ੍ਹ ਅਸੀਂ ਕਹਾਣੀ ਅਤੇ ਨਾਵਲ ਦੇ ਮਹੰਤ ਜਸਵੰਤ ਸਿੰਘ ਕੰਵਲ ਦਾ ਸੌਵਾਂ ਜਨਮ ਦਿਨ ਅਰਥਾਤ ਸ਼ਤਾਬਦੀ ਮਨਾਈ।

ਸ਼ਹਿਰੀ ਚਮਕ-ਦਮਕ ਅਤੇ ਸੁੱਖ ਸਹੂਲਤਾਂ ਤੋਂ ਨਿਰਲੇਪ ਤੇ ਦੂਰ, ਪਿੰਡ ਦੀ ਸਾਦ-ਮੁਰਾਦੀ ਜ਼ਿੰਦਗੀ ਬਤੀਤ ਕਰਦਿਆਂ ਕੋਈ ਆਪਣੇ ਜੀਵਨ ਦੇ ਸੌਵੇਂ ਵਰ੍ਹੇ 'ਚ ਦਾਖਲ ਹੋ ਜਾਵੇ ਤਾਂ ਅੱਜ ਵੀ ਪਿੰਡ ਦੀ ਜੀਵਨ ਤੋਰ ਅਤੇ ਤਰਜ਼ ਨੂੰ ਨਮਸਕਾਰ ਕਰਨੀ ਬਣਦੀ ਹੈ।

ਸ. ਕੰਵਲ ਦੇ ਇਤਿਹਾਸਕ ਪਿੰਡ ਢੁੱਡੀਕੇ ਵਿਖੇ ਸਮਾਗਮ ਨਹੀਂ, ਬਲਕਿ ਸਮਾਗਮਾਂ ਦੀ ਝੜੀ

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਲਾਈ ਗਈ; ਜਾਂ ਕਹਿ ਲਉ ਗੁਲਦਸਤਾ ਪੇਸ਼ ਕੀਤਾ ਗਿਆ।

ਢੁੱਡੀਕੇ ਨੂੰ ਨਤਮਸਤਕ ਹੋਣ ਲਈ ਨਾਮੀ-ਗ੍ਰਾਮੀ, ਆਮ-ਖਾਸ, ਕੱਦਾਵਰ ਤੇ ਅਸਰ ਰਸੂਖ ਵਾਲੇ, ਸੱਦੇ-ਅਣਸੱਦੇ, ਸਰਕਾਰੀ-ਗੈਰਸਰਕਾਰੀ ਤੇ ਕਈ ਨੀਮ ਸਰਕਾਰੀ ਲੇਖਕ-ਅਲੇਖਕ, ਆਲੋਚਕ, ਸਾਹਿਤਕਾਰ, ਵੰਨ-ਸੁਵੰਨੇ ਕਲਾਕਾਰ ਅਤੇ ਕਲਾ ਪ੍ਰੇਮੀ ਹੁਮ ਹੁਮਾ ਕੇ ਤੇ ਸਜ-ਧਜ ਕੇ ਪੁੱਜੇ।

ਖੁਸ਼ੀ ਅਤੇ ਅਨੂਠੀ ਪੂਰਨਮਾਸ਼ੀ ਵਿਚ ਮਖਸੂਸ ਮਹਿਮਾਨ ਬੁਲਾਏ ਗਏ, ਜਿਨ੍ਹਾਂ ਵਿਚ ਅਸਲੋਂ ਹੀ ਨਿਮਾਣਾ ਜਿਹਾ ਇੱਕ ਮੈਂ ਵੀ ਸਾਂ ਤੇ ਮੇਰੇ ਨਾਲ ਬੰਗੇ ਵਾਲੇ ਮੇਰੇ ਅਧਿਆਪਕ ਪ੍ਰੋ. ਹਰਪਾਲ ਸਿੰਘ ਵੀ ਸ਼ਾਮਲ ਹੋਏ।

ਚਹੇਤਿਆਂ 'ਚ ਘਿਰਿਆ, ਖਿੜਿਆ ਕੰਵਲ, ਪਿੰਡ ਦੀ ਧੜਕਣ, ਜ਼ਿੰਦਗੀ ਦਾ ਸਵੱਛ ਅਤੇ ਅਡੋਲ ਚਿਹਨ। ਸਾਦਾ ਦਸਤਾਰ, ਸਫੈਦ ਦਾਹੜੀ, ਤਿੱਖਾ ਨੱਕ, ਕੁਝ ਪੁੱਛਦੀਆਂ, ਕੁਝ ਦੱਸਦੀਆਂ, ਕੁਝ ਲੱਭਦੀਆਂ ਤੇ ਮੁਹੱਬਤਾਂ ਲੁਟਾਉਂਦੀਆਂ ਨਿਰਮਲ ਅੱਖਾਂ! ਭਰਵੇਂ ਭਰਵੱਟੇ, ਦਗਦਾ ਮਸਤਕ, ਲਗਰ ਜਿਹਾ ਛਾਂਟਵਾਂ ਸਰੀਰ, ਸਾਧਿਆ ਜੁੱਸਾ, ਲੰਮਾ ਕੱਦ, ਸਾਬਤ-ਸਬੂਤੇ ਹੱਸਦੇ ਦੰਦ!

ਮਨ ਵਿਚ ਸਵਾਲ ਉਠਦਾ, ਕੋਈ ਏਨਾ ਸੋਹਣਾ ਵੀ ਹੁੰਦਾ ਹੈ! ਜੇ ਹੁਣ ਇਹ ਹਾਲ ਹੈ ਤਾਂ ਜਵਾਨੀ 'ਚ ਕਿਹੋ ਜਿਹਾ ਹੋਊ! ਐਵੇਂ ਤੇ ਨਹੀਂ ਸੁਖਨਾ ਲੇਕ ਦਾ ਹੁਸੀਨ ਪਾਣੀ ਨਦੀ ਬਣ ਕੇ ਢੁੱਡੀਕੇ ਦੇ ਖੇਤਾਂ 'ਚ ਜਾ ਉਤਰਿਆ ਹੋਵੇਗਾ!

ਸੰਗੀਤ ਦੀ ਛਹਿਬਰ ਦਰਮਿਆਨ ਇਸ ਤਰ੍ਹਾਂ ਫਿਰਦਾ, ਜਿਵੇਂ ਉਸ ਨੂੰ ਬਿਲਕੁਲ ਨਹੀਂ ਪਤਾ ਕਿ ਇਹ ਉਸ ਦਾ ਸੌਵਾਂ ਜਨਮ ਦਿਨ ਹੈ; ਲੰਮੀ ਉਮਰ ਦਾ ਰਾਜ ਸ਼ਾਇਦ ਉਸ ਦੀ ਇਹੀ ਬੇਪਰਵਾਹੀ ਹੋਵੇ।

ਸ਼ਤਾਬਦੀ ਜਸ਼ਨ ਵਿਚ ਅਮਰਜੀਤ ਗੁਰਦਾਸਪੁਰੀ ਨੇ ਆਪਣੇ ਅਸਲੋਂ ਹੀ ਨਿਵੇਕਲੇ ਮਝੈਲੀ ਅੰਦਾਜ਼ ਵਿਚ ਵਾਰਿਸ ਦੀ ਹੀਰ ਦਾ ਗਾਇਨ ਪੇਸ਼ ਕੀਤਾ; ਹੀਰ ਦੇ ਅਣਸੁਣੇ ਬੰਦ ਚੁਣ ਚੁਣ ਕੇ ਇਵੇਂ ਗੁੰਦੇ ਕਿ ਜੇ ਕਿਸੇ ਨੇ ਹੀਰ ਗਾਉਣੀ ਹੋਵੇ ਤਾਂ ਇਵੇਂ ਗਾਵੇ, ਨਹੀਂ ਤਾਂ ਨਾ ਗਾਵੇ।

ਕਵੀਸ਼ਰ ਹਰਦੇਵ ਸਿੰਘ ਲਾਲਬਾਈ ਨੇ ਮਲਵਈ ਸ਼ੈਲੀ ਵਿਚ ਕਵੀਸ਼ਰੀ ਦਾ ਅਜਿਹਾ ਰੰਗ ਬੰਨ੍ਹਿਆ ਤੇ ਕਵੀਸ਼ਰੀ ਦੇ ਤਲਿਸਮ ਬਾਬੂ ਰਜਬਅਲੀ ਦਾ ਕਾਵਿ ਜਾਦੂ ਸਾਡੇ ਸਾਹਮਣੇ ਲਿਆ ਸੁਰਜੀਤ ਕਰ ਦਿੱਤਾ।

ਪਵਨਦੀਪ ਖੰਨੇ ਵਾਲੇ ਨੇ ਗੀਤ ਦੇ ਸੁਖੈਨ ਗਾਇਨ ਦੀ ਥਾਂ ਨਜ਼ਮ ਗਾਇਨ ਨੂੰ ਤਰਜੀਹ ਦਿੱਤੀ। ਉਸ ਨੇ ਆਪਣੀ ਵਿਸ਼ੇਸ਼ ਪਟਿਆਲਵੀ ਲੈਅ ਵਿਚ ਸ਼ਿਵ ਕੁਮਾਰ, ਜਗਤਾਰ ਤੇ ਪਾਤਰ ਨੂੰ ਇਵੇਂ ਗਾਇਆ ਕਿ ਜੇ ਉਹ ਖੁਦ ਸੁਣਦੇ ਤਾਂ ਉਨ੍ਹਾਂ ਨੂੰ ਆਪਣਾ ਆਪ ਹੋਰ ਚੰਗਾ ਲੱਗਦਾ।

ਜਸ਼ਨ-ਏ-ਖੁਸ਼ੀ ਵਿਚ ਗੱਲਾਂ ਦੇ ਗੱਫੇ, ਯਾਦਾਂ ਦੀਆਂ ਪਟਾਰੀਆਂ, ਦੁਆਵਾਂ ਤੇ ਸ਼ੁੱਭ ਇਛਾਵਾਂ ਨੇ ਸੰਵੇਦਨਾਵਾਂ ਦਾ ਮੀਂਹ ਵਰਸਾ ਦਿੱਤਾ।

ਦੋਹਿਤਾ ਸ਼ਬਦਾਂ ਦਾ ਬੋਹਿਤਾ, ਗਿਆਨ ਦੀਆਂ ਪੰਡਾਂ ਤੇ ਕਈ ਪਰੰਪਰਾਵਾਂ ਦਾ ਸੁਮੇਲ, ਪੂਰਨਮਾਸ਼ੀ ਦਾ ਸਰਬਾਲ੍ਹਾ; ਲੰਮ-ਸਲੰਮਾ, ਜਲੌ ਵਿਚ, ਜਚਦਾ, ਖਿੜਦਾ ਤੇ ਹੱਸਦਾ, ਜਿਵੇਂ ਕੰਵਲ ਉਸ ਦਾ ਨਾਨਾ ਹੀ ਨਹੀਂ, ਬਲਕਿ ਮੁਰਸ਼ਦ ਤੋਂ ਵੱਧ, ਉਸ ਦਾ ਰੱਬ ਹੋਵੇ।

ਮੈਨੂੰ ਚੰਦ ਅਲਫਾਜ ਕਹਿਣ ਲਈ ਆਖਿਆ। ਮੈਂ ਜਕਦਾ ਜਕਦਾ ਉਠਿਆ ਤੇ ਸੰਗਦਾ ਸੰਗਦਾ ਮਾਈਕ ਵੱਲ ਗਿਆ। ਨਜ਼ਰ ਘੁਮਾਈ ਤਾਂ ਹੈਰਾਨ ਰਹਿ ਗਿਆ ਕਿ ਜਸਵੰਤ ਸਿੰਘ ਕੰਵਲ ਦੇ ਪੁਰਾਣੇ ਮਿੱਤਰ ਬੇਲੀਆਂ ਦੇ ਭਾਈ, ਜੁਆਈ, ਨੂੰਹਾਂ, ਧੀਆਂ, ਪੁੱਤ, ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ, ਹੱਸੂੰ ਹੱਸੂੰ ਕਰਦੇ ਕੰਵਲ ਦੀ ਗੋਦ 'ਚ ਇਵੇਂ ਵਿਛਦੇ ਜਿਵੇਂ ਕੰਵਲ ਖਿੜਦੇ ਹੋਣ।

ਇੱਕ ਪਾਸੇ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ 'ਚੋਂ ਗਿਆਨੀ ਹੀਰਾ ਸਿੰਘ ਦਰਦ ਦਾ ਪਰਿਵਾਰ, ਦੂਜੇ ਪਾਸੇ ਪੰਜਾਬੀ ਕਹਾਣੀ ਦੇ ਸਿਰਤਾਜ ਪ੍ਰਿੰਸੀਪਲ ਸੁਜਾਨ ਸਿੰਘ ਦਾ ਪਰਿਵਾਰ। ਵਿਚ ਵਿਚਾਲੇ, ਬੱਬਰ ਅਕਾਲੀ ਮਿਲਖਾ ਸਿੰਘ ਨਿੱਜਰ ਸਜੇ ਤੇ ਫੱਬੇ ਦੇਖੇ।

ਮੈਂ ਦੰਗ ਰਹਿ ਗਿਆ ਕਿ 'ਦਲੀਲ' ਵਾਲੇ ਤੀਖਣ, ਦਲੇਰ, ਪ੍ਰਬੁੱਧ ਅਤੇ ਸੁਬੁੱਧ ਪੱਤਰਕਾਰ ਐਸ. ਪੀ. ਸਿੰਘ ਵੀ ਬਾਜ਼ ਨਜ਼ਰ ਟਿਕਾਈ ਮੇਰੇ ਵੱਲ ਦੇਖ ਰਹੇ ਸਨ। ਇਨ੍ਹਾਂ ਮਹਾਨ ਹਸਤੀਆਂ ਸਾਹਮਣੇ, ਮੇਰੀ ਸੰਗ ਵਧ ਗਈ ਤੇ ਮੈਂ ਕੰਵਲ ਸਾਹਿਬ ਨੂੰ ਜਨਮ ਸ਼ਤਾਬਦੀ ਦੀ ਮੁਬਾਰਕ ਆਖੀ ਤੇ ਸਰਸਰੀ ਜਿਹੀ ਖਾਨਾ ਪੂਰਤੀ ਕਰਕੇ ਬੈਠ ਗਿਆ।



*ਪ੍ਰੋ. ਅਵਤਾਰ ਸਿੰਘ ਜਸਵੰਤ ਸਿੰਘ ਕੰਵਲ ਤੋਂ ਸਨਮਾਨ ਚਿੰਨ੍ਹ ਹਾਸਲ ਕਰਦੇ ਹੋਏ*

ਸ਼ਤਾਬਦੀ ਦਾ ਕੰਵਲ ਸਮਾਗਮ ਦੌਰਾਨ ਸਿਰਾਂ 'ਤੇ ਹੱਥ ਰੱਖ 'ਚੜ੍ਹਦੀ ਕਲਾ', 'ਸਦਾ ਖੁਸ਼ ਰਹੋ' ਤੇ 'ਜੁੱਗ ਜੁੱਗ ਜੀਵੋ' ਦਾ ਪ੍ਰਸ਼ਾਦ ਵੰਡਦਾ ਰਿਹਾ।

ਅਨਾੜੀ ਪ੍ਰਸ਼ੰਸਕ ਤੇ ਨੀਮ ਆਲੋਚਕ ਉਸ ਦੀ ਇਨਸਾਨੀ ਮੁਹੱਬਤ ਤੱਕ ਨਹੀਂ ਪੁੱਜਦੇ, ਕੋਈ ਉਸ ਨੂੰ ਕਿਸਾਨੀ ਪੁੜੀਆਂ 'ਚ ਲਪੇਟਦਾ ਤੇ ਕੋਈ ਖਾਲਿਸਤਾਨੀ ਲਫਾਫਿਆਂ 'ਚ ਬੰਦ ਕਰਨ ਦੀ ਕੋਸ਼ਿਸ਼ ਕਰਦਾ।

ਨਾ 'ਪੁੜੀਆਂ' ਦਾ ਮੁਥਾਜ, ਨਾ 'ਲਫਾਫਿਆਂ' ਦਾ ਕਾਇਲ ਕੰਵਲ ਕਿਸੇ ਵੀ ਕਾਣੇ ਅਤੇ ਬੌਣੇ ਹਿਤ ਦਾ ਲੰਬੜਦਾਰ ਨਹੀਂ; ਉਹ ਕੇਵਲ, ਇਨਸਾਨੀ ਅਤੇ ਮਾਨਵੀ ਸੱਚ ਦਾ ਅਲੰਬਰਦਾਰ ਹੈ। ਉਸ ਲਈ ਸਿਰਫ ਕਿਸਾਨ ਹੀ ਇਨਸਾਨ ਨਹੀਂ, ਬਲਕਿ ਕਿਸਾਨ ਵੀ ਇਨਸਾਨ ਹਨ।

ਦੁਖੀਆਂ ਦੇ ਦਰਦੀ, ਭੱਠੀ ਤੋਂ ਸਾਣ ਤੱਕ, ਮਾੜਿਆਂ ਦੀ ਤਾਕਤ, ਦਿਲਾਂ ਦੇ ਸੌਦਾਗਰ, ਮਾਸੂਮਾਂ ਦੇ ਰਹਿਬਰ, ਨਾਵਲ ਦੇ ਰਾਜੇ, ਇਨਸਾਨਾਂ ਦੇ ਹਮਦਮ, ਕਹਾਣੀ ਦੇ ਸ਼ਹਿਨਸ਼ਾਹ ਨੂੰ ਕਈ ਚਹੇਤੇ ਖੇਤੀਬਾੜੀ ਤੱਕ ਮਹਿਦੂਦ ਕਰਦੇ।

'ਉਹ ਕੀ ਜਾਣਨ ਅਦਰਕ ਦਾ ਸੁਆਦ', ਕੰਵਲ ਹੱਸਦਾ; ਵਾਰ ਵਾਰ ਉਠਦਾ ਤੇ ਉਸ ਕਮਰੇ ਵਿਚ ਜਾ ਬੈਠਦਾ, ਜਿੱਥੇ ਉਸ ਨੂੰ ਬੀਤੀ ਮੁਹੱਬਤ ਦਾ ਚੇਤਾ ਆਉਂਦਾ; ਉਹ ਦੂਰਦਰਸ਼ਨ ਦੀ ਖਿੜਕੀ 'ਚੋਂ ਲੱਭਦਾ ਤੇ ਖਬਰਾਂ ਦੇਖਦਾ। ਉਸ ਦੇ ਮਨ ਵਿਚ ਕੋਈ ਸੂਖਮ ਜਿਹਾ ਸ਼ਿਕਨ ਉਠਦਾ, ਜਿਸ ਦਾ ਅਨੁਵਾਦ ਸ਼ਾਇਦ 'Sense of being misunderstood' ਕੀਤਾ ਜਾ ਸਕਦਾ ਹੋਵੇ ਤੇ ਉਹ ਬੇਚੈਨ ਜਿਹਾ ਹੋ ਜਾਂਦਾ। ਇਹ ਸ਼ਿਕਨ ਉਸ ਦੇ ਮੱਥੇ ਤੋਂ ਹੇਠਾਂ ਉਤਰ ਉਸ ਦੀ ਅੱਖ 'ਚ ਰੜਕਦਾ। ਉਹ ਪਸ਼ੇਮਾਨ ਹੁੰਦਾ, ਰੜਕ ਲੱਭਦਾ ਤੇ ਸਾਹਮਣੇ ਟੰਗੀ ਆਪਣੀ ਫੋਟੋ ਨਿਹਾਰਦਾ।

ਫਰੀਦਕੋਟ ਵਾਲੇ ਪ੍ਰੋ. ਕਰਮਜੀਤ ਸਿੰਘ ਦੇ ਪੁੱਤਰ ਨਿਰਲੇਪ ਸਿੰਘ ਦੀ ਖਿੱਚੀ ਫੋਟੋ 'ਤੇ ਕਿਸੇ ਅਨਾੜੀ ਫਲੈਕਸ ਵਾਲੇ ਦੀ 'ਕਿਰਪਾ' ਸਦਕਾ, ਨੱਕ 'ਤੇ ਚੜ੍ਹੇ ਮੁੱਛ ਦੇ ਵਾਲ ਨੂੰ ਪਰੇ ਕਰਨ, ਉਹ ਆਪਣੀ ਫੋਟੋ ਤੱਕ ਗਿਆ। ਪਰ ਉਸ ਦੀ ਅੱਖ ਦੀ ਰੜਕ ਅਤੇ ਮੱਥੇ ਦਾ ਸ਼ਿਕਨ ਨੱਕ 'ਤੇ ਚੜ੍ਹੇ ਮੁੱਛ ਦੇ ਵਾਲ ਦਾ ਨਹੀਂ ਸੀ, ਬਲਕਿ ਉਸ ਤੰਗ ਨਜ਼ਰ ਦਾ ਸੀ, ਜਿੱਥੋਂ ਪ੍ਰਸ਼ੰਸਕ ਉਸ ਨੂੰ ਦੇਖ ਰਹੇ ਸਨ।

ਮੱਠੀ ਮੱਠੀ ਕਿਣਮਿਣ, ਸਿੱਲ੍ਹਾ ਸਿੱਲ੍ਹਾ ਮੌਸਮ, ਠੰਢੀ ਠੰਢੀ ਹਵਾ, ਤਪਦੀ ਲੋਹ, ਪੱਕਦੇ ਫੁਲਕੇ, ਚੱਲਦੇ ਲੰਗਰ, ਜ਼ਿੰਦਗੀ ਦਾ ਮੇਲਾ, ਜੀਵਨ ਦਾ ਜਸ਼ਨ, ਸੱਚ ਦਾ ਅਮਲ-ਜਸਵੰਤ ਸਿੰਘ ਕੰਵਲ।

ਰਾਤ ਦਾ ਹਨੇਰਾ, ਦੂਰ ਦਾ ਰਾਹ। ਔਖੇ ਸੌਖੇ, ਜਿਵੇਂ ਕਿਵੇਂ ਹਿੱਚ ਹਾਇਕ ਕਰਦੇ ਇੱਕ-ਸਵਾ ਇੱਕ ਘਰ ਅੱਪੜੇ।

# ਚਿੱਤਰਕਾਰ ਸੋਭਾ ਸਿੰਘ ਦੇ ਸ਼ਾਗਿਰਦ

ਸਾਡੇ ਸਮਾਜ ਵਿਚ ਗੁਰੂ, ਅਧਿਆਪਕ ਤੇ ਉਸਤਾਦ ਦਾ ਬੜਾ ਹੀ ਅਹਿਮ ਅਤੇ ਸਤਿਕਾਰਯੋਗ ਸਥਾਨ ਰਿਹਾ ਹੈ। ਵਿਦਿਆ, ਗਿਆਨ, ਕਿਸੇ ਵੀ ਕਿਸਮ ਦੀ ਕਲਾ, ਸਿਖਿਆ ਅਤੇ ਹੁਨਰ ਹਾਸਲ ਕਰਨ ਲਈ ਸਾਨੂੰ ਗੁਰੂ, ਅਧਿਆਪਕ ਜਾਂ ਉਸਤਾਦ ਦੀ ਲੋੜ ਹੁੰਦੀ ਹੈ। ਵਿਰਸੇ ਵਿਚ ਮਿਲੀ ਕਿਸੇ ਦੀ ਪ੍ਰਤਿਭਾ ਦੇ ਵਿਕਾਸ ਅਤੇ ਨਿਖਾਰ ਦਾ ਕੰਮ ਵੀ ਕੋਈ ਅਧਿਆਪਕ ਜਾਂ ਉਸਤਾਦ ਹੀ ਕਰ ਸਕਦਾ

**ਹਰਬੀਰ ਸਿੰਘ ਭੰਵਰ**

ਹੈ। ਬਹੁਤ ਘੱਟ ਲੋਕ ਹੁੰਦੇ ਹਨ ਜੋ ਕਿਸੇ ਗੁਰੂ, ਅਧਿਆਪਕ ਜਾਂ ਉਸਤਾਦ ਦੀ ਰਹਿਨੁਮਾਈ ਬਿਨਾ ਕਿਸੇ ਖੇਤਰ ਵਿਚ ਮੱਲਾਂ ਮਾਰਦੇ ਹਨ।

ਚਿੱਤਰਕਾਰ ਸੋਭਾ ਸਿੰਘ ਨੇ ਚਿੱਤਰਕਾਰੀ ਦੀ ਕਿਤਿਓਂ ਕੋਈ ਸਿਖਿਆ ਨਹੀਂ ਸੀ ਲਈ। ਇਹ ਸ਼ੌਕ ਵਿਰਸੇ ਵਿਚੋਂ ਮਿਲਿਆ ਸੀ। ਪਿਤਾ ਸਰਦਾਰ ਦੇਵਾ ਸਿੰਘ, ਜੋ ਘੋੜ-ਸਵਾਰ ਫੌਜ ਵਿਚੋਂ ਜੇ. ਸੀ. ਓ. ਰਿਟਾਇਰ ਹੋਏ ਸਨ, ਨੂੰ ਚਿੱਤਰਕਾਰੀ ਦਾ ਸ਼ੌਕ ਸੀ। ਉਨ੍ਹਾਂ ਦੇ ਰਸਾਲੇ ਵਿਚੋਂ ਕੋਈ ਅੰਗਰੇਜ਼ ਅਫਸਰ ਤਬਦੀਲ ਹੋ ਕੇ ਜਾਂਦਾ ਜਾਂ ਇੰਗਲੈਂਡ ਵਾਪਸ ਜਾਂਦਾ ਤਾਂ ਆਪਣਾ ਸਮਾਨ ਵੇਚ ਜਾਂਦਾ। ਸਰਦਾਰ ਦੇਵਾ ਸਿੰਘ ਨੇ ਉਨ੍ਹਾਂ ਅੰਗਰੇਜ਼ਾਂ ਤੋਂ ਕੁਝ ਚਿਤਰ ਖਰੀਦੇ, ਜੋ ਸ੍ਰੀ ਹਰਿਗੋਬਿੰਦਪੁਰ ਵਾਲੇ ਘਰ ਲੱਗੇ ਹੁੰਦੇ ਸਨ। ਬਾਲ ਸੋਭਾ ਸਿੰਘ, ਜਿਸ ਨੂੰ ਬਚਪਨ ਤੋਂ ਹੀ ਤਸਵੀਰਾਂ ਵਾਹੁਣ ਦਾ ਸ਼ੌਕ ਸੀ, ਦੇ ਮਨ 'ਤੇ ਉਨ੍ਹਾਂ ਤਸਵੀਰਾਂ ਦਾ ਅਸਰ ਹੋਇਆ ਅਤੇ ਉਹ ਉਨ੍ਹਾਂ ਦੀ ਨਕਲ ਕਰਕੇ ਤਸਵੀਰਾਂ ਬਣਾਉਣ ਦਾ ਯਤਨ ਕਰਦਾ। ਅੰਮ੍ਰਿਤਸਰ ਦੇ ਸਰਕਾਰੀ ਇੰਡਸਟਰੀਅਲ ਸਕੂਲ ਤੋਂ ਆਰਟ ਐਂਡ ਕਰਾਫਟ ਦਾ ਇਕ ਸਾਲ ਦਾ ਡਿਪਲੋਮਾ ਕੋਰਸ ਕੀਤਾ।


ਸਕੂਲ ਦੇ ਪ੍ਰਿੰਸੀਪਲ ਨੇ ਸੋਭਾ ਸਿੰਘ ਵਿਚ ਛੁਪੇ ਚਿੱਤਰਕਾਰ ਨੂੰ ਪਛਾਣਿਆ ਅਤੇ ਸਲਾਹ ਦਿੱਤੀ, "ਤੂੰ ਮੂਰਤਾਂ ਵਾਹਿਆ ਕਰ।" ਇਹ ਕੋਰਸ ਪੂਰਾ ਕਰਨ ਪਿਛੋਂ ਉਹ ਭਾਰਤੀ ਫੌਜ ਵਿਚ ਡਰਾਫਟਸਮੈਨ ਵਜੋਂ ਭਰਤੀ ਹੋ ਕੇ ਇਰਾਕ ਚਲੇ ਗਏ। ਉਥੇ ਕਈ ਅੰਗਰੇਜ਼ ਕਲਾਕਾਰਾਂ ਨੂੰ ਮਿਲਣ ਅਤੇ ਉਨ੍ਹਾਂ ਦਾ ਕੰਮ ਦੇਖਣ ਦਾ ਮੌਕਾ ਮਿਲਿਆ। ਉਨ੍ਹਾਂ ਯੂਰਪੀ ਕਲਾਕਾਰਾਂ ਨੇ ਸੋਭਾ ਸਿੰਘ ਨੂੰ ਡਰਾਇੰਗ ਅਤੇ ਪੇਂਟਿੰਗ ਬਾਰੇ ਕਾਫੀ ਜਾਣਕਾਰੀ ਦਿੱਤੀ ਤੇ ਕਿਤਾਬਾਂ ਪੜ੍ਹਨ ਦੀ ਸਲਾਹ ਦਿੱਤੀ ਜਿਸ 'ਤੇ ਸੋਭਾ ਸਿੰਘ ਨੇ ਪੂਰੀ ਤਰ੍ਹਾਂ ਅਮਲ ਕੀਤਾ। ਮੁੱਖ ਤੌਰ 'ਤੇ ਸੋਭਾ ਸਿੰਘ ਕੇਵਲ ਆਪਣੀ ਲਗਨ ਤੇ ਮਿਹਨਤ ਨਾਲ ਚਿੱਤਰਕਾਰ ਬਣੇ, ਦੂਜੇ ਸ਼ਬਦਾਂ ਵਿਚ ਸੈਲਫ-ਮੇਡ ਆਰਟਿਸਟ।

ਇਸ ਦੇ ਬਾਵਜੂਦ ਚਿੱਤਰਕਾਰ ਸੋਭਾ ਸਿੰਘ ਨੇ ਪਹਿਲਾਂ ਕਮਰਸ਼ੀਅਲ ਆਰਟਿਸਟ ਅਤੇ ਫਿਰ ਫਾਈਨ ਆਰਟ ਪੇਂਟਰ ਸਥਾਪਤ ਹੋਣ ਪਿਛੋਂ ਅਨੇਕਾਂ ਸ਼ਾਗਿਰਦਾਂ ਨੂੰ ਚਿੱਤਰਕਾਰੀ ਦਾ ਗਿਆਨ ਦਿਤਾ, ਕਦੀ ਕਿਸੇ ਕੋਲੋਂ ਫੀਸ ਜਾਂ ਪੈਸਾ ਨਾ ਲਿਆ। ਇਨ੍ਹਾਂ ਸ਼ਾਗਿਰਦਾਂ ਵਿਚੋਂ ਕਈਆਂ ਨੇ ਕਲਾ ਜਗਤ ਵਿਚ ਆਪਣਾ ਸਥਾਨ ਬਣਾਇਆ ਅਤੇ ਅੱਜ ਵੀ ਕਲਾ ਦੀ ਸੇਵਾ ਕਰ ਰਹੇ ਹਨ। ਕਈ ਸ਼ਾਗਿਰਦ ਚਿੱਤਰਕਾਰੀ ਦਾ ਸ਼ੌਕ ਬਹੁਤੀ ਦੇਰ ਤੱਕ ਨਾ ਪਾਲ ਸਕੇ, ਕਿਸੇ ਹੋਰ ਖੇਤਰ ਵਿਚ ਚਲੇ ਗਏ ਜਿਵੇਂ ਫੋਟੋਗਰਾਫੀ, ਸਾਹਿਤ, ਪੱਤਰਕਾਰੀ ਆਦਿ ਵੱਲ।

ਪੰਡਤ ਮੰਗਤ ਰਾਮ ਉਨ੍ਹਾਂ ਦੇ ਪਲੇਠੇ ਸ਼ਾਗਿਰਦ ਸਨ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਲਤੂਵਾਲ ਤੋਂ ਸਨ। ਮਈ 1925 ਵਿਚ ਜਿਨ੍ਹਾਂ ਦਿਨਾਂ ਵਿਚ ਚਿੱਤਰਕਾਰ ਸੋਭਾ ਸਿੰਘ ਦਾ ਆਰਟ ਸਟੂਡੀਓ ਅੰਮ੍ਰਿਤਸਰ ਦੇ ਚੌਕ ਫਰੀਦ ਵਿਚ ਹੁੰਦਾ ਸੀ, ਦੇ ਬਾਹਰ ਇਕ ਤਸਵੀਰ ਦੇਖ ਕੇ ਪ੍ਰਭਾਵਿਤ ਹੋਏ ਪੰਡਤ ਜੀ ਨੇ ਚਿੱਤਰਕਾਰੀ ਸਿਖਣ ਦਾ ਫੈਸਲਾ ਕੀਤਾ। ਪਗੜੀ ਅਤੇ ਪਤਾਸੇ ਮੱਥਾ ਟੇਕ ਕੇ ਉਹ ਸੋਭਾ ਸਿੰਘ ਦੇ ਸਭ ਤੋਂ ਪਹਿਲੇ ਸ਼ਾਗਿਰਦ ਬਣੇ ਪਰ ਇਕ ਮਹੀਨੇ ਅੰਦਰ ਹੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਇਹ ਕਲਾ ਰੱਬੀ ਦੇਣ ਹੈ ਅਤੇ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਫਿਰ ਉਨ੍ਹਾਂ ਸੰਗੀਤ ਸਿਖਣ ਵੱਲ ਮੁਹਾਰਾਂ ਮੋੜੀਆਂ ਅਤੇ ਸਾਰੰਗੀ ਵਜਾਉਣ ਵਿਚ ਮੁਹਾਰਤ ਹਾਸਲ ਕਰ ਲਈ। ਉਂਜ ਗੁਰੂ ਚੇਲੇ ਦਾ ਇਹ ਰਿਸ਼ਤਾ ਸਾਰੀ ਉਮਰ ਕਾਇਮ ਰਿਹਾ। ਪੰਡਤ ਜੀ ਦਿੱਲੀ ਦੀ ਵੱਡੀ ਫਰਮ ਦੇ ਮੈਨੇਜਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਮਈ 1964 ਵਿਚ ਅੰਦਰੇਟੇ ਚਲੇ ਗਏ ਅਤੇ ਚਿੱਤਰਕਾਰ ਦੇ ਬਿਲਕੁਲ ਗੁਆਂਢ ਵਿਚ ਕੋਠੀ ਬਣਾ ਕੇ ਰਹਿਣ ਲੱਗੇ। ਇਥੇ ਹੀ ਉਹ 1981 ਵਿਚ ਅਕਾਲ ਚਲਾਣਾ ਕਰ ਗਏ। ਚਿੱਤਰਕਾਰ ਸੋਭਾ ਸਿੰਘ, ਨਾਵਲਕਾਰ ਨਾਨਕ ਸਿੰਘ ਅਤੇ ਪੰਡਤ ਮੰਗਤ ਰਾਮ ਦੀ ਦੋਸਤੀ ਮਸ਼ਹੂਰ ਰਹੀ ਹੈ। ਇਹ ਤਿਕੜੀ ਮਿਲ ਕੇ ਪਹਾੜਾਂ ਦੀ ਸੈਰ ਕਰਨ ਜਾਂਦੀ ਹੁੰਦੀ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਣਵਾਂ ਦੇ ਅਮਰ ਸਿੰਘ ਸੋਭਾ ਸਿੰਘ ਦੇ ਹੋਣਹਾਰ ਸ਼ਾਗਿਰਦ ਸਨ। ਉਨ੍ਹਾਂ ਤਿੰਨ ਸਾਲ ਕੰਮ ਸਿਖਿਆ। ਉਹ ਆਪਣੇ ਉਸਤਾਦ ਚਿੱਤਰਕਾਰ ਵਾਂਗ ਪੋਰਟਰੇਟ ਬਣਾਉਣ ਵਿਚ ਬੜੇ ਹੀ ਮਹਾਨ ਸਨ। ਉਹ ਸੋਭਾ ਸਿੰਘ ਨਾਲ ਲਾਹੌਰ, ਦਿੱਲੀ ਅਤੇ ਅੰਦਰੇਟੇ ਵੀ ਰਹੇ। ਅਖੀਰ ਉਹ ਚੰਡੀਗੜ੍ਹ ਰਹਿਣ ਲੱਗੇ। ਸੋਭਾ ਸਿੰਘ ਪਾਸ ਜਦੋਂ ਬਹੁਤਾ ਕੰਮ ਹੁੰਦਾ ਤਾਂ ਆਪਣੀ ਮਦਦ ਲਈ ਸਰਦਾਰ ਅਮਰ ਸਿੰਘ ਨੂੰ ਚੰਡੀਗੜ੍ਹ ਤੋਂ ਬੁਲਾ ਲੈਂਦੇ। ਗੁਰੂਦੇਵ ਆਵਾਜ਼ ਮਾਰਦੇ, ਉਹ ਝਟ ਹਾਜ਼ਰ ਹੁੰਦੇ। ਉਹ ਬੜੇ ਹੀ ਸਨਿਮਰ, ਮਿੱਠ ਬੋਲੜੇ ਅਤੇ ਨਿੱਘੇ ਸੁਭਾਅ ਵਾਲੇ ਸ਼ਖਸ ਸਨ। ਕੁਝ ਵਰ੍ਹੇ ਪਹਿਲਾਂ ਹੀ ਉਹ ਚਲਾਣਾ ਕਰ ਗਏ।


ਮਿਹਰ ਸਿੰਘ ਇਕ ਹੋਰ ਬੜੇ ਹੀ ਸੁਯੋਗ ਅਤੇ ਲਾਇਕ ਸ਼ਾਗਿਰਦ ਹਨ ਜੋ ਅਮਰ ਸਿੰਘ ਵਾਂਗ ਆਪਣੇ ਗੁਰੂ ਦੇ ਸਭ ਤੋਂ ਵੱਧ ਯੋਗ ਵਾਰਸ ਹਨ ਅਤੇ ਫਾਈਨ ਆਰਟ ਦੀਆਂ ਸਿਖਰਾਂ ਛੋਹ ਰਹੇ ਹਨ। ਉਹ ਬਹੁਤਾ ਸਮਾਂ ਦਿੱਲੀ ਕੰਮ ਕਰਦੇ ਰਹੇ ਅਤੇ ਪਿਛਲੇ ਕੁਝ ਸਾਲਾਂ ਤੋਂ ਚੰਡੀਗੜ੍ਹ ਰਹਿੰਦੇ ਹਨ। ਉਹ ਵੀ ਆਪਣੇ ਉਸਤਾਦ ਚਿੱਤਰਕਾਰ ਵਾਂਗ ਜਿਥੇ ਡਰਾਇੰਗ ਵਿਚ ਨਿਪੁੰਨ ਹਨ, ਉਥੇ ਫਾਈਨ ਆਰਟ ਦੀਆਂ ਬਾਰੀਕੀਆਂ ਦੇ ਜਾਣੂ ਹਨ। ਉਹ ਪੋਰਟਰੇਟ ਅਤੇ ਲੈਂਡਸਕੇਪ, ਡਿਜ਼ਾਈਨਿੰਗ ਆਦਿ ਸਭ ਖੇਤਰਾਂ ਵਿਚ ਨਿਪੁੰਨ ਹਨ ਅਤੇ ਆਪਣੇ ਗੁਰੂ ਦੀ ਸ਼ੈਲੀ ਨੂੰ ਅੱਗੇ ਤੋਰ ਰਹੇ ਹਨ। ਉਹ ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਵੀ ਰਹੇ। ਚਿੱਤਰਕਾਰ ਸੋਭਾ ਸਿੰਘ ਨੂੰ ਜਦੋਂ ਕਦੀ ਬਹੁਤਾ ਕੰਮ ਹੁੰਦਾ ਸੀ ਤਾਂ ਅਮਰ ਸਿੰਘ ਵਾਂਗ ਮਿਹਰ ਸਿੰਘ ਨੂੰ ਵੀ ਅੰਦਰੇਟੇ ਬੁਲਾ ਲੈਂਦੇ ਸਨ। ਚਿੱਤਰਕਾਰ ਸੋਭਾ ਸਿੰਘ ਦੇ ਸਾਰੇ ਸ਼ਾਗਿਰਦਾਂ ਵਿਚੋਂ ਮਿਹਰ ਸਿੰਘ ਅਤੇ ਅਮਰ ਸਿੰਘ ਉਨ੍ਹਾਂ ਦੇ ਪਦ ਚਿਨ੍ਹਾਂ 'ਤੇ ਚਲਣ ਵਾਲੇ ਸਭ ਤੋਂ ਲਾਇਕ ਸ਼ਾਗਿਰਦ ਹਨ; ਜੇ ਕਿਹਾ ਜਾਏ ਤਾਂ ਚਿੱਤਰਕਾਰ ਸੋਭਾ ਸਿੰਘ ਦਾ ਦੂਜਾ ਰੂਪ ਹਨ।



ਚਿਤਰਕਾਰ ਮਿਹਰ ਸਿੰਘ ਦਾ ਚਿਤਰ ਜਿਸ ਵਿਚ ਮੱਕਾ ਜਾ ਰਹੇ ਬਾਬਾ ਨਾਨਕ ਕਾਬੁਲ ਵਿਖੇ ਆਪਣੇ ਸ਼ਰਧਾਲੂਆਂ ਨਾਲ ਦਿਖਾਈ ਦੇ ਰਹੇ ਹਨ।

ਚਿੱਤਰਕਾਰ ਸੋਭਾ ਸਿੰਘ ਪਹਿਲਿਆਂ ਵਿਚ ਜਦੋਂ ਲਾਹੌਰ ਰਹਿੰਦੇ ਸਨ, ਤਾਂ ਕਾਲਜ ਦਾ ਵਿਦਿਆਰਥੀ ਹਰਬੰਸ ਸਿੰਘ ਉਨ੍ਹਾਂ ਤੋਂ ਚਿੱਤਰਕਾਰੀ ਸਿਖਣ ਲੱਗਾ ਪਰ ਇਹ ਸ਼ੌਕ ਥੋੜ੍ਹ-ਚਿਰਾ ਹੀ ਰਿਹਾ। ਪਿਛੋਂ ਉਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਬਣੇ। ਉਹ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਵੀ ਰਹੇ।

ਲਾਹੌਰ ਦੇ ਦੂਜੇ ਕਿਆਮ ਦੌਰਾਨ ਗੋਪਾਲ ਸ਼ਰਮਾ ਸ਼ਾਗਿਰਦ ਬਣੇ। ਦੇਸ਼ ਵੰਡ ਤੋਂ ਥੋੜ੍ਹਾ ਸਮਾਂ ਪਹਿਲਾਂ ਜਦੋਂ ਲਾਹੌਰ ਅਤੇ ਲਾਗਲੇ ਇਲਾਕੇ 'ਚ ਕਟੜਪੰਥੀ ਮੁਸਲਮਾਨਾਂ ਵਲੋਂ ਹਿੰਦੂਆਂ ਤੇ ਸਿੱਖਾਂ ਉਤੇ ਹਮਲੇ ਹੋਣ ਲਗੇ ਤਾਂ ਚਿੱਤਰਕਾਰ ਸੋਭਾ ਸਿੰਘ ਸਭ ਕੁਝ ਛੱਡ ਕੇ ਅੰਦਰੇਟੇ ਆਏ ਤਾਂ



ਚਿੱਤਰਕਾਰ ਸੋਭਾ ਸਿੰਘ

ਗੋਪਾਲ ਸ਼ਰਮਾ ਉਨ੍ਹਾਂ ਦੇ ਨਾਲ ਆਏ ਸਨ ਅਤੇ ਕਈ ਦਿਨ ਉਥੇ ਰਹਿ ਕੇ ਵਾਪਸ ਗਏ ਸਨ।

ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਜਦੋਂ ਸਟੂਡੀਓ ਬਣਾਇਆ ਤਾਂ ਰਾਵਿੰਦਰ ਕੁਮਾਰ ਉਰਫ ਰਵੀ ਸੋਭਾ ਸਿੰਘ ਦੇ ਸ਼ਾਗਿਰਦ ਬਣੇ ਅਤੇ ਕਮਰਸ਼ੀਅਲ ਆਰਟ 'ਚ ਨਿਪੁੰਨਤਾ ਹਾਸਲ ਕੀਤੀ। ਉਹ ਬਹੁਤਾ ਸਮਾਂ ਟਾਈਮਜ਼ ਆਫ ਇੰਡੀਆ ਪ੍ਰੈਸ, ਮੁੰਬਈ ਵਿਖੇ ਬਤੌਰ ਚਿੱਤਰਕਾਰ ਕੰਮ ਕਰਦੇ ਰਹੇ ਤੇ ਇਸੇ ਅਦਾਰੇ ਵਲੋਂ ਪ੍ਰਕਾਸ਼ਿਤ ਅੰਗਰੇਜ਼ੀ ਸਪਤਾਹਿਕ 'ਇਲਸਟ੍ਰੇਟਿਡ ਵੀਕਲੀ ਆਫ ਇੰਡੀਆ' ਨੂੰ ਚਿਤਰਨ ਦਾ ਕੰਮ ਕੀਤਾ।

ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਨਿੱਜੀ ਸੱਦੇ 'ਤੇ ਚਿੱਤਰਕਾਰ ਸੋਭਾ ਸਿੰਘ ਕੋਈ ਤਿੰਨ ਸਾਲ ਪ੍ਰੀਤ ਨਗਰ ਰਹੇ ਜਿਥੇ ਉਨ੍ਹਾਂ ਨੇ ਅਦਾਰਾ ਪ੍ਰੀਤ ਲੜੀ ਵੱਲੋਂ ਕਾਇਮ ਸਕੂਲ ਵਿਚ ਆਰਟ ਅਧਿਆਪਕ ਵਜੋਂ ਕੰਮ ਕੀਤਾ। ਸਕੂਲ ਤੋਂ ਬਿਨਾ ਹੀ ਉਨ੍ਹਾਂ ਪਾਸ ਗੁਰਬਖਸ਼ ਸਿੰਘ ਦੀ ਦੂਜੀ ਪੁੱਤਰੀ ਬੀਬੀ ਉਰਮਿਲਾ ਆਨੰਦ ਪੇਂਟਿੰਗ ਸਿਖਦੇ ਰਹੇ। ਪ੍ਰੀਤ ਨਗਰ 'ਚ ਸਮਾਟਰਾ ਜੀ, ਮਹਿੰਦਰ, ਧਨਵੰਤ ਤੇ ਹਰਸਰਨ ਵੀ ਉਨ੍ਹਾਂ ਤੋਂ ਆਰਟ ਸਿਖਦੇ ਰਹੇ।

ਅੰਦਰੇਟਾ (ਪਹਿਲੀ ਨਵੰਬਰ 1966 ਤਕ ਪੰਜਾਬ ਦਾ ਹਿੱਸਾ) ਭਾਵੇਂ ਪੰਜਾਬ ਤੋਂ ਇਕ ਪਾਸੇ ਜਿਹਾ ਹੈ ਅਤੇ ਪਹਿਲਾਂ ਪਹਿਲਾਂ ਉਥੇ ਆਉਣਾ ਜਾਣਾ ਬੜਾ ਔਖਾ ਹੁੰਦਾ ਸੀ (ਪਾਲਮਪੁਰ ਤੋਂ ਪੈਦਲ ਜਾਣਾ ਪੈਂਦਾ ਸੀ) ਤਾਂ ਵੀ ਇਸ ਪਹਾੜੀ ਇਲਾਕੇ ਵਿਚ ਆਉਣ ਤੋਂ ਪਿਛੋਂ ਉਨ੍ਹਾਂ ਪਾਸ ਅਨੇਕ ਨੌਜਵਾਨ ਪੇਂਟਿੰਗ ਸਿੱਖਣ ਲਈ ਆਏ। ਲਾਹੌਲ ਸਪਿਤੀ ਦੇ ਬਰਫ ਵਰਗੇ ਠੰਢੇ ਇਲਾਕੇ 'ਚੋਂ ਸੁਖਦਾਸ ਜੋ ਪੇਸ਼ੇ ਵਜੋਂ ਅਧਿਆਪਕ ਸਨ, ਚਿੱਤਰਕਾਰੀ ਸਿੱਖਣ ਲਈ ਆਏ। ਇਸੇ ਤਰ੍ਹਾਂ ਸ਼ਾਨਨ ਪਾਵਰ ਹਾਊਸ, ਜੋਗਿੰਦਰ ਨਗਰ ਵਿਖੇ ਡਰਾਫਟਸਮੈਨ ਵਜੋਂ ਕੰਮ ਕਰਦੇ ਕੰਵਰ ਅਜੀਤ ਸਿੰਘ ਵੀ ਅੰਦਰੇਟੇ ਆ ਕੇ ਚਿੱਤਰਕਾਰੀ ਸਿਖਦੇ ਰਹੇ।

ਅੰਦਰੇਟਾ ਵਿਖੇ ਉਸਤਾਦ ਚਿੱਤਰਕਾਰ ਤੋਂ ਲੰਮਾ ਸਮਾਂ ਪੇਂਟਿੰਗ ਸਿਖਣ ਵਾਲਿਆਂ ਵਿਚ ਗੁਰਦਾਸਪੁਰ ਤੋਂ ਚਰਨਜੀਤ ਸਿੰਘ ਅਤੇ ਅਲੀਗੜ੍ਹ ਤੋਂ ਦਿਲਜੀਤ ਸਿੰਘ ਦੇ ਨਾਂ ਵਰਣਨਯੋਗ ਹਨ ਜੋ ਪੰਜਾਬੀ ਨਾਟਕ ਦੀ ਨਕੜਦਾਦੀ ਨੋਰਾ ਰਿਚਰਡਜ਼ ਦੇ ਗੁਆਂਢ ਵਿਚ ਬਟਾਲਾ ਨਿਵਾਸੀ ਬਸੰਤ ਸਿੰਘ ਇੰਜੀਨੀਅਰ ਦੀ ਕੋਠੀ ਵਿਚ ਰਹਿੰਦੇ ਸਨ। ਚਰਨਜੀਤ ਸਿੰਘ, ਸੋਭਾ ਸਿੰਘ ਦੀ ਪਤਨੀ ਬੀਬੀ ਇੰਦਰ ਕੌਰ ਦੇ ਪੇਕਿਆਂ ਦੇ ਘਰਾਂ ਵਿਚੋਂ ਸਨ ਅਤੇ ਉਨ੍ਹਾਂ ਨੂੰ ਭੂਆ ਜੀ ਕਹਿ ਕੇ ਬੁਲਾਉਂਦੇ ਸਨ। ਚਰਨਜੀਤ ਦੀ ਡਰਾਇੰਗ ਅਤੇ ਪੇਂਟਿੰਗ ਵੀ ਬਹੁਤ ਸੋਹਣੀ ਸੀ। ਉਹ ਫਿਲਮੀ ਦੁਨੀਆਂ ਵਿਚ ਆਰਟ ਡਾਇਰੈਕਟਰ ਵਜੋਂ ਸਥਾਪਤ ਹੋਣਾ ਚਾਹੁੰਦੇ ਸਨ, ਇਸ ਲਈ ਚਿੱਤਰਕਾਰੀ ਸਿਖਣ ਪਿਛੋਂ ਮੁੰਬਈ ਚਲੇ ਗਏ ਅਤੇ ਉਥੇ ਹੀ ਗੁਆਚ ਗਏ। ਦਿਲਜੀਤ ਸਿੰਘ ਅਲੀਗੜ੍ਹ ਦੇ ਰਹਿਣ ਵਾਲੇ ਸਨ। ਉਹ ਚਿੱਤਰਕਾਰੀ ਸਿੱਖ ਕੇ ਦਿੱਲੀ ਵਿਚ ਕਿਸੇ ਕੈਲੰਡਰ ਕੰਪਨੀ ਵਿਚ ਬਤੌਰ ਚਿੱਤਰਕਾਰ ਕੰਮ ਕਰਨ ਲੱਗੇ। ਨਵੰਬਰ 1984 ਦੇ ਸਿੱਖ-ਵਿਰੋਧੀ ਦੰਗਿਆਂ ਦੌਰਾਨ ਸਭ ਕੁਝ ਲੁਟਾ ਕੇ ਪਰਿਵਾਰ ਸਮੇਤ ਲੁਧਿਆਣਾ ਆ ਗਏ।

ਇਸ ਲੇਖ ਦਾ ਲੇਖਕ ਵੀ ਸੋਭਾ ਸਿੰਘ ਦਾ ਸ਼ਾਗਿਰਦ ਰਿਹਾ ਹੈ; ਸਭ ਤੋਂ ਨਾਲਾਇਕ ਸ਼ਾਗਿਰਦ ਜੋ ਚਿੱਤਰਕਾਰ ਦੇ ਸਭ ਤੋਂ ਵੱਧ ਨੇੜੇ ਆਇਆ ਤੇ ਫਿਰ ਦੂਰ ਹੋ ਗਿਆ। ਚੜ੍ਹਦੀ ਜਵਾਨੀ ਦੇ ਦਿਨੀਂ ਜਦੋਂ ਚਿੱਤਰਕਾਰੀ ਦਾ ਸ਼ੌਕ ਸੀ, ਜੁਲਾਈ-ਅਗਸਤ 1960 ਦੌਰਾਨ ਦੋ ਮਹੀਨੇ ਉਹ ਚਰਨਜੀਤ ਸਿੰਘ ਤੇ ਦਿਲਜੀਤ ਸਿੰਘ ਨਾਲ ਰਹਿ ਕੇ ਪੇਂਟਿੰਗ ਸਿੱਖਣ ਲਈ ਗਿਆ ਤਾਂ ਉਥੇ ਜੋਗਾ ਹੀ ਰਹਿ ਗਿਆ। ਜ਼ਿਲ੍ਹਾ ਕਾਂਗੜਾ ਉਸ ਸਮੇਂ ਪੰਜਾਬ ਦਾ ਹਿੱਸਾ ਸੀ। ਅਧਿਆਪਕ ਵਜੋਂ ਆਪਣੀ ਬਦਲੀ ਅੰਦਰੇਟਾ ਲਾਗੇ ਗੌਰਮਿੰਟ ਹਾਈ ਸਕੂਲ, ਪਪਰੋਲਾ ਦੀ ਕਰਵਾ ਲਈ। ਰਿਹਾਇਸ਼ ਅੰਦਰੇਟੇ ਹੀ ਪੰਡਤ ਮੰਗਤ ਰਾਮ ਵਾਲੀ ਕੋਠੀ ਵਿਚ ਰੱਖ ਲਈ। ਛੇ ਕਿਲੋਮੀਟਰ ਪਹਾੜੀ ਰਸਤਾ ਤੈਅ ਕਰਕੇ ਅਤੇ ਤਿੰਨ ਵੱਡੀਆਂ ਖੱਡਾਂ ਪਾਰ ਕਰਕੇ ਸਕੂਲ ਆਉਣ-ਜਾਣ ਤੇ ਬੀਵੀ ਬੱਚਿਆਂ ਦੀ ਦੇਖਭਾਲ ਵਿਚ ਚਿੱਤਰਕਾਰੀ ਦਾ ਸ਼ੌਕ ਪਿਛੇ ਪੈ ਗਿਆ ਪਰ ਚਿੱਤਰਕਾਰ ਦੇ ਇਤਨਾ ਨਜ਼ਦੀਕ ਆ ਗਿਆ ਕਿ ਉਨ੍ਹਾਂ ਨੇ ਉਸ (ਲੇਖਕ) ਦੀ ਪਤਨੀ ਗੁਰਚਰਨ ਕੌਰ ਨੂੰ ਆਪਣੀ ਬੇਟੀ ਵਜੋਂ ਅਪਨਾ ਲਿਆ।

ਇਸ ਲੇਖਕ ਨੂੰ ਪਹਿਲਾਂ ਕਵਿਤਾਵਾਂ, ਕਹਾਣੀਆਂ ਤੇ ਲੇਖ ਲਿਖਣ ਦਾ ਵੀ ਸ਼ੌਕ ਸੀ। ਚਿੱਤਰਕਾਰ ਨੇ ਸਲਾਹ ਦਿੱਤੀ ਕਿ ਦੋ ਬੇੜੀਆਂ ਵਿਚਕਾਰ ਪੈਰ ਨਾ ਰੱਖ, ਸਾਰਾ ਧਿਆਨ ਚਿੱਤਰਕਾਰੀ ਵੱਲ ਦੇ ਜਾਂ ਲਿਖਣ ਵੱਲ, ਨਹੀਂ ਤਾਂ ਡੁਬ ਜਾਵੇਂਗਾ। ਇਸ ਲੇਖਕ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰਕਾਰੀ ਦਾ ਕੋਰਸ ਕਰਕੇ ਪੱਤਰਕਾਰੀ ਨੂੰ ਪੇਸ਼ੇ ਵਜੋਂ ਅਪਨਾ ਲਿਆ। ਸਾਡੇ ਆਪਸੀ ਹਉਮੈ ਅਤੇ ਸ਼ਖਸੀਅਤਾਂ ਦੇ ਟਕਰਾਓ ਕਾਰਨ ਮਤਭੇਦ ਪੈਦਾ ਹੋ ਗਏ ਜੋ ਸਮੇਂ ਨਾਲ ਇਤਨੇ ਵਧੇ ਕਿ ਦੋਹਾਂ ਦੇ ਰਾਹ ਵੱਖਰੇ ਵੱਖਰੇ ਹੋ ਗਏ।

ਆਪਣੀ ਬੇਟੀ ਵਜੋਂ ਅਪਨਾਉਣ ਪਿਛੋਂ ਦਾਰ ਜੀ (ਸੋਭਾ ਸਿੰਘ) ਨੇ ਗੁਰਚਰਨ ਕੌਰ ਨੂੰ ਵੀ ਪੇਂਟਿੰਗ ਸਿਖਾਈ। ਦਰਅਸਲ ਇਸ ਦਾ ਪਿਛੋਕੜ ਬੜਾ ਦੁਖਦਾਈ ਅਤੇ ਹਿਰਦੇਵੇਦਕ ਹੈ। ਹਿਰਦੇਪਾਲ ਤੋਂ ਸਵਾ ਦੋ ਸਾਲ ਛੋਟਾ ਸਾਡਾ ਇਕ ਹੋਰ ਬੱਚਾ ਇੰਦਰਪਾਲ ਸਿੰਘ ਬਿਟੂ ਵੀ ਸੀ ਜੋ ਅਚਾਨਕ ਸਦੀਵੀ ਵਿਛੋੜਾ ਦੇ ਗਿਆ। ਉਸ ਸਮੇਂ ਉਹ ਤਿੰਨ ਕੁ ਸਾਲ ਦਾ ਸੀ ਕਿ 15 ਮਈ 1968 ਦੀ ਦੁਪਹਿਰ ਖੇਡਦਿਆਂ ਖੇਡਦਿਆਂ ਅਚਾਨਕ ਹੀ ਕੋਠੀ ਵਿਚ ਬਣੇ ਤਿੰਨ ਸਾਢੇ ਤਿੰਨ ਫੁੱਟ ਡੂੰਘੇ ਤਾਲਾਬ ਵਿਚ ਡਿਗ ਗਿਆ। ਲਭਦਿਆਂ ਲਭਦਿਆਂ 5-7 ਮਿੰਟ ਲੱਗੇ ਹੋਣਗੇ, ਬਾਹਰ ਕੱਢਿਆ ਤਾਂ ਸਦਾ ਲਈ ਅੱਖਾਂ ਮੀਟ ਚੁਕਾ ਸੀ। ਡਾਕਟਰ ਵੀ ਝਟਪਟ ਹੀ ਆ ਗਿਆ, ਪਰ ਕੋਈ ਵਾਹ ਨਾ ਚਲੀ। ਹੱਸਦੇ ਖੇਡਦੇ ਪਰਿਵਾਰ ਉਤੇ ਅਸਮਾਨੋਂ ਬਿਜਲੀ ਡਿਗ ਪਈ। ਘਰ ਵਿਚ ਮਾਤਮ ਛਾ ਗਿਆ। ਮਾਂ ਹੋਣ ਦੇ ਨਾਤੇ ਗੁਰਚਰਨ ਨੂੰ ਵਧੇਰੇ ਦੁਖ ਹੋਇਆ ਅਤੇ ਉਹ ਬਿੱਟੂ ਦੀਆਂ ਗੱਲਾਂ ਕਰ ਕਰ ਕੇ ਹਰ ਵੇਲੇ ਰੋਂਦੀ ਰਹਿੰਦੀ। ਉਸ ਸਮੇਂ ਹੌਸਲਾ ਦੇਣ ਦੇ ਨਾਲ ਨਾਲ ਦਾਰ ਜੀ ਨੇ ਗੁਰਚਰਨ ਕੌਰ ਨੂੰ ਧਿਆਨ ਮੋੜਨ ਲਈ ਤਸਵੀਰਾਂ ਬਣਾਉਣ ਦੀ ਸਲਾਹ ਦਿੱਤੀ ਅਤੇ ਕਿਹਾ, "ਕਲਾਕਾਰ ਵਲੋਂ ਬਣਾਈਆਂ ਤਸਵੀਰਾਂ ਉਸ ਦੇ ਬੱਚੇ ਹੁੰਦੇ ਹਨ।" ਉਨ੍ਹਾਂ ਨੇ ਖੁਦ ਪਹਿਲਾਂ ਪਹਿਲਾਂ ਫੁੱਲਾਂ ਅਤੇ ਫਲਾਂ ਦੀਆਂ ਤਸਵੀਰਾਂ ਡਰਾਇੰਗ ਕਰਕੇ ਰੰਗ ਭਰਨ ਦਾ ਅਭਿਆਸ ਕਰਵਾਇਆ। ਗੁਰਚਰਨ ਨੇ ਵਧੇਰੇ ਕਰਕੇ ਛੋਟੇ ਛੋਟੇ ਲੈਂਡਸਕੇਪ ਜਾਂ ਫੁੱਲਾਂ ਅਤੇ ਫਲਾਂ ਦੀਆਂ ਤਸਵੀਰਾਂ ਬਣਾਈਆਂ। ਉਸ ਦੀਆਂ ਅਨੇਕਾਂ ਤਸਵੀਰਾਂ ਵਿਕੀਆਂ ਵੀ।

ਸ਼ਿਮਲਾ ਨਿਵਾਸੀ ਅਤੇ ਹਿਮਾਚਲ ਲੋਕ ਨਿਰਮਾਣ ਵਿਭਾਗ ਵਿਚ ਐਗਜ਼ੈਕਟਿਵ ਇੰਜੀਨੀਅਰ ਵਜੋਂ ਰਿਟਾਇਰ ਹੋਏ ਤੇਜਿੰਦਰ ਸਿੰਘ ਦੀ ਪਤਨੀ ਵੀ ਸੋਭਾ ਸਿੰਘ ਤੋਂ ਚਿੱਤਰਕਾਰੀ ਸਿਖਦੇ ਰਹੇ। ਤੇਜਿੰਦਰ ਸਿੰਘ ਕਈ ਸਾਲ ਪਾਲਮਪੁਰ ਵਿਖੇ ਐਸ. ਡੀ. ਓ. ਲਗੇ ਰਹੇ। ਉਦੋਂ ਸ੍ਰੀਮਤੀ ਤੇਜਿੰਦਰ ਜੀ ਅੰਦਰੇਟੇ ਕਾਫੀ ਆਉਂਦੇ ਜਾਂਦੇ ਰਹੇ।

ਪ੍ਰਸਿਧ ਫੋਟੋਗ੍ਰਾਫਰ ਹਰਭਜਨ ਸਿੰਘ ਬਾਜਵਾ ਵੀ ਸੋਭਾ ਸਿੰਘ ਤੋਂ ਚਿੱਤਰਕਾਰੀ ਸਿਖਣ ਲਈ ਅੰਦਰੇਟੇ ਗਏ ਸਨ, ਪਰ ਹੌਲੀ ਹੌਲੀ ਇਹ ਸ਼ੌਕ ਮੱਠਾ ਪੈ ਗਿਆ ਅਤੇ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਕਲਾਤਮਕ ਫੋਟੋਗ੍ਰਾਫੀ ਵੱਲ ਦਿੱਤਾ ਅਤੇ ਆਪਣੀ ਵੱਖਰੀ ਪਛਾਣ ਬਣਾਈ। ਉਹ ਭਾਵੇਂ ਚਿੱਤਰਕਾਰ ਨਾ ਬਣ ਸਕੇ, ਪਰ ਉਹ ਹਰ ਦੋ ਤਿੰਨ ਮਹੀਨੇ ਪਿਛੋਂ ਅੰਦਰੇਟੇ ਆਪਣੇ ਗੁਰੂਦੇਵ ਦੇ ਦਰਸ਼ਨ ਕਰਨ ਜਾਂਦੇ ਰਹੇ ਹਨ। ਇਸੇ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਗੁਰੂ ਹਰਿਸਹਾਏ ਦੇ ਵਾਸੀ ਸੁਰਜੀਤ ਸਿੰਘ ਪੰਜਾਬੀ ਚਿੱਤਰਕਾਰੀ ਸਿਖਣ ਲਈ ਕਈ ਮਹੀਨੇ ਅੰਦਰੇਟੇ ਰਹੇ। ਉਹ ਫੋਟੋਗ੍ਰਾਫੀ ਵੀ ਕਰਦੇ। ਕੁਝ ਸਮਾਂ ਪਾਲਮਪੁਰ ਵਿਚ ਫੋਟੋ ਸਟੂਡੀਓ ਵੀ ਚਲਾਇਆ। ਚਿੱਤਰਕਾਰ ਨੇ ਆਪਣੇ ਇਸ ਸ਼ਾਗਿਰਦ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਸ ਸਮੇਂ ਦੇ ਉਪ ਕੁਲਪਤੀ ਪ੍ਰੋ. ਕਿਰਪਾਲ ਸਿੰਘ ਨਾਰੰਗ ਨੂੰ ਕਹਿ ਕੇ ਫੋਟੋਗ੍ਰਾਫਰ ਨਿਯੁਕਤ ਕਰਵਾ ਦਿੱਤਾ ਸੀ।

ਏ. ਪੀ. ਜੀ. ਕਾਲਜ ਆਫ ਫਾਈਨ ਆਰਟਸ, ਜਲੰਧਰ ਵਿਖੇ ਲੈਕਚਰਾਰ ਵਜੋਂ ਸੇਵਾ ਕਰਦੇ ਡਾ. ਸੁਰਜੀਤ ਕੌਰ ਵੀ ਪੇਂਟਿੰਗ ਸਿਖਣ ਲਈ ਕਈ ਮਹੀਨੇ ਅੰਦਰੇਟੇ ਰਹਿ ਕੇ ਚਿੱਤਰਕਾਰ ਸੋਭਾ ਸਿੰਘ ਦੀ ਸ਼ਾਗਿਰਦੀ ਕਰਦੇ ਰਹੇ। ਪਿਛੋਂ ਉਨ੍ਹਾਂ ਨੇ ਸੋਭਾ ਸਿੰਘ ਦੀ ਕਲਾ ਦੇ ਵਿਸ਼ੇ ਉਤੇ ਡੂੰਘੀ ਖੋਜ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਦਿੱਲੀ ਦੇ ਰਹਿਣ ਵਾਲੇ ਅਮੋਲਕ ਸਿੰਘ, ਜੋ ਪਹਿਲਾਂ ਹੀ ਚਿੱਤਰਕਾਰੀ ਦਾ ਕੰਮ ਕਰ ਰਹੇ ਸਨ, ਵੀ ਅੰਦਰੇਟੇ ਆ ਕੇ ਦੋ ਕੁ ਮਹੀਨੇ ਰਹੇ ਅਤੇ ਡਰਾਇੰਗ ਪੇਂਟਿੰਗ ਦੀ ਸਿੱਖਿਆ ਪ੍ਰਾਪਤ ਕੀਤੀ। ਉਹ ਅਜਿਹੇ ਇਕੋ ਇਕ ਸ਼ਾਗਿਰਦ ਹਨ ਜਿਨ੍ਹਾਂ ਨੇ ਆਪਣੇ ਉਸਤਾਦ ਚਿੱਤਰਕਾਰ ਦੇ ਬਹੁਤੇ ਚਿੱਤਰਾਂ ਦੀ ਨਕਲ ਕਰਕੇ ਵੇਚੇ। ਅਜਿਹੇ ਨਕਲ ਕੀਤੇ ਕਈ ਚਿਤਰ ਪੰਜਾਬ ਐਂਡ ਸਿੰਧ ਬੈਂਕ ਦੀ ਆਰਟ ਗੈਲਰੀ ਲਈ ਖਰੀਦੇ ਗਏ। ਪ੍ਰਸਿਧ ਕਲਾ ਆਲੋਚਕ ਹਿਰਦੇਜੀਤ ਸਿੰਘ ਭੋਗਲ ਨਾਲ ਮੁਲਾਕਾਤ ਵਿਚ ਖੁਦ ਚਿੱਤਰਕਾਰ ਸੋਭਾ ਸਿੰਘ ਨੇ ਗਿਲਾ ਕੀਤਾ, 'ਅਮੋਲਕ ਸਿੰਘ ਮੇਰੇ ਕੋਲ ਸਿਰਫ ਦੋ ਮਹੀਨੇ ਰਿਹਾ ਪਰ ਮੇਰੇ ਹਰ ਚਿੱਤਰ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਉਸ ਨੂੰ ਮੈਂ ਕੋਲੋਂ ਚੰਗੀ ਤਨਖਾਹ ਤੇ ਬਾਕੀ ਸਹੂਲਤਾਂ ਦੀ ਪੇਸ਼ਕਸ਼ ਕੀਤੀ ਪਰ ਟਿਕਿਆ ਨਹੀਂ।'

ਬਾਕੀ ਦੇ ਸ਼ਾਗਿਰਦਾਂ ਵਿਚ ਮਦਨ ਮੋਹਨ ਅਤੇ ਰਾਜਨ ਦੇ ਨਾਂ ਲਿਖੇ ਜਾ ਸਕਦੇ ਹਨ ਜਿਨ੍ਹਾਂ ਦਾ ਜ਼ਿਕਰ ਸੋਭਾ ਸਿੰਘ ਅਕਸਰ ਕਰਦੇ ਸਨ। ਭੁਚੋ ਮੰਡੀ ਦੇ ਫੌਜ ਵਿਚ ਸੇਵਾ ਕਰਦੇ ਗੁਰਸੇਵਕ ਸਿੰਘ ਨੇ ਵੀ ਅੰਦਰੇਟੇ ਰਹਿ ਕੇ ਚਿੱਤਰਕਾਰੀ ਦੀ ਸਿਖਿਆ ਹਾਸਲ ਕੀਤੀ।

ਬੀਬੀ ਫੂਲਾਂ ਰਾਣੀ ਨੇ ਭਾਵੇਂ ਪਹਿਲਾਂ ਚਿੱਤਰਕਾਰ ਐਸ. ਜੀ. ਠਾਕੁਰ ਸਿੰਘ ਵਲੋਂ ਸਥਾਪਤ ਠਾਕੁਰ ਸਿੰਘ ਸਕੂਲ ਆਫ ਆਰਟਸ ਅੰਮ੍ਰਿਤਸਰ ਤੋਂ ਸਿੱਖਿਆ ਹਾਸਲ ਕੀਤੀ ਪਰ ਉਨ੍ਹਾਂ ਨੇ ਅੰਦਰੇਟੇ ਰਹਿ ਕੇ ਚਿੱਤਰਕਾਰ ਸੋਭਾ ਸਿੰਘ ਤੋਂ ਵੀ ਪੋਰਟਰੇਟ ਚਿਤਰਨ ਬਾਰੇ ਗਿਆਨ ਹਾਸਲ ਕੀਤਾ। ਕਈ ਹੋਰ ਨੌਜਵਾਨ ਵੀ ਚਿੱਤਰਕਾਰ ਸੋਭਾ ਸਿੰਘ ਤੋਂ ਇਹ ਕਲਾ ਸਿਖਣ ਆਏ, ਪਰ ਬਹੁਤਾ ਸਮਾਂ ਟਿਕ ਨਾ ਸਕੇ।

# ਰਾਂਝਿਆਂ ਦਾ ਪਿਛੋਕੜ

**ਨੂਰ ਮੁਹੰਮਦ ਨੂਰ**
**ਫੋਨ: 91-98555-51359**

ਇਸਲਾਮ ਦੇ ਚੌਥੇ ਖਲੀਫ਼ਾ (ਹਜ਼ਰਤ ਮੁਹੰਮਦ ਦੇ ਉਤਰਾਧਿਕਾਰੀ) ਹਜ਼ਰਤ ਅਲੀ ਸਮੇਂ ਵਿਚਾਰਾਂ ਦੀ ਸਾਂਝ ਨਾ ਹੋਣ ਕਰਕੇ ਖਿਲਾਫ਼ਤ, ਭਾਵ ਸਮੇਂ ਦੀ ਸਰਕਾਰ ਤੋਂ ਆਕੀ ਹੋਏ ਇਸਲਾਮੀ ਫ਼ੌਜਾਂ ਦੇ ਜਰਨੈਲ ਹਜ਼ਰਤ ਅਮੀਰ ਮੁਆਵੀਆ ਨੇ ਬਗ਼ਾਵਤ ਕਰ ਦਿੱਤੀ। ਸਿੱਟੇ ਵਜੋਂ ਇਸਲਾਮੀ ਫ਼ੌਜਾਂ ਅਤੇ ਬਾਗ਼ੀ ਇਸਲਾਮੀ ਫ਼ੌਜਾਂ ਦਰਮਿਆਨ ਸਫ਼ੀਨ ਦੇ ਸਥਾਨ 'ਤੇ ਜੰਗ ਹੋਈ ਜਿਸ ਵਿਚ ਬਾਗ਼ੀ ਫ਼ੌਜਾਂ ਦੇ ਜਰਨੈਲ ਹਜ਼ਰਤ ਅਮੀਰ ਮੁਆਵੀਆ ਨੂੰ ਜਿੱਤ ਪ੍ਰਾਪਤ ਹੋਈ ਅਤੇ ਉਸ ਨੇ ਸ਼ਾਮ (ਸੀਰੀਆ) ਅਤੇ ਇਰਾਕ ਦੇ ਕੁਝ ਇਲਾਕਿਆਂ 'ਤੇ ਸੁਤੰਤਰ ਰਾਜ ਸਥਾਪਤ ਕਰ ਲਿਆ।

ਇਸ ਲੜਾਈ ਵਿਚ ਮਦੀਨੇ ਵਸਦਾ ਔਸ ਕਬੀਲਾ, ਜਿਸ ਨੇ ਹਜ਼ਰਤ ਮੁਹੰਮਦ ਨੂੰ ਮੱਕਾ ਛੱਡ ਕੇ ਮਦੀਨੇ ਆਉਣ ਲਈ ਸੱਦਾ ਦਿੱਤਾ ਸੀ, ਨੇ ਵੀ ਹਜ਼ਰਤ ਅਲੀ ਦਾ ਸਾਥ ਦਿੱਤਾ। ਹਜ਼ਰਤ ਅਲੀ ਦੀ ਵਫ਼ਾਤ ਤੋਂ ਬਾਅਦ ਜਿਹੜੇ ਕਬੀਲਿਆਂ ਨੇ ਅਮੀਰ ਮੁਆਵੀਆ ਵਿਰੁਧ ਜੰਗ ਵਿਚ ਹਜ਼ਰਤ ਅਲੀ ਦਾ ਸਾਥ ਦਿੱਤਾ ਸੀ, ਉਨ੍ਹਾਂ ਦੇ ਸਰਦਾਰਾਂ ਦੀ ਫੜੋ-ਫੜੀ ਸ਼ੁਰੂ ਹੋ ਗਈ।

ਅਮੀਰ ਮੁਆਵੀਆ ਦੇ ਕਹਿਰ ਤੋਂ ਬਚਣ ਲਈ ਬਨੂ ਔਸ ਕਬੀਲੇ ਦਾ ਸਰਦਾਰ ਅਬੂਜ਼ਰ ਬਿਨ ਅਬੂ ਰਾਫ਼ਾਅ ਆਪਣੇ ਕਬੀਲੇ ਸਮੇਤ ਹਿਜਰਤ ਕਰਕੇ ਬਲੋਚਿਸਤਾਨ ਦੇ ਇਲਾਕੇ ਲਿਸਬੇਲਾ 'ਚ ਆ ਵਸਿਆ ਅਤੇ ਕਾਬਲੀਅਤ ਸਦਕਾ ਆਪਣੀ ਆਜ਼ਾਦ ਰਿਆਸਤ ਕਾਇਮ ਕਰ ਲਈ। ਇਸ ਇਲਾਕੇ 'ਤੇ ਕਈ ਸਦੀਆਂ ਖਾਨਦਾਨੀ ਹਕੂਮਤ ਕਰਨ ਤੋਂ ਬਾਅਦ ਗੁੰਗਾ ਕਬੀਲੇ ਤੋਂ ਲੜਾਈ ਵਿਚ ਹਾਰ ਖਾ ਕੇ ਇਸ ਕਬੀਲੇ ਦਾ ਸਰਦਾਰ ਹਿਜਰੂ ਖਾਂ ਪੁੱਤਰ ਰੌਂਝਾ ਖਾਂ ਪੱਛਮੀ ਪੰਜਾਬ ਦੇ ਸਰਗੋਧਾ ਇਲਾਕੇ ਦੀ ਤਹਿਸੀਲ ਭਲਵਾਲ ਵਿਚ ਆ ਆਬਾਦ ਹੋਇਆ।

**ਤਖਤ ਹਜ਼ਾਰਾ:** ਇਤਿਹਾਸਕਾਰਾਂ ਅਨੁਸਾਰ ਰੌਂਝਾ ਖਾਂ ਦਾ ਪੁੱਤਰ ਹਿਜਰੂ ਖਾਂ ਗ਼ੁਲਾਮ ਵੰਸ਼ ਦੇ ਪ੍ਰਸਿਧ ਬਾਦਸ਼ਾਹ ਬਲਬਨ ਦੀ ਫ਼ੌਜ ਵਿਚ ਕਮਾਨਦਾਰ ਨਿਯੁਕਤ ਹੋ ਗਿਆ। ਸੁਲਤਾਨ ਬਲਬਨ ਨੇ ਉਸ ਦੀ ਯੋਗਤਾ ਅਤੇ ਉਸ ਦੇ ਵੰਸ਼ ਦੇ ਪਿਛੋਕੜ ਦੀ ਮਹੱਤਤਾ ਦੇ ਮੱਦੇਨਜ਼ਰ ਤਹਿਸੀਲ ਭਲਵਾਲ ਵਿਚ ਝਨਾਂ ਦਰਿਆ ਕੰਢੇ 30 ਮੀਲ ਲੰਬੀ ਅਤੇ 20 ਮੀਲ ਚੌੜੀ ਜਾਗੀਰ ਉਸ ਦੇ ਨਾਂ ਕਰ ਦਿੱਤੀ। ਇਥੇ ਹੀ ਹਿਜਰੂ ਖਾਂ ਨੇ ਆਪਣੇ ਨਾਂ 'ਤੇ ਸ਼ਹਿਰ ਵਸਾਇਆ ਜਿਸਦਾ ਨਾਂ ਤਖਤ ਹਜ਼ਾਰਾ ਰੱਖਿਆ। ਇਥੇ ਵਸਦਿਆਂ ਇਸ ਵੰਸ਼ ਦੇ ਲੋਕ ਆਪਣੇ ਵਡੇਰੇ ਰੌਂਝਾ ਖਾਂ ਦੇ ਨਾਂ 'ਤੇ ਰੌਂਝੇ ਅਖਵਾਉਣ ਲੱਗੇ ਅਤੇ ਹੌਲੀ ਹੌਲੀ ਇਹ ਸ਼ਬਦ ਰੌਂਝੇ ਦੀ ਥਾਂ ਰਾਂਝਾ ਬਣ ਗਿਆ। ਉਸ ਸਮੇਂ ਚਨਾਬ ਦਰਿਆ ਤਖਤ ਹਜ਼ਾਰੇ ਦੇ ਪੂਰਬ ਵਾਲੇ ਪਾਸੇ ਵਗਦਾ ਹੁੰਦਾ ਸੀ। ਮੁਗ਼ਲ ਖਾਨਦਾਨ ਦੀ ਬਾਦਸ਼ਾਹੀ ਸਮੇਂ ਰਾਂਝਾ ਖਾਨਦਾਨ ਦੇ ਲੋਕਾਂ ਦੀ ਸ਼ਾਹੀ ਦਰਬਾਰ ਵਿਚ ਚੜ੍ਹਤ ਸੀ।

'ਸੱਯਦ ਵਾਰਿਸ ਸ਼ਾਹ' ਨਾਂ ਦੀ ਕਿਤਾਬ ਨੂੰ ਸੰਪਾਦਤ ਕਰਦਿਆਂ ਹਮੀਦੁੱਲਾ ਸ਼ਾਹ ਹਾਸ਼ਮੀ ਤਖਤ ਹਜ਼ਾਰੇ ਦੀ ਸਥਿਤੀ ਬਾਰੇ ਲਿਖਦਾ ਹੈ: 'ਤਖਤ ਹਜ਼ਾਰਾ ਜ਼ਿਲ੍ਹਾ ਸਰਗੋਧਾ ਦੀ ਤਹਿਸੀਲ ਭਲਵਾਲ ਵਿਚ ਭਲਵਾਲ ਤੋਂ 26 ਮੀਲ ਦੇ ਫ਼ਾਸਲੇ 'ਤੇ ਸਥਿਤ ਏ ਅਤੇ ਇਸ ਦੇ ਆਲੇ-ਦੁਆਲੇ ਮਿਆਨਾ ਹਜ਼ਾਰਾ, ਮਿੱਢ ਰਾਂਝਾ, ਬੋਚਰ ਕਲਾਂ ਆਦਿ ਮੁਸਲਮਾਨ ਜੱਟਾਂ ਦੇ ਪਿੰਡ ਆਬਾਦ ਹਨ। ਪੰਜਾਬੀ ਸ਼ਾਇਰ ਇਸ ਪਿੰਡ ਨੂੰ ਧੀਦੋ ਰਾਂਝਾ ਦੀ ਜੰਮਣ ਭੂਮੀ ਆਖਦੇ ਹਨ।'

ਤਖਤ ਹਜ਼ਾਰਾ ਪੁਰਾਣੀ ਬਸਤੀ ਹੈ। ਇਸ ਦੇ ਖੰਡਰਾਂ ਵਿਚ ਮੀਲ ਮੀਲ ਦੇ ਫਾਸਲੇ 'ਤੇ ਚਾਰ ਦਰਵਾਜ਼ਿਆਂ ਦੇ ਵੱਡੇ ਵੱਡੇ ਖੰਡਰ, ਇਨ੍ਹਾਂ ਖੰਡਰਾਂ ਵਿਚਕਾਰ ਧਰਤੀ 'ਤੇ ਟੁੱਟੇ-ਫੁੱਟੇ ਫਰਸ਼, ਸ਼ਾਹੀ ਮਸੀਤ ਅਤੇ ਇਸ ਦੇ ਅੰਦਰ ਹਮਾਮ, ਤਲਾਅ ਅਤੇ ਪਾਣੀ ਦੀ ਸਪਲਾਈ ਦਾ ਸ਼ਾਹੀ ਪ੍ਰਬੰਧ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਇਹ ਕਸਬਾ ਭੂਤਕਾਲ ਵਿਚ ਸ਼ਾਹੀ ਸਰਪ੍ਰਸਤੀ ਵਿਚ ਰਿਹਾ ਹੋਵੇਗਾ। ਇਥੇ ਪੁਰਾਣੇ ਸਮੇਂ ਦੇ ਬਜ਼ੁਰਗਾਂ ਦੇ ਕਈ ਮਕਬਰੇ ਹਨ ਅਤੇ ਨਾਥ ਜੋਗੀਆਂ ਦਾ ਡੇਰਾ ਵੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਸ਼ਹਿਜ਼ਾਦਾ ਹੁੰਦਿਆਂ ਜਹਾਂਗੀਰ ਇਥੇ ਸ਼ਿਕਾਰ ਖੇਡਣ ਆਉਂਦਾ ਹੁੰਦਾ ਸੀ। ਉਸ ਨੇ ਹੀ ਇਹ ਕਸਬਾ ਆਬਾਦ ਕਰਕੇ ਮਸੀਤ ਬਣਵਾਈ ਸੀ। ਅੰਗਰੇਜ਼ਾਂ ਦੇ ਜ਼ਮਾਨੇ ਵਿਚ ਇਸ ਕਸਬੇ ਵਿਚ ਖੱਤਰੀ ਹਿੰਦੂ ਆਬਾਦ ਹੋ ਗਏ ਸਨ ਅਤੇ ਮੁਸਲਮਾਨ ਜ਼ਮੀਨਾਂ ਦੇ ਮਾਲਕ ਨਹੀਂ ਰਹੇ ਸਨ। ਆਜ਼ਾਦੀ ਤੋਂ ਬਾਅਦ ਇਥੇ ਪਰਾਚਾ ਕੌਮ ਦੇ ਲੋਕ ਆਬਾਦ ਹੋ ਗਏ ਹਨ ਜਿਹੜੇ ਵਪਾਰ ਦੇ ਪੇਸ਼ੇ ਨਾਲ ਸਬੰਧ ਰੱਖਦੇ ਹਨ। ਤਖਤ ਹਜ਼ਾਰਾ ਆਬਾਦ ਹੋਣ ਬਾਰੇ ਇਕ ਹੋਰ ਇਤਿਹਾਸਕ ਤੱਥ ਮੁਹੰਮਦ ਹਨੀਫ਼ ਮਹਿਰ ਕਾਚੇਲਵੀ ਲਿਖਦਾ ਹੈ: 'ਰਾਂਝਾ ਜਿਥੇ ਪੈਦਾ ਹੋਇਆ, ਉਹ ਹੁਣ ਵਾਲੇ ਤਖਤ ਹਜ਼ਾਰੇ ਦੇ ਨੇੜੇ 'ਹਜ਼ਾਰਾ ਟਿੱਬਾ' ਸੀ ਜਿਹੜਾ ਹੁਣ ਵਾਲੇ ਤਖਤ ਹਜ਼ਾਰੇ ਦੇ ਸਾਹਮਣੇ ਝਨਾਂ ਦੇ ਦੂਜੇ ਕੰਢੇ 'ਤੇ ਆਬਾਦ ਸੀ। 925 ਹਿਜਰੀ ਵਿਚ ਇਸ ਤਖਤ ਹਜ਼ਾਰੇ ਦੀ ਨੀਂਹ ਜ਼ਹੀਰੂਦੀਨ ਮੁਹੰਮਦ ਬਾਬਰ ਨੇ ਭੇਰਾ ਫਤਹਿ ਕਰਨ ਤੋਂ ਬਾਅਦ ਲਾਹੌਰ ਵੱਲ ਜਾਂਦਿਆਂ ਸੂਫ਼ੀ ਫ਼ਕੀਰ ਸ਼ਾਹ ਦੌਲਾ ਦੇ ਕਹਿਣ 'ਤੇ ਰੱਖੀ ਸੀ ਜਿਸ ਦਾ ਮਜ਼ਾਰ ਹੁਣ ਵੀ ਤਖਤ ਹਜ਼ਾਰਾ ਵਿਖੇ ਮੌਜੂਦ ਹੈ'।

ਮੁਗ਼ਲ ਰਾਜ ਦੇ ਦੂਜੇ ਬਾਦਸ਼ਾਹ ਨਸੀਰੂਦੀਨ ਮੁਹੰਮਦ ਹਮਾਯੂੰ ਦੇ ਸਮੇਂ ਜਦੋਂ ਸ਼ੇਰਸ਼ਾਹ ਸੂਰੀ ਨੇ ਉਸ ਤੋਂ ਹਕੂਮਤ ਖੋਹ ਕੇ ਹਮਾਯੂੰ ਨੂੰ ਇਰਾਨ ਨੱਸ ਜਾਣ ਲਈ ਮਜਬੂਰ ਕਰ ਦਿੱਤਾ ਤਾਂ ਰਾਂਝਿਆਂ 'ਤੇ ਵੀ ਮੁਸੀਬਤਾਂ ਦੇ ਪਹਾੜ ਟੁੱਟ ਪਏ।



*ਪਾਕਿਸਤਾਨੀ ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਦਾ ਬਣਾਇਆ ਹੀਰ-ਰਾਂਝੇ ਦਾ ਚਿੱਤਰ।*

ਦਰਅਸਲ, ਰਾਂਝਿਆਂ ਨੇ ਸ਼ੇਰਸ਼ਾਹ ਸੂਰੀ ਵਿਰੁਧ ਹਮਾਯੂੰ ਦੀ ਸਹਾਇਤਾ ਕੀਤੀ ਸੀ। ਇਸ ਲਈ ਬਦਲੇ ਦੀ ਭਾਵਨਾ ਕਾਰਨ ਸ਼ੇਰਸ਼ਾਹ ਸੂਰੀ ਨੇ ਰਾਂਝਿਆਂ ਦੇ ਕਤਲੇਆਮ ਦਾ ਹੁਕਮ ਦੇ ਦਿੱਤਾ ਅਤੇ ਤਖਤ ਹਜ਼ਾਰੇ ਨੂੰ ਢਾਹ ਕੇ ਥੇਹ ਬਣਾ ਦਿੱਤਾ। ਇਹ ਥੇਹ ਹੁਣ ਵੀ ਜ਼ਿਲ੍ਹਾ ਸਰਗੋਧਾ ਦੀ ਤਹਿਸੀਲ ਭਲਵਾਲ ਵਿਚ ਦੇਖਣ ਨੂੰ ਮਿਲਦੀ ਹੈ।

ਜਦੋਂ ਹਮਾਯੂੰ ਨੇ ਦੁਬਾਰਾ ਦਿੱਲੀ ਦੇ ਤਖਤ 'ਤੇ ਕਬਜ਼ਾ ਕਰ ਲਿਆ ਤਾਂ ਉਸ ਨੇ ਰਾਂਝਿਆਂ ਦੀ ਵਫ਼ਾਦਾਰੀ ਨੂੰ ਦੇਖਦਿਆਂ ਤਖਤ ਹਜ਼ਾਰਾ ਮੁੜ ਆਬਾਦ ਕਰਵਾਇਆ। ਰਾਂਝੇ ਪਿਛੋਕੜ ਵੱਲੋਂ ਮਦੀਨੇ ਦੇ ਔਸ ਕਬੀਲੇ ਨਾਲ ਸਬੰਧਿਤ ਸਨ, ਇਸ ਲਈ ਬਹਾਦਰੀ ਪੱਖੋਂ ਮਾਰਸ਼ਲ ਕੌਮ ਸੀ। ਇਸਲਾਮ ਦੇ ਹਿੰਦੁਸਤਾਨ ਜਿਹੇ ਦੂਰ-ਦਰਾਜ਼ ਇਲਾਕਿਆਂ ਤਕ ਪਹੁੰਚਣ ਵਿਚ ਇਨ੍ਹਾਂ ਦੀ ਮੁੱਖ ਭੂਮਿਕਾ ਸੀ।

**ਧੀਦੋ ਰਾਂਝਾ:** ਸੁਲਤਾਨ ਬਹਿਲੋਲ ਲੋਧੀ ਸਮੇਂ ਹਿਜਰੂ ਖਾਂ ਰੌਂਝਾ ਦੇ ਵੰਸ਼ ਵਿਚੋਂ ਮੌਜਦਾਰ ਖਾਂ ਉਰਫ਼ ਮੌਜੂ ਚੌਧਰੀ ਹੋਇਆ ਸੀ। ਇਸ ਦੇ ਪਿਤਾ ਦਾ ਨਾਂ ਮੁਅੱਜ਼ਮ ਖਾਂ ਸੀ। ਮੌਜਦਾਰ ਖਾਂ ਬਹਿਲੋਲ ਲੋਧੀ ਦੇ ਨੇੜਲੇ ਆਦਰਯੋਗ ਸ਼ਖਸਾਂ ਵਿਚ ਗਿਣਿਆ ਜਾਂਦਾ ਸੀ। ਚੰਗਾ ਆਲਮ ਫਾਜ਼ਲ ਸੀ। ਇਸ ਦੀਆਂ ਦੋ ਪਤਨੀਆਂ ਸਨ ਜਿਨ੍ਹਾਂ ਤੋਂ ਸੱਤ ਪੁੱਤਰ ਅਤੇ ਦੋ ਧੀਆਂ ਪੈਦਾ ਹੋਏ। ਜਦੋਂ ਉਸ ਦੀਆਂ ਇਨ੍ਹਾਂ ਦੋਵਾਂ ਪਤਨੀਆਂ ਦੀ ਮੌਤ ਹੋ ਗਈ ਤਾਂ ਉਸ ਨੇ ਬੁੱਢੇ ਵੇਲੇ ਡੇਰਾ ਹੈਬਤ ਖਾਂ ਦੇ ਸਰਦਾਰ ਹੌਤ ਖਾਂ ਦੀ ਪੁੱਤਰੀ ਨਿਸਬਤ ਬਾਨੋ (ਨਸੀਬੋ) ਨਾਲ ਤੀਸਰਾ ਵਿਆਹ ਕਰ ਲਿਆ। ਇਹ ਨਿਕਾਹ ਡੇਰਾ ਹੈਬਤ ਖਾਂ ਵਿਖੇ ਰਬੀ-ਉਲ-ਸਾਨੀ ਦੇ ਮਹੀਨੇ ਦੀ 10 ਤਾਰੀਖ ਸੰਨ 859 ਹਿਜਰੀ ਨੂੰ ਹੋਇਆ।

25 ਜਮਾਦੀ-ਉਲ-ਸਾਨੀ ਸੰਨ 860 ਹਿਜਰੀ ਨੂੰ ਮੌਜਦਾਰ ਖਾਂ ਦੇ ਘਰ ਧੀਦੋ ਖਾਂ ਰਾਂਝੇ ਦਾ ਜਨਮ ਹੋਇਆ ਜਿਹੜਾ ਬਾਅਦ ਵਿਚ ਵਿਗੜਦਾ ਵਿਗੜਦਾ ਪਹਿਲਾਂ ਧੀਦੋ ਰਾਂਝਾ ਅਤੇ ਬਾਅਦ ਵਿਚ ਇਕੱਲਾ ਰਾਂਝਾ ਹੀ ਸੱਦਿਆ ਜਾਣ ਲੱਗਿਆ। ਜਦੋਂ ਰਾਂਝਾ 10 ਸਾਲ ਦਾ ਹੋਇਆ ਤਾਂ 20 ਰਜਬ ਸੰਨ 870 ਹਿਜਰੀ ਨੂੰ ਉਸ ਦਾ ਨਿਕਾਹ ਕੋਟਲੀ ਵਾਕਰ ਵਿਖੇ ਇਜ਼ਤ ਬੀਬੀ ਨਾਲ ਕਰ ਦਿੱਤਾ ਗਿਆ ਜਿਹੜੀ ਬਾਅਦ ਵਿਚ ਹੀਰ ਦੇ ਨਾਂ ਨਾਲ ਮਸ਼ਹੂਰ ਹੋਈ। ਨਿਕਾਹ ਸਮੇਂ ਇਜ਼ਤ ਬੀਬੀ ਛੇ ਸਾਲ ਦੀ ਸੀ।

ਮੁਰਾਦ ਬਲੋਚ ਰਾਂਝੇ ਦੇ ਸਕੇ ਮਾਮੇ ਦਾ ਪੁੱਤਰ ਸੀ ਅਤੇ ਉਸ ਨਾਲ ਬਹੁਤ ਸਨੇਹ ਰੱਖਦਾ ਸੀ। ਜਿਸ ਸਮੇਂ ਰਾਂਝੇ ਦਾ ਨਿਕਾਹ ਹੋਇਆ, ਉਸ ਸਮੇਂ ਮੁਰਾਦ ਦੀ ਉਮਰ ਪੰਦਰਾਂ ਸਾਲ ਦੇ ਨੇੜੇ ਸੀ ਅਤੇ ਉਹ ਰਾਂਝੇ ਦੇ ਨਿਕਾਹ ਵਿਚ ਵੀ ਸ਼ਾਮਲ ਹੋਇਆ ਸੀ। ਇਹ ਨਿਕਾਹ ਕਾਜ਼ੀ ਸ਼ਮਸੂਦੀਨ ਨੇ ਪੜ੍ਹਾਇਆ ਸੀ। ਜਦੋਂ ਹੀਰ ਅਤੇ ਰਾਂਝਾ ਜਵਾਨ ਹੋਏ ਤਾਂ ਬਦਕਿਸਮਤੀ ਨਾਲ ਹੀਰ ਨੂੰ ਸਹੁਰੇ ਤੋਰਨ ਤੋਂ ਪਹਿਲਾਂ ਉਸ ਦਾ ਪਿਤਾ ਚੂਚਕ ਖਾਂ 5 ਰਮਜ਼ਾਨ ਸੰਨ 881 ਹਿਜਰੀ ਨੂੰ ਫ਼ੌਤ ਹੋ ਗਿਆ।

ਚੂਚਕ ਦੀ ਮੌਤ ਤੋਂ ਬਾਅਦ ਹੀਰ ਦੇ ਮਾਮੇ ਕਾਦਰ ਖਾਂ ਜਿਸ ਨੂੰ ਇਤਿਹਾਸ ਵਿਚ ਕੈਦੋਂ ਲੰਗੜਾ ਦੇ ਨਾਂ ਨਾਲ ਸੱਦਿਆ ਜਾਂਦਾ ਹੈ, ਦੇ ਮਨ ਵਿਚ ਖੋਟ ਆ ਗਈ। ਉਸ ਨੇ ਆਪਣੀ ਭੈਣ ਮਲਾਇਕਾ ਖਾਤੂਨ (ਹੀਰ ਦੀ ਮਾਂ) ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਰਾਂਝੇ ਨਾਲੋਂ ਹੀਰ ਦਾ ਨਿਕਾਹ ਤੋੜ ਕੇ ਆਪਣੇ ਭਤੀਜੇ ਸੈਦੇ ਖੇੜੇ ਨਾਲ ਕਰ ਦਿੱਤਾ ਜਾਵੇ ਤਾਂ ਜੋ ਹੀਰ ਦੇ ਹਿੱਸੇ ਦੀ ਵੱਡੀ ਜਾਗੀਰ ਰਾਂਝਿਆਂ ਦੀ ਥਾਂ ਖੇੜਿਆਂ ਨੂੰ ਮਿਲ ਜਾਵੇ। ਇਸ ਕੰਮ ਲਈ ਕਾਦਰ ਖਾਂ ਨੇ ਚਨਿਊਟ ਦੇ ਕਾਜ਼ੀ ਨੂਰ ਉਦ ਦੀਨ ਨੂੰ ਗੰਢ ਕੇ ਉਸ ਤੋਂ ਫਤਵਾ ਲੈ ਲਿਆ ਕਿ ਬਾਲ ਉਮਰ ਵਿਚ ਹੀਰ ਦਾ ਨਿਕਾਹ ਹੋਇਆ ਹੀ ਨਹੀਂ ਅਤੇ ਫ਼ਤਵੇ ਦੀ ਕਾਪੀ ਰਾਂਝੇ ਦੇ ਪਿਤਾ ਮੌਜਦਾਰ ਖਾਂ ਕੋਲ ਭੇਜ ਕੇ ਹੀਰ ਦਾ ਨਿਕਾਹ ਤੋੜਨ ਦਾ ਐਲਾਨ ਕਰ ਦਿੱਤਾ।

ਪੁੱਤਰ ਦੇ ਰਿਸ਼ਤੇ ਨੂੰ ਜਵਾਬ ਹੋਇਆ ਸੁਣ ਕੇ ਚੌਧਰੀ ਮੌਜਦਾਰ ਖਾਂ ਆਪਣੀ ਬੇਇਜ਼ਤੀ ਬਰਦਾਸ਼ਤ ਨਾ ਕਰ ਸਕਿਆ ਅਤੇ ਬਿਮਾਰ ਰਹਿਣ ਲੱਗਿਆ। ਸਦਮੇ ਦੀ ਇਸ ਬਿਮਾਰੀ ਨਾਲ ਉਸ ਦੀ ਮੌਤ ਹੋ ਗਈ। ਪਤੀ ਦੀ ਮੌਤ ਤੋਂ ਬਾਅਦ ਰਾਂਝੇ ਦੀ ਮਾਂ ਨਿਸਬਤ ਬਾਨੋ ਵੀ ਸਫ਼ਰ ਦੇ ਮਹੀਨੇ ਦੀ 25 ਤਾਰੀਖ ਸੰਨ 882 ਹਿਜਰੀ ਨੂੰ ਫ਼ੌਤ ਹੋ ਗਈ ਅਤੇ ਰਾਂਝਾ ਯਤੀਮ ਹੋ ਗਿਆ।

ਪਿਤਾ ਦੀ ਮੌਤ ਤੋਂ ਬਾਅਦ ਰਾਂਝੇ ਦੇ ਮਤਰੇਏ ਭਰਾਵਾਂ ਨੂੰ ਮੌਕਾ ਮਿਲ ਗਿਆ। ਉਨ੍ਹਾਂ ਨੇ ਮਹਿਕਮਾ ਮਾਲ ਦੇ ਅਫ਼ਸਰਾਂ ਨਾਲ ਮਿਲ ਕੇ ਚੰਗੀ ਜ਼ਮੀਨ ਆਪਣੇ ਨਾਂ ਲਗਵਾ ਲਈ ਅਤੇ ਮਾੜੀ ਜ਼ਮੀਨ ਰਾਂਝੇ ਲਈ ਛੱਡ ਦਿੱਤੀ। ਜਦੋਂ ਭਰਾ ਰਾਂਝੇ ਨਾਲ ਜ਼ਿਆਦਾ ਈਰਖਾ ਰੱਖਣ ਲੱਗੇ ਤਾਂ ਮੁਰਾਦ ਬਲੋਚ ਜਿਹੜਾ ਰਾਂਝੇ ਦੇ ਮਾਮੇ ਦਾ ਪੁੱਤਰ ਸੀ, ਉਸ ਦਾ ਸਹਾਰਾ ਬਣਿਆ। ਉਹ ਰਾਂਝੇ ਦੀ ਜਾਨ ਨੂੰ ਖਤਰਾ ਮਹਿਸੂਸ ਕਰਦਿਆਂ ਉਸ ਦੇ ਹਿੱਸੇ ਦੀ ਜ਼ਮੀਨ ਦਾ ਦੀਵਾਨ ਸੁੰਦਰ ਮੱਲ ਨੂੰ ਬਣਾ ਕੇ ਰਾਂਝੇ ਨੂੰ ਆਪਣੇ ਨਾਲ ਡੇਰਾ ਹੈਬਤ ਖਾਂ ਲੈ ਗਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜੁਲਾਈ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-333



*ਥਾਣੇਦਾਰਨੀ ਬਣੀਂ ਤੂੰ ਠਾਣੇ ਜਾਇ ਕੇ।*
*ਟੱਬਰ ਨੂੰ ਦੇ ਜਾ ਰੋਟੀਆਂ ਪਕਾਇ ਕੇ।*

### ਕੈਪਸ਼ਨ ਮੁਕਾਬਲਾ-331



ਸਾਨੂੰ ਤਾਂ ਅੱਜ ਫੁਰਨਾ ਫੁਰਿਆ
ਢੰਗ ਨਵਾਂ ਅਪਨਾਈਏ।
ਨਾਲੇ ਭੋਰਾ ਵਲ ਕੱਢ ਲਈਏ
ਨਾਲੇ ਤੱਤੀ ਕਰ ਕੇ ਖਾਈਏ।

***-ਜਗਮੀਤ ਸਿੰਘ ਪੰਧੇਰ***

---

ਲੋੜ ਪਈ 'ਤੇ ਕਰੇ ਜੁਗਾੜ
ਸੋਈ ਸੁਘੜ, ਸੁਜਾਨ ਕਹਾਵੇ।
ਵਿਚ ਪਰਦੇਸੀਂ ਕਰਨੀ ਕਮਾਈ
ਔਖ-ਸੌਖ 'ਚ ਨਿਭੇ-ਨਿਭਾਵੇ।
ਪ੍ਰੈਸ ਨੂੰ ਹੀ ਤੰਦੂਰ ਬਣਾਕੇ
ਪਕਾ ਲਈ ਰੋਟੀ, ਡੰਗ ਟਪਾਵੇ।

***-ਦਵਿੰਦਰ ਕੌਰ***

---

ਘਰ ਤੋਂ ਬਾਹਰ ਰਹਿ ਕੇ ਪਤਾ ਲੱਗੇ
ਕੀ ਭਾਅ ਵਿਕਦਾ ਆਟਾ-ਲੂਣ।
ਟਿਫਨ ਵਾਲੀ ਰੋਟੀ ਠੰਡੀ ਹੋ ਜਾਂਦੀ
ਜਦੋਂ ਪੜ੍ਹਾਈ ਦਾ ਹੁੰਦਾ ਜਨੂੰਨ।
ਫਿਰ ਲੋੜ ਮੁਤਾਬਕ ਤਰੀਕੇ ਲੱਭੇ
ਖਾਣਾ ਗਰਮ ਕਰਨ ਦਾ ਕਰੇ ਜੁਗਾੜ।
ਪ੍ਰੈਸ ਨਾਲ ਹੀ ਸੇਕ ਦਿੰਦਾ
ਰੋਟੀ ਨੂੰ ਲੈਂਦਾ ਪੂਰਾ ਰਾੜ੍ਹ।

***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਰੋਟੀ ਟਾਈਮ ਨਾਲ ਖਾ ਲਈਂ ਮੁੰਡਿਆ
ਮਾਂ ਰੋਜਾਨਾ ਕਹਿ ਕੇ ਜਾਵੇ।
ਠੰਡੀਆਂ ਤਾਂ ਮੈਂ ਰੋਜ਼ ਹੀ ਖਾਵਾਂ
ਅੱਜ ਤੱਤੀ ਨੂੰ ਮਨ ਲਲਚਾਵੇ।
ਲੋੜ ਕਾਢ ਦੀ ਮਾਂ ਹੈ ਹੁੰਦੀ
ਕਹਾਣੀ ਯਾਦ ਹੈ, ਪਿਆਸੇ ਕਾਂ ਦੀ।
ਜੁਗਾੜ ਲਾ ਕੇ 'ਪ੍ਰੈਸ' ਫੇਰ'ਤੀ
ਪਰੌਂਠਾ ਬਣ ਗਈ ਰੋਟੀ ਮਾਂ ਦੀ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਵਿਹਲੜ ਹੋਈ ਮੰਡ੍ਹੀਰ
ਪੁੱਠੇ ਦਿਮਾਗ ਨੇ ਚੱਲਦੇ।
ਨਾਲ ਪ੍ਰੈਸਾਂ ਬਣਾਣ ਰੋਟੀ
ਨਾਟਕ ਪਏ ਨੇ ਕਰਦੇ।
ਪੁੱਛਾਂ ਜਰਾ ਵੱਡੇ ਖੋਜੀ ਨੂੰ
ਕਿੰਜ ਖੇਤਾਂ ਵਿਚ ਪਕਾਊ?
ਪ੍ਰੈਸ ਤਾਂ ਚੁੱਕ ਕੇ ਲੈ ਜਾਊ
ਸੂਅ ਨਾਸ੍ਹਾਂ ਵਿਚ ਫਸਾਊ?

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਨਹੀਂ ਰੀਸ ਕਾਰੀਗਰ ਦੀ
ਲਾਜਵਾਬ, ਸ਼ੱਕ ਕੋਈ ਨਹੀਂ।
ਜੁਗਤ ਨਾਲ ਕੀਤੀ ਕਸੀਦਾਕਾਰੀ
ਲਾ ਕੇ ਤਨ, ਮਨ, ਧਨ।
ਸੱਧਰਾਂ ਰਹਿ ਗਈਆਂ ਅਧਵਾਟੇ
ਸੱਟ ਵੱਜੀ ਮਾਨਸਿਕਤਾ ਨੂੰ
ਦੇਖੀ ਆਪਣੇ ਖੁਦ ਅੱਖੀਂ
ਅਕਲ, ਸ਼ਕਲ, ਨਕਲ ਉਵੇਂ ਹੀ
ਕਤਲ ਹੈ ਸੋਚ ਦਾ ਚਿੱਟੇ ਦਿਨ।

***-ਦਰਸ਼ਨਪਾਲ ਦੋਸਾਂਝ***

---

ਜਣਾ ਖਣਾ ਉਠ ਚੱਲਿਆ ਪੰਜਾਬੋਂ
ਮਾਂ ਦੀ ਰੋਟੀ ਤੋਂ ਹੋ ਕੇ ਵਾਂਝਾ।
ਪਰਵਾਸ ਭਾਵੇਂ ਮੁਸੀਬਤਾਂ ਭਰਿਆ
ਲੋੜ ਅਨੁਸਾਰ ਜੁਗਤਾਂ ਲਾਈ ਜਾਂਦਾ।
ਘਰ ਦੀ ਯਾਦ ਬਹੁਤ ਸਤਾਵੇ
ਐਪਰ ਸੰਘਰਸ਼ 'ਚ ਸਿਖਦਾ ਜਾਂਦਾ।

***-ਅਮਰਜੀਤ ਸਿੰਘ ਤੂਰ***

# ਪਾਕਿਸਤਾਨੀਆਂ ਦੀ ਮਹਿਮਾਨ ਨਿਵਾਜੀ ਤੋਂ ਸਿੱਖ ਜਥਾ ਬਾਗੋ ਬਾਗ



**ਅਟਾਰੀ:** ਲਾਹੌਰ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 179ਵੀਂ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਮਗਰੋਂ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਤੋਂ ਵਿਸ਼ੇਸ਼ ਰੇਲ ਗੱਡੀ ਰਾਹੀਂ ਵਤਨ ਪਰਤਿਆ। ਜਥੇ ਦਾ ਕਹਿਣਾ ਹੈ ਕਿ ਪਾਕਿਸਤਾਨੀ ਮੁਸਲਿਮ ਭਾਈਚਾਰੇ ਦੇ ਲੋਕਾਂ ਵੱਲੋਂ ਯਾਤਰਾ ਦੌਰਾਨ ਭਾਰਤੀ ਸਿੱਖ ਜਥੇ ਦਾ ਸਵਾਗਤ ਕੀਤਾ ਹੈ।

ਵਤਨ ਵਾਪਸੀ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ (ਧਰਮ ਪ੍ਰਚਾਰ ਕਮੇਟੀ) ਬਲਵਿੰਦਰ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਲਾਹੌਰ ਵਿਚ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਨੂੰ ਸਮਰਪਤ ਉਨ੍ਹਾਂ ਦੀ ਸਮਾਧ ਵਿਖੇ 27 ਜੂਨ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 29 ਜੂਨ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮਗਰੋਂ ਬਰਸੀ ਨੂੰ ਸਮਰਪਤ ਮੁੱਖ ਸਮਾਗਮ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕਰਵਾਇਆ ਗਿਆ। ਸ੍ਰੀ ਜੌੜਾਸਿੰਘਾ ਨੇ ਦੱਸਿਆ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ, ਜੋ 2019 ਵਿਚ ਮਨਾਇਆ ਜਾ ਰਿਹਾ ਹੈ, ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨੀ ਸਿੱਖਾਂ ਨੂੰ ਵੱਖ-ਵੱਖ ਸਮੇਂ ਹੋਣ ਵਾਲੇ ਸਮਾਗਮਾਂ ਲਈ ਪੂਰਨ ਸਹਿਯੋਗ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਪਾਕਿਸਤਾਨ ਪੰਜਾਬੀ ਸਿੱਖ ਸੰਗਤ ਦੇ ਆਗੂ ਭਾਈ ਗੋਪਾਲ ਸਿੰਘ ਚਾਵਲਾ ਵੱਲੋਂ ਆਪਣੇ ਭਾਸ਼ਣ ਦੌਰਾਨ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਹਿੰਦੁਸਤਾਨ ਮੁਰਦਾਬਾਦ' ਦੇ ਨਾਅਰੇ ਲਾਉਣ ਉਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਕੀਤਾ। ਸ੍ਰੀ ਜੌੜਾਸਿੰਘਾ ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਭਾਰਤੀ ਹਾਈ ਕਮਿਸ਼ਨਰ ਦੇ ਆਉਣ ਦੀ ਜਾਣਕਾਰੀ ਮਿਲੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਕਰਨ ਦਾ ਪ੍ਰੋਗਰਾਮ ਸੀ, ਪਰ ਸੁਰੱਖਿਆ ਕਾਰਨਾਂ ਕਰਕੇ ਭਾਰਤੀ ਸਿੱਖ ਜਥੇ ਦੇ ਆਗੂਆਂ ਨਾਲ ਨਾ ਮਿਲਣ ਦੇਣ 'ਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਔਕਾਫ਼ ਬੋਰਡ ਦੇ ਅਧਿਕਾਰੀਆਂ ਕੋਲ ਰੋਸ ਪ੍ਰਗਟਾਵਾ ਕੀਤਾ ਗਿਆ। ਬਾਅਦ ਵਿਚ ਹਾਈ ਕਮਿਸ਼ਨ ਦੇ ਅਧਿਕਾਰੀ ਜਥੇ ਦੇ ਆਗੂਆਂ ਨੂੰ ਲਾਹੌਰ ਵਿਚ ਮਿਲੇ ਸਨ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਮੁਸਲਿਮ ਭਾਈਚਾਰੇ ਦੇ ਲੋਕਾਂ ਵੱਲੋਂ ਯਾਤਰਾ ਦੌਰਾਨ ਭਾਰਤੀ ਸਿੱਖ ਜਥੇ ਦਾ ਸਵਾਗਤ ਕੀਤਾ ਗਿਆ।

ਖਾਲੜਾ ਮਿਸ਼ਨ ਕਮੇਟੀ ਦੇ ਪਾਰਟੀ ਲੀਡਰ ਦਰਸ਼ਨ ਸਿੰਘ ਰੌਸ਼ਨਵਾਲਾ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ 2019 ਵਿੱਚ ਮਨਾਇਆ ਜਾ ਰਿਹਾ ਹੈ, ਜਿਸ ਸਬੰਧੀ ਪਾਕਿਸਤਾਨ ਕਮੇਟੀ ਅਤੇ ਔਕਾਫ਼ ਬੋਰਡ ਦੇ ਅਧਿਕਾਰੀਆਂ ਨਾਲ ਜਥੇ ਦੇ ਆਗੂਆਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਵੱਖ-ਵੱਖ ਮੁਲਕਾਂ ਵਿਚ ਵਸਦੇ ਸਵਾ ਲੱਖ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਭਾਰਤੀ ਸਿੱਖ ਜਥੇ ਨੇ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਰਾਵਲਪਿੰਡੀ, ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਸਥਾਨਕ ਗੁਰਦੁਆਰਿਆਂ ਸਮੇਤ), ਗੁਰਦੁਆਰਾ ਸੱਚਾ ਸੌਦਾ (ਫਾਰੂਕਾਬਾਦ), ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ), ਗੁਰਦੁਆਰਾ ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਚੂਨਾ ਮੰਡੀ, ਗੁਰਦੁਆਰਾ ਭਾਈ ਤਾਰੂ ਸਿੰਘ (ਸ਼ਹੀਦੀ ਸਥਾਨ), ਗੁਰਦੁਆਰਾ ਸਿੰਘ ਸਿੰਘਣੀਆਂ, ਲਾਹੌਰ ਦੇ ਦਰਸ਼ਨ ਦੀਦਾਰ ਕੀਤੇ।

## ਪ੍ਰਕਾਸ਼ ਪੁਰਬ ਇਕੱਠੇ ਮਨਾਉਣ ਬਾਰੇ ਨਾ ਮਿਲਿਆ ਹੁੰਗਾਰਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਖੁਲਾਸਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਪੀ.ਜੀ.ਪੀ.ਸੀ. ਦੇ ਸਹਿਯੋਗ ਨਾਲ ਮਨਾਉਣ ਦੀ ਇੱਛਾ ਹੈ, ਪਰ ਫਿਲਹਾਲ ਇਸ ਸਬੰਧੀ ਪਾਕਿਸਤਾਨੀ ਔਕਾਫ ਬੋਰਡ ਵਲੋਂ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਮਿਲਿਆ ਹੈ। ਇਸ ਪ੍ਰਕਾਸ਼ ਪੁਰਬ ਮੌਕੇ ਵਿਸ਼ਵ ਪੱਧਰ ਦੀ ਇਕ ਸਿੱਖ ਜਥੇਬੰਦੀ ਬਣਾਉਣਾ ਵੀ ਪ੍ਰਸਤਾਵਿਤ ਯੋਜਨਾ ਹੈ। ਸ੍ਰੀ ਜੀਕੇ ਨੇ ਖੁਲਾਸਾ ਕੀਤਾ ਕਿ ਦਿੱਲੀ ਕਮੇਟੀ ਵੱਲੋਂ ਹਾਲ ਹੀ ਵਿਚ ਦਿੱਲੀ ਵਿਚ ਪਾਕਿਸਤਾਨੀ ਹਾਈ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਗਈ ਸੀ। ਉਨ੍ਹਾਂ ਨੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਖੇ ਨਗਰ ਕੀਰਤਨ ਲੈ ਕੇ ਜਾਣ ਅਤੇ ਉਥੇ ਇਕੱਠਿਆਂ ਸਮਾਗਮ ਕਰਨ ਦੀ ਮੰਗ ਰੱਖੀ ਹੈ।

# ਓਸਟਰਲ ਗੁਰੂ ਘਰ 'ਚ ਲੰਗਰ ਮਾਮਲੇ 'ਤੇ ਪ੍ਰਬੰਧਕਾਂ ਨੇ ਦਿੱਤੀ ਸਫਾਈ

**ਸਿਡਨੀ:** ਸਿੱਖ ਮਿਸ਼ਨ ਸੈਂਟਰ, ਸਿਡਨੀ ਵੱਲੋਂ ਓਸਟਰਲ ਵਿਚ ਬਣਾਏ ਗੁਰਦੁਆਰੇ ਬਾਰੇ ਸਪਸ਼ਟ ਕੀਤਾ ਗਿਆ ਕਿ ਬਿਨਾ ਵਜ੍ਹਾ ਕੁਝ ਲੋਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਬਦਨਾਮ ਕਰ ਰਹੇ ਹਨ। ਕਮੇਟੀ ਨੇ ਕਿਹਾ ਕਿ ਗੁਰਦੁਆਰੇ ਵਿਚ ਅਜਿਹਾ ਕੋਈ ਨੋਟਿਸ ਨਹੀਂ ਲੱਗਿਆ ਹੋਇਆ, ਜਿਥੇ ਸੰਗਤ ਨੂੰ ਜਬਰੀ ਕੁਰਸੀ ਉਤੇ ਬਿਠਾ ਕੇ ਹੀ ਲੰਗਰ ਛਕਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੋਵੇ। ਕਮੇਟੀ ਨੇ ਲੋੜਵੰਦਾਂ ਦੀ ਸਹੂਲਤ ਅਨੁਸਾਰ ਲੰਗਰ ਛਕਣ ਲਈ ਕੁਰਸੀਆਂ ਮੇਜ਼ ਜ਼ਰੂਰ ਉਪਲਬਧ ਕਰਵਾਏ ਹਨ। ਲੰਗਰ ਛਕਣ ਲਈ ਬਣਿਆ ਹਾਲ ਇਕ ਸ਼ੈੱਡ ਹੈ, ਜਿਸ ਦੇ ਇਕ ਹਿੱਸੇ ਵਿਚ ਰਸੋਈ ਹੈ। ਜਗ੍ਹਾ ਦੀ ਘਾਟ ਕਾਰਨ ਅਕਸਰ ਸ਼ਰਧਾਲੂ ਸ਼ੈੱਡ ਤੋਂ ਬਾਹਰ ਘਾਹ ਉਤੇ ਬੈਠ ਕੇ ਵੀ ਚਾਹ-ਪ੍ਰਸ਼ਾਦਾ ਛਕਦੇ ਹਨ।

ਜ਼ਿਕਰਯੋਗ ਹੈ ਕਿ ਕਿ ਸੋਸ਼ਲ ਮੀਡੀਆ ਉਤੇ ਵਾਇਰਲ ਪੋਸਟ ਦੇ ਮੱਦੇਨਜ਼ਰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਸਥਿਤੀ ਸਪਸ਼ਟ ਕਰਨ ਲਈ ਕਿਹਾ ਸੀ। ਕਮੇਟੀ ਵੱਲੋਂ ਲਿਖਤੀ ਬਿਆਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰਦੁਆਰੇ ਵਿਚ ਸਿੱਖੀ ਰਹਿਤ ਮਰਿਆਦਾ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਐਤਵਾਰ ਸਿਰਫ ਦੋ ਨੌਜਵਾਨ ਜੋ ਸਿਰ ਤੋਂ ਮੋਨੇ ਸਨ, ਨੇ ਮੇਜ਼ ਕੁਰਸੀਆਂ ਨੇੜੇ ਹੇਠਾਂ ਬੈਠ ਕੇ ਖੁਦ ਲੰਗਰ ਖਾਣ ਤੇ ਸੰਗਤ ਨੂੰ ਜਬਰੀ ਖਵਾਉਣ ਬਾਰੇ ਕਿਹਾ।

ਲੰਗਰ ਹਾਲ ਵਿਚ ਜੁੜੀ ਸੰਗਤ ਜਿਨ੍ਹਾਂ ਵਿਚ ਔਰਤਾਂ ਵੀ ਸਨ, ਨੇ ਇਨ੍ਹਾਂ ਨੌਜਵਾਨਾ ਦਾ ਵਿਰੋਧ ਕੀਤਾ। ਕਮੇਟੀ ਦੇ ਸਕੱਤਰ ਬਾਵਾ ਸਿੰਘ ਜਗਦੇਵ ਨੇ ਕਿਹਾ ਕਿ ਸੰਗਤ ਵੱਲੋਂ ਜ਼ੋਰ ਦੇਣ ਉਤੇ ਖਲਲ ਨੂੰ ਰੋਕਣ ਲਈ ਮਜਬੂਰਨ ਗੁਰਦੁਆਰੇ ਵਿਚ ਪੁਲਿਸ ਸੱਦਣੀ ਪਈ।

## ਲਾਪਤਾ ਬੱਚਿਆਂ ਨੂੰ ਮਾਪਿਆਂ ਨਾਲ ਮਿਲਾਏਗੀ ਮੋਬਾਈਲ ਐਪ

**ਨਵੀਂ ਦਿੱਲੀ:** ਕੇਂਦਰੀ ਵਣਜ ਅਤੇ ਸਨਅਤ ਮੰਤਰੀ ਸੁਰੇਸ਼ ਪ੍ਰਭੂ ਨੇ ਦੇਸ਼ ਭਰ ਵਿਚ ਲਾਪਤਾ ਅਤੇ ਛੱਡੇ ਹੋਏ ਬੱਚਿਆਂ ਨੂੰ ਲੱਭਣ ਲਈ 'ਰੀਯੂਨਾਈਟ' ਨਾਮੀ ਮੋਬਾਈਲ ਐਪ ਲਾਂਚ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਐਪ ਲਾਪਤਾ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨਾਲ ਮਿਲਾਉਣ ਦਾ ਲਾਸਾਨੀ ਸਾਧਨ ਸਾਬਤ ਹੋਵੇਗੀ।

ਉਨ੍ਹਾਂ ਕਿਹਾ ਕਿ ਲਾਪਤਾ ਬੱਚਿਆਂ ਨੂੰ ਮਾਪਿਆਂ ਨਾਲ ਮਿਲਾਉਣ ਦੀ ਇਹ ਕੋਸ਼ਿਸ਼ ਅਸਲ ਜ਼ਿੰਦਗੀ ਦੀਆਂ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਤਕਨਾਲੋਜੀ ਦੀ ਵਰਤੋਂ ਦਾ ਬੜਾ ਵਧੀਆ ਤਰੀਕਾ ਹੈ। ਐਪ ਬਹੁਪੱਖੀ ਢੰਗ ਨਾਲ ਵਰਤੀ ਜਾ ਸਕਦੀ ਹੈ।

# ਪੰਜਾਬੀ ਅਧਿਕਾਰੀਆਂ ਦਾ ਵਫਦ ਹਰਿਮੰਦਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਵੱਖ-ਵੱਖ ਮੁਲਕਾਂ ਵਿਚ ਭਾਰਤ ਦੇ ਸਫੀਰ ਵਜੋਂ ਤਾਇਨਾਤ ਪੰਜਾਬ ਨਾਲ ਸਬੰਧਤ 5 ਅਧਿਕਾਰੀਆਂ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਹ ਭਾਰਤੀ ਸਫੀਰ ਇਥੇ ਨਿਵੇਸ਼ ਦੀਆਂ ਸੰਭਾਵਨਾਵਾਂ ਦੇਖਣ ਦੀ ਯੋਜਨਾ ਦੇ ਮੱਦੇਨਜ਼ਰ ਪੰਜਾਬ ਦੇ ਦੌਰੇ ਉਤੇ ਆਏ ਹਨ। ਇਨ੍ਹਾਂ ਵਿਚ ਯੂ.ਏ.ਈ. ਵਿਚ ਭਾਰਤੀ ਸਫੀਰ ਵਜੋਂ ਤਾਇਨਾਤ ਨਵਦੀਪ ਸਿੰਘ ਸੂਰੀ, ਨੇਪਾਲ ਵਿਚ ਮਨਜੀਵ ਸਿੰਘ ਪੁਰੀ, ਲੈਬਨਾਨ ਵਿਚ ਸੰਜੀਵ ਅਰੋੜਾ, ਸ੍ਰੀਲੰਕਾ ਵਿਚ ਤਰੁਣਜੀਤ ਸਿੰਘ ਸੰਧੂ ਅਤੇ ਇਟਲੀ 'ਚ ਰੀਨਤ ਸੰਧੂ ਸ਼ਾਮਲ ਸਨ। ਇਨ੍ਹਾਂ ਸਾਰਿਆਂ ਆਪਣੇ ਪਰਿਵਾਰਾਂ ਸਮੇਤ ਹਰਿਮੰਦਰ ਸਾਹਿਬ ਮੱਥਾ ਟੇਕਿਆ, ਜਿਥੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ ਹੈ।

ਮਿਲੇ ਵੇਰਵਿਆਂ ਮੁਤਾਬਕ ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਯੋਜਨਾ ਤਹਿਤ ਵਿਦੇਸ਼ ਵਿਭਾਗ ਵਿਚ ਨੌਕਰੀ ਦੌਰਾਨ ਵੱਖ-ਵੱਖ ਮੁਲਕਾਂ ਵਿਚ ਤਾਇਨਾਤ ਇਹ ਪੰਜਾਬੀ ਅਧਿਕਾਰੀ ਪੰਜਾਬ ਦੇ ਦੌਰੇ ਉਤੇ ਭੇਜੇ ਗਏ ਹਨ। ਇਸੇ ਤਰ੍ਹਾਂ ਹੋਰਨਾਂ ਮੁਲਕਾਂ ਵਿਚ ਤਾਇਨਾਤ ਭਾਰਤੀ ਅਧਿਕਾਰੀਆਂ ਨੂੰ ਆਪੋ ਆਪਣੇ ਸੂਬੇ ਵਿਚ ਨਿਵੇਸ਼ ਸਬੰਧੀ ਸਮੀਖਿਆ ਲਈ ਭੇਜਿਆ ਗਿਆ ਹੈ। ਇਹ ਅਧਿਕਾਰੀ ਆਪਣੇ ਜੱਦੀ ਸੂਬਿਆਂ ਵਿਚ ਵਿਦੇਸ਼ੀ ਨਿਵੇਸ਼ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਗੇ। ਇਸ ਸਬੰਧੀ ਇਨ੍ਹਾਂ ਅਧਿਕਾਰੀਆਂ ਵੱਲੋਂ ਵਿਦਿਆ, ਖੇਤੀਬਾੜੀ, ਬਾਗਬਾਨੀ, ਫੂਡ ਪ੍ਰੋਸੈਸਿੰਗ, ਸੈਰ ਸਪਾਟਾ ਅਤੇ ਵਾਤਾਵਰਨ ਸਾਂਭ ਸੰਭਾਲ ਵਿਸ਼ਿਆਂ ਉਤੇ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਜਾਅਲੀ ਏਜੰਟਾਂ ਰਾਹੀਂ ਪੰਜਾਬੀਆਂ ਨੂੰ ਵਿਦੇਸ਼ ਭੇਜ ਕੇ ਲੁੱਟ ਦਾ ਸ਼ਿਕਾਰ ਬਣਾਉਣ ਅਤੇ ਗੈਰਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਦੇ ਮਾਮਲੇ ਵੀ ਸੂਬਾਈ ਅਧਿਕਾਰੀਆਂ ਨਾਲ ਵਿਚਾਰੇ ਹਨ।

# ਬੁਖਾਰੀ ਹੱਤਿਆਕਾਂਡ ਦੀ ਜਾਂਚ ਪਾਕਿਸਤਾਨ ਵੱਲ ਮੁੜੀ



**ਸ੍ਰੀਨਗਰ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਪੁਖਤਾ ਸਬੂਤ ਮਿਲੇ ਹਨ ਕਿ ਸੀਨੀਅਰ ਪੱਤਰਕਾਰ ਸ਼ੁਜਾਤ ਬੁਖਾਰੀ ਨੂੰ ਕਤਲ ਕਰਨ ਦੀ ਸਾਜ਼ਿਸ਼ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੇ ਘੜੀ ਸੀ ਤੇ ਨਵੀਦ ਜੱਟ ਸਣੇ ਤਸ਼ਕਰ ਦੇ ਤਿੰਨ ਕਾਰਕੁਨਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਸੀ।

ਕਸ਼ਮੀਰ ਪੁਲਿਸ ਦੇ ਆਈ.ਜੀ. ਐਸ.ਪੀ. ਪਾਨੀ ਦਾ ਦਾਅਵਾ ਹੈ ਕਿ ਹਾਲਾਂਕਿ ਪਾਕਿਸਤਾਨ ਆਧਾਰਤ ਸ੍ਰੀਨਗਰ ਦੇ ਵਸਨੀਕ ਨੇ ਪੱਤਰਕਾਰ ਬੁਖਾਰੀ ਖਿਲਾਫ ਆਨਲਾਈਨ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਸੀ ਤੇ ਲਸ਼ਕਰ ਦੇ 3 ਅਤਿਵਾਦੀਆਂ ਨਵੀਦ ਜੱਟ, ਮੁਜ਼ੱਫਰ ਅਹਿਮਦ ਤੇ ਆਜ਼ਾਦ ਮਲਿਕ ਨੇ ਕਤਲ ਦੀ ਇਸ ਘਟਨਾ ਨੂੰ ਅੰਜਾਮ ਦਿੱਤਾ। ਇਨ੍ਹਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹੁਣ ਆਜ਼ਾਦ ਮਲਿਕ ਤੇ ਮੁਜ਼ੱਫਰ ਅਹਿਮਦ (ਦੋਵੇਂ ਦੱਖਣੀ ਕਸ਼ਮੀਰ ਦੇ ਵਾਸੀ) ਤੇ ਨਵੀਦ ਜੱਟ ਬਾਰੇ ਉਨ੍ਹਾਂ ਕੋਲ ਪੁਖਤਾ ਸਬੂਤ ਹਨ ਤੇ ਇਹ ਭਾਰਤ ਨੂੰ ਲੋੜੀਂਦੇ ਹਨ।

# ਭਾਰਤ ਵਿਚ ਵਧ ਰਹੀ ਮਹਿੰਗਾਈ ਨੇ ਕੀਤਾ ਲੋਕਾਂ ਦਾ ਨੱਕ 'ਚ ਦਮ

ਭਾਰਤ ਦੇਸ਼ ਵਿਚ ਮਹਿੰਗਾਈ ਵਧਣ ਕਾਰਨ ਗਰੀਬ ਜਨਤਾ ਅਤੇ ਮੱਧ ਸ਼੍ਰੇਣੀ ਦੇ ਲੋਕਾਂ ਦਾ ਜਿਉਣਾ ਮੁਹਾਲ ਹੋਇਆ ਪਿਆ ਹੈ। ਬਿਨਾ ਸ਼ੱਕ ਅੱਜ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਦੀਆਂ ਮੁਢਲੀਆਂ ਲੋੜਾਂ ਦੀਆਂ ਚੀਜ਼ਾਂ ਦੇ ਭਾਅ ਵਧਣ ਕਾਰਨ ਜਨਤਾ ਬੇਵਸ ਤੇ ਬੇਹਾਲ ਨਜ਼ਰ ਆ ਰਹੀ ਹੈ। ਲੋਕ ਬੇਹੱਦ ਮਾਯੂਸੀ ਦੇ ਦੌਰ ਵਿਚੋਂ ਲੰਘ ਰਹੇ ਹਨ।

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਦੇਸ਼ 'ਚ ਅੱਜ ਹਰ ਚੀਜ਼ ਮਹਿੰਗੀ ਹੈ। ਰੋਜ਼ਾਨਾ ਵਰਤੋਂ ਦੀਆਂ ਅਤੇ ਖਾਧ-ਖੁਰਾਕ ਦੀਆਂ ਚੀਜ਼ਾਂ ਖਰੀਦਣਾ ਦਿਨ-ਬ-ਦਿਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਹੁੰਦਾ ਵਾਧਾ ਵੱਧ ਰਹੀ ਮਹਿੰਗਾਈ ਵਿਚ ਬਲਦੀ 'ਚ ਤੇਲ ਵਾਲਾ ਕੰਮ ਕਰਦਾ ਹੈ।

ਪਿਛਲੇ ਦਿਨੀਂ ਪ੍ਰਿੰਟ ਮੀਡੀਆ 'ਚ ਪ੍ਰਕਾਸ਼ਿਤ ਹੋਏ ਮਹਿੰਗਾਈ ਦਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੈਟਰੋਲ-ਡੀਜ਼ਲ ਅਤੇ ਸਬਜ਼ੀਆਂ ਦੀਆਂ ਕੀਮਤਾਂ 'ਚ ਭਾਰੀ ਉਛਾਲ ਕਾਰਨ ਥੋਕ ਮੁੱਲ ਆਧਾਰ 'ਤੇ ਮਹਿੰਗਾਈ ਦਰ ਮਈ 'ਚ 14 ਮਹੀਨੇ ਦੀ ਸਭ ਤੋਂ ਸਿਖਰਲੇ ਪੱਧਰ 'ਤੇ ਭਾਵ 4.43 ਫੀਸਦੀ ਰਹੀ। ਜ਼ਿਕਰਯੋਗ ਹੈ ਕਿ ਅਪਰੈਲ ਵਿਚ ਇਹ 3.18 ਫੀਸਦੀ ਅਤੇ ਪਿਛਲੇ ਸਾਲ ਮਈ ਵਿਚ 2.26 ਫੀਸਦੀ ਸੀ।

ਥੋਕ ਮਹਿੰਗਾਈ ਦਰ ਦੇ ਅੰਕੜਿਆਂ ਮੁਤਾਬਕ ਮਹਿੰਗਾਈ ਮਈ ਮਹੀਨੇ 'ਚ 4.87 ਫੀਸਦੀ ਰਹੀ ਸੀ ਅਤੇ ਅਪਰੈਲ ਵਿਚ ਇਹ 4.58 ਫੀਸਦੀ ਰਹੀ। ਪ੍ਰਚੂਨ ਮਹਿੰਗਾਈ ਦਰ ਵਧਣ ਦੀ ਵੱਡੀ ਵਜਾਹ ਸਬਜ਼ੀਆਂ ਤੇ ਦਾਲਾਂ ਦੀਆਂ ਕੀਮਤਾਂ 'ਚ ਹੋਏ ਵਾਧੇ ਨੂੰ ਮੰਨਿਆ ਜਾ ਰਿਹਾ ਹੈ। ਮਈ ਮਹੀਨੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਥੋਕ ਦਰਾਂ 'ਚ ਵੀ ਵਾਧਾ ਹੋਇਆ ਹੈ। ਖਾਣ-ਪੀਣ ਦੀਆਂ ਚੀਜ਼ਾਂ 'ਚ ਮਹਿੰਗਾਈ ਦਰ 0.67 ਫੀਸਦੀ ਤੋਂ ਵੱਧ ਕੇ 1.12 ਫੀਸਦੀ ਤੱਕ ਪਹੁੰਚ ਗਈ ਹੈ। ਜੇ ਤਿਆਰਸ਼ੁਦਾ ਚੀਜ਼ਾਂ ਦੀ ਥੋਕ ਮਹਿੰਗਾਈ ਦੀ ਗੱਲ ਕਰੀਏ ਤਾਂ ਇਸ ਵਿਚ ਵੀ ਮਾਸਿਕ ਦਰ ਦੇ ਹਿਸਾਬ ਨਾਲ ਇਹ ਵਾਧਾ 3.11 ਫੀਸਦੀ ਤੋਂ ਵੱਧ ਕੇ 3.73 ਫੀਸਦੀ ਤੱਕ ਹੋਇਆ। ਇਸੇ ਤਰ੍ਹਾਂ ਮੁਢਲੀ ਲੋੜ ਦੀਆਂ ਚੀਜ਼ਾਂ ਦੀ ਮਹਿੰਗਾਈ ਦਰ 1.41 ਫੀਸਦੀ ਤੋਂ ਵੱਧ ਕੇ 3.16 ਫੀਸਦੀ ਤੱਕ ਹੋ ਗਈ। ਉਥੇ ਹੀ ਬਿਜਲੀ ਅਤੇ ਤੇਲ ਦੀ ਥੋਕ ਮਹਿੰਗਾਈ ਮਹੀਨਾ ਦਰ ਮਹੀਨਾ ਦੀ ਬੁਨਿਆਦ ਤੇ 7.85 ਫੀਸਦੀ ਤੋਂ ਵੱਧ ਕੇ 11.22 ਫੀਸਦੀ ਤੱਕ ਪਹੁੰਚ ਗਈ ਹੈ। ਆਂਡੇ, ਮੀਟ ਤੇ ਮੱਛੀ ਦੀ ਥੋਕ ਮਹਿੰਗਾਈ ਦਰ 0.2 ਫੀਸਦੀ ਤੋਂ ਵੱਧ ਕੇ 0.15




ਫੀਸਦੀ, ਦਾਲਾਂ ਦੀ ਥੋਕ ਮਹਿੰਗਾਈ ਦਰ 21.46 ਫੀਸਦੀ ਤੋਂ ਵਧ ਕੇ 22.13 ਫੀਸਦੀ ਹੋ ਗਈ, ਜਦੋਂ ਕਿ ਸਬਜ਼ੀਆਂ ਦੀ ਮਹਿੰਗਾਈ ਦਰ 2.51 ਫੀਸਦੀ ਰਹੀ ਜੋ ਪਹਿਲਾਂ 0.89 ਫੀਸਦੀ ਸੀ। ਆਲੂ ਵੀ ਇਸ ਮਾਮਲੇ ਪਿਛੇ ਨਹੀਂ ਰਹੇ ਅਤੇ ਇਨ੍ਹਾਂ ਦੀ ਥੋਕ ਮਹਿੰਗਾਈ ਦਰ 67.94 ਫੀਸਦੀ ਤੋਂ ਵੱਧ ਕੇ 81.93 ਫੀਸਦੀ ਹੋ ਗਈ ਹੈ। ਸਿਰਫ ਇੱਕ ਪਿਆਜ਼ ਹੀ ਹੈ ਜਿਸ ਦੀ ਮਹਿੰਗਾਈ ਦਰ ਘਟੀ ਹੈ ਜੋ 13.62 ਫੀਸਦੀ ਤੋਂ ਘਟ ਕੇ 13.20 ਫੀਸਦੀ ਰਹਿ ਗਈ ਹੈ।

ਅਫਸੋਸ ਕਿ ਮੇਨ ਸਟਰੀਮ ਨਿਊਜ਼ ਚੈਨਲਾਂ 'ਤੇ (ਕੁਝ ਇਕ ਨੂੰ ਛੱਡ ਕੇ) ਉਕਤ ਅੰਕੜਿਆਂ ਨੂੰ ਲੈ ਕੇ ਕੋਈ ਬਹਿਸ-ਮੁਬਾਹਿਸਾ ਵੇਖਣ ਨੂੰ ਨਹੀਂ ਮਿਲਿਆ ਜਦੋਂ ਕਿ ਕਈ ਗੈਰ-ਜ਼ਰੂਰੀ ਮੁੱਦਿਆਂ 'ਤੇ ਬਹੁਤ ਜ਼ਿਆਦਾ ਚਰਚਾ ਹੁੰਦੀ ਹੈ। ਵਧੇਰੇ ਚੈਨਲ ਹਾਲੇ ਵੀ ਲੋਕਾਂ ਦੇ ਮਨਾਂ ਵਿਚ ਵੱਖ-ਵੱਖ ਧਰਮਾਂ ਪ੍ਰਤੀ ਨਫਰਤ ਫੈਲਾਉਣ ਵਾਲੇ ਮੁੱਦਿਆਂ 'ਤੇ ਬਹਿਸਾਂ ਕਰਵਾਉਂਦੇ ਆਮ ਵੇਖੇ ਜਾ ਸਕਦੇ ਹਨ। ਫਿਰਕੂ ਤਾਕਤਾਂ ਵਲੋਂ ਜਿਸ ਤਰ੍ਹਾਂ ਇੱਕ ਸੰਗਠਤ ਭੀੜ ਰਾਹੀਂ ਇਕ ਖਾਸ ਵਰਗ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਉਨ੍ਹਾਂ ਵਿਚ ਡਰ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਯਕੀਨਨ ਦੇਸ਼ ਦੇ ਸਮੁੱਚੇ ਵਜੂਦ ਲਈ ਖਤਰਨਾਕ ਹੈ ਪਰ ਇਸ ਪਾਸੇ ਬਹੁਤੇ ਚੈਨਲਾਂ ਨੇ ਕੋਈ ਜ਼ਿੰਮੇਵਾਰੀ ਨਹੀਂ ਦਿਖਾਈ।

ਸਰਕਾਰ ਨੂੰ ਚਾਹੀਦਾ ਹੈ ਕਿ ਮਹਿੰਗਾਈ 'ਤੇ ਕਾਬੂ ਪਾਏ ਤਾਂ ਜੋ ਬੇ-ਹਾਲ ਹੋਈ ਜਨਤਾ ਨੂੰ ਥੋੜਾ ਸੁੱਖ ਦਾ ਸਾਹ ਆ ਸਕੇ। ਸਰਕਾਰਾਂ ਜਨਤਾ ਦੀ ਮਾਈ-ਬਾਪ ਹੋਇਆ ਕਰਦੀਆਂ ਹਨ ਜੇ ਸਰਕਾਰਾਂ ਵੀ ਆਵਾਮ ਦੀ ਮੁਸੀਬਤ ਵੇਲੇ ਉਨ੍ਹਾਂ ਦੇ ਕੰਮ ਨਹੀਂ ਆਉਣਗੀਆਂ ਤਾਂ ਭਲਾ ਇਸ ਦੁੱਖ ਦੀ ਘੜੀ ਵਿਚ ਜਨਤਾ ਦੀ ਹੋਰ ਕੌਣ ਸਾਰ ਲਵੇਗਾ?

# ਸਰਵੇਖਣ ਨੇ ਭਾਰਤ ’ਚ ਔਰਤਾਂ ਦੀ ਸੁਰੱਖਿਆ ਦਾ ਚਿੱਠਾ ਖੋਲ੍ਹਿਆ

ਹਾਲ ਹੀ ਵਿਚ ਥੌਮਸਨ ਰਾਇਟਰਜ਼ ਫਾਊਂਡੇਸ਼ਨ ਨੇ ਆਪਣੇ ਸਰਵੇਖਣ ਦੇ ਵੇਰਵੇ ਜਾਰੀ ਕੀਤੇ ਹਨ ਜਿਸ ਵਿਚ ਹਿੰਦੁਸਤਾਨ ਨੂੰ ਉਨ੍ਹਾਂ ਪੰਜ ਮੁਲਕਾਂ ਦੀ ਸੂਚੀ ਵਿਚ ਪਹਿਲਾ ਦਰਜਾ ਦਿੱਤਾ ਗਿਆ ਹੈ ਜਿਥੇ ਔਰਤਾਂ ਜਿਨਸੀ ਜ਼ੁਲਮਾਂ ਅਤੇ ਤਸਕਰੀ ਕਾਰਨ ਸਭ ਤੋਂ ਵੱਧ ਅਸੁਰੱਖਿਅਤ ਹਨ। ਇਸੇ ਸੰਸਥਾ ਦੇ 2011 ਦੇ ਸਰਵੇਖਣ ਅਨੁਸਾਰ ਹਿੰਦੁਸਤਾਨ ਦਾ ਦਰਜਾ ਅਫ਼ਗਾਨਿਸਤਾਨ, ਕਾਂਗੋ ਅਤੇ ਪਾਕਿਸਤਾਨ ਤੋਂ ਬਾਅਦ ਚੌਥਾ ਸੀ। ਅਮਰੀਕਾ ਨੂੰ ਇਸ ਸੂਚੀ ਵਿਚ ਦਸਵੇਂ ਦਰਜੇ ਉਪਰ ਰੱਖਿਆ ਗਿਆ ਹੈ, 2011 ਵਾਲੀ ਰਿਪੋਰਟ ਵਿਚ ਅਮਰੀਕਾ ਪਹਿਲੇ ਦਸਾਂ ਵਿਚ ਸ਼ਾਮਲ ਨਹੀਂ ਸੀ। ਇਸ ਸਰਵੇਖਣ ਦਾ ਵਿਹਾਰਕ ਮਤਲਬ ਇਹ ਹੈ ਕਿ ਕੁਨਨ-ਪੋਸ਼ਪੁਰਾ (ਜੰਮੂ ਕਸ਼ਮੀਰ) ਦੀਆਂ

**ਬੂਟਾ ਸਿੰਘ**
ਫੋਨ: 91-94634-74342

ਮਜ਼ਲੂਮ ਔਰਤਾਂ ਦੀ ਇਨਸਾਫ਼ ਦੀ ਲੜਾਈ ਦਾ ਰਾਹ ਰੋਕਣ ਦੀ ਰਾਜਕੀ ਬੇਸ਼ਰਮੀ ਜੱਗ ਜ਼ਾਹਿਰ ਹੋਣ ਅਤੇ 2012 ਵਿਚ ਮੁਲਕ ਦੀ ਰਾਜਧਾਨੀ ਅੰਦਰ ਚਲਦੀ ਬੱਸ ਵਿਚ ਨੌਜਵਾਨ ਲੜਕੀ ਨਾਲ ਸਮੂਹਿਕ ਜਬਰ ਜਨਾਹ ਅਤੇ ਜਿਨਸੀ ਤਸੀਹੇ ਦੇ ਕੇ ਕਤਲ ਕੀਤੇ ਜਾਣ ਦਾ ਦਿਲ ਕੰਬਾਊ ਕਾਂਡ ਸਾਹਮਣੇ ਆਉਣ ਪਿਛੋਂ ਵੀ ਔਰਤਾਂ ਦੀ ਸੁਰੱਖਿਆ ਪ੍ਰਤੀ ਸਟੇਟ ਦਾ ਵਤੀਰਾ ਨਹੀਂ ਬਦਲਿਆ; ਸਗੋਂ ਸੰਘ ਬ੍ਰਿਗੇਡ ਦੇ ਸੱਤਾ ਵਿਚ ਆਉਣ ਤੋਂ ਬਾਅਦ ਤਾਂ ਔਰਤਾਂ ਦੀ ਜ਼ਿੰਦਗੀ ਹੋਰ ਵੀ ਅਸੁਰੱਖਿਅਤ ਹੋ ਗਈ ਹੈ। ਦਰਅਸਲ ਇਸ ਰਿਪੋਰਟ ਨੇ ਮੋਦੀ ਸਰਕਾਰ ਲਈ ਨਵੀਂ ਪ੍ਰੇਸ਼ਾਨੀ ਪੈਦਾ ਕਰ ਦਿੱਤੀ ਹੈ ਜੋ ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਬਾਰੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਦੇ ਕਮਿਸ਼ਨਰ ਵਲੋਂ ਜਾਰੀ ਕੀਤੀ ਪਹਿਲੀ ਰਿਪੋਰਟ ਕਾਰਨ ਪਹਿਲਾਂ ਹੀ ਸਵਾਲਾਂ ’ਚ ਘਿਰ ਚੁਕੀ ਸੀ।

ਥੌਮਸਨ ਰਾਇਟਰਜ਼ ਕਾਰਪੋਰੇਸ਼ਨ ਕੈਨੇਡਾ ਦੀ ਬਹੁਕੌਮੀ ਮਾਸ ਮੀਡੀਆ ਅਤੇ ਸੂਚਨਾ ਕੰਪਨੀ ਹੈ ਜੋ ਥੌਮਸਨ ਕਾਰਪੋਰੇਸ਼ਨ ਵਲੋਂ ਅਪਰੈਲ 2008 ਵਿਚ ਰਾਇਟਰਜ਼ ਗਰੁਪ ਨੂੰ ਖ਼ਰੀਦਣ ਮਗਰੋਂ ਬਣਾਈ ਗਈ ਸੀ। ਇਸ ਵਿਚ ਹੁਣ 53% ਸ਼ੇਅਰ ਥੌਮਸਨ ਘਰਾਣੇ ਦੀ ਵੁਡਬਰਿਜ ਕੰਪਨੀ ਦੇ ਹਨ ਅਤੇ ਇਹ ਸੌ ਤੋਂ ਵੱਧ ਮੁਲਕਾਂ ਵਿਚ ਕੰਮ ਕਰ ਰਹੀ ਹੈ। 1851 ਵਿਚ ਲੰਡਨ ਵਿਚ ਸਥਾਪਤ ਹੋਇਆ ਰਾਇਟਰਜ਼ ਗਰੁਪ ਸਭ ਤੋਂ ਪੁਰਾਣਾ ਕਾਰੋਬਾਰੀ ਸਮੂਹ ਸੀ ਜੋ ਆਰਥਿਕ ਅਤੇ ਵਿਤੀ ਸੇਵਾਵਾਂ ਦੇ ਨਾਲ ਨਾਲ ਮੀਡੀਆ ਲਈ ਆਲਮੀ ਰਿਪੋਰਟਿੰਗ ਮੁਹੱਈਆ ਕਰਨ ਵਾਲੀ ਮਸ਼ਹੂਰ ਸੰਸਥਾ ਸੀ ਜਿਸ ਨੂੰ 2008 ਵਿਚ ਥੌਮਸਨ ਕਾਰਪੋਰੇਸ਼ਨ ਨੇ ਖ਼ਰੀਦ ਲਿਆ। ਲਿਹਾਜ਼ਾ ਇਹ ਖ਼ਬਰਾਂ ਅਤੇ ਜਾਣਕਾਰੀ ਦਾ ਸਰੋਤ ਮਹੱਤਵਪੂਰਨ ਆਲਮੀ ਨੈਟਵਰਕ ਮੰਨਿਆ ਜਾਂਦਾ ਹੈ।

ਥੌਮਸਨ ਸਰਵੇਖਣ ਨੇ ਨੋਟ ਕੀਤਾ ਕਿ ਸਰਕਾਰ ਦੇ ਆਪਣੇ ਅੰਕੜੇ ਦੱਸਦੇ ਹਨ ਕਿ 2007 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜੁਰਮਾਂ ਵਿਚ 83% ਇਜ਼ਾਫ਼ਾ ਹੋਇਆ (ਇਹ ਕੇਵਲ ਉਹ ਜੁਰਮ ਹਨ ਜਿਨ੍ਹਾਂ ਦੀ ਰਿਪੋਰਟ ਦਰਜ ਕਰਾਈ ਗਈ, ਜਿਹੜੇ ਵੱਖ-ਵੱਖ ਕਾਰਨਾਂ ਕਰਕੇ ਦਬਾ ਦਿੱਤੇ ਜਾਂਦੇ ਹਨ, ਉਹ ਵੱਖਰੇ ਹਨ)। ਹਰ ਘੰਟੇ ਚਾਰ ਔਰਤਾਂ ਨਾਲ ਜਬਰ ਜਨਾਹ ਹੋਏ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅਨੁਸਾਰ 2012 ਅਤੇ 2016 ਦਰਮਿਆਨ ਔਰਤਾਂ ਖ਼ਿਲਾਫ਼ ਜੁਰਮ, ਜਿਨ੍ਹਾਂ ਵਿਚ ਜਬਰ ਜਨਾਹ, ਜਿਨਸੀ ਹਮਲੇ, ਤੇਜ਼ਾਬ ਸੁੱਟਣਾ ਅਤੇ ਦਾਜ ਕਾਰਨ ਮੌਤਾਂ ਸ਼ਾਮਲ ਹਨ, ਵਿਚ 40% ਇਜ਼ਾਫ਼ਾ ਹੋਇਆ। ਕੇਵਲ 2016 ਵਿਚ ਮਨੁੱਖੀ ਤਸਕਰੀ ਦੇ 15000 ਮਾਮਲੇ ਦਰਜ ਕੀਤੇ ਗਏ। ਜਿਨ੍ਹਾਂ ਵਿਚੋਂ ਦੋ ਤਿਹਾਈ 18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਸਨ ਜਿਨ੍ਹਾਂ ਨੂੰ ਤਸਕਰਾਂ ਵਲੋਂ ਆਪਣੇ ਚੁੰਗਲ ਵਿਚ ਫਸਾ ਕੇ ਦੇਹ ਵਪਾਰ ਜਾਂ ਘਰੇਲੂ ਗ਼ੁਲਾਮੀ ਵਿਚ ਧੱਕ ਦਿੱਤਾ ਗਿਆ।

ਜਿਸ ਮੁਲਕ ਦੇ ਹੁਕਮਰਾਨਾਂ ਅਤੇ ਰਾਜ ਢਾਂਚੇ ਦੀ ਜ਼ਮੀਰ ਇਸ ਕਦਰ ਮਰ ਚੁੱਕੀ ਹੈ ਕਿ ਇਹ ਔਰਤਾਂ ਦੇ ਖ਼ਿਲਾਫ਼ ਰੋਜ਼ਮਰਾ ਜਿਨਸੀ ਜ਼ੁਲਮਾਂ ਨੂੰ ਦੇਖ ਕੇ ਵੀ ਨਹੀਂ ਜਾਗਦੀ, ਉਨ੍ਹਾਂ ਦਾ ਦੰਭੀ ਲਹੂ ਐਸੀ ਕੋਈ ਰਿਪੋਰਟ ਆਉਣ ‘ਤੇ ਇਕਦਮ ਉਬਾਲੇ ਖਾਣ ਲੱਗਦਾ ਹੈ ਅਤੇ ਸਟੇਟ ਦੇ ਨੁਮਾਇੰਦੇ ਤੁਰੰਤ ਮੁਕਰਨ ਦੇ ਮੋਡ ਵਿਚ ਆ ਕੇ ਨਿਖੇਧੀ ਬਿਆਨ ਦਾਗ਼ਣੇ ਸ਼ੁਰੂ ਕਰ ਦਿੰਦੇ ਹਨ। ‘ਔਰਤਾਂ ਲਈ ਕੌਮੀ ਕਮਿਸ਼ਨ‘ ਜਿਸ ਦੀ ਵੱਡੇ-ਵੱਡੇ ਕਾਂਡ ਵਾਪਰਨ ‘ਤੇ ਵੀ ਮੂਰਛਾ ਨਹੀਂ ਟੁੱਟਦੀ, ਉਹ ਇਸ ਰਿਪੋਰਟ ਨੂੰ ਪੂਰੀ ਤਰ੍ਹਾਂ ਖਾਰਜ ਕਰਨ ਲਈ ਤੁਰੰਤ ਹਰਕਤ ਵਿਚ ਆ ਗਿਆ। ਕਮਿਸ਼ਨ ਨੇ ਦਲੀਲ ਦਿੱਤੀ ਹੈ ਕਿ ਔਰਤਾਂ ਉਪਰ ਜਿਨਸੀ ਜ਼ੁਲਮਾਂ ਦੀਆਂ ਘਟਨਾਵਾਂ ਵਿਚ ਇਜ਼ਾਫ਼ੇ ਦਾ ਭਾਵ ਹਿੰਸਾ ਵਧਣਾ ਨਹੀਂ ਸਗੋਂ ਜ਼ਿਆਦਾ ਰਿਪੋਰਟਾਂ ਉਜਾਗਰ ਹੋਣਾ ਹੈ। ਹੋਰ ਹਲਕਿਆਂ ਵਲੋਂ ਵੀ ਇਸ ਸਰਵੇਖਣ ਦੀ ਪ੍ਰਮਾਣਿਕਤਾ ਉਪਰ ਤਰ੍ਹਾਂ-ਤਰ੍ਹਾਂ ਦੇ ਸਵਾਲ ਉਠਾਏ ਜਾ ਰਹੇ ਹਨ। ਮੁੱਖ ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਮਹਿਜ਼ ਸਾਢੇ ਪੰਜ ਸੌ ਮਾਹਰਾਂ ਦੀਆਂ ਰਾਵਾਂ ਅਤੇ ਫਤਵਿਆਂ ਦੇ ਆਧਾਰ ‘ਤੇ ਇਹ ਨਤੀਜਾ ਕਿਵੇਂ ਕੱਢਿਆ ਜਾ ਸਕਦਾ ਹੈ ਕਿ ਫਲਾਣਾ ਮੁਲਕ ਔਰਤਾਂ ਲਈ ਸਭ ਤੋਂ ਖ਼ਤਰਨਾਕ ਹੈ। ਜਦੋਂ ਬਹੁਤ ਸਾਰੇ ਸਰਕਾਰੀ ਅਤੇ ਗ਼ੈਰਸਰਕਾਰੀ ਅੰਕੜੇ ਮੌਜੂਦ ਹਨ, ਇਹ ਸਮੱਗਰੀ ਹੀ ਔਰਤਾਂ ਦੀ ਦਸ਼ਾ ਨੂੰ ਸਮਝਣ ਅਤੇ ਇਸ ਤਰ੍ਹਾਂ ਦੀ ਦਰਜੇਬੰਦੀ ਕਰਨ ਦਾ ਪੈਮਾਨਾ ਬਣਾਈ ਜਾਣੀ ਚਾਹੀਦੀ ਹੈ ਨਾ ਕਿ ਕੁਝ ਲੋਕਾਂ ਦੇ ਪ੍ਰਭਾਵ ਅਤੇ ਧਾਰਨਾਵਾਂ। ਇਹ ਸੱਚ ਹੈ ਕਿ ਸਰਵੇਖਣ ਨੇ ਜਿਨ੍ਹਾਂ 759 ਮਾਹਰਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਵਿਚੋਂ 548 ਨੇ ਹੀ ਇਸ ਮੁੱਦੇ ਬਾਰੇ ਆਪਣੀਆਂ ਰਾਵਾਂ ਦਿੱਤੀਆਂ, ਇਨ੍ਹਾਂ ਵਿਚੋਂ 41 ਹਿੰਦੁਸਤਾਨੀ ਸਨ। ਸਰਵੇਖਣ ਨੇ ਉਨ੍ਹਾਂ ਨੂੰ ਪੁੱਛਿਆ ਸੀ ਕਿ ਸੰਯੁਕਤ ਰਾਸ਼ਟਰ ਦੇ 193 ਮੁਲਕਾਂ ਵਿਚੋਂ ਪੰਜ ਕਿਹੜੇ ਮੁਲਕ ਹਨ ਜਿਨ੍ਹਾਂ ਨੂੰ ਉਹ ਔਰਤਾਂ ਦੀ ਸਿਹਤ ਸੰਭਾਲ, ਆਰਥਕ ਵਸੀਲਿਆਂ, ਸੰਸਕ੍ਰਿਤਕ ਜਾਂ ਪ੍ਰੰਪਰਾਗਤ ਅਮਲਾਂ, ਜਿਨਸੀ ਹਿੰਸਾ ਅਤੇ ਤੰਗ-ਪ੍ਰੇਸ਼ਾਨ ਕਰਨ, ਗ਼ੈਰ-ਜਿਨਸੀ ਹਿੰਸਾ ਅਤੇ ਮਨੁੱਖੀ ਤਸਕਰੀ ਵਗੈਰਾ ਦੇ ਪੱਖਾਂ ਤੋਂ ਸਭ ਤੋਂ ਖ਼ਤਰਨਾਕ ਸਮਝਦੇ ਹਨ। ਨਿਸ਼ਚੇ ਹੀ ਸਰਵੇਖਣ ਦੇ ਸਵਾਲਾਂ ਦਾ ਜਵਾਬ ਦੇਣ ਵਾਲੇ ਆਪਣੇ ਪ੍ਰਭਾਵਾਂ ਦੇ ਆਧਾਰ




‘ਤੇ ਜਵਾਬ ਦੇਣਗੇ ਅਤੇ ਉਨ੍ਹਾਂ ਦੇ ਇਹ ਪ੍ਰਭਾਵ ਰੋਜ਼ਮਰਾ ਜ਼ਿੰਦਗੀ ਬਾਰੇ ਦੁਨੀਆ ਦੇ ਮੁਲਕਾਂ ਵਿਚੋਂ ਆ ਰਹੀਆਂ ਰਿਪੋਰਟਾਂ ਅਤੇ ਇਨ੍ਹਾਂ ਵਿਚਲੇ ਤੱਥਾਂ ਦੇ ਆਧਾਰ ‘ਤੇ ਬਣਨਗੇ। ਸੰਸਥਾ ਦਾ ਪੈਮਾਨਾ ਸਹੀ ਹੈ ਜਾਂ ਨਹੀਂ, ਸਵਾਲ ਇਹ ਨਹੀਂ। ਸਵਾਲ ਇਹ ਹੈ ਕਿ ਜਿਨ੍ਹਾਂ ਮੁਲਕਾਂ ਨੂੰ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਦੱਸਿਆ ਗਿਆ ਹੈ ਉਥੇ ਔਰਤਾਂ ਦੀ ਅਸਲ ਦਸ਼ਾ ਕੀ ਹੈ।

ਮੋਦੀ ਸਰਕਾਰ ਨੇ ‘ਬੇਟੀ ਬਚਾਓ, ਬੇਟੀ ਪੜਾਓ’ ਦਾ ਨਾਅਰਾ ਦਿੱਤਾ। ਇਸ ਦੇ ਕੀ ਮਾਇਨੇ ਬਣਦੇ ਹਨ? ਪਹਿਲਾ ਇਹ ਕਿ ਬੱਚੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ ਜਿਸ ਕਾਰਨ ਔਰਤ-ਮਰਦ ਦੀ ਜਨਮ ਦਰ ਦਾ ਸਮਾਜੀ ਤਵਾਜ਼ਨ ਬੁਰੀ ਤਰ੍ਹਾਂ ਵਿਗੜ ਚੁੱਕਾ ਹੈ। ਨੌਜਵਾਨ ਕੁੜੀਆਂ ਦੇ ਜਬਰੀ ਵਿਆਹ, ਅਣਖ ਖ਼ਾਤਰ ਕਤਲ, ਘਰ ਅਤੇ ਬਾਹਰ ਤੋਂ ਬਾਹਰ ਵਿਆਪਕ ਜਿਨਸੀ ਹਮਲੇ, ਡੈਣ ਕਰਾਰ ਦੇਕੇ ਕਤਲ ਕਰਨਾ, ਘਰੇਲੂ ਗ਼ੁਲਾਮੀ ਵਗੈਰਾ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਅਤੇ ਜੁਰਮ ਸਦੀਆਂ ਤੋਂ ਚੱਲ ਰਿਹਾ ਵਿਆਪਕ ਵਰਤਾਰਾ ਹੈ। ਔਰਤ ਦੇ ਆਪਣੀ ਜ਼ਿੰਦਗੀ ਦੇ ਫ਼ੈਸਲੇ ਲੈਣ ਅਤੇ ਮਨਪਸੰਦ ਪਹਿਰਾਵਾ ਪਹਿਨਣ ਉਪਰ ਮੱਧਯੁਗੀ ਬੰਦਸ਼ਾਂ ਹਨ। ਇਨ੍ਹਾਂ ਬੰਦਸ਼ਾਂ ਨੂੰ ਬਾਕਾਇਦਾ ਸਮਾਜੀ ਵਾਜਬੀਅਤ ਮੁਹੱਈਆ ਕਰਨ ਵਾਲੀ ਮਨੂਵਾਦੀ ਵਿਚਾਰਧਾਰਾ ਦੇ ਪੈਰੋਕਾਰ ਸੱਤਾ ਵਿਚ ਹੋਣ ਕਾਰਨ ਔਰਤਾਂ ਉਪਰ ਜਿਨਸੀ ਅਤੇ ਸਮਾਜੀ ਜ਼ੁਲਮਾਂ ਵਿਚ ਬੇਤਹਾਸ਼ਾ ਇਜ਼ਾਫ਼ਾ ਸਾਫ਼ ਨਜ਼ਰ ਆ ਰਿਹਾ ਹੈ।

ਇਹ ਹਕੀਕਤ ਹਰ ਕੋਈ ਜਾਣਦਾ ਹੈ ਕਿ ਸਟੇਟ ਵਲੋਂ ਆਪਣੇ ਹੱਕਾਂ ਲਈ ਲੜ ਰਹੇ ਸਮੂਹਾਂ ਨੂੰ ਸਬਕ ਸਿਖਾਉਣ ਅਤੇ ਜ਼ਲੀਲ ਕਰਨ ਲਈ ਉਨ੍ਹਾਂ ਦੀਆਂ ਔਰਤਾਂ ਉਪਰ ਬਾਕਾਇਦਾ ਇਕ ਨੀਤੀ ਦੇ ਤਹਿਤ ਸਮੂਹਿਕ ਜਬਰ-ਜਨਾਹ ਕਰਵਾਏ ਜਾਂਦੇ ਹਨ। ਕਸ਼ਮੀਰ, ਉਤਰ-ਪੂਰਬੀ ਰਿਆਸਤਾਂ ਅਤੇ ਮਾਓਵਾਦੀ ਰਸੂਖ਼ ਵਾਲੇ ਨੌਂ ਸੂਬਿਆਂ ਵਿਚੋਂ ਫ਼ੌਜ ਅਤੇ ਨੀਮ-ਫ਼ੌਜੀ ਦਸਤਿਆਂ ਅਤੇ ਸਟੇਟ ਵਲੋਂ ਖੜ੍ਹੇ ਕੀਤੇ ਗ਼ੈਰਕਾਨੂੰਨੀ ਗਰੋਹਾਂ ਵਲੋਂ ਸਮੂਹਿਕ ਜਬਰ-ਜਨਾਹਾਂ ਦੀਆਂ ਖ਼ਬਰਾਂ ਆਮ ਆਉਂਦੀਆਂ ਰਹਿੰਦੀਆਂ ਹਨ ਅਤੇ ਸਟੇਟ ਵਲੋਂ ਫ਼ੌਜ ਨੂੰ ‘ਅਫਸਪਾ’ ਵਰਗੇ ਵਿਸ਼ੇਸ਼ ਕਾਨੂੰਨਾਂ ਤਹਿਤ ਸਜ਼ਾ ਤੋਂ ਛੋਟ ਦੀ ਉਚੇਚੀ ਵਿਵਸਥਾ ਕੀਤੀ ਗਈ ਹੈ। ਹਾਲ ਹੀ ਵਿਚ ਝਾਰਖੰਡ ਦੇ ਖੂੰਟੀ ਜ਼ਿਲ੍ਹੇ ਵਿਚ ਪੰਜ ਔਰਤ ਕਲਾਕਾਰਾਂ ਵਲੋਂ ਚਲਾਈ ਜਾਰ ਹੀ ਪ੍ਰਚਾਰ ਮੁਹਿੰਮ ਨੂੰ ਬੰਦ ਕਰਾਉਣ ਲਈ ਉਨ੍ਹਾਂ ਨਾਲ ਸਮੂਹਿਕ ਜਬਰ-ਜਨਾਹ ਕੀਤਾ ਗਿਆ ਹੈ। ਮੰਦਸੌਰ (ਮੱਧ ਪ੍ਰਦੇਸ਼) ਵਿਚ ਅੱਠ ਸਾਲਾਂ ਬੱਚੀ ਨਾਲ ਜਬਰ-ਜਨਾਹ ਵਰਗੇ ਕਾਂਡ ਆਮ ਵਰਤਾਰਾ ਬਣ ਚੁੱਕੇ ਹਨ।

ਸਰਵੇਖਣ ਪ੍ਰਮਾਣਿਕ ਹੋਵੇ ਜਾਂ ਨਾ ਹੋਵੇ, ਉਸ ਵਿਚ ਜੋ ਮੁੱਦਾ ਉਠਾਇਆ ਗਿਆ ਹੈ, ਉਹ ਹਕੀਕੀ ਹੈ ਜਾਂ ਨਹੀਂ। ਅਸਲ ਸਵਾਲ ਇਹੀ ਹੈ ਜਿਸ ਬਾਰੇ ਸਥਾਪਤੀ ਖ਼ਾਮੋਸ਼ ਹੈ। ਉਹ ਮੁਲਕ ਅਸੁਰੱਖਿਆ ਦੇ ਪੱਖ ਤੋਂ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਕਿਉਂ ਨਹੀਂ ਮੰਨਿਆ ਜਾਣਾ ਚਾਹੀਦਾ ਜਿਥੇ ਕਿਸੇ ਲੜ ਰਹੇ ਸਮੂਹ ਨੂੰ ਜ਼ਲੀਲ ਕਰਨ ਅਤੇ ਸਟੇਟ ਦੀ ਤਾਕਤ ਅੱਗੇ ਬੇਵਸੀ ਦਾ ਅਹਿਸਾਸ ਕਰਾਉਣ ਲਈ ਉਨ੍ਹਾਂ ਦੀਆਂ ਔਰਤਾਂ ਦੇ ਸਵੈਮਾਣ ਨੂੰ ਕੁਚਲਣਾ ਬਾਕਾਇਦਾ ਰਾਜਕੀ ਨੀਤੀ ਅਤੇ ਰਾਜਸੀ ਹਥਿਆਰ ਹੈ। ਜਿਥੇ ਸੱਤਾਧਾਰੀ ਪਾਰਟੀ ਘਟ ਗਿਣਤੀ ਫਿਰਕੇ ਨੂੰ ਦਹਿਸ਼ਤਜ਼ਦਾ ਕਰਨ ਲਈ ਬੱਚੀ ਦਾ ਜਬਰ-ਜਨਾਹ ਕਰਵਾਉਂਦੀ ਹੈ ਅਤੇ ਫਿਰ ਮੰਤਰੀ ਕੌਮੀ ਝੰਡੇ ਚੁੱਕ ਕੇ ਮੁਜਰਮਾਂ ਨੂੰ ਬਚਾਉਣ ਲਈ ਸੜਕਾਂ ਉਪਰ ਅੰਦੋਲਨ ਕਰਦੇ ਹਨ।

ਇਹ ਸ਼ਾਇਦ ਹੀ ਕਿਸੇ ਹੋਰ ਮੁਲਕ ਵਿਚ ਹੋਇਆ ਹੋਵੇ ਕਿ ਵਕੀਲਾਂ ਦੀ ਸੰਸਥਾ (ਬਾਰ ਐਸੋਸੀਏਸ਼ਨ) ਐਨੇ ਵੱਡੇ ਜੁਰਮ ਦੀ ਜਾਂਚ ਦੇ ਅਮਲ ਨੂੰ ਰੋਕਣ ਲਈ ਹੜਤਾਲ ਕਰੇ ਅਤੇ ਇਨਸਾਫ਼ ਲੈਣ ਲਈ ਅਸਾਲਟ ਰਾਈਫ਼ਲਾਂ ਚੁੱਕਣ ਦੀਆਂ ਖੁੱਲ੍ਹੇਆਮ ਦਹਿਸ਼ਤਵਾਦੀ ਧਮਕੀਆਂ ਦੇਵੇ। ਇਹ ਉਹ ਮੁਲਕ ਹੈ ਜਿਥੇ ਅਸਾਮ ਦੇ ਤਿੰਨ ਆਦਿਵਾਸੀ ਜ਼ਿਲ੍ਹਿਆਂ ਵਿਚੋਂ ਪੜ੍ਹਾਈ ਦੇ ਬਹਾਨੇ ਪੰਜ ਸੌ ਬੱਚੀਆਂ ਨੂੰ ਹਿੰਦੂਤਵੀ ਸਾਧਵੀਆਂ ਬਣਾਉਣ ਲਈ ਤਸਕਰੀ ਦਾ ਨਿਆਂ ਪ੍ਰਣਾਲੀ ਵੀ ਕੋਈ ਨੋਟਿਸ ਨਹੀਂ ਲੈਂਦੀ। ਜਿਸ ਮੁਲਕ ਵਿਚ ਔਰਤਾਂ ਦੇ ਖ਼ਿਲਾਫ਼ ਜੁਰਮ ਨਾਲੋਂ ਮੁਜਰਿਮਾਂ ਦੇ ਧਰਮ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਕਠੂਆ ਦਾ ਮੰਜ਼ਰ ਅਜੇ ਵੀ ਕੁਲ ਆਲਮ ਦੇ ਚੇਤਿਆਂ ਵਿਚ ਸੱਜਰਾ ਹੈ ਜਿਥੇ ਸੰਘੀਆਂ ਨੇ ਕੌਮੀ ਝੰਡੇ ਚੁੱਕ ਕੇ ਬਲਾਤਕਾਰੀਆਂ ਨੂੰ ਬਚਾਉਣ ਲਈ ਮੁਜ਼ਾਹਰੇ ਕਰਨ ਤੋਂ ਲੈ ਕੇ ਹਰ ਮੋਰਚਾ ਮੱਲਿਆ ਹੋਇਆ ਸੀ, ਕਿਉਂਕਿ ਮੁਜਰਿਮ ਹਿੰਦੂ ਫਿਰਕੇ ਦੇ ਸਨ।

ਮੰਦਸੌਰ ਕਾਂਡ ਵਿਚ ਮੁਜਰਿਮ ਕਿਉਂਕਿ ਮੁਸਲਮਾਨ ਹਨ, ਇਸ ਕਰ ਕੇ ਹੁਣ ਸੰਘ ਦੀ ਸੋਸ਼ਲ ਮੀਡੀਆ ਫ਼ੌਜ ਲੱਖਾਂ ਦੀ ਤਾਦਾਦ ਵਿਚ ਟਿੱਪਣੀਆਂ ਕਰਕੇ ਪੁੱਛ ਰਹੀ ਹੈ ਕਿ ਆਸਿਫ਼ਾ ਕਾਂਡ ਵਿਚ ਬੱਚੀ ਨੂੰ ਇਨਸਾਫ਼ ਦਿਵਾਉਣ ਲਈ ਮੁਹਿੰਮ ਚਲਾਉਣ ਵਾਲੇ ਬੁੱਧੀਜੀਵੀ ਅਤੇ ਸੰਸਥਾਵਾਂ ਮੰਦਸੌਰ ਕਾਂਡ ਵਿਚ ਖ਼ਾਮੋਸ਼ ਕਿਉਂ ਹਨ? ਜਦਕਿ ਹਕੀਕਤ ਇਹ ਹੈ ਕਿ ਮੰਦਸੌਰ ਕਾਂਡ ਵਿਚ ਸੰਘ ਬ੍ਰਿਗੇਡ ਤੋਂ ਐਨ ਉਲਟ ਮੁਸਲਿਮ ਸੰਸਥਾਵਾਂ ਮੁਜਰਮਾਂ ਨੂੰ ਸਖ਼ਤ ਸਜ਼ਾ ਦਿਵਾਉਣ ਦੀ ਮੰਗ ਕਰਦੇ ਹੋਏ ਅੱਗੇ ਹੋ ਕੇ ਲੜ ਰਹੀਆਂ ਹਨ ਅਤੇ ਮੁਜਰਮਾਂ ਨੂੰ ਕਾਨੂੰਨੀ ਸਹਾਇਤਾ ਨਾ ਦੇਣ ਅਤੇ ਉਨ੍ਹਾਂ ਨੂੰ ਫਾਂਸੀ ਦਿੱਤੇ ਜਾਣ ਦੀ ਸੂਰਤ ਵਿਚ ਕਿਸੇ ਕਬਰਸਤਾਨ ਵਿਚ ਦਫ਼ਨਾਉਣ ਲਈ ਜਗ੍ਹਾ ਨਾ ਦੇਣ ਦਾ ਖੁੱਲ੍ਹੇਆਮ ਐਲਾਨ ਕਰ ਰਹੀਆਂ ਹਨ।

ਐਸਾ ਮੁਲਕ ਜੇ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਨਾ ਵੀ ਮੰਨਿਆ ਜਾਵੇ ਘੱਟੋ-ਘੱਟ ਭਿਆਨਕ ਹੱਦ ਤਕ ਅਸੁਰੱਖਿਅਤ ਤਾਂ ਹੈ ਹੀ। ਆਲਮੀ ਰਿਪੋਰਟ ਪ੍ਰਮਾਣਿਕ ਨਾ ਵੀ ਹੋਵੇ ਇਸ ਪ੍ਰਤੱਖ ਹਕੀਕਤ ਤੋਂ ਕੌਣ ਮੁੱਕਰ ਸਕਦਾ ਹੈ?

# ਭਾਜਪਾ ਦੀ ਮਾਰ-ਮੁਕਾਉਣ ਦੀ ਘਾਤਕ ਨੀਤੀ

ਭਾਰਤ ਦੀ ਮੌਜੂਦਾ ਵਿਵਸਥਾ ਅਤੇ ਇਸ ਦੀ ਰਖਵਾਲੀ ਮੌਜੂਦਾ ਭਾਜਪਾ ਸਰਕਾਰ ਮਾਰ ਕੇ ਮੁਕਾਉਣ ਦੀ ਮਾਨਵ-ਵਿਰੋਧੀ ਨੀਤੀ ਲਾਗੂ ਕਰ ਰਹੀ ਹੈ ਜਿਹੜੀ ਇਸ ਦੀ ਅਸਫ਼ਲਤਾ ਦਾ ਸ਼ਰ੍ਹੇਆਮ ਐਲਾਨ ਹੈ। ਪ੍ਰਮਾਣ ਲਈ ਚਾਰ ਵਰਤਾਰੇ ਹੀ ਕਾਫ਼ੀ ਹਨ: ਦਿੱਲੀ ਵਿਚ ਨਿਰਭਯਾ ਬਲਾਤਕਾਰ ਖ਼ਿਲਾਫ਼ ਪੂਰਾ ਮੁਲਕ ਝੰਜੋੜਿਆ ਗਿਆ ਸੀ ਜਿਸ ਕਰ ਕੇ ਅਪਰਾਧੀਆਂ ਖ਼ਿਲਾਫ਼ ਫਾਂਸੀ ਦੀ ਕਰੜੀ ਸਜ਼ਾ ਦੀ ਮੰਗ ਉਭਰ ਆਈ ਸੀ। ਇਸ ਦੇ ਜਵਾਬ ਵਿਚ ਤੇਜ਼ ਰਫ਼ਤਾਰ ਅਦਾਲਤੀ ਕਾਰਵਾਈ ਅਤੇ

**ਦਰਸ਼ਨ ਸਿੰਘ ਖਟਕੜ**

ਫਾਂਸੀ ਦੀ ਸਜ਼ਾ ਲਈ ਕਾਨੂੰਨੀ ਉਪਾਅ ਕੀਤੇ ਗਏ। ਸਰਕਾਰਾਂ ਨੇ ਆਪੋ-ਆਪਣੀ ਪਿੱਠ ਥਾਪੜੀ ਅਤੇ ਰੋਗ ਦੀ ਜੜ੍ਹ ਵੱਢ ਦੇਣ ਦਾ ਪ੍ਰਭਾਵ ਪਾਇਆ ਪਰ ਅਮਲ ਵਿਚ ਹੋਇਆ ਇਸ ਦੇ ਉਲਟ ਅਤੇ ਪਹਿਲਾਂ ਨਾਲੋਂ ਵੀ ਬਦਤਰ। ਨਾਬਾਲਗ ਬੱਚੀਆਂ ਨਾਲ ਬਲਾਤਕਾਰ ਦੇ ਕਾਰੇ ਰੋਜ਼ ਦੀਆਂ ਖ਼ਬਰਾਂ ਬਣ ਗਏ। ਕਠੂਆ ਕਾਂਡ ਤਾਂ ਹੋਰ ਵੀ ਗੰਭੀਰ ਕਾਰਨਾਮਾ ਹੋ ਨਿਬੜਿਆ। ਇਕ ਵਾਰ ਫਿਰ ਫਾਂਸੀ ਦੀ ਸਜ਼ਾ ਵਰਗੀ ਕਰੜੀ ਕਾਰਵਾਈ ਦੇ ਐਲਾਨ ਹੋਏ ਪਰ ਇਹ ਦੁਖਦਾਈ ਅਤੇ ਬੇਰਹਿਮ ਵਰਤਾਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਦੁਨੀਆਂ ਭਰ ਦੇ ਵਿਦਵਾਨ, ਮਨੋਵਿਗਿਆਨੀ, ਸਮਾਜ ਵਿਗਿਆਨੀ ਤੇ ਮੈਡੀਕਲ ਮਾਹਿਰ ਮੰਨਦੇ ਹਨ ਕਿ ਕਿਸੇ ਭ੍ਰਿਸ਼ਟ ਤੇ ਕੁਰਾਹੇ ਪਏ ਵਤੀਰੇ ਨੂੰ ਸੋਧਣ ਅਤੇ ਖ਼ਤਮ ਕਰਨ ਲਈ ਉਨ੍ਹਾਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਕਾਰਨਾਂ ਦਾ ਖ਼ਾਤਮਾ ਜ਼ਰੂਰੀ ਹੁੰਦਾ ਹੈ ਜਿਹੜੇ ਇਸ ਨੂੰ ਪੈਦਾ ਕਰਦੇ ਹਨ, ਨਹੀਂ ਤਾਂ ਰੋਗ ਅਸਾਧ ਹੋ ਜਾਂਦਾ ਹੈ। ਸਾਡੇ ਅੱਜ ਦੇ ਨੀਤੀਵਾਨ ਗ਼ੁਰਬਤ, ਨਸ਼ਾਖੋਰੀ, ਟੀਵੀ ਤੇ ਫੋਨਾਂ ਦੇ ਨੰਗੇਜਵਾਦ, ਬੇਕਾਰੀ, ਨਿਰਾਸ਼ਾ ਆਦਿ ਬੁਨਿਆਦੀ ਕਾਰਨਾਂ ਵੱਲ ਮੂੰਹ ਕਰਨ ਨੂੰ ਵੀ ਤਿਆਰ ਨਹੀਂ। ਸਰਕਾਰ ਦੀ ਇਹ ਖਿਝ, ਅਸਫ਼ਲਤਾ ਅਤੇ ਥੋੜ੍ਹ-ਦ੍ਰਿਸ਼ਟੀ ਡੰਡੇ ਲੱਭ ਲੈਂਦੀ ਹੈ, ਜਿਵੇਂ ਮੱਧਕਾਲ ਵਿਚ ਹੱਥ ਲਈ ਹੱਥ ਵੱਢਣ, ਅੱਖ ਲਈ ਅੱਖ ਕੱਢਣ ਦੀ ਜਗੀਰੂ ਰੀਤ ਲਾਗੂ ਹੁੰਦੀ ਸੀ। ਅਜੋਕੇ ਯੁੱਗ ਵਿਚ ਇਉਂ ਸੋਚਣਾ ਅਹਿਮਕਾਨਾ ਹੈ।

ਦੂਸਰਾ ਵਰਤਾਰਾ ਗੈਂਗਸਟਰਾਂ ਦਾ ਹੈ। ਗੈਂਗਸਟਰ ਮਾਂ ਦੇ ਪੇਟ ‘ਚੋਂ ਹੀ ਗੈਂਗਸਟਰ ਬਣ ਕੇ ਨਹੀਂ ਜੰਮਦੇ। ਬੇਕਾਰੀ, ਤੰਗੀ, ਭਵਿਖ ਦੀ ਬੇਯਕੀਨੀ ਦੇ ਮਧੋਲੇ ਨੌਜਵਾਨ ਅਸਾਨੀ ਨਾਲ ਹੀ ਸਿਆਸਤਦਾਨਾਂ ਨੂੰ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਉਹ ਧੱਕੇ ਨਾਲ ਕਬਜ਼ੇ ਕਰਨ, ਲੋਕਾਂ ਅਤੇ ਆਪਣੇ ਵਿਰੋਧੀਆਂ ਨੂੰ ਖੂੰਜੇ ਲਾਉਣ ਅਤੇ ਆਪਣੀ ਚੌਧਰ ਠੋਸਣ ਲਈ, ਲਠੈਤ-ਜੁੰਡੀ ਵਜੋਂ ਵਰਤਦੇ ਹਨ ਅਤੇ ਇਉਂ ਗੈਰ-ਕਾਨੂੰਨੀ ਨਿਜੀ ਹਥਿਆਰਬੰਦ ਟੋਲਿਆਂ ਨਾਲ ਆਪਣੀ ਸਰਦਾਰੀ ਚਮਕਾਉਂਦੇ ਅਤੇ ਗੈਰ-ਕਾਨੂੰਨੀ ਕਾਰਵਾਈਆਂ ਕਰਵਾਉਂਦੇ ਹਨ। ਜਦ ਇਨ੍ਹਾਂ ਵਿਚੋਂ ਕੁਝ ਵਿਰੋਧੀ ਸਿਆਸੀ ਧਿਰ ਨਾਲ ਜਾ ਰਲਦੇ ਹਨ ਤਾਂ ਸਮਾਂ ਆਉਣ ‘ਤੇ ਉਨ੍ਹਾਂ ਨੂੰ ਮਾਰ ਕੇ ਮੁਕਾਉਣ ਦਾ ਅਮਲ ਆਰੰਭ ਹੋ ਜਾਂਦਾ ਹੈ। ਰੇਤ ਮਾਫੀਏ ਦੀਆਂ ਤਲਵਾਰਾਂ ਤੇ ਬੰਦੂਕਾਂ ਕਿਸ ਦੇ ਸਿਰ ‘ਤੇ ਚੱਲ ਰਹੀਆਂ ਹਨ? ਗੈਰ-ਕਾਨੂੰਨੀ ਉਸਾਰੀਆਂ ਕਿਨ੍ਹਾਂ ਦੀਆਂ ਧਮਕੀਆਂ ਨਾਲ ਹੁੰਦੀਆਂ ਹਨ? ਫ਼ਰਕ ਇੰਨਾ ਹੈ ਕਿ ਗੈਂਗਸਟਰ ਨਵੇਂ ਰੂਪ ਵਿਚ ਪੈਦਾ ਹੋ ਰਹੇ ਹਨ ਤੇ ਨਵਾਂ ਗੈਂਗਸਟਰਵਾਦ ਉਭਰ ਚੁੱਕਾ ਹੈ। ਕੱਲ੍ਹ ਨੂੰ ਇਨ੍ਹਾਂ ਨੂੰ ਮਾਰ ਕੇ ਮੁਕਾਉਣ ਵਾਲਾ ਕੋਈ ਹੋਰ ਆ ਜਾਵੇਗਾ। ਇਉਂ ਅੱਜ ਦੀ ਸਿਆਸਤ ਤੇ ਸਰਕਾਰਾਂ ਆਪਣੇ ਹੀ ਮੁਲਕ ਦੇ ਭਟਕ ਚੁੱਕੇ ਮਨੁੱਖੀ ਧਨ ਨੂੰ ਬਰਬਾਦ ਕਰਨੋਂ ਝਿਜਕ ਨਹੀਂ ਰਹੀਆਂ।

ਤੀਸਰਾ ਵਰਤਾਰਾ ਜੰਮੂ ਕਸ਼ਮੀਰ ਦਾ ਹੈ। ਸੰਘ ਬ੍ਰਿਗੇਡ ਕਸ਼ਮੀਰੀਆਂ, ਖਾਸ ਕਰਕੇ ਮੁਸਲਿਮ ਭਾਈਚਾਰੇ ਬਾਰੇ ਆਪਣੀ ਵਿਤਕਰੇਬਾਜ਼ ਅਤੇ ਦਬਾਊ ਨੀਤੀ ਸਪਸ਼ਟ ਕਰ ਚੁੱਕਾ ਹੈ। ਉਹ ਕਸ਼ਮੀਰੀਆਂ ਨੂੰ ਡੰਡੇ ਦੇ ਜ਼ੋਰ ਗੱਲਬਾਤ ਦੀ ਮੇਜ਼ ‘ਤੇ ਬਿਠਾਉਣਾ ਅਤੇ ਮਰਜ਼ੀ ਦਾ ਸਮਝੌਤਾ ਕਰਵਾਉਣਾ ਚਾਹੁੰਦਾ ਹੈ ਜਿਸ ਵਿਚ 370 ਧਾਰਾ ਦਾ ਕਿਣਕਾ ਵੀ ਮੌਜੂਦ ਨਾ ਹੋਵੇ। ਹੁਣ 2019 ਦੀਆਂ ਲੋਕ ਸਭਾਈ ਚੋਣਾਂ ਤੋਂ ਪਹਿਲਾਂ ਕੁੱਟ ਕੇ ਝੁਕਾਉਣ ਅਤੇ ਮਾਰ ਕੇ ਮੁਕਾਉਣ ਲਈ, ਸਰਕਾਰ ਡੇਗ ਕੇ ਆਪਣਾ ਰਾਹ ਪੱਧਰਾ ਕਰ ਲਿਆ ਹੈ।

ਚੌਥਾ ਵਰਤਾਰਾ ਛੱਤੀਸਗੜ੍ਹ, ਮਹਾਰਾਸ਼ਟਰ, ਝਾਰਖੰਡ, ਉੜੀਸਾ ਆਦਿ ਸੂਬਿਆਂ ਵਿਚ ਆਦਿਵਾਸੀ ਅੰਦੋਲਨ ਦਾ ਹੈ। ਇਨ੍ਹਾਂ ਸੂਬਿਆਂ ਵਿਚ ਮਾਓਵਾਦੀ ਪਾਰਟੀ ਸਮੇਤ ਵੱਖ ਵੱਖ ਨਕਸਲੀ ਧਿਰਾਂ ਆਦਿਵਾਸੀਆਂ ਨੂੰ ਬਚਾਉਣ ਦਾ ਕਾਰਜ ਕਰ ਰਹੀਆਂ ਹਨ। ਕੇਂਦਰੀ ਅਤੇ ਸੂਬਾਈ ਸਰਕਾਰਾਂ ਇਨ੍ਹਾਂ ਆਦਿਵਾਸੀਆਂ ਦਾ ਵਿਸ਼ਵਾਸ ਜਿੱਤਣ ਵਿਚ ਅਸਫ਼ਲ ਸਿੱਧ ਹੋਈਆਂ ਹਨ। ਡੇਢ ਕੁ ਸਾਲ ਪਹਿਲਾਂ ਕੇਂਦਰੀ ਅਤੇ ਛੱਤੀਸਗੜ੍ਹ ਸੂਬਾ ਸਰਕਾਰ ਨੇ ਆਦਿਵਾਸੀਆਂ ਦਾ ਵਿਰੋਧ ਕੁਚਲਣ ਅਤੇ ਧਮਕਾਉਣ ਲਈ ਸਮੂਹਿਕ ਕਤਲੇਆਮ ਦੀ ਛਲ ਨੀਤੀ ਧਾਰਨ ਕੀਤੀ ਅਤੇ ਆਦਿਵਾਸੀਆਂ ਨੂੰ ਸਾਜ਼ਿਸ਼ ਕਰਕੇ ਮਾਰ ਦਿੱਤਾ। ਉਹੀ ਨੀਤੀ ਹੁਣ ਗੜਚਿਰੌਲੀ ਵਿਚ ਲਾਗੂ ਕੀਤੀ ਗਈ ਹੈ ਜਿਸ ਨਾਲ ਕਰੀਬ 40 ਆਦਿਵਾਸੀਆਂ ਨੂੰ ਮਾਰ ਦਿੱਤਾ ਗਿਆ।

ਸਰਕਾਰੀ ਵਿਕਾਸ ਕਾਰਪੋਰੇਟਾਂ ਦਾ ਵਿਕਾਸ ਅਤੇ ਆਦਿਵਾਸੀਆਂ ਦਾ ਵਿਨਾਸ਼ ਹੈ। ਸਰਕਾਰ ਆਦਿਵਾਸੀਆਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੀਆਂ ਨਜ਼ਰਾਂ ਨਾਲ ਨਹੀਂ, ਸਗੋਂ ਕਾਰਪੋਰੇਟਾਂ ਦੇ ਹਿੱਤਾਂ ਅਨੁਸਾਰ ਦੇਖਦੀ ਹੈ। ਸਾਡੀ ਇਹ ਆਰਥਿਕ-ਸਮਾਜਿਕ ਵਿਵਸਥਾ ਅਤੇ ਮੌਜੂਦਾ ਕੇਂਦਰੀ ਸਰਕਾਰ ਸਵੈ-ਨਿਖੇਧ ਦੇ ਰਾਹੇ ਪੈ ਚੁੱਕੀ ਹੈ ਅਤੇ ਆਪਣੀਆਂ ਮਨੌਤਾਂ ਦਾ ਆਪ ਹੀ ਖੰਡਨ ਕਰ ਰਹੀ ਹੈ। ਅਦਾਲਤਾਂ ਨੂੰ ਨਿਰਪੱਖ ਅਤੇ ਸੁਤੰਤਰ ਕਹਿਣ ਵਾਲੇ ਇਨ੍ਹਾਂ ਨੂੰ ਆਪਣਾ ਔਜ਼ਾਰ ਬਣਾ ਰਹੇ ਹਨ, ਪਾਰਲੀਮੈਂਟ ਨੂੰ ਇਸ ਦੇ ਸੰਚਾਲਕ ਆਪ ਹੀ ਚਲਾਉਣਾ ਨਹੀਂ ਚਾਹੁੰਦੇ ਅਤੇ ਇਸ ਨੂੰ ਕਾਵਾਂਰੌਲੀ ਦਾ ਮੰਚ ਬਣਾ ਚੁੱਕੇ ਹਨ; ਜਿਥੇ ਮੁੱਦੇ ਲੋਪ ਅਤੇ ਮਿਹਣੇ ਮਹਾਨ ਹਨ। ਚੋਣਾਂ ਹਰ ਵਾਰ ਬੰਦੂਕਾਂ ਦੀ ਛਾਂ ਹੇਠ ਹੁੰਦੀਆਂ ਹਨ ਅਤੇ ਇਸ ਨੂੰ ਜਮਹੂਰੀ ਅਮਲ ਦਾ ਅਟੁੱਟ ਤੇ ਸੁਭਾਵਕ ਅੰਗ ਮੰਨ ਲਿਆ ਗਿਆ ਹੈ। ਲੱਖਾਂ ਸਿਪਾਹੀਆਂ ਦੀ ਤਾਇਨਾਤੀ ਸ਼ਾਂਤਮਈ ਐਲਾਨੀਆਂ ਜਾਂਦੀਆਂ ਚੋਣਾਂ ਲਈ ਜ਼ਰੂਰੀ ਸ਼ਰਤ ਬਣ ਚੁੱਕੀ ਹੈ।

ਅਜਿਹੀ ਵਿਵਸਥਾ ਤੋਂ ਪਰੇਸ਼ਾਨ ਲੋਕ ਤਬਦੀਲੀ ਲਈ ਤਰਲੋਮੱਛੀ ਹਨ। ਅੱਜ ਇਸ ਧਿਰ ਅਤੇ ਚਾਰ ਮਹੀਨੇ ਮਗਰੋਂ ਵਿਰੋਧੀ ਧਿਰ ਨੂੰ ਵੋਟ ਪਾ ਦਿੰਦੇ ਹਨ ਪਰ ਪਰਚੀ ਪਾਉਣ ਦੇ ਸੁਖਾਲੇ ਤਰੀਕੇ ਤੋਂ ਬਿਨਾਂ ਕੋਈ ਹੋਰ ਰਾਹ ਉਨ੍ਹਾਂ ਨੂੰ ਦਿਸਦਾ ਨਹੀਂ। ਇਸ ਕਰਕੇ ਸਰਕਾਰਾਂ ਇਸ ਰਾਹ ਦੀ ਵਾਜਬੀਅਤ ਦਰਸਾਉਣ ਲਈ ਨਵੇਂ ਬਾਲਗ ਵੋਟਰਾਂ ਦੇ ਵੋਟ-ਹੱਕ ਅਤੇ ਇਸ ਦੀ ਤਾਕਤ ਨੂੰ ਖੂਬ ਉਛਾਲਦੀਆਂ ਹਨ। ਆਦਿਵਾਸੀਆਂ ਦਾ ਸੰਘਰਸ਼ ਤਬਦੀਲੀ ਦੇ ਬਦਲਵੇਂ ਰਾਹ ਦਾ ਸੰਕੇਤ ਦਿੰਦਾ ਹੈ। ਇਸ ਮੁਲਕ ਦੀ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਆਮ ਲੋਕਾਈ ਆਦਿਵਾਸੀਆਂ ਵਾਲਾ ਰਾਹ ਅਪਣਾਵੇ। ਇਸ ਕਰਕੇ ਸਰਕਾਰ ਆਦਿਵਾਸੀਆਂ ਦੇ ਬਦਲਵੇਂ ਰਾਹ ਅਤੇ ਉਸ ਰਾਹ ਦੇ ਰਾਹੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਭਾਰਤ ਦੇ ਦੁਖਿਆਰੇ ਲੋਕ ਦੁਰਾਹੇ ‘ਤੇ ਖੜ੍ਹੇ ਹਨ; ਇੱਕ ਪਾਸੇ ਬਦਲਵਾਂ ਪਰ ਔਖਾ ਰਾਹ ਹੈ ਅਤੇ ਦੂਜੇ ਪਾਸੇ ਸੌਖਾ ਪਰ ਨਿਰਾਰਥਕ ਸਾਬਤ ਹੋ ਰਿਹਾ ਰਾਹ ਹੈ।

ਕਿਸਾਨੀ ਦਰਦ

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 4)

***ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਉਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ ਚੌਥੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਮੇਰੇ ਪਿੱਛੋਂ ਅਮਰੇ ਨੇ ਤੋਰੀਆ ਗਾਹ ਗੁਹਾ ਕੇ ਰਾਜਪੁਰੇ ਦੀ ਮੰਡੀ ਵਿਚ ਸੁੱਟ ਦਿਤਾ। ਮੈਂ ਕਣਕ ਦੀ ਬਿਜਾਈ ਵੇਲੇ ਆਇਆ ਤਾਂ ਉਸ ਨੇ ਦੱਸਿਆ ਕਿ ਬੈਂਕ ਵਾਲੇ ਫੇਰ ਮੇਰੀ ਗੈਰ-ਹਾਜ਼ਰੀ ਵਿਚ ਤਿੰਨ-ਚਾਰ ਚੱਕਰ ਮਾਰ ਗਏ ਸਨ ਤੇ ਮੇਰਾ ਚੰਡੀਗੜ੍ਹ ਦਾ ਪਤਾ ਪੁੱਛਦੇ ਸਨ। ਸੁਣ ਕੇ ਮੇਰੇ ਮਨ ਵਿਚ ਉਨ੍ਹਾਂ ਪ੍ਰਤੀ ਘ੍ਰਿਣਾ ਭਰ ਆਈ। ਮੈਂ ਆੜ੍ਹਤੀਏ ਨਾਲ ਹਿਸਾਬ-ਕਿਤਾਬ ਕਰ ਕੇ ਉਨ੍ਹਾਂ ਦੇ ਮੁੜ ਆਉਣ ਤੋਂ ਪਹਿਲਾਂ ਕਿਸ਼ਤ ਭਰ ਆਇਆ। ਕਣਕ ਬੀਜਣ ਵੇਲੇ ਅਮਰੇ ਨੇ ਮੈਨੂੰ ਫਸਲ ਦੇ ਖਰਚੇ ਦਾ ਅੰਦਾਜ਼ਾ ਲਵਾਇਆ। ਜੀਰੀ ਦੇ ਸਾਰੇ ਖਰਚੇ ਜੋੜ ਕੇ ਮੈਂ ਹਿਸਾਬ ਲਾਇਆ ਕਿ ਮਸਾਂ ਕਮਰੇ ਦਾ ਪਲਸਤਰ ਤੇ ਪੱਲਿਆਂ (ਬੂਹੇ-ਬਾਰੀਆਂ) ਜਿੰਨੇ ਕੁ ਪੈਸੇ ਹੀ ਬਚਣਗੇ। ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਫਸਲ ਆਉਣ 'ਤੇ ਇਕ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਕ ਤੋਹਫਾ ਦੇਣ ਦਾ ਵਾਅਦਾ ਕੀਤਾ ਸੀ, ਪਰ ਬੱਚਤ ਪੂਰੀ ਨਾ ਹੋਣ ਕਰ ਕੇ ਉਹ ਵੀ ਅੱਗੇ ਪਾ ਦਿੱਤਾ। ਇਸ ਗੱਲ ਨੇ ਮੈਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਕਿਸਾਨ ਇੰਨੀ ਥੋੜੀ ਆਮਦਨ 'ਤੇ ਗੁਜ਼ਾਰਾ ਕਿਵੇਂ ਕਰਦੇ ਹੋਣਗੇ? ਮੇਰੇ ਭਰਾ ਕਿਵੇਂ ਦਿਨ ਕਟੀ ਕਰਦੇ ਹੋਣਗੇ? ਹਰੀ ਕ੍ਰਾਂਤੀ ਤੋਂ ਬਾਅਦ ਕੋਈ ਹੋਰ ਵੱਡੀ ਖੇਤੀ ਕ੍ਰਾਂਤੀ ਤਾਂ ਆਉਣ ਵਾਲੀ ਨਹੀਂ। ਫਿਰ ਇਨ੍ਹਾਂ ਦਾ ਕੀ ਬਣੇਗਾ?

ਉਸੇ ਦਿਨ ਅਮਰੇ ਨੇ ਮੇਰੇ ਕੋਲੋਂ ਆਪਣੇ ਘਰੇਲੂ ਖਰਚੇ ਲਈ ਦੋ ਸੌ ਰੁਪਏ ਉਧਾਰ ਮੰਗੇ, ਜੋ ਉਸ ਨੇ ਮੈਨੂੰ ਮੋੜਨੇ ਨਹੀਂ ਸਨ ਸਗੋਂ ਖੇਤ ਨੌਕਰੀ ਦੇ ਦਸਤੂਰ ਅਨੁਸਾਰ ਅਗਲੇ ਸਾਲ ਦੀ ਪੁਗਾਰ ਵਿਚੋਂ ਕਟਵਾ ਦੇਣੇ ਸਨ। ਮੈਂ ਉਸ ਨੂੰ ਸੌ ਰੁਪਏ ਦੇ ਕੇ ਕਿਹਾ, "ਇੰਨਿਆਂ ਕੁ ਮਾਂ ਸਾਰ ਲੈ, ਖਰਚਾ ਬਹੁਤ ਹੋ ਗਿਆ।" ਉਹ ਮੰਨ ਤਾਂ ਗਿਆ ਪਰ ਕਹਿਣ ਲੱਗਾ, "ਖਰਚੇ ਤੋ ਇੱਤਰਾਂ ਈ ਚਲਦੇ ਰਹਾਂ ਬਾਹ ਬਹਾਈ ਕੇ ਕੰਮਾਂ ਮਾਂ। ਬੜਾ ਖਰਚਾ ਤੋ ਤੇਰਾ ਔਣ ਆਲਾ ਹਾਲੇ।"

ਮੈਂ ਹੈਰਾਨੀ ਨਾਲ ਪੁੱਛਿਆ, "ਬੜਾ ਖਰਚਾ, ਔਹ ਕਿਹੜਾ?"

ਕਹਿਣ ਲੱਗਾ, "ਟਰੈਕਟਰ ਠੀਕ ਕਰਾਈ ਗਾ। ਜਾਣੇ ਆਲਾ ਈ ਐ ਬਰਕਸਾਪ ਮਾਂ।"

ਮੈਂ ਉਸ ਦੀ ਗੱਲ ਨੂੰ ਟਪਾਰ ਸਮਝਦਿਆਂ ਪੁੱਛਿਆ, "ਟਰੈਕਟਰ ਤੋ ਹਾਲੇ ਹੁਣ ਕਢਾਇਆ, ਵਰਕਸ਼ਾਪ ਮਾਂ ਕਿਉਂ ਜਾਹੇਗਾ?"

ਉਹ ਬੋਲਿਆ, "ਜਾਹੇਗਾ ਨੀ ਲਾਣੇਦਾਰ ਹੋਰ ਕੇ ਕਰੇਗਾ? ਦੋ ਟੈਮ ਤੋ ਤੇਰਾ ਭਾਈ ਉਸ ਪਰ ਖੇਤ ਮਾਂ ਤੇ ਕੱਖ ਕੰਡਾ ਲੱਦ ਕੈ ਲਿਆਵਾ। ਦੋਏ ਟੈਮ ਟਰੈਕਟਰ ਕੱਛੋ-ਕੱਛ ਟੋਭੇ ਮਾਂ ਨੂੰ ਲੰਘਾ ਕੈ ਲੇ ਜਾਹਾ। ਟੈਰਾਂ ਤਕ ਸਾਰਾ ਪਾਣੀ ਮਾ ਡੁੱਬ ਕੇ ਅੰਜਣ ਤਕ ਗਿੱਲਾ ਹੋ ਜਾਹਾ। ਜਿੱਦਣ ਗਾ ਟਰੈਕਟਰ ਆਇਆ, ਉਸ ਨੈ ਰੇਹੜੇ ਨੂੰ ਹੱਥ ਨ੍ਹੀਂ ਲਾਇਆ। ਅਰ ਪਟਿਆਲੈ ਜਾਣਾ ਹੋਐ, ਕਿਸੇ ਰਿਸ਼ਤੇਦਾਰੀ ਮਾਂ ਮਿਲਣ-ਗਿਲਣ ਜਾਣਾ ਹੋਐ, ਕਿਸੇ ਮਕਾਣ-ਭੋਗ ਮਾਂ ਜਾਣਾ ਹੋਐ-ਸਾਰਾ ਟੱਬਰ ਇਸੇ ਪਰ ਬੈਠ ਕੇ ਜਾਹਾ। ਰੱਬ ਤੇਰਾ ਭਲਾ ਕਰੈ, ਕਦੇ ਕਦੇ ਕਰਾਏ ਪਰ ਲੋਕਾਂ ਗੀ ਬਾਹ ਕੈ ਬੀ ਆਵਾ। ਤੌਂ ਤੋ ਖੇਤ ਤੇ ਬਿਨਾ ਕਿਤੇ ਲਜਾਂਦਾ ਨੀ। ਆਪਾਂ ਨੈ ਤੋ ਤੋਰੀਆ ਵੀ ਗੰਡਿਆਂ ਗੇ ਬਲ੍ਹਦ ਮੰਗ ਕੇ ਗਾਹਿਆ। ਇਸ ਨੈ ਟਰੈਕਟਰ ਗੈਲ ਬਾਹਿਆ। ਮੈਂ ਕਹਿ ਬੀ ਹਟਿਆ ਬਈ ਮ੍ਹਾਰੇ ਪਰ ਬੀ ਫੇਰਦੇ ਦੋ ਗੇੜੇ, ਕਹੈ ਮੇਰੇ ਪਾ ਟੈਮ ਨ੍ਹੀਂ। ਤੌਂ ਬਾਤ ਛੱਡ, ਤੋਰੀਏ ਕੇ ਲਵੈ ਨੂੰ ਨ੍ਹੀਂ ਲੰਘਾਇਆ ਟਰੈਕਟਰ। ਤੇਲ ਮੁਗਲੈਲ ਤੋ ਅੱਧੋ-ਅੱਧ ਐ। ਕੋਈ ਚੀਜ਼ ਘਸੇਗੀ ਟੁਟੇਗੀ ਤਾਂ ਮਰੰਮਤ ਮਾਂ ਬੀ ਤੋ ਤੇਰਾ ਅੱਧ ਹੋਗਾ।"

ਉਹਦੀ ਗੱਲ ਸੁਣ ਕੇ ਮੇਰੀ ਨਬਜ਼ ਖੜ੍ਹਨ ਵਾਲੀ ਹੋ ਗਈ। ਮੇਰਾ ਮਨ ਕੀਤਾ ਆਪਣੇ ਭਰਾ ਨੂੰ ਉਸੇ ਵੇਲੇ ਸੱਦ ਕੇ ਝਾੜਾਂ। ਪਰ ਮੈਂ ਬਿਜਾਈ ਦਾ ਮੌਕਾ ਹੋਣ ਕਰੇ ਗੱਲ ਦਬਾ ਲਈ। ਬਿਜਾਈ ਖਤਮ ਹੋਣ 'ਤੇ ਮੈਂ ਭਰਾ ਨੂੰ ਸੱਦ ਕੇ ਕਿਹਾ, ਟਰੈਕਟਰ ਤੋਂ ਕੇਵਲ ਵਾਹੀ ਤੇ ਫਸਲ ਦੀ ਢੋਆ-ਢੁਆਈ ਦਾ ਹੀ ਕੰਮ ਲਿਆ ਜਾਵੇ। ਉਸ ਨੇ ਉਲਟ ਕੇ ਕਿਹਾ, "ਖੇਤੀ ਕਾ ਏ ਲਿਹਾਂ ਹੋਰ ਕੇ ਕੰਮ ਲਿਹਾਂ ਮੈਂ ਇਸ ਤੇ? ਤੇਰਾ ਨੌਕਰ ਤੋ ਬਾਈ ਉਈਓਂ ਲੜਾਵਾ ਤੰਨੂੰ ਮੇਰੇ ਗੈਲ। ਇਸ ਗੀ ਬਾਤ ਗਾ ਬਸਬਾਸ ਨਾ ਕਰੇ ਕਰ।"

ਅਮਰੇ ਤੋਂ ਸ਼ੱਕ ਟਾਲਣ ਲਈ ਮੈਂ ਬੋਲਿਆ, "ਇਸ ਕਾ ਤੋ ਮੰਨੂੰ ਬੀ ਬਸਬਾਸ ਨੀਂ ਪਰ ਬਾਤ ਤੋ ਕਿਸੇ ਹੋਰ ਪੱਕੇ ਪਾਸੇ 'ਤੇ ਆਈ ਐ।"

ਉਹ ਭੜਕ ਪਿਆ, "ਜਿਹੜਾ ਸਾਲਾ ਕਾਹਾ ਮੇਰੇ ਸਾਮ੍ਹਣੈ ਲਿਆ ਉਸ ਨੂੰ, ਲੀਰਾਂ ਨਾ ਕਰ ਦਿਆਂ। ਉਂਏਂ ਤਫਾਨ ਬੋਲਾ ਦੁਨੀਆਂ। ਕੰਨਾ ਗਾ ਕੱਚਾ ਨਾ ਬਣੇ ਕਰ ਮੂਹੋਂ ਦੂਹੀਂ ਕਰਾਏ ਕਰ ਬਾਈ।"

ਮੈਂ ਉਸ ਨੂੰ ਠੰਡਾ ਕਰਦਿਆਂ ਕਿਹਾ, "ਮੂਹੋਂ ਦੂੰਹੀਂ ਕਰੁਆ ਗੈ ਮੈਂ ਝਗੜੇ ਨੀ ਕਰੌਣੇ। ਮੇਰਾ ਕਿਹਾ ਯਾਦ ਰੱਖੀਂ। ਨਹੀਂ ਤੋ ਮੈਂ ਇਸ ਗੀ ਟੁੱਟ-ਭੱਜ ਗਾ ਕੋਈ ਰਵਾਦਾਰ ਨੀ। ਤੇਰੇ ਸਿਰ ਪਵੇਗੀ ਸਾਰੀ।" ਉਹ ਬੁੜ ਬੁੜ ਕਰਦਾ ਚਲਾ ਗਿਆ।

ਇਸ ਵਾਕਿਆ ਪਿਛੋਂ ਉਸ ਨੇ ਟਰੈਕਟਰ ਦੀ ਨਾਜਾਇਜ਼ ਵਰਤੋਂ ਤਾਂ ਘਟਾ ਦਿੱਤੀ ਪਰ ਮੂੰਹ ਜਿਹਾ ਚੜ੍ਹਾ ਲਿਆ। ਉਸ ਨੂੰ ਹਾਲੇ ਵੀ ਸ਼ੱਕ ਸੀ ਕਿ ਮੇਰੀ ਜਾਣਕਾਰੀ ਦਾ ਮੁੱਖ ਸੋਮਾ ਅਮਰਾ ਹੀ ਸੀ। ਹੁਣ ਉਹ ਅੰਦਰੋ-ਅੰਦਰੀ ਉਸ ਨਾਲ ਖਾਰ ਜਿਹੀ ਖਾਣ ਲਗ ਪਿਆ। ਖੈਰ, ਖੇਤੀ ਦਾ ਕੰਮ ਔਖਾ ਸੌਖਾ ਚਲਦਾ ਗਿਆ। ਕਣਕ ਦੀ ਫਸਲ ਦੇ ਖਰਚੇ ਦਾ ਜਿਮੀਂਦਾਰ 'ਤੇ ਇੰਨਾ ਭਾਰ ਨਹੀਂ ਹੁੰਦਾ, ਜਿੰਨਾ ਕੁਦਰਤ ਦੀ ਕਰੋਪੀ ਦਾ। ਜੇ ਮੀਂਹ ਗੜ੍ਹੇ ਤੇ ਹਨੇਰੀ ਦਾ ਪ੍ਰਕੋਪ ਹੋ ਜਾਵੇ ਤਾਂ ਭਾਰੀ ਨੁਕਸਾਨ ਹੋ ਜਾਂਦਾ ਹੈ, ਨਹੀਂ ਤਾਂ ਨਹੀਂ। ਇਸ ਵਾਰ ਬਿਨਾ ਕਿਸੇ ਕੁਦਰਤੀ ਆਫਤ ਦੇ ਫਸਲ ਪੱਕ ਗਈ। ਉਨ੍ਹੀਂ ਦਿਨੀਂ ਤੂੜੀ ਬਣਾਉਣ ਦੇ ਮਾਰੇ ਕਿਸਾਨ ਕੰਬਾਈਨ ਨਾਲ ਕਣਕ ਨਹੀਂ ਸਨ ਵਢਾਉਂਦੇ, ਦਿਹਾੜੀਦਾਰ ਲਾਵਿਆਂ ਤੋਂ ਵਢਾਉਂਦੇ ਸਨ। ਫਿਰ ਟਰੈਕਟਰ ਨਾਲ ਚਲਣ ਵਾਲੀ ਫੱਰਾਟਾ ਮਸ਼ੀਨ ਨਾਲ ਦਾਣੇ ਤੇ ਤੂੜੀ ਅਲੱਗ ਅਲੱਗ ਕੀਤੇ ਜਾਂਦੇ। ਅਸੀਂ ਟਰੈਕਟਰ 'ਤੇ ਫੱਰਾਟੇ ਦੀ ਤਿੰਨ ਤਿੰਨ ਦਿਨ ਦੀ ਵਾਰੀ ਬੰਨ ਲਈ, ਇਕ-ਡੇਢ ਦਿਨ ਕਢਾਈ ਦੇ ਤੇ ਇਕ-ਡੇਢ ਦਿਨ ਮੰਡੀ ਵਿਚ ਸੁਟਵਾਈ ਦੇ। ਅਮਰੇ ਨੇ ਕਣਕ ਵਢਾ ਲਈ ਤੇ ਮੈਂ ਫੱਰਾਟੇ ਵੇਲੇ ਆ ਗਿਆ। ਸਾਡੇ ਫੱਰਾਟੇ ਦੇ ਨੇੜੇ ਤੇੜੇ ਕਈ ਹੋਰ ਫੱਰਾਟੇ ਵੀ ਚਲ ਰਹੇ ਸਨ। ਜਿਮੀਂਦਾਰ ਇਕ ਪਾਸੇ ਬੈਠਾ ਟਰੈਕਟਰ ਦੀ ਦੇਖ ਭਾਲ ਕਰ ਰਿਹਾ ਹੁੰਦਾ ਤੇ ਮਜ਼ਦੂਰ ਸਿਰ 'ਤੇ ਸਾਫੀਆਂ ਬੰਨੀ ਤੂੜੀ ਦੀ ਗਰਦੋ ਗੁਬਾਰ ਵਿਚ ਕੰਮ ਕਰ ਰਹੇ ਹੁੰਦੇ। ਲੋਕਾਂ ਤੇ ਜੋਕਾਂ ਦੇ ਇਸ ਸੰਸਾਰ ਵਿਚ ਮੈਨੂੰ ਜੋਕ ਬਣ ਕੇ ਵਿਚਰਨਾ ਬੜਾ ਹੀ ਅਜੀਬ ਲੱਗਾ।

ਪਰ ਮੇਰੇ ਉਹ ਦਿਨ ਬੜੇ ਕਸ਼ਟ ਦੇ ਸਨ। ਬਿਨਾ ਭੋਜਨ ਪਾਣੀ ਮੈਂ ਸਾਰਾ ਦਿਨ ਗਰਮ ਖੇਤ ਵਿਚ ਬੈਠਾ ਰਹਿੰਦਾ। ਅਮਰੇ ਨੇ ਮੇਰੇ ਬੈਠਣ ਲਈ ਟਰਾਲੀ ਹੇਠ ਛਾਂ ਵਿਚ ਪੱਲੀ ਵਿਛਾ ਦਿੱਤੀ। ਅੱਛੀ ਗੱਲ ਸੀ ਕਿ ਮੈਂ ਆਪਣੇ ਥੈਲੇ ਵਿਚ ਕੁਝ ਪੁਸਤਕਾਂ ਜ਼ਰੂਰ ਲੈ ਕੇ ਜਾਂਦਾ ਸਾਂ। ਮੈਂ ਇਸ ਵਿਚੋਂ ਮਾਰਕਸ ਤੇ ਐਂਗਲਜ਼ ਦੀਆਂ ਚੋਣਵੀਆਂ ਲਿਖਤਾਂ ਦੀ ਪਹਿਲੀ ਜ਼ਿਲਦ ਕੱਢੀ ਤੇ ਪੜ੍ਹਨੀ ਸ਼ੁਰੂ ਕਰ ਦਿੱਤੀ। ਮਾਰਕਸਵਾਦ ਤਾਂ ਮੈਂ ਬੜੀ ਦੇਰ ਤੋਂ ਪੜ੍ਹਦਾ ਪੜ੍ਹਾਉਂਦਾ ਸਾਂ ਪਰ ਇਸ ਦੀ ਜੋ ਸਮਝ ਇਸ ਇਕਾਂਤ ਵਿਚ ਪਈ ਉਸ ਨੇ ਮੇਰਾ ਨਜ਼ਰੀਆ ਬਦਲ ਕੇ ਰੱਖ ਦਿਤਾ। ਮਿਸਾਲ ਵਜੋਂ 1944 ਦੇ ਲਿਖੇ ਮੈਨੀਫੈਸਟੋ ਵਿਚ ਪੂੰਜੀਵਾਦ ਦੀ ਜੋ ਦੱਬਵੀਂ ਜੀਭ ਨਾਲ ਪ੍ਰਸ਼ੰਸਾ ਕੀਤੀ ਮਿਲਦੀ ਹੈ, ਉਸ ਦਾ ਵਿਸਤ੍ਰਿਤ ਉਲੇਖ ਕਾਰਲ ਮਾਰਕਸ ਨੇ 1875 ਰਚਿਤ 'ਕਰੀਟੀਕ ਆਫ ਗੋਥਾਂ ਪ੍ਰੋਗਰਾਮ' ਵਿਚ ਕੀਤਾ। ਉਸ ਨੇ ਸਪਸ਼ਟ ਕੀਤਾ ਕਿ ਸਮਾਜਵਾਦ ਦੀ ਸਥਾਪਨਾ ਲਈ ਪੂੰਜੀਵਾਦ ਦੇ ਆਧਾਰ ਦਾ ਪੂਰੀ ਤਰ੍ਹਾਂ ਵਿਕਸਿਤ ਹੋਣਾ ਬਹੁਤ ਹੀ ਜਰੂਰੀ ਹੈ। ਇਸ ਦੀ ਅਣਹੋਂਦ 'ਚ ਹਰ ਸਮਾਜਵਾਦੀ ਉਪਰਾਲਾ ਵੈਦਿਕ ਕਾਲ ਦੇ 'ਪ੍ਰਿਮੀਟਿਵ ਕੌਮਿਊਨ' ਜਿਸ ਨੂੰ ਭਗਵੇਂ ਲੋਕ ਸਤਿਯੁਗ ਕਹਿੰਦੇ ਹਨ, ਵਾਂਗੂੰ ਹਰ ਹਾਲਤ ਵਿਚ ਫੇਲ੍ਹ ਹੋ ਜਾਵੇਗਾ। ਇਸ ਕਥਨ ਦੀ ਸੱਚਾਈ ਅਗਲੇ ਦਸਾਂ ਸਾਲਾਂ ਵਿਚ ਸੰਸਾਰ ਭਰ ਨੇ ਆਪਣੇ ਅੱਖੀਂ ਦੇਖ ਲਈ ਜਦੋਂ ਸੋਵੀਅਤ ਰੂਸ ਦਾ ਤਜ਼ਰਬਾ ਫੇਲ੍ਹ ਹੋ ਗਿਆ। 'ਏਟੀਨਥ ਬਰੂਮੇਅਰ ਆਫ ਲੂਈ ਬੋਨਾਪਾਰਟ' ਲੇਖ ਵਿਚ ਮਾਰਕਸ ਨੇ ਲਿਖਿਆ, "ਹੀਗਲ ਕਹਿੰਦਾ ਹੈ, ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਦੁਹਰਾਉਂਦਾ ਤਾਂ ਹੈ ਪਰ ਉਹ ਲਿਖਣਾ ਭੁੱਲ ਗਿਆ ਕਿ ਪਹਿਲੀ ਵਾਰ ਦੁਖਾਂਤਕ ਰੂਪ ਵਿਚ ਤੇ ਦੂਜੀ ਵਾਰ ਸਵਾਂਗ ਤੇ ਪ੍ਰਹਿਸਨ ਦੇ ਰੂਪ ਵਿਚ।"

ਇਸ ਵਰਤਾਰੇ ਦਾ ਤਾਂਡਵ ਨਾਚ ਵੀ ਪੰਜਾਬ ਵਿਚ ਕਈ ਸਾਲ ਸਭ ਦੇ ਸਾਹਮਣੇ ਜ਼ੋਰ ਸ਼ੋਰ ਨਾਲ ਚਲਦਾ ਰਿਹਾ। ਪਰ ਇਸ ਦੀ ਇਤਿਹਾਸਕ ਸੱਚਾਈ ਦਾ ਕਿਸੇ ਨੂੰ ਪਤਾ ਨਾ ਲੱਗਾ ਕਿਉਂਕਿ ਕਿਸੇ ਨੇ ਵੀ ਮਾਰਕਸ ਨੂੰ ਮੇਰੇ ਵਾਂਗ ਟਰਾਲੀ ਹੇਠ ਬੈਠ ਕੇ ਨਹੀਂ ਸੀ ਪੜ੍ਹਿਆ। ਮਾਰਕਸ ਨੇ ਇਹ ਵੀ ਲਿਖਿਆ ਕਿ ਇਤਿਹਾਸ ਇਕ ਬਹੁਤ ਵੱਡੇ ਰੱਥ ਵਾਂਗ ਹੈ। ਸਿਆਣੇ ਬੰਦੇ ਇਸ 'ਚ ਸਵਾਰ ਹੋ ਕੇ ਜਾਂਦੇ ਹਨ ਤੇ ਮੂਰਖਾਂ ਨੂੰ ਇਹ ਘੜੀਸ ਕੇ ਨਾਲ ਲੈ ਜਾਂਦਾ ਹੈ। ਇਸ ਬਹੁ-ਪੱਖੀ ਸਮਝ ਦੇ ਕਥਨ ਦੇ ਸੱਚ ਨੂੰ ਅਸੀਂ ਫਾਸ਼ੀਵਾਦ ਤੇ ਸੋਵੀਅਤ ਸਮਾਜਵਾਦ ਦੇ ਸੰਦਰਭ ਵਿਚ ਦੇਖ ਹੀ ਚੁਕੇ ਹਾਂ।

ਮਾਰਕਸ ਨੇ ਦਾਸ ਕੈਪੀਟਲ ਦੀ ਭੂਮਿਕਾ ਵਿਚ ਲਿਖਿਆ ਕਿ ਉਨਤ ਦੇਸ਼ ਪਛੜੇ ਦੇਸ਼ਾਂ ਦਾ ਦਰਪਣ ਹਨ ਪਰ ਇਨ੍ਹਾਂ ਦੀ ਹਾਲਤ ਪਛੇਤੀ ਫਸਲ ਵਾਂਗ ਹੋਵੇਗੀ ਜਿਸ ਦੇ ਦਾਣੇ ਮਾਜੂ ਹੁੰਦੇ ਹਨ। ਇਸ ਕਥਨ ਦੀ ਠੋਸਤਾ ਅਸੀਂ ਭਾਰਤ ਸਮੇਤ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਦੇਖ ਹੀ ਲਈ ਹੈ। ਉਨ੍ਹੀਂ ਦਿਨੀਂ ਕਰੀਬ ਸਭ ਮਾਰਕਸਵਾਦੀ ਸਮਝਦੇ ਸਨ ਕਿ ਮਨੁੱਖ ਸਭ ਕੁਝ ਕਰ ਸਕਦਾ ਹੈ। ਉਨ੍ਹਾਂ ਅਨੁਸਾਰ ਇਹ ਮਾਰਕਸਵਾਦੀ ਆਸ਼ਾਵਾਦ ਹੈ, ਜਿਸ ਤੋਂ ਉਹ ਇਕ ਇੰਚ ਇਧਰ-ਉਧਰ ਨਹੀਂ ਜਾਂਦੇ। ਜੇ ਕੋਈ ਉਨ੍ਹਾਂ ਦੀ ਇਹ ਦਲੀਲ ਕੱਟਦਾ ਤਾਂ ਉਹ ਲੋਹੇ ਲਾਖੇ ਹੋ ਕੇ ਉਸ ਨੂੰ ਪੈ ਜਾਂਦੇ ਸਨ।

ਫ੍ਰੈਡਰਿਕ ਐਂਗਲਜ਼ ਨੇ 1890 ਵਿਚ ਜੇ. ਬਲਾਖ ਨਾਮੀ ਮਿੱਤਰ ਨੂੰ ਲਿਖੇ ਇਕ ਪੱਤਰ ਵਿਚ ਸਪਸ਼ਟ ਕੀਤਾ ਹੈ ਕਿ ਮਨੁੱਖ ਇਤਿਹਾਸ ਸਿਰਜਦਾ ਤਾਂ ਹੈ ਪਰ ਇਸ ਵਿਚ ਉਸ ਦੀ ਮਰਜੀ ਨਹੀਂ ਚਲਦੀ ਭਾਵ ਉਸ ਦੇ ਹੱਥ ਵਸ ਕੁਝ ਨਹੀਂ ਹੈ। ਇਵੇਂ ਹੀ ਕਾਰਲ ਮਾਰਕਸ ਦੇ ਮਰਗ ਵੇਲੇ ਦਿੱਤਾ ਐਂਗਲਜ਼ ਦਾ ਡੇਢ ਸਫੇ ਦਾ ਭਾਸ਼ਣ ਪੜ੍ਹ ਕੇ ਲੱਗਾ ਕਿ ਜੇ ਸੰਸਾਰ ਵਿਚ ਕੁਝ ਹੋਰ ਨਾਂ ਵੀ ਪੜ੍ਹਿਆ ਜਾ ਸਕੇ ਤਾਂ ਇਸ ਜ਼ਿੰਦਗੀ ਲਈ ਇਹੀ ਕਾਫੀ ਹੈ। ਇਸ ਦੇ ਨਾਲ ਹੀ ਮਾਰਕਸ ਦਾ ਹੀਗਲ ਦੇ ਇਨਸਾਫ ਦੇ ਸੰਕਲਪ ਦੀ ਆਲੋਚਨਾ ਵਾਲਾ ਉਹ ਪੂਰਾ ਲੇਖ ਵੀ ਪੜ੍ਹਿਆ ਜਿਸ ਵਿਚ ਉਸ ਨੇ ਲਿਖਿਆ ਹੈ ਕਿ ਧਰਮ ਲੋਕਾਂ ਦੀ ਅਫੀਮ ਹੈ। ਪੜ੍ਹ ਕੇ ਮੈਨੂੰ ਯਕੀਨ ਹੋ ਗਿਆ ਕਿ ਅੱਜ ਤੀਕ ਕਿਸੇ ਸਿੱਖ ਬੁਧੀਜੀਵੀ ਨੇ ਇਹ ਆਪ ਨਹੀਂ ਪੜ੍ਹਿਆ ਹੋਣਾ ਸਗੋਂ ਸੁਣ ਸੁਣਾ ਕੇ ਹੀ ਮਾਰਕਸ ਵਿਰੋਧੀ ਧਾਰਨਾ ਬਣਾਈ ਹੋਣੀ ਹੈ। ਮੇਰੀ ਅਜਿਹੇ ਬੁੱਧੀਜੀਵੀਆਂ ਨੂੰ ਬੇਨਤੀ ਹੈ ਕਿ ਉਹ ਦੂਜਿਆਂ ਦੀਆਂ ਲਿਖਤਾਂ ਅਤੇ ਆਪਣੇ ਧਰਮ ਗ੍ਰੰਥਾਂ ਨੂੰ ਹੋਰਾਂ ਤੋਂ ਸੁਣਨ ਦੀ ਥਾਂ ਆਪ ਪੜ੍ਹ ਕੇ ਵਿਚਾਰਨ ਦੀ ਖੇਚਲ ਕਰਨ। ਗੁਰੂ ਨਾਨਕ ਦੇਵ ਨੇ ਵੀ ਜਪੁਜੀ ਸਾਹਿਬ ਵਿਚ ਸੁਣੀਆਂ ਸੁਣਾਈਆਂ ਗੱਲਾਂ 'ਤੇ ਯਕੀਨ ਕਰਨ ਦੀ ਸਖਤ ਨਿਖੇਧੀ ਕੀਤੀ ਹੈ। ਖੈਰ, ਇਨ੍ਹਾਂ ਕੁਝ ਦਿਨਾਂ ਦੀ ਤਪੱਸਿਆ ਦਾ ਅਸਰ ਹੋਇਆ ਕਿ ਮੇਰਾ ਅਖਾਉਤੀ ਮਾਰਕਸਵਾਦੀਆਂ ਤੇ ਅਜੋਕੇ ਸਿੱਖ ਬੁੱਧੀਜੀਵੀਆਂ ਤੋਂ ਯਕੀਨ ਉਠ ਗਿਆ, ਤੇ ਉਨ੍ਹਾਂ ਦਾ ਮੇਰੇ ਤੋਂ ਵੀ।

ਕਣਕ ਦਾ ਝਾੜ ਚੰਗਾ ਨਿਕਲਿਆ ਤੇ ਆੜ੍ਹਤੀ ਨੇ ਪੈਸੇ ਵੀ ਸਮੇਂ ਸਿਰ ਦੇ ਦਿੱਤੇ ਪਰ ਆਉਣ ਵਾਲੀ ਜੀਰੀ ਦੀ ਫਸਲ ਪਾਲਣ 'ਤੇ ਬੜਾ ਖਰਚ ਆਉਣਾ ਸੀ। ਇਸ ਲਈ ਮੈਂ ਅਮਰੇ ਦੀ ਨੌਕਰੀ ਤੇ ਬਾਕੀ ਜਰੂਰੀ ਕੰਮਾਂ ਦੇ ਭੁਗਤਾਨ ਕਰ ਕੇ ਬਾਕੀ ਰਕਮ ਸੰਭਾਲ ਕੇ ਰੱਖ ਦਿੱਤੀ। ਸਾਰਾ ਕੰਮ ਮੁਕਾ ਕੇ ਮੈਂ ਅਮਰੇ ਨੂੰ ਸਮੇਂ ਸਿਰ ਜੀਰੀ ਦੀ ਪੌਧ ਬੀਜਣ ਲਈ ਆਖ ਚੰਡੀਗੜ੍ਹ ਚਲਾ ਗਿਆ। ਵਾਪਸ ਜਾ ਕੇ ਵੀ ਮੇਰਾ ਮਨ ਖੇਤੀ ਦੀਆਂ ਦੁਸ਼ਵਾਰ ਘੜ੍ਹਤਾਂ ਬੁਣਤਾਂ ਵਿਚ ਉਲਝਿਆ ਰਿਹਾ। ਮੇਰੇ ਪਿਤਾ ਜੀ ਤੇ ਇਕ ਭਰਾ ਤਾਂ ਸਾਂਝੀ ਵਾਹੀ ਦੇ ਝਾਂਸੇ ਨਾਲ ਮੈਨੂੰ ਟਰੈਕਟਰ ਦੇ ਪੰਗੇ ਵਿਚ ਫਸਾ ਕੇ ਇਕ ਪਾਸੇ ਹੋ ਗਏ ਸਨ। ਉਧਰ ਸਾਡੀ ਨਾਮ-ਮਾਤਰ ਬਿੜ੍ਹੀ (ਸਾਂਝ) ਮੇਰੇ ਦੂਜੇ ਭਰਾ ਤੋਂ ਜਰੀ ਨਹੀਂ ਸੀ ਜਾਂਦੀ। ਜਮੀਨ ਵੰਡ ਤੋਂ ਪਹਿਲਾਂ ਉਹ ਇੱਕਲਾ ਹੀ 36 ਕਿੱਲਿਆਂ ਦੀ ਖੇਤੀ ਦਾ ਲਾਣੇਦਾਰ (ਮੋਹਰੀ) ਹੁੰਦਾ ਸੀ ਪਰ ਹੁਣ ਉਸ ਦੇ ਹਿੱਸੇ ਇੱਕ ਤਿਹਾਈ ਦੀ ਕਾਸ਼ਤ ਰਹਿ ਜਾਣ ਨਾਲ ਉਸ ਨੂੰ ਆਪਣਾ ਹੱਥ ਤੰਗ ਜਾਪਦਾ। ਉਹ ਮੈਨੂੰ ਖੇਤੀ 'ਚੋਂ ਕੱਢ ਕੇ ਰਾਜੀ ਸੀ ਤਾਂ ਜੋ ਮੇਰੀ ਕੁਝ ਪੈਲੀ ਉਹ ਪਹਿਲਾਂ ਠੇਕੇ 'ਤੇ ਲੈ ਲਵੇ ਤੇ ਫਿਰ ਉਸ 'ਤੇ ਕਬਜਾ ਜਮਾ ਕੇ ਸਭ ਕੁਝ ਆਪਣੇ ਗਜੀਂ ਮਿਣੇ। ਉਸ ਨੇ ਪਹਿਲਾਂ ਵੀ ਕਈਆਂ ਨਾਲ ਇੱਦਾਂ ਦੇ ਸਿੰਗ ਫਸਾ ਰੱਖੇ ਸਨ। ਮੇਰੇ ਪਿਤਾ ਦੇ ਬੀਮਾਰ ਹੋਣ ਪਿਛੋਂ ਉਹ ਕਾਰਜਕਾਰੀ ਨੰਬਰਦਾਰ ਬਣ ਗਿਆ ਸੀ ਤੇ ਇਸੇ ਨਾਤੇ ਪਟਵਾਰੀਆਂ ਨਾਲ ਮਿਲੀਭੁਗਤ ਰਾਹੀਂ ਕਈ ਬੇਨਾਮੀ ਆਬਾਦੀਆਂ ਆਪਣੇ ਨਾਂ ਕਰਵਾ ਚੁਕਾ ਸੀ। ਤਾਕਤ ਤੇ ਧੱਕੇ ਵਿਚ ਉਸ ਵੇਲੇ ਸਾਰੇ ਪਿੰਡ ਵਿਚ ਕੋਈ ਸਾਨੀ ਨਹੀਂ ਸੀ। ਪਿੰਡ ਵਾਲੇ ਉਸ ਨੂੰ ਵੱਡਾ ਤਿਗੜਮਬਾਜ ਸਮਝਦੇ ਤੇ ਉਸ ਤੋਂ ਦੂਰ ਹੀ ਰਹਿੰਦੇ। ਸਾਰੀ ਕਮਾਈ ਉਹ ਸ਼ਰਾਬ 'ਤੇ ਹੀ ਰੋਹੜ ਦਿੰਦਾ ਤੇ ਆਖਰ ਮਰਿਆ ਵੀ ਵਧੇਰੇ ਸ਼ਰਾਬ ਪੀਣ ਕਾਰਨ ਹੀ। ਮੇਰੇ ਨਾਲ ਭਾਵੇ ਉਹ ਅੱਖ ਦੀ ਲਿਹਾਜ਼ ਰੱਖਦਾ ਸੀ ਪਰ ਜਦੋਂ ਦਾ ਉਸ ਨੇ ਅਮਰੇ ਨੂੰ ਚੌਕੀ ਵਿਚ ਫਸਾਇਆ, ਮੈਂ ਉਸ ਨੂੰ ਆਪਣਾ ਸਖੀ ਸਮਝਣਾ ਬੰਦ ਕਰ ਦਿੱਤਾ।

ਹੁਣ ਜਦੋਂ ਦਾ ਮੈਂ ਆਪਣੇ ਬਿੜ੍ਹੀਦਾਰ ਭਾਈ ਨੂੰ ਟਰੈਕਟਰ ਪਿੱਛੇ ਤਾੜਿਆ ਸੀ, ਉਦੋਂ ਦਾ ਇਹ ਨੰਬਰਦਾਰ ਭਰਾ ਹੋਰ ਤੀਬਰਤਾ ਨਾਲ ਇਹ ਝਾਕ ਕਰਨ ਲੱਗਾ ਕਿ ਕਦੋਂ ਸਾਡੀ ਸਾਂਝ ਟੁੱਟੇ ਤੇ ਕਦੋਂ ਮੈਂ ਖੇਤੀ ਛੱਡਾਂ ਤੇ ਕਦੋਂ ਉਸ ਦਾ ਮਨੋਰਥ ਪੂਰਾ ਹੋਵੇ। ਮੈਨੂੰ ਸ਼ੱਕ ਸੀ ਕਿ ਹੁਣ ਮੌਕਾ ਤਾੜ ਕੇ ਇਹ ਸਾਡੇ ਵਿਚ ਕੋਈ ਭੇੜ ਪਵਾਏਗਾ। ਮੇਰਾ ਸ਼ੱਕ ਉਦੋਂ ਪੱਕਾ ਹੋ ਗਿਆ ਜਦੋਂ ਇਕ ਦਿਨ ਅਮਰੇ ਨੇ ਆ ਕੇ ਦੱਸਿਆ, "ਲਾਣੇਦਾਰ ਬੜਾ ਲੋਹੜਾ ਹੋਇਆ, ਆਪਣੀ ਤੋ ਪੌਧ ਪਰ ਕੋਈ ਡੀਜਲ ਪਾ ਗਿਆ।"

ਮੈਨੂੰ ਨਹੀਂ ਸੀ ਪਤਾ ਕਿ ਇਹ ਕੀ ਬਲਾ ਹੁੰਦੀ ਹੈ। ਮੈਂ ਕਿਹਾ, "ਪਾ ਗਿਆ ਪਾ ਜਾਣਦੇ, ਤੈਂ ਕਿਉਂ ਮੂੰਹ ਲਟਕਾਇਆ?"

ਉਹ ਝੁਈ ਲੈ ਕੇ ਬੋਲਿਆ, "ਲੈ ਕਹਾ ਪਾ ਗਿਆ ਤੋ ਪਾ ਜਾਣਦੇ, ਪੌਧ ਤੋ ਮਰ ਜੇ ਗੀ ਸਾਰੀ ਹੁਣ। ਖੇਤ ਮਾਂ ਕੇ ਲਾਮੇਂਗੇ?"

ਮੇਰਾ ਸਿਰ ਘੁੰਮ ਗਿਆ। ਮੈਂ ਉਸ ਨੂੰ ਨਾਲ ਲੈ ਕੇ ਉਸੇ ਵੇਲੇ ਮੌਕਾ ਦੇਖਣ ਗਿਆ। ਪੌਧ ਦੇ ਚਾਰੇ ਪਾਸੇ ਘੁੰਮ ਕੇ ਦੇਖਿਆ, ਸਾਰੀ ਪੌਧ 'ਤੇ ਡੱਬੇ ਨਾਲ ਇੰਜਣ ਦਾ ਕਾਲਾ ਤੇਲ ਛਿੜਕਿਆ ਹੋਇਆ ਸੀ। ਤੇਲ ਨਾਲ ਹਰੇ ਪੌਦਿਆਂ ਦੇ ਪੱਤੇ ਕਾਲੇ ਹੋਏ ਪਏ ਸਨ ਤੇ ਹੇਠ ਧਰਤੀ 'ਤੇ ਵੀ ਕਾਲੇ ਰੰਗ ਦੇ ਨਿਸ਼ਾਨ ਸਨ। ਮੈਂ ਪੁੱਛਿਆ, "ਜੋਹ ਕਿਸ ਗੀ ਕਾਰਸਤਾਨੀ ਹੋ ਸਕਾ ਰੈ?"

ਅਮਰਾ ਬੋਲਿਆ, "ਤੇਰੇ ਭਾਈ ਗੀਓ ਹੋਰ ਕਿਸ ਗੀ।"

ਮੈਂ ਕਿਹਾ, "ਕਿਹੜੇ ਗੀ?"

ਉਸ ਨੇ ਅੱਖਾਂ ਤਿਰਛੀਆਂ ਕਰ ਕੇ ਉਤਰ ਦਿੱਤਾ, "ਛੋਟੇ ਗੀ।"

ਮੈਂ ਕਿਹਾ, "ਛੋਟੇ ਗੀ ਨੀ, ਦੂਏ ਗੀ ਲਗਾ। ਉਸੇ ਮੀਸਣੇ ਨੈ ਕਰਿਆ ਲਗਾ ਜੋਹ ਕਾਰਾ, ਬਈ ਨੌਂ ਦੂਏ ਗਾ ਲਗੇਗਾ।"

ਸਾਡੇ ਕੋਲ ਕੋਈ ਸਬੂਤ ਤਾਂ ਨਹੀਂ ਸੀ ਪਰ ਸ਼ੱਕ ਦੀ ਸੂਈ ਉਸੇ ਵਲ ਘੁੰਮਦੀ ਸੀ। ਕਈ ਲੋਕ ਅਫਸੋਸ ਕਰਨ ਆਏ ਪਰ ਮੇਰੇ ਭਾਈਆਂ 'ਚੋਂ ਕੋਈ ਨਾ ਆਇਆ। ਦੂਜੇ ਤੀਜੇ ਦਿਨ ਕਈ ਦੈੜ੍ਹੀਆਂ (ਥਾਂਵਾਂ) ਵਿਚ ਪਨੀਰੀ ਪੀਲੀ ਪੈ ਗਈ। ਅਮਰੇ ਨੇ ਕਈ ਓਹੜ ਪੋਹੜ ਕਰ ਕੇ ਪੌਧ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ। ਹਫਤੇ ਭਰ ਵਿਚ ਪਨੀਰੀ ਕਾਲੀ ਹੋ ਕੇ ਮਰ ਗਈ। ਅਸੀਂ ਪੰਚਾਇਤ ਇੱਕਠੀ ਕਰ ਕੇ ਇਸ ਘੋਰ ਅਨਰਥ ਦੀ ਮੂੰਹ ਬੋਲਦੀ ਤਸਵੀਰ ਪੰਚਾਂ ਨੂੰ ਦਿਖਾਈ। ਪਰ ਦੱਬਵੇਂ ਸ਼ਬਦਾਂ ਵਿਚ ਸਾਡੇ ਨਾਲ ਹਮਦਰਦੀ ਕਰਨ ਤੋਂ ਛੁਟ ਕਿਸੇ ਨੇ ਕਥਿਤ ਦੋਸ਼ੀ ਨੂੰ ਤਲਬ ਕਰ ਕੇ ਪੁੱਛਣ ਦਾ ਹੌਸਲਾ ਨਾ ਕੀਤਾ। ਇਕ ਕਿਸਾਨ ਦੂਜੇ ਨਾਲ ਦੁਸ਼ਮਣੀ ਕਰੇ ਤੇ ਪੰਚਾਇਤ ਇਨਸਾਫ ਤੋਂ ਮੂੰਹ ਫੇਰੇ, ਇਹ ਮੇਰੇ ਲਈ ਬੜੇ ਦੁੱਖ ਦੀ ਗੱਲ ਸੀ। ਅਜਿਹੀ ਸਥਿਤੀ ਵਿਚ ਕੋਈ ਅੱਜ ਕੱਲ ਦਾ ਸਾਧਾਰਣ ਕਿਸਾਨ ਹੁੰਦਾ ਤਾਂ ਨੁਕਸਾਨ ਨਾ ਝਲਦਿਆਂ ਹਰਖ ਨਾਲ ਮਰ ਜਾਂਦਾ। ਪਰ ਉਦੋਂ ਕਿਸਾਨਾਂ ਵਿਚ ਅਜਿਹੀ ਪਿਰਤ ਨਹੀਂ ਸੀ ਪਈ। ਮੈਂ ਉਸ ਸਮੇਂ ਦੇ 'ਕਿਸਾਨੀ-ਵਿਕਾਸ' ਦੇ ਉਤਰਾ-ਚੜ੍ਹਾਅ ਤੋਂ ਕੁਝ ਕੁਝ ਜਾਣੂ ਸਾਂ ਤੇ ਸਮਝਦਾ ਸਾਂ ਕਿ ਇਸ ਦੇ ਵਿਕਾਸ ਵਿਚ ਪਏ ਇਹ ਪੱਥਰ ਆਖਰ ਇਸ ਨੂੰ ਅਧੋਗਤੀ ਵਲ ਲੈ ਹੀ ਜਾਣਗੇ। ਮੇਰੀ ਆਤਮਾ ਕਹਿੰਦੀ, ਹਾਲਾਤ ਦਾ ਨਿਡਰਤਾ ਨਾਲ ਸਾਹਮਣਾ ਕਰਾਂ। ਅੱਗੋਂ ਜੋ ਹੋਊ, ਦੇਖਿਆ ਜਾਊ। ਮੈਂ ਬਹੁਤਾ ਆਤਮਾ ਦੀ ਹੀ ਸੁਣਦਾ ਹਾਂ, ਸੋ ਡਟਿਆ ਰਿਹਾ।

ਉਸ ਦਿਨ ਮੈਂ ਬੜਾ ਪ੍ਰੇਸ਼ਾਨ ਰਿਹਾ। ਸਮੱਸਿਆ ਤਾਂ ਜੋ ਹੈ ਸੀ ਸੋ ਹੈ ਹੀ ਸੀ, ਪਰ ਮੈਨੂੰ ਇਹ ਖਿਆਲ ਬੜਾ ਪ੍ਰੇਸ਼ਾਨ ਕਰਨ ਲੱਗਾ ਕਿ ਕੀ ਇਹ ਪੇਂਡੂ ਲੋਕ ਮੇਰੇ ਨਾਲ ਹੀ ਅਜਿਹਾ ਕਰਦੇ ਹਨ ਜਾਂ ਹੁਣ ਇੱਥੇ ਨਿਜ਼ਾਮ ਬਦਲ ਗਿਆ ਹੈ ਤੇ ਸਭ ਨਾਲ ਹੀ ਇੱਦਾਂ ਹੋਣ ਲੱਗ ਪਿਆ ਹੈ। ਮੈਂ ਬਹੁਤਾ ਸੋਚਦਾ ਕਿ ਹੋਰ ਕਿਸਾਨ ਤਾਂ ਇਨ੍ਹਾਂ ਛੋਟੀਆਂ ਦਵੈਸ਼ਾਂ ਤੋਂ ਬਰੀ ਹੋਣਗੇ ਤੇ ਇਹ ਭਾਣਾ ਸਿਰਫ ਮੇਰੇ ਨਾਲ ਹੀ ਵਾਪਰ ਰਿਹਾ ਸੀ। ਬਚਪਨ ਤੋਂ ਲੈ ਕੇ ਹੁਣ ਤੀਕ ਮੈਂ ਕਦੇ ਕਿਸੇ ਕਿਸਾਨ ਨੂੰ ਦੂਜੇ ਦੀ ਫਸਲ ਉਜਾੜਦੇ ਨਹੀਂ ਸੀ ਦੇਖਿਆ। ਜੇ ਕਿਸੇ ਦੇ ਖੇਤ ਵਿਚ ਪਸ਼ੂ ਵੜ ਜਾਂਦਾ ਤਾਂ ਦੇਖਣ ਵਾਲਾ ਕਿਸਾਨ ਆਪਣਾ ਧਰਮ ਸਮਝਦਾ ਸੀ ਕਿ ਉਸ ਖੇਤ ਵਾਲੇ ਕਿਸਾਨ ਨੂੰ ਕਿਸੇ ਤਰ੍ਹਾਂ ਦੱਸ ਦੇਵੇ ਭਾਵੇਂ ਉਸ ਨਾਲ ਬੋਲ-ਚਾਲ ਨਾ ਵੀ ਹੋਵੇ।

ਅਗਲੀ ਸਵੇਰੇ ਜਦੋਂ ਮੈਂ ਪੌਧ ਵੱਲ ਗਿਆ, ਉਦੋਂ ਵੀ ਸੋਚਦਾ ਰਿਹਾ ਕਿ ਪੇਂਡੂ ਜੀਵਨ ਵਿਚ ਇਸ ਤਬਦੀਲੀ ਦਾ ਕਾਰਨ ਕੀ ਹੈ? ਮੈਨੂੰ ਲੱਗਾ, ਇਕੋ ਕਾਰਨ ਹੈ ਕਿ ਹੁਣ ਲੋਕ ਨੈਤਿਕਤਾ ਤੋਂ ਦੂਰ ਹੋ ਗਏ ਹਨ।

ਬਹੁਤ ਦੇਰ ਪਹਿਲਾਂ ਮੈਂ ਇਕ ਅੰਗਰੇਜ਼ੀ ਕਹਾਣੀ ਪੜ੍ਹੀ ਸੀ ਜਿਸ ਦਾ ਸਿਰਲੇਖ ਸੀ, 'ਕੌਬਲਰ ਦੀ ਫਿਲਾਸਫਰ' ਭਾਵ ਦਾਰਸ਼ਨਿਕ ਮੋਚੀ। ਲੇਖਕ ਦਾ ਨਾਂ ਤਾਂ ਮੈਨੂੰ ਭੁੱਲ ਗਿਆ ਪਰ ਕਹਾਣੀ ਯਾਦ ਹੈ। ਲੇਖਕ, ਜੋ ਪੇਸ਼ੇ ਤੋਂ ਫਿਲਾਸਫਰ ਹੁੰਦਾ ਹੈ, ਇਕ ਮੋਚੀ ਕੋਲ ਆਪਣੀ ਜੁੱਤੀ ਠੀਕ ਕਰਵਾਉਣ ਜਾਂਦਾ ਹੈ। ਮੋਚੀ ਜੁੱਤੀ ਗੰਢਦਾ ਗੰਢਦਾ ਉਸ ਨੂੰ ਗੱਲੀਂ ਲਾ ਲੈਂਦਾ ਹੈ ਤੇ ਗੱਲੀਂ ਬਾਤੀਂ ਸਾਬਤ ਕਰ ਦਿੰਦਾ ਹੈ ਕਿ ਉਹ ਉਸ ਤੋਂ ਵੀ ਵੱਡਾ ਫਿਲਾਸਫਰ ਹੈ। ਫਿਲਾਸਫਰ ਮੋਚੀ ਦਾ ਕਾਇਲ ਹੋ ਜਾਂਦਾ ਹੈ ਤੇ ਉਸ ਨਾਲ ਫਿਲਾਸਫੀ ਦੇ ਹੋਰ ਡੂੰਘੇ ਪ੍ਰਸ਼ਨ ਸਾਂਝੇ ਕਰਦਾ ਹੈ। ਮੋਚੀ ਸਾਰੇ ਸਵਾਲਾਂ ਦਾ ਉਤਰ ਆਪਣੀ ਸਾਦੀ ਭਾਸ਼ਾ ਵਿਚ ਸਹਿਜ ਸੁਭਾਅ ਦੇਈ ਜਾਂਦਾ ਹੈ। ਇਸ ਤਰ੍ਹਾਂ ਫਿਲਾਸਫਰ ਉਸ ਦਾ ਆਭਾਰੀ ਹੋ ਕੇ ਕਹਾਣੀ ਲਿਖ ਦਿੰਦਾ ਹੈ। ਇਸ ਕਹਾਣੀ ਦੇ ਸੰਦਰਭ ਵਿਚ ਅਮਰੇ ਦਾ ਖਿਆਲ ਆਉਂਦੇ ਹੀ ਮੈਂ ਸੋਚਿਆ ਸ਼ਾਇਦ ਇਹ 'ਦੇਸੀ ਕੌਬਲਰ' ਹੀ ਮੇਰੇ ਸਵਾਲਾਂ ਨੂੰ ਸੌਖਾ ਕਰ ਦੇਵੇ। ਸਬੱਬ ਨਾਲ ਇਸ ਦੇ ਪਿਓ-ਦਾਦੇ ਵੀ ਮੋਚੀ ਹੀ ਸਨ। ਉਸ ਦਾ ਪਿਓ ਤਾਂ ਸਾਡੇ ਅੰਬ ਹੇਠ ਬੈਠ ਕੇ ਹੀ ਜੁੱਤੀਆਂ ਗੰਢਦਾ ਸੀ ਤੇ ਦਸ ਕੁ ਸਾਲ ਪਹਿਲਾਂ ਮੈਂ ਉਥੇ ਹੀ ਉਸ ਤੋਂ ਜੁੱਤੀ ਗੰਢਣ ਦਾ ਹੁਨਰ ਸਿੱਖਿਆ ਸੀ।

ਮੈਂ ਅਮਰੇ ਨੂੰ ਅਣਜਾਣ ਬਣਦਿਆਂ ਕਿਹਾ, "ਯਾਰ ਅਮਰੇ, ਮੰਨੂੰ ਇਨ੍ਹਾਂ ਗਰੋਂਆਂ ਆਲ੍ਹਿਆਂ ਗੀ ਮੂਰਖਤਾ ਗਾ ਕਾਰਨ ਇਨ੍ਹਾਂ ਗੀ ਅਨਪੜ੍ਹਤਾ ਲਗਾ।"

ਉਹ ਪੈਂਦੀ ਸੱਟੇ ਬੋਲਿਆ, "ਅਨਪੜ੍ਹ ਬਸੱਖ ਬੀ ਹੋਐਂ ਮੂਰਖ ਕੌਣ ਕਹਾ ਇਨ੍ਹਾਂ ਨੂੰ? ਬਾਤ ਹੋਰ ਐ ਲਾਣੇਦਾਰ। ਇਬ ਥੋਮੇਂ ਪੜ੍ਹੇ-ਲਿਖੇ ਤੋ ਹੈਂ ਪਰ ਗਰਾਓਂ ਮਾ ਨੀ ਨਾ ਰਹਿੰਦੇ। ਨੇਂਹ ਚੌਬੀ ਘੰਟੇ ਊਰੀ ਰਹਾਂ ਇਨ੍ਹਾਂ ਨੂੰ ਇਕ ਦੂਸਰੇ ਗੀ ਲੋੜ ਪੈਂਦੀ ਰਹਾ। ਇਕ ਦੂਸਰੇ ਤੇ ਨੇਂਹ ਆਪਸ ਮਾਂ ਸੰਦ ਸੰਦੇੜਾ ਬੀ 'ਧ੍ਹਾਰ ਲੰਦੇ ਰਹਾਂ। ਜੋ ਇਨ੍ਹਾਂ ਗੀ ਗੈਲ ਲਗਾ, ਨੇਂਹ ਉਸਗੀ ਗੈਲ ਖੜ੍ਹਾਂ। ਖੜ੍ਹਨਾ ਪਵਾ, ਨਹੀਂ 'ਕੱਲੇ ਦਕੱਲੇ ਨੂੰ ਤੋ ਕੌਂ ਕੁੱਤੇ ਖਾ ਜੈਂ। ਜਦ ਇਨ੍ਹਾਂ ਨੂੰ ਥਾਰੇ ਤਕ ਕੋਈ ਗੌਏਂ ਨੀ, ਨੇਂਹ ਥਾਰੇ ਪਾਸੈ ਡੱਕਾ ਕਿਉਂ ਗੇਰੇਂਗੇ? ਬਤਾ ਤੌਂਹ ਮੰਨੂੰ?"

ਮੈਂ ਹਾਲੇ ਮਨ ਵਿਚ ਉਸ ਦੇ ਉਤਰ ਦੀ ਘੋਖ ਕਰ ਹੀ ਰਿਹਾ ਸਾਂ ਕਿ ਉਹ ਫਿਰ ਬੋਲਿਆ, "ਚਲ ਕੋਈ ਨਾ ਲਾਣੇਦਾਰ ਤੌਂਹ ਦਿਲ ਪਰ ਨਾ ਲਾਮੈਂ। ਭਾਈ ਭਾਈ ਤੋ ਫੇਰ ਔਹੋ ਜੇਓ ਹੋ ਜਾਹਾਂ। ਜੋ ਕਰ ਗਿਆ ਉਸ ਗਾ ਪਾਪ ਪੁੰਨ ਉਸ ਗੈਲ।" ਫਿਰ ਮੁਸਕਰਾ ਕੇ ਕਹਿਣ ਲੱਗਾ, "ਤੌਂਹ ਫਿਕਰ ਨਾ ਕਰੈਂ ਜੀਰੀ ਤੋ ਆਪਾਂ ਲਾਵੇਂ ਗੇਈ। ਆਪਣੀ ਪੌਧ ਗੈਲ ਪੂਰਾ ਨੀ ਪਟੇਗਾ, ਮੰਗ ਲੇਂ ਗੇ ਕਿਸੇ ਤੇ। ਪਿੱਛੇ ਤੇ ਜਾ ਕੈ ਸਭ ਪਾ ਥੋੜੀ ਥੋੜੀ ਬਚ ਜਾਹਾ, ਸਭ ਨੂੰ ਬੌਹਣੀ ਪਵਾ। ਦੋ ਤਿੰਨਾਂ ਗੈਲ ਤੋ ਮੈਂ ਬਾਤ ਬੀ ਕਰ ਲੀ ਕੱਲ ਗੇ ਨੈ। ਸਭ ਕਹਾਂ ਥੋੜੀ ਜੀ ਤੋ ਚੈਹੈ ਪਹਿਲਾਂ ਏਂ ਲੇਜੀਂ। ਜਾਦੈਂ ਗੀ ਲੋੜ ਹੋਈ, ਜਦ ਹਮੇਂ ਲਾਲੇਂਗੇ ਫੇਰ ਲੇਜੀਂ।" ਮੈਨੂੰ ਸੱਚੀ ਮੁੱਚੀ ਅਮਰਾ ਉਸ ਅੰਗਰੇਜ਼ੀ ਕਹਾਣੀ ਦੇ ਪਾਤਰ ਜਿਹਾ ਫਿਲਾਸਫਰ ਲੱਗਾ ਜੋ ਆਪਣੇ ਢੰਗ ਨਾਲ ਮੈਨੂੰ ਹਿਸਟਾਰੀਕਲ ਮੈਟੀਰੀਅਲਿਜ਼ਮ ਤੇ 'ਇਕਨਾਮਿਕ ਡਿਟਰਮੀਨਿਜ਼ਮ' ਸਮਝਾ ਰਿਹਾ ਸੀ। ਉਹ ਸਿਆਣਾ ਵੀ ਸੀ ਤੇ ਰਸੂਖਦਾਰ ਵੀ।

***(ਚਲਦਾ)***

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ



ਪ੍ਰਿੰਸੀਪਲ ਗੋਪਾਲ ਸਿੰਘ
ਫੋਨ: 408-806-0286

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸਰਬ ਸਾਂਝੀਵਾਲਤਾ ਦੇ ਮੁੱਦਈ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਦਾ ਜਨਮ 15 ਅਪਰੈਲ 1563 ਨੂੰ ਗੁਰੂ ਰਾਮਦਾਸ ਅਤੇ ਮਾਤਾ ਭਾਨੀ ਦੇ ਘਰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਨਾਨਕੇ ਪਿੰਡ ਗੋਇੰਦਵਾਲ ਸਾਹਿਬ ਵਿਚ ਬੀਤਿਆ। ਉਹ ਮਾਤਾ ਭਾਨੀ ਅਤੇ ਨਾਨਾ ਗੁਰੂ ਅਮਰਦਾਸ ਦੀ ਦੇਖ-ਰੇਖ ਹੇਠ ਵਿਚ ਪਲੇ। ਨਾਨੇ-ਦੋਹਤੇ ਦੇ ਪਿਆਰ ਸਦਕਾ, ਉਨ੍ਹਾਂ 'ਚ ਉਚੀ ਮਨੁੱਖਤਾ ਦੇ ਸਾਰੇ ਗੁਣ- ਸਤਿ, ਸੰਤੋਖ, ਨਿਮਰਤਾ, ਨਿਰਭੈਅ, ਨਿਰਵੈਰਤਾ, ਸਹਿਣਸ਼ੀਲਤਾ ਅਤੇ ਆਪਸੀ ਪਿਆਰ ਫੁਟਣ ਲੱਗੇ। ਪ੍ਰਭੂ ਪ੍ਰੇਮ ਅਤੇ ਗੁਰਬਾਣੀ ਨਾਲ ਗੁਰੂ ਜੀ ਦਾ ਅਤਿ ਲਗਾਉ ਵੇਖ ਕੇ ਗੁਰੂ ਅਮਰਦਾਸ ਨੇ ਸਹਿਜ ਭਾਅ ਕਹਿ ਦਿੱਤਾ ਕਿ ਇਹ 'ਦੋਹਿਤਾ ਬਾਣੀ ਦਾ ਬੋਹਿਥਾ' ਭਾਵ ਬਾਣੀ ਦਾ ਜਹਾਜ਼ ਹੋਵੇਗਾ ਜੋ ਆਪ ਤਰੇਗਾ ਤੇ ਹੋਰਨਾਂ ਨੂੰ ਤਾਰੇਗਾ। ਇਹ ਵਰ ਉਨ੍ਹਾਂ ਦੀ ਪ੍ਰਤਿਭਾ ਦਾ ਪ੍ਰਤੀਕ ਸੀ।

ਗੁਰੂ ਅਰਜਨ ਦੇਵ ਦੇ ਦੋ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਬਾਬਾ ਪ੍ਰਿਥੀ ਚੰਦ ਵਿਚ ਦੁਨਿਆਵੀ ਚਤੁਰਤਾ ਤੇ ਵੈਰ-ਭਾਵ ਬਹੁਤ ਸੀ। ਮਹਾਂਦੇਵ ਵੈਰਾਗੀ ਅਤੇ ਮਸਤ ਸੁਭਾਅ ਸਨ। ਗੁਰੂ ਅਰਜਨ ਦੇਵ ਵਿਚ ਨਿਸ਼ਕਾਮਤਾ, ਪ੍ਰਭੂ ਪ੍ਰੇਮ, ਸਾਦਗੀ ਤੇ ਜੀਵਨ ਉਚਤਾ ਦੇ ਗੁਣ ਵੇਖ ਕੇ, ਗੁਰੂ ਰਾਮਦਾਸ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਨੂੰ ਸੌਂਪੀ। ਉਸ ਵੇਲੇ ਗੁਰੂ ਜੀ ਦੀ ਉਮਰ 18 ਸਾਲ ਚਾਰ ਮਹੀਨੇ ਸੀ।

ਪਹਿਲੀ ਸਤੰਬਰ 1581 ਨੂੰ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ। ਦਸਵੇਂ ਦਿਨ ਦਸਤਾਰ ਦੀ ਰਸਮ ਸਮੇਂ ਪ੍ਰਿਥੀ ਚੰਦ ਵੀ ਗੋਇੰਦਵਾਲ ਪਹੁੰਚ ਗਿਆ ਤੇ ਰਿਸ਼ਤੇਦਾਰਾਂ ਨੂੰ ਕਿਹਾ ਕਿ ਵੱਡਾ ਪੁੱਤਰ ਹੋਣ ਦੇ ਨਾਤੇ ਦਸਤਾਰ ਉਸ ਨੂੰ ਮਿਲਣੀ ਚਾਹੀਦੀ ਹੈ। ਬਿਰਾਦਰੀ ਪ੍ਰਿਥੀ ਚੰਦ ਨੂੰ ਦਸਤਾਰ ਦੇਣ ਲਈ ਤਿਆਰ ਨਹੀਂ ਸੀ ਪਰ ਗੁਰੂ ਅਰਜਨ ਦੇਵ ਦੀ ਪ੍ਰੇਰਨਾ ਨਾਲ ਆਖਰ ਦਸਤਾਰ ਪ੍ਰਿਥੀ ਚੰਦ ਨੂੰ ਦੇ ਦਿੱਤੀ ਗਈ। ਦਸਤਾਰਬੰਦੀ ਵੇਲੇ ਭੱਟ ਸਾਹਿਬਾਨ ਵੀ ਗੁਰੂ ਅਰਜਨ ਦੇਵ ਦੇ ਦਰਸ਼ਨ ਕਰਨ ਆਏ ਹੋਏ ਸਨ। ਉਨ੍ਹਾਂ ਗੁਰੂ ਜੀ ਦਾ ਠੰਢਾ ਤੇ ਵਿਸ਼ਾਲ ਜਿਗਰਾ ਵੇਖ ਵਡਿਆਈ ਕਰਦਿਆਂ ਕਿਹਾ ਕਿ ਇਹ ਪ੍ਰਤੱਖ ਪਰਮਾਤਮਾ ਦਾ ਰੂਪ ਹਨ ਤੇ ਗੁਰੂ ਰਾਮਦਾਸ ਜੀ ਦੇ ਸਹੀ ਜਾਂਨਸ਼ੀਨ ਹਨ। ਇਨ੍ਹਾਂ ਵਿਚੋਂ ਇਕ, ਮਥੁਰਾ ਭੱਟ ਨੇ ਗੁਰੂ ਸਾਹਿਬ ਬਾਰੇ ਇਹ ਰਚਿਆ:

ਧਰਨਿ ਗਗਨ ਨਵਖੰਡ ਮਹਿ
ਜੋਤਿ ਸਰੂਪੀ ਰਹਿਓ ਭਰ।
ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨ ਪਰਤਖ ਹਰਿ।

ਇਉਂ ਪ੍ਰਿਥੀ ਚੰਦ ਦੇ ਵਿਰੋਧ ਦੇ ਬਾਵਜੂਦ ਗੁਰੂ ਅਰਜਨ ਦੇਵ ਪਰਬਤ ਵਾਂਗ ਅਡੋਲ ਰਹੇ। ਦਸਤਾਰਬੰਦੀ ਪਿਛੋਂ ਗੁਰੂ ਜੀ ਵਾਪਸ ਗੁਰੂ ਚੱਕ ਆਏ ਤਾਂ ਪ੍ਰਿਥੀ ਚੰਦ ਨੇ ਗੁਰੂ ਘਰ ਦੇ ਆਰਥਕ ਪ੍ਰਬੰਧ 'ਚ ਰੁਕਾਵਟ ਪਾਉਣੀ ਸ਼ੁਰੂ ਕਰ ਦਿੱਤੀ। ਮਨੋਰਥ ਸਿੱਖ ਸੰਗਤ ਵਿਚ ਗੁਰੂ ਅਰਜਨ ਦੇਵ ਦੀ ਸ਼ਰਧਾ ਘਟਾਉਣਾ ਸੀ। ਪ੍ਰਿਥੀ ਚੰਦ ਨੇ ਮਸੰਦਾਂ ਨਾਲ ਮਿਲ ਕੇ ਸ਼ਹਿਰ ਦੇ ਬਾਹਰ ਹੀ ਨਵੇਂ ਆਏ ਸਿੱਖਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੁਰੂ ਉਹ ਹੈ। ਸਿੱਖ ਸੰਗਤ ਉਸ ਨੂੰ ਹੀ ਗੁਰੂ ਸਮਝ ਕੇ ਭੇਟਾ ਦੇ ਦਿੰਦੀ। ਸਿੱਟੇ ਵਜੋਂ ਗੁਰੂ ਘਰ ਦੀ ਆਮਦਨ ਘਟਨ ਲੱਗੀ ਤੇ ਗੁਰੂ ਦਾ ਲੰਗਰ ਇਕ ਡੰਗ ਹੋਣ ਲੱਗਾ। ਬਾਬਾ ਬੁੱਢਾ ਅਤੇ ਭਾਈ ਗੁਰਦਾਸ ਦੇ ਉਦਮ ਸਦਕਾ ਅੰਤ ਇਹ ਨਾਕਾਬੰਦੀ ਟੁੱਟ ਗਈ ਤੇ ਗੁਰੂ ਘਰ ਦੇ ਲੰਗਰ ਦੀ ਅਵਸਥਾ ਫਿਰ ਸੁਧਰਨ ਲੱਗੀ। ਨਾਕਾਬੰਦੀ ਦੌਰਾਨ ਗੁਰੂ ਸਾਹਿਬ ਚੱਕ ਗੁਰੂ ਦੇ ਬਹੁਪੱਖੀ ਵਿਕਾਸ ਵੱਲ ਬਹੁਤਾ ਧਿਆਨ ਨਾ ਦੇ ਸਕੇ। ਸ਼ਹਿਰ ਦੇ ਵਿਕਾਸ ਤੇ ਲਗਾਤਾਰ ਵਧਦੀਆਂ ਲੋੜਾਂ ਪੂਰੀਆਂ ਕਰਨ ਲਈ ਗੁਰੂ ਸਾਹਿਬ ਨੇ ਪ੍ਰਚਾਰਕ ਮਸੰਦ ਨਿਯੁਕਤ ਕੀਤੇ ਜੋ ਸਿੱਖ ਸੰਗਤ ਤੋਂ ਭੇਟਾ ਇਕੱਠੀ ਕਰਕੇ ਲਿਆਉਂਦੇ। ਗੁਰੂ ਸਾਹਿਬ ਨੇ ਸਿੱਖ ਸੰਗਤ ਨੂੰ ਹਦਾਇਤ ਕੀਤੀ ਕਿ ਹਰ ਸਿੱਖ ਘਰਾਣਾ ਆਪਣੀ ਕਮਾਈ ਦਾ ਦਸਵੰਧ ਸਾਂਝੇ ਪੰਥਕ ਕਾਰਜਾਂ ਲਈ ਗੁਰੂ ਗੋਲਕ ਲਈ ਭੇਜਿਆ ਕਰੇ। ਉਨ੍ਹਾਂ ਨੇ ਸਵੈ-ਇੱਛਤ ਭੇਟਾ ਪ੍ਰਣਾਲੀ ਨੂੰ ਜ਼ਰੂਰੀ ਭੇਟਾ ਪ੍ਰਣਾਲੀ ਵਿਚ ਬਦਲ ਦਿੱਤਾ।

ਗੁਰੂ ਅਰਜਨ ਦੇਵ ਨੇ ਗੁਰੂ ਰਾਮ ਦਾਸ ਵੱਲੋਂ 1570 ਵਿਚ ਅਰੰਭੇ ਅੰਮ੍ਰਿਤ ਸਰੋਵਰ ਦੇ ਕਾਰਜ ਨੂੰ 1588 ਵਿਚ ਮੁਕੰਮਲ ਕੀਤਾ। ਫਿਰ ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ। ਲਾਹੌਰ ਦੇ ਸੂਫੀ ਸੰਤ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ 28 ਦਸੰਬਰ 1588 ਨੂੰ ਰੱਖਿਆ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਨੀਵੇਂ ਧਰਾਤਲ 'ਤੇ ਰਖਵਾਈ ਕਿ ਸਿੱਖ ਮੱਤ ਦਾ ਅਸੂਲ ਹੈ ਕਿ ਪਰਮਾਤਮਾ ਸਿਰ ਝੁਕਾਇਆਂ ਤੇ ਨਿਮਰਤਾ ਰਾਹੀਂ ਪ੍ਰਾਪਤ ਹੁੰਦਾ ਹੈ। ਉਨ੍ਹਾਂ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਜੋ ਸੰਸਾਰ ਦੇ ਸਾਰੇ ਧਰਮਾਂ ਦੇ ਲੋਕਾਂ ਲਈ ਖੁੱਲ੍ਹੇ ਹਨ। ਹਰਿਮੰਦਰ ਸਾਹਿਬ ਸਾਂਝੀਵਾਲਤਾ ਦਾ ਪ੍ਰਤੀਕ ਹੈ।

ਨਾਕਾਬੰਦੀ ਪਿਛੋਂ ਸੱਤੇ ਦੀ ਲੜਕੀ ਦਾ ਵਿਆਹ ਆ ਗਿਆ। ਉਸ ਨੇ ਗੁਰੂ ਜੀ ਪਾਸੋਂ ਲੋੜ ਤੋਂ ਵੱਧ ਮਾਇਆ ਮੰਗੀ। ਆਰਥਕ ਤੰਗੀ ਕਾਰਨ ਗੁਰੂ ਜੀ ਉਸ ਨੂੰ ਮੂੰਹ ਮੰਗੀ ਰਕਮ ਨਾ ਦੇ ਸਕੇ। ਪ੍ਰਿਥੀ ਚੰਦ ਦੇ ਉਕਸਾਉਣ 'ਤੇ ਸੱਤੇ ਤੇ ਬਲਵੰਡ ਨੇ ਗੁਰੂ ਘਰ ਕੀਰਤਨ ਕਰਨਾ ਬੰਦ ਕਰ ਦਿਤਾ ਅਤੇ ਗੁਰੂ ਘਰ ਦੀ ਸ਼ਾਨ ਵਿਚ ਖਰ੍ਹਵੇ ਬੋਲ ਵੀ ਬੋਲੇ। ਗੁਰੂ ਜੀ ਨੇ ਸਿੱਖਾਂ ਨੂੰ ਕੀਰਤਨ ਆਪ ਕਰਨ ਲਈ ਕਿਹਾ ਅਤੇ ਕੀਰਤਨ ਸਿੱਖਣ ਵਿਚ ਅਗਵਾਈ ਆਪ ਕੀਤੀ। ਸਿੱਖਾਂ ਨੇ ਸੱਤੇ ਤੇ ਬਲਵੰਡ ਦਾ ਕੀਰਤਨ ਸੁਣਨਾ ਬੰਦ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਪਤਲੀ ਹੋ ਗਈ। ਭਾਈ ਲੱਧਾ ਦੀਆਂ ਕੋਸ਼ਿਸ਼ਾਂ ਕਰਕੇ ਗੁਰੂ ਜੀ ਨੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ। ਸੱਤੇ, ਬਲਵੰਡ ਨੇ ਗੁਰੂ ਉਪਮਾ ਵਿਚ ਅੱਠ ਪਉੜੀਆਂ ਦੀ ਵਾਰ ਲਿਖੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਗੁਰੂ ਅਰਜਨ ਦੇਵ ਨੇ ਗੁਰਿਆਈ ਤੋਂ ਬਾਅਦ 8 ਸਾਲ ਅੰਮ੍ਰਿਤਸਰ ਵਸਾਉਣ, ਅੰਮ੍ਰਿਤ ਸਰੋਵਰ, ਸੰਤੋਖਸਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਬਿਤਾਏ। ਇਸ ਪਿਛੋਂ 10 ਸਾਲ ਸਿੱਖੀ ਦੇ ਪ੍ਰਚਾਰ 'ਚ ਗੁਜ਼ਾਰੇ। ਉਨ੍ਹਾਂ ਮਾਝੇ ਵਿਚ ਸਿੱਖ ਧਰਮ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ। ਫਕੀਰ ਸਖੀ ਸਰੋਵਰ ਦੇ ਚੇਲਿਆਂ, ਜਿਨ੍ਹਾਂ ਨੂੰ ਸਰਵਰੀਏ ਕਿਹਾ ਜਾਂਦਾ ਸੀ, ਦਾ ਪ੍ਰਭਾਵ ਘਟਾਉਣ ਲਈ 1590 'ਚ ਤਰਨ ਤਾਰਨ ਸ਼ਹਿਰ ਵਸਾਇਆ ਅਤੇ ਸਰੋਵਰ ਵੀ ਬਣਵਾਇਆ, ਖਡੂਰ ਸਾਹਿਬ, ਵਡਾਲੀ ਤੇ ਕਰਤਾਰਪੁਰ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਦੁਖੀ ਅਤੇ ਪੀੜਤ ਲੋਕਾਂ ਦੀ ਮਦਦ ਤੇ ਸੇਵਾ ਕੀਤੀ। ਲੋੜਵੰਦਾਂ ਲਈ ਬਉਲੀਆਂ ਅਤੇ ਖੂਹ ਬਣਵਾਏ। ਰਾਵੀ ਦਰਿਆ ਦੇ ਨਾਲ ਲਾਹੌਰ, ਜੰਬਰ, ਚੂਨੀਆਂ, ਬਹਿੜਵਾਲ ਇਲਾਕਿਆਂ ਵਿਚ ਲੋਕ ਸੇਵਾ ਤੇ ਸਿੱਖੀ ਦਾ ਪ੍ਰਚਾਰ ਕੀਤਾ। ਲਾਹੌਰ ਵਿਚ ਭੁੱਖਮਰੀ ਅਤੇ ਬਿਮਾਰੀਆਂ ਫੈਲਣ ਕਾਰਨ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ, ਗੁਰੂ ਜੀ ਦੁਖੀਆਂ ਦਾ ਦੁੱਖ ਵੰਡਣ ਲਈ ਲਾਹੌਰ ਚਲੇ ਗਏ। ਉਨ੍ਹਾਂ ਪੀੜਤ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਾਏ। ਯਤੀਮਾਂ ਅਤੇ ਲੋੜਵੰਦਾਂ ਲਈ ਆਸ਼ਰਮ ਅਤੇ ਲੰਗਰ ਸ਼ੁਰੂ ਕਰਵਾਏ। ਗੁਰੂ ਜੀ ਦੀ ਲਾਹੌਰ ਵਿਚ ਸੇਵਾ ਨੂੰ ਉਸ ਸਮੇਂ ਦੇ ਮੁਗਲ ਬਾਦਸ਼ਾਹ ਅਕਬਰ ਨੇ ਵੀ ਬਹੁਤ ਸਲਾਹਿਆ। ਇਉਂ ਗੁਰੂ ਅਰਜਨ ਦੇਵ ਲੋਕ ਕਲਿਆਣ ਹਿਤ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਹੋਏ 1601 ਵਿਚ ਅੰਮ੍ਰਿਤਸਰ ਵਾਪਸ ਪਹੁੰਚੇ।

ਸਮੇਂ ਨਾਲ ਗੁਰੂ ਘਰ ਪ੍ਰਤੀ ਸਿੱਖਾਂ ਦੀ ਸ਼ਰਧਾ ਵਧਦੀ ਗਈ। ਉਨ੍ਹਾਂ ਵੱਖ ਵੱਖ ਕਿੱਤਿਆਂ-ਖੇਤੀ, ਵਪਾਰ ਤੇ ਵਣਜ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਅਣਥੱਕ ਮਿਹਨਤ ਤੇ ਲੋਕ ਸੇਵਾ ਕਾਰਨ ਦੂਜੇ ਧਰਮਾਂ ਦੇ ਲੋਕ ਵੀ ਸਿੱਖੀ ਧਾਰਨ ਕਰਨ ਲੱਗੇ। ਦੂਰ ਦੁਰਾਡਿਉਂ ਸਿੱਖ ਸੰਗਤ ਦਰਸ਼ਨਾਂ ਨੂੰ ਆਉਂਦੀ। ਉਨ੍ਹਾਂ ਦੀ ਸਭ ਤੋਂ ਬਹੁਮੁੱਲੀ ਦੇਣ ਇਹ ਹੈ ਕਿ ਉਨ੍ਹਾਂ ਨੇ ਇਕ ਅਜਿਹੇ ਨੂੰ ਪ੍ਰਮਾਣਿਕ ਧਰਮ ਗ੍ਰੰਥ ਦਿੱਤਾ ਜਿਸ ਨੇ ਸਿੱਖ ਕੌਮ ਦੇ ਢਾਂਚੇ ਨੂੰ ਨਵਾਂ ਰੂਪ ਬਖਸ਼ਿਆ। ਉਨ੍ਹਾਂ ਸਿੱਖ ਧਰਮ ਨੂੰ ਸ਼ਕਤੀਸ਼ਾਲੀ ਤੇ ਗਤੀਸ਼ੀਲ ਬਣਾਉਣ ਅਤੇ ਸਿੱਖਾਂ ਨੂੰ ਕੁਰਾਹੇ ਪਾਉਣ ਵਾਲਿਆਂ ਤੋਂ ਬਚਾਉਣ ਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਸਾਂਭਣ ਲਈ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ। ਗੁਰਬਾਣੀ ਦਾ ਬਹੁਮੁੱਲਾ ਖਜ਼ਾਨਾ ਗੁਰੂ ਨਾਨਕ ਦੇਵ ਨੇ ਆਪਣੇ ਦੌਰਿਆਂ ਸਮੇਂ ਭਗਤਾਂ ਅਤੇ ਸੰਤਾਂ ਤੋਂ ਇਕੱਠਾ ਕੀਤਾ ਸੀ ਜੋ ਉਨ੍ਹਾਂ ਉਨ੍ਹਾਂ ਦੂਜੇ ਗੁਰੂ ਸਾਹਿਬ ਨੂੰ ਗੁਰਿਆਈ ਸਮੇਂ ਸੌਂਪ ਦਿੱਤਾ। ਇਸੇ ਤਰ੍ਹਾਂ ਤੀਸਰੇ ਤੇ ਚੌਥੇ ਗੁਰੂ ਸਾਹਿਬਾਨ ਰਾਹੀਂ ਉਨ੍ਹਾਂ ਦੀ ਰਚੀ ਬਾਣੀ ਸਮੇਤ ਗੁਰੂ ਅਰਜਨ ਦੇਵ ਪਾਸ ਪਹੁੰਚ ਗਈ। ਉਨ੍ਹਾਂ ਆਪ ਰਚੀ ਬਾਣੀ ਅਤੇ ਹੋਰ ਸਰੋਤਾਂ ਤੋਂ ਇਕੱਠੀ ਕਰਕੇ ਤਰਤੀਬਵਾਰ ਤੇ ਨਵੇਂ ਰੂਪ 'ਚ ਸ੍ਰੀ ਰਾਮਸਰ ਸਰੋਵਰ 'ਤੇ ਰਹਿ ਕੇ ਭਾਈ ਗੁਰਦਾਸ ਤੋਂ ਲਿਖਵਾਉਣੀ ਸ਼ੁਰੂ ਕੀਤੀ। ਇਹ ਕਾਰਜ 1604 ਵਿਚ ਮੁਕੰਮਲ ਹੋਇਆ। ਇਸ ਬੀੜ ਵਿਚ 5751 ਸ਼ਬਦ ਹਨ ਅਤੇ ਇਸ ਦੇ 975 ਪੱਤਰੇ ਹਨ। ਇਸ ਬੀੜ ਵਿਚ ਸ੍ਰੀ ਰਾਗ ਤੋਂ ਲੈ ਕੇ ਪ੍ਰਭਾਤੀ ਰਾਗ ਤਕ 30 ਰਾਗ ਹਨ। ਇਸ ਦੇ ਪੰਨਾ 541 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਸਤਖਤ ਵੀ ਹਨ। ਇਹ ਬੀੜ ਅੱਜ ਕਲ੍ਹ ਕਰਤਾਰਪੁਰ ਸਾਹਿਬ ਵਿਚ ਹੈ।

30 ਅਗਸਤ 1604 ਨੂੰ ਹਰਿਮੰਦਰ ਸਾਹਿਬ ਵਿਚ ਗੁਰਮਤਿ ਪ੍ਰਚਾਰ ਲਈ ਆਦਿ ਗ੍ਰੰਥ ਦਾ ਪ੍ਰਕਾਸ਼ ਕੀਤਾ ਗਿਆ ਅਤੇ ਬਾਬਾ ਬੁੱਢਾ ਨੂੰ ਪਹਿਲਾ ਹੈਡ ਗ੍ਰੰਥੀ ਥਾਪਿਆ ਗਿਆ। ਉਦੋਂ ਉਹ 98 ਸਾਲਾਂ ਦੇ ਸਨ। ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਮੌਲਿਕ ਬੀੜ ਭਾਈ ਬੰਨੋ ਨੂੰ ਦੇ ਕੇ ਜਿਲਦ ਬੰਨ੍ਹਾਉਣ ਲਾਹੌਰ ਭੇਜਿਆ। ਮਾਂਗਟ ਵਾਸੀ ਭਾਈ ਬੰਨੋ ਨੇ ਜਿਲਦ ਬੰਨ੍ਹਾਉਣ ਸਮੇਂ ਜਦੋਂ ਉਸ ਦੀ ਨਕਲ ਕੀਤੀ ਤਾਂ ਆਪਣੀ ਇੱਛਾ ਅਨੁਸਾਰ ਕੁਝ ਵਾਧੂ ਬਾਣੀ ਵੀ ਦਰਜ ਕੀਤੀ। ਉਸ ਨੂੰ ਭਾਈ ਬੰਨੋ ਦੀ ਬੀੜ ਅਤੇ ਖਾਰੀ ਬੀੜ ਵੀ ਕਿਹਾ ਜਾਂਦਾ ਹੈ ਜੋ ਮਾਂਗਟ 'ਚ ਭਾਈ ਬੰਨੋ ਦੀ ਔਲਾਦ ਕੋਲ ਹੈ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਕੰਠ ਤੋਂ ਉਚਾਰਨ ਕਰਕੇ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਖੇ ਜੋ ਬਾਣੀ ਭਾਈ ਮਨੀ ਸਿੰਘ ਤੋਂ ਲਿਖਵਾਈ, ਉਹ ਦਮਦਮਾ ਸਾਹਿਬ ਬੀੜ ਦੇ ਨਾਂ



ਨਾਲ ਪ੍ਰਸਿਧ ਹੈ। ਇਸ ਵਿਚ ਜੈ ਜੈ ਵੰਤੀ ਸਮੇਤ 31 ਰਾਗ ਹਨ ਤੇ 5867 ਸ਼ਬਦ ਹਨ। ਇਸ ਬੀੜ ਦੇ ਉਤਾਰੇ ਬਾਬਾ ਦੀਪ ਸਿੰਘ ਨੇ ਕੀਤੇ ਸਨ। ਅੱਜ ਕਲ੍ਹ ਜੋ ਬੀੜਾਂ ਗੁਰੂ ਘਰਾਂ ਵਿਚ ਸੁਸ਼ੋਭਿਤ ਹਨ, ਉਹ ਦਮਦਮੀ ਬੀੜ ਦਾ ਉਤਾਰਾ ਹਨ।

ਗੁਰੂ ਗੋਬਿੰਦ ਸਿੰਘ ਨੇ ਜੋਤੀ ਜੋਤ ਸਮਾਉਣ ਸਮੇਂ ਤਖਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਭਵਿਖ ਵਿਚ ਗੁਰੂ ਐਲਾਨ ਕਰਦਿਆਂ ਗੁਰਗੱਦੀ ਬਖਸ਼ੀ। ਦੁਨੀਆਂ ਦੇ ਧਰਮ ਗ੍ਰੰਥਾਂ ਦੇ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਦੁੱਤੀ ਹੈ ਜੋ ਸਿੱਖਾਂ ਦਾ ਧਾਰਮਿਕ ਗ੍ਰੰਥ ਹੋਣ ਦੇ ਨਾਲ ਸਰਬ ਸਾਂਝਾ ਧਾਰਮਿਕ ਗ੍ਰੰਥ ਹੈ। ਇਹ ਮੱਧਕਾਲ ਦੀ ਮਹਾਨ ਅਧਿਆਤਮਕ ਰਚਨਾ ਹੈ। ਇਸ ਵਿਚ ਭਾਰਤੀ ਭਾਸ਼ਾਵਾਂ ਦਾ ਖਜ਼ਾਨਾ ਹੈ ਤੇ ਇਹ ਰਾਗਾਂ ਦਾ ਭੰਡਾਰ ਹੈ।

17 ਅਕਤੂਬਰ 1605 ਵਿਚ ਬਾਦਸ਼ਾਹ ਅਕਬਰ ਦੀ ਆਗਰੇ ਵਿਚ ਮੌਤ ਹੋ ਗਈ। ਅਕਬਰ ਸੁਲਹਕੁਨ ਤੇ ਸਹਿਣਸ਼ੀਲ ਸੀ। ਉਸ ਦੀ ਮੌਤ ਪਿਛੋਂ ਉਸ ਦਾ ਪੁੱਤਰ ਸਲੀਮ ਹਿੰਦੁਸਤਾਨ ਦੇ ਤਖਤ 'ਤੇ ਬੈਠਾ ਜੋ ਮਗਰੋਂ ਜਹਾਂਗੀਰ ਦੇ ਨਾਂ ਨਾਲ ਪ੍ਰਸਿਧ ਹੋਇਆ। ਅਕਬਰ ਆਪਣੇ ਪੋਤਰੇ ਖੁਸਰੋ ਨੂੰ ਤਖਤ ਦੇਣ ਦੇ ਹੱਕ ਵਿਚ ਸੀ ਕਿਉਂਕਿ ਸਲੀਮ ਸ਼ਰਾਬ ਬਹੁਤ ਪੀਂਦਾ ਸੀ। ਸਲੀਮ ਨੇ ਅਕਬਰ ਦੇ ਜਿਉਂਦਿਆਂ ਹੀ ਤਖਤ ਪ੍ਰਾਪਤ ਕਰਨ ਲਈ ਸਾਜ਼ਿਸ਼ਾਂ ਘੜੀਆਂ। ਉਸ ਨੇ ਦਰਬਾਰੀਆਂ ਤੇ ਕੱਟੜਪੰਥੀਆਂ ਨਾਲ ਮਿਲ ਕੇ ਤਖਤ ਪ੍ਰਾਪਤ ਕਰ ਲਿਆ ਅਤੇ ਖੁਸਰੋ ਨੂੰ ਆਗਰੇ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਖੁਸਰੋ ਮੌਕਾ ਪਾ ਕੇ 6 ਅਪਰੈਲ 1606 ਨੂੰ ਪੰਜਾਬ ਵੱਲ ਨਿਕਲ ਗਿਆ। ਪੰਜਾਬ ਦੀ ਰਾਜਧਾਨੀ 'ਤੇ ਕਬਜ਼ਾ ਕਰਨ ਲਈ ਉਹ ਲਾਹੌਰ ਪਹੁੰਚਿਆ ਪਰ ਸ਼ੇਖ ਫਰੀਦ ਬੁਖਾਰੀ ਨੇ ਉਸ ਦੀ ਕੋਸ਼ਿਸ਼ ਨੂੰ ਅਸਫਲ ਕਰ ਦਿੱਤਾ। ਜਹਾਂਗੀਰ ਨੇ ਆਪ ਵੀ ਸ਼ਾਹੀ ਫੌਜ ਲੈ ਕੇ ਖੁਸਰੋ ਨੂੰ ਗ੍ਰਿਫਤਾਰ ਕਰਨ ਲਈ ਲਾਹੌਰ ਵੱਲ ਕੂਚ ਕੀਤਾ। ਜਹਾਂਗੀਰ ਨੇ ਦੋ ਦਿਨਾਂ ਵਿਚ ਹੀ ਖੁਸਰੋ ਦੇ ਸਾਥੀਆਂ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ। ਜਿਨ੍ਹਾਂ ਨੇ ਜਹਾਂਗੀਰ ਦਾ ਸਾਥ ਦਿੱਤਾ, ਉਨ੍ਹਾਂ ਨੂੰ ਜਗੀਰਾਂ ਤੇ ਰੁਤਬੇ ਦਿੱਤੇ। ਸ਼ੇਖ ਫਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਜਹਾਂਗੀਰ ਨੇ ਦਿੱਤਾ।

ਗੁਰੂ ਅਰਜਨ ਦੇਵ ਦੀ ਅਣਥੱਕ ਮਿਹਨਤ, ਲਗਨ ਤੇ ਕਠਿਨ ਸਾਧਨਾ ਕਰਕੇ ਸਿੱਖ ਸੰਗਤਾਂ ਦੀ ਗਿਣਤੀ ਵਧਦੀ ਗਈ। ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਤੇ ਤਰਨ ਤਾਰਨ ਸਿੱਖੀ ਦਾ ਧੁਰਾ ਬਣ ਚੁਕੇ ਸਨ। ਸਿੱਖ ਲਹਿਰ ਦਾ ਤੇਜ਼ੀ ਨਾਲ ਵਧ ਰਿਹਾ ਰਸੂਖ ਮੁਗਲ ਬਾਦਸ਼ਾਹ ਜਹਾਂਗੀਰ ਅਤੇ ਉਸ ਦੇ ਕੱਟੜਪੰਥੀ ਸਲਾਹਕਾਰ ਸ਼ੇਖ ਅਹਿਮਦ ਫਾਰੂਖੀ ਸਰਹਿੰਦੀ ਤੇ ਸ਼ੇਖ ਫਰੀਦ ਬੁਖਾਰੀ ਨੂੰ ਬਹੁਤ ਚੁਭਦਾ ਸੀ। ਸ਼ੇਖ ਸਰਹਿੰਦੀ ਖੁਦ ਨੂੰ ਖਲੀਫਿਆਂ ਤੋਂ ਵੱਡਾ ਅਤੇ ਇਸਲਾਮ ਦਾ ਰਾਖਾ ਸਮਝਦਾ ਸੀ। ਜਹਾਂਗੀਰ ਤੇ ਉਸ ਦੇ ਦਰਬਾਰੀਆਂ 'ਤੇ ਵੀ ਉਸ ਦਾ ਪ੍ਰਭਾਵ ਸੀ। ਕੱਟੜਪੰਥੀ ਮੁਲਾਣਿਆਂ ਨੇ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਵਿਰੁਧ ਭੜਕਾਇਆ। ਸ਼ੇਖ ਸਰਹਿੰਦੀ ਗੁਰੂ ਸਾਹਿਬ ਨੂੰ ਹਮੇਸ਼ਾ ਇਮਾਮ-ਏ-ਕੁਫਰ ਕਹਿੰਦਾ ਸੀ। ਉਹ ਅਤੇ ਸ਼ੇਖ ਫਰੀਦ ਬੁਖਾਰੀ ਗੁਰੂ ਜੀ ਨੂੰ ਮਾਰ ਮੁਕਾਉਣ ਦੀਆਂ ਸਕੀਮਾਂ ਘੜਨ ਲੱਗੇ। ਦੋਵਾਂ ਸ਼ੇਖਾਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਅਰਜਨ ਦੇਵ ਨੇ ਖੁਸਰੋ ਨੂੰ ਸ਼ਰਨ ਦਿੱਤੀ ਹੈ ਤੇ ਮਾਲੀ ਮਦਦ ਵੀ ਕੀਤੀ ਹੈ। ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਜੀ ਦਾ ਖੁਸਰੋ ਦੀ ਬਗਾਵਤ ਕਰਨ ਵਿਚ ਵਿਸ਼ੇਸ਼ ਹੱਥ ਹੈ।

ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਮੁੱਖ ਕਾਰਨ ਬਾਰੇ ਕਈ ਮੱਤ ਪ੍ਰਚਲਿਤ ਹਨ। ਕਈ ਪ੍ਰਿਥੀ ਚੰਦ ਦੀ ਬਦਲਾ ਭਾਵਨਾ ਅਤੇ ਘਰੇਲੂ ਫੁੱਟ ਦਸਦੇ ਹਨ। ਜਦੋਂ ਪ੍ਰਿਥੀ ਚੰਦ ਦੀਆਂ ਗੁਰਗੱਦੀ ਪ੍ਰਾਪਤ ਕਰਨ ਦੀਆਂ ਸਕੀਮਾਂ ਅਸਫਲ ਹੋ ਗਈਆਂ ਤਾਂ ਉਸ ਨੇ ਆਪਣੇ ਦਿਲ ਨੂੰ ਧੀਰਜ ਦਿੱਤਾ ਕਿ ਗੁਰੂ ਸਾਹਿਬ ਦੇ ਘਰ ਕੋਈ ਸੰਤਾਨ ਨਹੀਂ ਹੈ, ਇਸ ਲਈ ਅਖੀਰ ਵਿਚ ਗੱਦੀ ਦਾ ਮਾਲਕ ਉਸ ਦਾ ਪੁੱਤਰ ਮਿਹਰਬਾਨ ਹੀ ਬਣੇਗਾ। ਜੂਨ 1695 ਵਿਚ ਜਦੋਂ ਵਡਾਲੀ ਵਿਚ ਗੁਰੂ ਸਾਹਿਬ ਦੇ ਘਰ ਹਰਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਦੀ ਕੁਖੋਂ ਹੋਇਆ ਤਾਂ ਪ੍ਰਿਥੀ ਚੰਦ ਦਾ ਵਿਰੋਧ ਹੋਰ ਤਿੱਖਾ ਹੋ ਗਿਆ। ਉਸ ਨੇ ਬਾਲਕ ਨੂੰ ਮਾਰਨ ਲਈ ਕਈ ਹੱਥਕੰਡੇ ਵਰਤੇ ਪਰ ਅਸਫਲ ਰਿਹਾ ਤੇ ਬਦਨਾਮੀ ਕਾਰਨ ਅੰਤ ਆਪਣੇ ਸਹੁਰੇ ਪਿੰਡ ਹੇਹਰੀ (ਲਾਹੌਰ) ਚਲਾ ਗਿਆ। ਈਰਖਾ ਦੇ ਭਾਂਬੜ ਉਸ ਅੰਦਰ ਹਮੇਸ਼ਾ ਮਚਦੇ ਰਹਿੰਦੇ। ਉਸ ਦੇ ਕਹਿਣ 'ਤੇ ਸੁਲਹੀ ਖਾਨ ਤੇ ਬੀਰਬਲ ਨੇ ਗੁਰੂ ਸਾਹਿਬ ਉਪਰ ਹਮਲੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਉਸ ਨੇ ਲਾਹੌਰ ਦੇ ਹਾਕਮ ਨੂੰ ਲੈ ਕੇ ਜਹਾਂਗੀਰ ਦੇ ਕੰਨ ਅਜਮੇਰ ਜਾ ਭਰੇ।

ਚੰਦੂ ਸ਼ਾਹ ਲਾਹੌਰ ਦਾ ਦੀਵਾਨ ਸੀ। ਗੁਰੂ ਸਾਹਿਬ ਦੀ ਵਧਦੀ ਚੜ੍ਹਤ ਤੇ ਲੋਕਪ੍ਰਿਅਤਾ ਕਾਰਨ ਉਸ ਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਦੇ ਲੜਕੇ ਹਰਗੋਬਿੰਦ ਨਾਲ ਕਰਨ ਲਈ ਪ੍ਰੋਹਤਾਂ ਨੂੰ ਗੁਰੂ ਸਾਹਿਬ ਕੋਲ ਭੇਜਿਆ। ਪ੍ਰੋਹਤਾਂ ਨੇ ਆ ਕੇ ਚੰਦੂ ਨੂੰ ਦਸਿਆ ਕਿ ਉਹ ਗੁਰੂ ਅਰਜਨ ਦੇਵ ਦੇ ਪੁੱਤਰ ਹਰਗੋਬਿੰਦ ਨਾਲ ਉਸ ਦੀ ਲੜਕੀ ਦਾ ਰਿਸ਼ਤਾ ਪੱਕਾ ਕਰ ਆਏ ਹਨ। ਚੰਦੂ ਸ਼ਾਹ ਨੇ ਭਰੀ ਹੋਈ ਸੰਗਤ ਵਿਚ ਗੁਰੂ ਜੀ ਦਾ ਨਿਰਾਦਰ ਇਹ ਕਹਿ ਕੇ ਕੀਤਾ ਕਿ ਪ੍ਰੋਹਤ ਜੀ, ਮੋਰੀ ਦੀ ਇੱਟ ਚੁਬਾਰੇ ਨੂੰ ਲਾ ਆਏ ਹੋ। ਗੁਰੂ ਜੀ ਨੇ ਇਸ ਰਿਸ਼ਤੇ ਤੋਂ ਨਾਂਹ ਕਰ ਦਿੱਤੀ। ਚੰਦੂ ਜਹਾਂਗੀਰ ਨੂੰ ਲਗਾਤਾਰ ਗੁੰਮਰਾਹ ਕਰਨ ਤੇ ਭੜਕਾਉਣ ਲਈ ਚੁਗਲਖੋਰੀ ਅਤੇ ਝੂਠੀ ਬਿਆਨਬਾਜ਼ੀ ਕਰ ਰਿਹਾ ਸੀ।

ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਜਹਾਂਗੀਰ ਦੀ ਧਾਰਮਿਕ ਕੱਟੜਤਾ ਵੀ ਸੀ। ਸ਼ੇਖ ਸਰਹੰਦੀ ਅਤੇ ਮੁਰਤਜ਼ਾ ਖਾਨ ਵਲੋਂ ਕੰਨ ਭਰੇ ਜਾਣ 'ਤੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਬੰਦੀ ਬਣਾਉਣ ਦਾ ਹੁਕਮ ਦਿਤਾ ਕਿ ਉਨ੍ਹਾਂ ਨੂੰ ਸਿਆਸਤ ਦੇ 'ਯਾਸਾ' ਕਾਨੂੰਨ ਅਨੁਸਾਰ ਤਸੀਹੇ ਦੇ ਕੇ ਮਾਰ ਦਿਤਾ ਜਾਵੇ। ਜਹਾਂਗੀਰ ਨੇ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਸ਼ਹੀਦ ਕਰਨ ਦਾ ਨਿਸ਼ਚਾ ਕੀਤਾ ਹੋਇਆ ਸੀ। ਉਹ ਤਾਂ ਬਹਾਨਾ ਉਡੀਕ ਰਿਹਾ ਸੀ। ਖੁਸਰੋ ਦੇ ਗੁਰੂ ਸਾਹਿਬ ਨਾਲ ਮੇਲ ਨੂੰ ਸਿਆਸੀ ਸਾਜ਼ਿਸ਼ ਦੀ ਰੰਗਤ ਦੇ ਕੇ ਉਸ ਨੇ ਇਹ ਕੁਝ ਕਰਨ ਦਾ ਮੌਕਾ ਪਾ ਲਿਆ। ਆਪਣੀ ਸਵੈਜੀਵਨੀ 'ਤੁਜ਼ਕੇ-ਜਹਾਂਗੀਰੀ' ਵਿਚ ਉਸ ਨੇ ਲਿਖਿਆ: "ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਹੈ, ਵਿਚ ਪੀਰਾਂ ਬਜ਼ੁਰਗਾਂ ਦੇ ਵੇਸ ਵਿਚ ਅਰਜਨ ਨਾਂ ਦਾ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਵਜਾਇਆ ਹੋਇਆ ਸੀ। ਉਹ ਉਸ ਨੂੰ ਗੁਰੂ ਆਖਦੇ ਸਨ। ਸਭ ਤਰਫਾਂ ਤੋਂ ਫਰੇਬੀ ਅਤੇ ਠੱਗੀ ਪਸੰਦ ਲੋਕ ਉਸ ਪ੍ਰਤੀ ਪੂਰੀ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ ਚਲਾਈ ਹੋਈ ਸੀ। ਬਹੁਤ ਸਮੇਂ ਤੋਂ ਮੇਰੇ ਦਿਲ ਵਿਚ ਇਹ ਖਿਆਲ ਉਠ ਰਿਹਾ ਸੀ ਕਿ ਇਸ 'ਝੂਠ ਦੀ ਦੁਕਾਨ' (ਦੁਕਾਨਿ-ਬਾਤਲ) ਨੂੰ ਬੰਦ ਕਰਨਾ ਚਾਹੀਦਾ ਹੈ। ਉਸ ਨੂੰ ਮੁਸਲਮਾਨੀ ਫਿਰਕੇ ਵਿਚ ਲੈ ਆਉਣਾ ਚਾਹੀਦਾ ਹੈ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਤੇ ਮੈਂ ਉਸ ਦਾ ਘਰ ਘਾਟ ਤੇ ਬੱਚੇ, ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤੇ ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰਨ ਦੇ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸ਼ਾ ਦੇ ਕਾਨੂੰਨ ਅਨੁਸਾਰ ਦੰਡ ਦੇਣ।"

ਜਹਾਂਗੀਰ ਨੇ 20 ਮਈ 1606 ਵਿਚ ਪੰਜਾਬ ਦੇ ਗਵਰਨਰ ਮੁਰਤਜ਼ਾ ਖਾਨ ਨੂੰ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ। ਮੁਰਤਜ਼ਾ ਖਾਨ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਚੰਦੂ ਦੀ ਹਿਰਾਸਤ ਵਿਚ ਲਾਹੌਰ ਭੇਜ ਦਿੱਤਾ ਤੇ ਆਪ ਜਹਾਂਗੀਰ ਸਿੰਧ ਵਲ ਚਲਾ ਗਿਆ। ਗੁਰੂ ਜੀ ਨੂੰ ਡਰਾਇਆ ਗਿਆ ਕਿ ਉਹ ਇਸਲਾਮ ਕਬੂਲ ਕਰ ਲੈਣ ਤੇ ਹਜ਼ਰਤ ਮੁਹੰਮਦ ਦੀ ਤਾਰੀਫ ਵਿਚ ਕੁਝ ਲਿਖ ਦੇਣ। ਗੁਰੂ ਜੀ ਨੇ ਨਾ ਇਸਲਾਮ ਕਬੂਲ ਕੀਤਾ ਅਤੇ ਨਾ ਹਜ਼ਰਤ ਮੁਹੰਮਦ ਦੀ ਤਰੀਫ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਲਿਖਣਾ ਪ੍ਰਵਾਨ ਕੀਤਾ।

ਇਸਲਾਮੀ ਸ਼ਰ੍ਹਾ ਮੁਤਾਬਕ ਗੁਰੂ ਜੀ ਨੂੰ ਤਸੀਹੇ ਦੇਣ ਦਾ ਹੁਕਮ ਦਿੱਤਾ ਗਿਆ। ਪਹਿਲਾਂ ਗੁਰੂ ਜੀ ਨੂੰ ਚੰਦੂ ਸ਼ਾਹ ਦੀ ਹਵੇਲੀ 'ਚ ਜੇਠ ਹਾੜ੍ਹ ਦੀ ਤਪਸ਼ ਵਿਚ ਭੁੱਖਣ ਭਾਣੇ ਕੰਧਾਂ ਓਹਲੇ ਖੜ੍ਹੇ ਕਰੀ ਰੱਖਿਆ, ਫਿਰ ਤੱਤੀ ਤਵੀ 'ਤੇ ਬਿਠਾ ਕੇ ਤਪਦੀ ਰੇਤ ਸਰੀਰ 'ਤੇ ਪਾਈ ਗਈ। ਉਸ ਪਿਛੋਂ ਦੇਗ ਵਿਚ ਉਬਾਲਿਆ ਗਿਆ। ਗੁਰੂ ਜੀ ਦਾ ਸਰੀਰ ਛਾਲੇ-ਛਾਲੇ ਹੋ ਚੁਕਾ ਸੀ। ਸਰੀਰ ਨਿਢਾਲ ਹੋ ਗਿਆ ਪਰ ਗੁਰੂ ਜੀ ਸ਼ਾਂਤ, ਅਟੁੱਟ ਸਮਾਧੀ ਵਿਚ ਮਗਨ ਬੈਠੇ ਸਨ ਤੇ 'ਤੇਰਾ ਕੀਆ ਮੀਠਾ ਲਾਗੈ' ਗਾਉਂਦੇ ਰਹੇ। ਇਸ ਤਰ੍ਹਾਂ ਗੁਰੂ ਜੀ ਨੂੰ ਪੰਜ ਦਿਨ ਤਸੀਹੇ ਦਿੱਤੇ ਜਾਂਦੇ ਰਹੇ। ਉਹ ਬੇਹੋਸ਼ ਹੋ ਗਏ। ਮਗਰੋਂ ਉਨ੍ਹਾਂ ਦੇ ਨਿਢਾਲ ਸਰੀਰ ਨੂੰ ਰਾਵੀ ਦਰਿਆ ਦੇ ਠੰਢੇ ਪਾਣੀ ਵਿਚ ਸੁਟਵਾ ਦਿੱਤਾ ਗਿਆ। ਇਹ ਘਟਨਾ 6ਵੇਂ ਦਿਨ 30 ਮਈ 1606 ਨੂੰ ਦੀ ਹੈ।

ਗੁਰੂ ਸਾਹਿਬ ਦੀ ਯਾਦ ਵਿਚ ਰਾਵੀ ਦਰਿਆ ਦੇ ਕੰਢੇ 'ਤੇ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਚ ਉਸਾਰਿਆ ਹੋਇਆ ਹੈ। ਉਨ੍ਹਾਂ ਦੀ ਸ਼ਹੀਦੀ ਸਿੱਖਾਂ ਦੇ ਇਤਿਹਾਸ ਵਿਚ ਅਹਿਮ ਮੋੜ ਸਾਬਤ ਹੋਈ ਅਤੇ ਇਨ੍ਹਾਂ ਨੂੰ ਇੰਨਾ ਮਜ਼ਬੂਤ ਕਰ ਦਿਤਾ ਕਿ ਨਾਦਰਸ਼ਾਹ, ਜ਼ਕਰੀਆ ਖਾਂ ਤੇ ਅਬਦਾਲੀ ਵਰਗੇ ਜ਼ਾਲਮ ਸਿੱਖੀ ਸਿਦਕ ਨੂੰ ਡੁਲਾ ਨਾ ਸਕੇ। ਉਨ੍ਹਾਂ ਦੀ ਅਦੁੱਤੀ ਸ਼ਹਾਦਤ ਨੇ ਸਿੱਖ ਲਹਿਰ ਅਤੇ ਪੰਜਾਬ ਦੇ ਇਤਿਹਾਸ ਵਿਚ ਦੂਰਗਾਮੀ ਪ੍ਰਭਾਵ ਪਾਇਆ। ਇਸ ਨਾਲ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਅਧਿਆਏ ਸ਼ੁਰੂ ਹੋ ਗਿਆ। ਗੁਰੂ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਜਥੇਬੰਦ ਅਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ। ਉਨ੍ਹਾਂ ਦੇ ਪੁੱਤਰ ਗੁਰੂ ਹਰਗੋਬਿੰਦ ਜੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਗੁਰਗੱਦੀ 'ਤੇ ਬੈਠੇ। ਇਸ ਤਰ੍ਹਾਂ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ।

## ਸਾਡਾ ਵਿਰਸਾ ਸਾਡਾ ਮਾਣ

# ਤਰੱਕੀ ਦੀ ਪੌੜੀ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪੇਸ਼ ਕਰਨ ਵਾਲੇ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਊੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ***

ਵਕਤ ਬੜੀ ਚੀਜ਼ ਹੈ ਤੇ ਬੜੀ ਜਲਦੀ ਦੌੜਿਆ ਜਾ ਰਿਹਾ ਹੈ। ਇਸ ਦੀ ਚਾਲ ਨੂੰ ਕੋਈ ਨਹੀਂ ਰੋਕ ਸਕਦਾ। ਸੰਸਾਰ ਦੀਆਂ ਸਭ ਕੌਮਾਂ ਸਮੇਂ ਦੇ ਨਾਲ ਨਾਲ ਹੀ ਚਲ ਰਹੀਆਂ ਹਨ। ਕੋਈ ਉਸ ਦੇ ਗੇੜ ਤੋਂ ਬਚ ਨਹੀਂ ਸਕਦਾ। ਸਭ ਵਸ ਰਹੇ ਦੇਸ਼ ਸਮੇਂ ਦੀ ਦੌੜ ਨੂੰ ਜਾ ਰਹੇ ਹਨ। ਜੋ ਕੌਮਾਂ ਜਾਂ ਦੇਸ਼ ਸਮੇਂ ਦੇ ਨਾਲ ਚੱਲ ਕੇ ਮਿਲ ਸਕਦੇ ਹਨ, ਉਹ ਵਧ ਸਕਦੇ ਹਨ। ਸਮੇਂ ਦੇ ਰੱਥ ਵਿਚ ਬੈਠੇ-ਬੈਠੇ ਉਹ ਹਰ ਦਿਨ ਤਰੱਕੀ ਦੇ ਮੈਦਾਨ ਵਿਚ ਅਗਾਂਹ ਹੰਭਲਾ ਮਾਰਦੇ ਹਨ। ਉਨ੍ਹਾਂ ਦੀ ਤਰੱਕੀ ਨੂੰ ਕੋਈ ਰੋਕ ਨਹੀਂ ਸਕਦਾ, ਪਰ ਉਹ ਵੀ ਦੇਸ਼ ਹਨ, ਜੋ ਸਮੇਂ ਦੇ ਉਲਟ ਚਲਦੇ ਹਨ ਤੇ ਉਸ ਦੀ ਚਾਲ ਦਾ ਵਿਰੋਧ ਕਰਦੇ ਹਨ। ਉਨ੍ਹਾਂ ਦਾ ਮਤਲਬ ਕਵੀ ਇਉਂ ਦੱਸਦਾ ਹੈ: "ਦੁਨੀਆਂ ਵਿਚ ਹੱਥ ਪੈਰ ਹਿਲਾਣਾ ਨਹੀਂ ਔਖਾ; ਮਰ ਜਾਣਾ, ਪਰ ਉਠ ਕੇ ਕਿਤੇ ਜਾਣਾ ਨਹੀਂ ਔਖਾ।"

ਜੋ ਦੇਸ਼ ਸਮੇਂ ਦੀ ਅਦਲੀ ਬਦਲੀ ਨੂੰ ਰੋਕਣਾ ਜਾਂ ਉਸ ਵਿਚ ਬੰਨ੍ਹ ਪਾਉਣਾ ਹੀ ਮੁਖ ਧਰਮ ਜਾਣਦੇ ਹਨ, ਉਨ੍ਹਾਂ ਦਾ ਰੱਬ ਹੀ ਵਾਲੀ ਹੈ। ਇਹ ਕੌਮਾਂ ਸਮੇਂ ਦੇ ਰਗੜ ਤੇ ਚੋਟ ਨਾਲ ਚਕਨਾਚੂਰ ਹੋ ਜਾਣ ਤਾਂ ਇਹ ਕਿਸ ਦਾ ਕਸੂਰ ਹੈ? ਜੋ ਗੱਡੀ ਦੇ ਜੋੜਿਆ ਘੋੜਾ ਗੱਡੀ ਦੇ ਨਾਲ ਨਹੀਂ ਚਲਦਾ, ਉਹ ਜ਼ਰੂਰ ਟਕਰ ਖਾ ਕੇ ਡਿਗੇਗਾ। ਜੇ ਡਿਗਦੇ ਸਾਰ ਪ੍ਰਾਣ ਨਾ ਨਿਕਲਣਗੇ ਤਾਂ ਲੇਟੇਗਾ ਜ਼ਰੂਰ ਹੀ। ਉਹ ਹੀ ਰਾਜ ਜਾਂ ਕੌਮਾਂ ਜੀਉਂਦੀਆਂ ਰਹਿ ਸਕਦੀਆਂ ਹਨ ਜੋ ਸਦਾ ਆਪਣੇ ਨਿਸ਼ਾਨੇ ਤੇ ਮਿਸ਼ਨ ਲਈ ਪੱਕੀਆਂ ਹੁੰਦੀਆਂ ਹਨ ਤੇ ਸਮੇਂ ਦੇ ਅਨੁਸਾਰ ਬਦਲ ਸਕਦੀਆਂ ਹਨ। ਬਦਲਣ ਵਿਚ ਜੇ ਦੁੱਖ ਮਾਲੂਮ ਭੀ ਹੋਵੇ ਤਾਂ ਅੰਤ ਵਿਚ ਉਹ ਸੁੱਖ ਦੇਣ ਵਾਲਾ ਹੁੰਦਾ ਹੈ। ਜੋ ਆਦਮੀ ਹਰ ਰੋਜ਼ ਖੁਰਾਕ ਖਾਂਦਾ ਤੇ ਕਸਰਤ ਕਰਦਾ ਰਹੇ, ਉਹ ਇਕ ਦਿਨ ਜ਼ਰੂਰ ਹੀ ਬਹੁਤ ਤਕੜਾ ਹੋ ਜਾਏਗਾ, ਪਰ ਜੇ ਉਮਰ ਦੇ ਵਧਣ ਤੇ ਇਹ ਆਦਮੀ ਸਰੀਰ ਦੀ ਪੂਰੀ ਰਖਿਆ ਨਾ ਕਰੇ ਤੇ ਖੁਰਾਕ ਵੱਲ ਧਿਆਨ ਨਾ ਦੇਵੇ ਤਾਂ ਕਦੀ ਵੀ ਬਲਵਾਨ ਨਹੀਂ ਰਹੇਗਾ। ਇਹ ਹੀ ਹਾਲ ਦੇਸ਼ਾਂ ਦਾ ਹੈ ਜੋ ਦੇਸ਼ ਉਮਰ ਦੇ ਵਧਣ ਨਾਲ ਆਪਣੀ ਚਾਲ ਢਾਲ ਨਹੀਂ ਬਦਲਦੇ, ਉਹ ਉਨ੍ਹਾਂ ਆਦਮੀਆਂ ਵਾਂਗ ਹਨ ਜੋ ਬੁਢਾਪੇ ਵਿਚ ਗੋਡਿਆਂ ਭਾਰ ਤੁਰਦੇ ਤੇ ਤੋਤਲੀ ਬੋਲੀ ਬੋਲਦੇ ਹਨ। ਆਪਣੀ ਅਕਲ ਨੂੰ ਇਕ ਬਕਸ ਜਾਂ ਚਾਰ ਦੀਵਾਰੀ ਵਿਚ ਬੰਦ ਰੱਖਣਾ ਵੀ ਮੂਰਖ ਕੌਮਾਂ ਦੀ ਨਿਸ਼ਾਨੀ ਹੈ। ਸੰਸਾਰ ਵਿਚ ਤਰੱਕੀ ਕਰਨਾ ਵੀ ਪਹਾੜ 'ਤੇ ਚੜ੍ਹਨ ਦੇ ਮਾਫਕ ਹੈ। ਉਚੇ ਪਹਾੜ 'ਤੇ ਚੜ੍ਹਦਾ ਜੇ ਕੋਈ ਮਨੁੱਖ ਕਹੇ ਮੈਂ ਸਿੱਧਾ ਹੀ ਬਗੈਰ ਨਿਵਣ ਤੇ ਬਦਲੇ ਤੋਂ ਚੋਟੀ 'ਤੇ ਚੜ੍ਹ ਜਾਵਾਂਗਾ, ਉਹ ਬਹੁਤ ਟਪਲਾ ਖਾਂਦਾ ਹੈ। ਪਹਾੜ ਦੇ ਸਿਖਰ ਜਾਣ ਲਈ ਰੁਕ ਕੇ ਲੱਤਾਂ ਨੂੰ ਭੀ ਝੁਕਾ ਕੇ ਚਲਣਾ ਪੈਂਦਾ ਹੈ। ਜਿਥੇ ਨਿਵਾਈ ਹੋਵੇ, ਉਥੇ ਸਰੀਰ ਦਾ ਭਾਰ ਪਿਛੇ ਸੁੱਟ ਕੇ ਲੱਤਾਂ ਸਿੱਧੀਆਂ ਕਰਕੇ ਉਤਰਨਾ ਪੈਂਦਾ ਹੈ।

ਪਹਾੜ 'ਤੇ ਚੜ੍ਹਨ ਲਈ ਮਨੁੱਖ ਨੂੰ ਜ਼ਰੂਰੀ ਹੀ ਬਦਲਣਾ ਪੈਂਦਾ ਹੈ। ਇਸ ਤਰ੍ਹਾਂ ਹੀ ਸੰਸਾਰ ਦੀ ਘੋੜ ਦੌੜ 'ਚ ਤਰੱਕੀ ਚਾਹੁਣ ਵਾਲੀਆਂ ਕੌਮਾਂ ਤੇ ਦੇਸ਼ਾਂ ਦਾ ਹਾਲ ਹੈ। ਉਹੀ ਦੇਸ਼ ਜਿਤਦੇ ਹਨ ਜੋ ਆਪਣੀ ਪੁਰਾਣੀ ਵਡਿਆਈ ਨੂੰ ਹੀ ਹਰ ਮਿੰਟ ਨਹੀਂ ਗਾਉਂਦੇ ਰਹਿੰਦੇ, ਪਰ ਕੁਝ ਹੁਣ ਵੀ ਕਰਦੇ ਹਨ।

ਜੋ ਗੱਲ ਪੁਰਾਣੀ ਹੋਵੇ, ਉਸ ਨੂੰ ਚੰਗਾ ਤੇ ਜੋ ਨਵੀਂ ਹੋਵੇ, ਉਸ ਨੂੰ ਬੁਰਾ ਕਹਿਣਾ, ਇਹ ਦੇਸ਼ ਤੇ ਕੌਮ ਦੀ ਤਰੱਕੀ ਵਿਚ ਆਪਣੇ ਪੈਰੀਂ ਕੁਹਾੜਾ ਮਾਰਨ ਵਰਗਾ ਹੈ। ਕੋਈ ਚੀਜ਼ ਨਵੀਂ ਜਾਂ ਪੁਰਾਣੀ ਹੋਣ ਕਰਕੇ ਹੀ ਨਹੀਂ ਠੀਕ ਹੋ ਸਕਦੀ। ਜੋ ਬਾਤ ਸੱਚੀ ਤੇ ਆਦਮੀ ਦੀ ਅਕਲ ਅਨੁਸਾਰ ਮੰਨਣ ਯੋਗ ਹੋਵੇ, ਉਹ ਸੱਚੀ ਹੈ। ਪਹਾੜ ਪੁਰ ਚੜ੍ਹਨ ਵਾਲਿਆਂ ਵਾਂਗ ਹਰ ਦੇਸ਼ ਵਾਸੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਪਰ ਦੀ ਵਲ ਨੂੰ ਪੈਰ ਰਖਿਆਂ ਤੋਂ ਹੀ ਸਿਖਰ ਚੜ੍ਹੀਦਾ ਹੈ ਤੇ ਜੇ ਠਹਿਰ ਕੇ ਖੜ੍ਹੋ ਗਏ ਤਾਂ ਜ਼ਰੂਰ ਡਿਗਾਂਗੇ। ਤੁਸੀਂ ਅੱਜ ਯੂਰਪ ਦੀਆਂ ਕੌਮਾਂ ਵੱਲ ਨਜ਼ਰ ਮਾਰੋ, ਦਿਨ ਪਰ ਦਿਨ ਨਵੀਆਂ ਕਾਢਾਂ ਕੱਢ, ਇਲਮ ਤੇ ਵਡਿਆਈ ਵਿਚ ਇਕ ਦੂਜੇ ਨਾਲੋਂ ਅੱਗੇ ਲੰਘ ਰਹੀਆਂ ਹਨ। ਫਿਰ ਯੂਰਪ ਵਿਚ ਹੀ ਤੁਰਕੀ ਦੇਸ਼ ਵੱਲ ਝਾਤੀ ਮਾਰੋ। ਯੂਰਪੀਅਨ ਕਹਿੰਦੇ ਹਨ ਕਿ ਤੁਰਕੀ ਯੂਰਪ ਦੇ ਪ੍ਰਚਾਰ ਵਿਚ ਬੀਮਾਰ ਅੰਗ ਹੈ। ਜਿਸ ਤੇਜ਼ੀ ਨਾਲ ਯੂਰਪ ਦੀਆਂ ਹੋਰ ਕੌਮਾਂ ਵਾਧੇ ਲਈ ਦੌੜ ਰਹੀਆਂ ਸਨ, ਤੁਰਕੀ ਉਸ ਚਾਲ ਵਿਚ ਪੂਰਾ ਨਹੀਂ ਤੁਰਦਾ ਸੀ। ਉਹ ਆਪਣੀਆਂ ਪੁਰਾਣੀਆਂ ਚਾਲਾਂ ਦੇ ਬਦਲਣੇ ਤੋਂ ਕਿਚਰਾਂਦ ਖਾਂਦਾ ਸੀ। ਸਮੇਂ ਦੇ ਰੱਥ ਦਾ ਜ਼ਰਾ ਅੜਿੱਕਾ ਲੱਗਾ, ਇਕ ਪਾਸੇ ਇਟਲੀ ਨੇ ਬਲਗੇਰੀਆ ਤੇ ਗਰੀਕਾਂ ਸਾਰਖਿਆਂ ਨੇ ਜੋ ਉਸ ਦੇ ਮਾਤਾਹਤ ਹੋ ਕੇ ਰਹਿੰਦੇ ਸਨ, ਉਠ ਕੇ ਉਸ ਗਾਫਲ ਨੂੰ ਪਰੇ ਡੇਗ ਦਿੱਤਾ।

ਸਿਰਫ ਸੱਠ ਬਰਸ ਹੋਏ, ਤਦ ਜੇ ਜਾਪਾਨ ਹੋਸ਼ ਨਾ ਸੰਭਾਲਦਾ ਤੇ ਆਪਣੀਆਂ ਠੁਮਕ-ਠੁਮਕ ਕਰਦੀਆਂ ਚਾਲਾਂ ਨਾ ਬਦਲਦਾ ਤਾਂ ਸੰਸਾਰ 'ਤੇ ਉਹਦਾ ਨਾਂ ਨਿਸ਼ਾਨ ਮਿਟ ਗਿਆ ਹੁੰਦਾ। ਏਸ਼ੀਆ ਦਾ ਛੋਟਾ ਜਿਹਾ ਰਮਣੀਕ ਟੁਕੜਾ ਅਮਰੀਕਾ, ਜਰਮਨੀ ਜਾਂ ਇੰਗਲੈਂਡ ਦੇ ਪੰਜੇ ਦਾ ਸ਼ਿਕਾਰ ਬਣ ਜਾਂਦਾ, ਪਰ ਜਾਪਾਨ ਨੇ ਵੇਲੇ ਸਿਰ ਸੁਰਤ ਸੰਭਾਲੀ, ਗੁਲਾਮੀ ਨਾਲੋਂ ਘਰ ਵਿਚ ਭੁੱਖੇ ਰਹਿਣਾ ਮਨਜ਼ੂਰ ਕੀਤਾ ਤੇ ਪੁਰਾਣੀਆਂ ਚਾਲਾਂ ਬਦਲੀਆਂ।

ਪਿਆਰੇ ਪਾਠਕੋ! ਆਪਣੇ ਹਿੰਦੁਸਤਾਨ ਵੱਲ ਵੀ ਜ਼ਰਾ ਧਿਆਨ ਮਾਰੋ, ਜਿਹੜਾ ਅੱਜ ਕਲ੍ਹ, ਪਲੇਗ ਆਦਿ ਅਨੇਕ ਆਫਤਾਂ ਤੇ ਆਪਸ ਦੇ ਵੈਰ ਵਿਰੋਧ ਦਾ ਸ਼ਿਕਾਰ ਹੈ। ਸਾਡੇ ਦੇਸ਼ ਦੀ ਹਾਲਤ ਇਉਂ ਹੈ ਜਿਸ ਤਰ੍ਹਾਂ ਇਕ ਪੁਰਖ ਪਹਾੜ ਦੀ ਚੋਟੀ 'ਤੇ ਚੜ੍ਹਨਾ ਤਾਂ ਚਾਹੁੰਦਾ ਹੈ, ਪਰ ਰਸਤੇ ਵਿਚ ਹੀ ਠਹਿਰ ਕੇ ਕਦੀ ਉਪਰ ਚੜ੍ਹਨ, ਕਦੇ ਹੇਠਾਂ ਉਤਰਨ ਦੀਆਂ ਸੋਚਾਂ ਕਰਦਾ ਹੈ, ਕਦੀ ਡਿੱਗਣ ਦਾ ਡਰ ਆ ਪੈਂਦਾ ਹੈ, ਕਦੀ ਸਿਖਰ ਨਾ ਪੁੱਜ ਸਕਣ ਦਾ ਖਿਆਲ ਆ ਕੇ ਨਿਰਾਸਤਾ ਹੋ ਜਾਂਦੀ ਹੈ। ਪਿਆਰਿਓ! ਆਪਣੀ ਜਨਮ ਭੂਮੀ ਨੂੰ ਇਸ ਦਸ਼ਾ ਵਿਚੋਂ ਚੁੱਕਣ ਲਈ ਅੱਜ ਤੋਂ ਹੀ ਦਾਈਏ ਧਾਰ ਲਓ ਕਿ ਅਸੀਂ ਆਪਣੇ ਦੇਸ਼ ਦੇ ਉਧਾਰ ਲਈ ਜੋ ਕੁਝ ਹੋ ਸਕਿਆ, ਪੂਰਾ ਜਤਨ ਕਰਾਂਗੇ।

ਦੁਨੀਆਂ ਵਾਧੇ ਦੇ ਮੈਦਾਨ ਵਿਚ ਹਵਾ ਨਾਲੋਂ ਵੀ ਤੇਜ਼ ਦੌੜ ਰਹੀ ਹੈ। ਖਲੋਣ ਤੇ ਢਿੱਲੇ ਰਹਿਣ ਦਾ ਮੌਕਾ ਨਹੀਂ ਹੈ। ਕੁਝ ਬੀਤੇ ਰਹੇ ਸਮੇਂ ਤੋਂ ਸਿੱਖਣ ਤੇ ਝਟਪਟ ਕਰਨੀ ਵਿਚ ਜੁਟ ਪੈਣ ਦਾ ਸਮਾਂ ਹੈ। ਖੜ੍ਹੋ ਜਾਣ ਵਾਲੇ ਲੁੱਟੇ ਜਾਣਗੇ ਤੇ ਲੁੱਟੇ ਜਾ ਰਹੇ ਹਨ। ਜਿਸ ਮੁਲਕੀ ਜੋਸ਼ ਤੇ ਕੌਮੀ ਪ੍ਰੇਮ ਵਿਚ ਹੋਰ ਕੌਮਾਂ ਮਸਤਾਨੀਆਂ ਹੋ ਕੇ ਵਧ ਰਹੀਆਂ ਹਨ, ਉਸੇ ਤਰੰਗ ਵਿਚ ਤੁਸੀਂ ਵੀ ਪਵੋ। ਅੱਜ ਕੇਵਲ ਤੁਸੀਂ ਹੀ ਦੁਨੀਆਂ ਵਿਚ ਸਖਣੇ ਰਹਿ ਗਏ ਹੋ। ਹਰ ਇਕ ਭਾਰਤ ਜਾਏ ਨੂੰ ਆਪਣਾ ਭਰਾ ਸਮਝੋ। ਜਾਤ ਪਾਤ ਦੀਆਂ ਵਿਚਾਰਾਂ ਦਾ ਕਜੀਆ ਮੁਕਾ ਦਿਓ। ਆਪਣੇ ਧਰਮ ਨੂੰ ਹਰ ਰੋਜ਼ ਵਰਤਣ ਵਿਚ ਲਿਆਵੋ। ਦਿਖਾਵਾ ਤੇ ਪਾਖੰਡ ਤਿਆਗ ਦਿਓ। ਆਪਣੇ ਪੈਰਾਂ ਪੁਰ ਖੜ੍ਹੇ ਹੋਵੋ। ਇਸ ਗੁਣ ਨੂੰ ਆਪਣੇ ਵਿਚ ਪਰਪੱਕ ਕਰੋ ਤੇ ਦੂਜਿਆਂ ਦੀ ਆਸ ਵਿਸਾਰ ਦਿਓ। ਬੁਰੀਆਂ ਰਸਮਾਂ ਇਕਦਮ ਛੱਡ ਦਿਓ। ਦੁਨੀਆਂ ਦੀਆਂ ਵਧ ਰਹੀਆਂ ਕੌਮਾਂ ਵਾਂਗ ਪਲਟ ਜਾਵੋ ਤੇ ਆਪਣੀ ਜਨਮ ਭੂਮੀ ਦੀ ਨਿਰਾਦਰੀ ਦੀਆਂ ਚੀਸਾਂ ਨੂੰ ਆਪਣੇ ਅੰਗ ਸੰਗ ਸਮਾ ਲਵੋ। ਪਿਆਰੇ ਹਿੰਦੀ ਵੀਰੋ! ਅੱਜ ਭਾਰਤ ਮਾਤਾ ਆਪਣੇ ਬੱਚਿਆਂ ਤੋਂ ਆਸ ਰਖਦੀ ਹੈ ਕਿ ਉਹ ਚੁਸਤੀ ਤੇ ਹੁਸ਼ਿਆਰੀ ਨਾਲ ਗਫਲਤ ਨੂੰ ਤਿਆਗ ਕੇ ਦੁਨੀਆਂ ਦੇ ਨਾਲ ਵਧ ਕੇ ਚਲਣ ਤੇ ਇਕ ਇਕ ਮਿੰਟ ਨੂੰ ਕੰਮ ਕਰਨ ਲਈ ਕੀਮਤ ਸਮਝਣ ਕਿਉਂਕਿ ਇਸ ਸਰਪਟ ਦੌੜ ਰਹੇ ਤਰੱਕੀ ਦੇ ਸਮੇਂ ਵਿਚ ਜੋ ਖੜੋਤੇ ਹਨ, ਉਹ ਡਿੱਗੇ ਹਨ ਤੇ ਜੋ ਗਾਫਲ ਚੱਲਣਗੇ, ਸੋ ਗਰਕ ਜਾਣਗੇ।

**ਜ਼ਰਾ ਅੱਗੇ ਵਲ ਦੇਖੋ:** ਆਦਮੀ ਤੇ ਜਾਨਵਰ ਵਿਚ ਇਤਨਾ ਹੀ ਫਰਕ ਹੈ ਕਿ ਆਦਮੀ ਅਕਲ ਨਾਲ ਆਪਣਾ ਅੱਗਾ ਦੇਖ ਕੇ ਤੁਰਦਾ ਹੈ ਤੇ ਪਸ਼ੂ ਚੜ੍ਹਦੇ ਲਹਿੰਦੇ ਦੀ ਕੋਈ ਹਾਣ ਲਾਭ ਨਹੀਂ ਕਰ ਸਕਦਾ। ਜੋ ਆਦਮੀ ਆਪਣੇ ਆਉਣ ਵਾਲੇ ਸਮੇਂ ਦਾ ਅੱਜ ਹੀ ਫਿਕਰ ਨਹੀਂ ਕਰਦਾ, ਉਹ ਪਸ਼ੂਆਂ ਦੇ ਬਰਾਬਰ ਹੀ ਹੈ। ਦੁਨੀਆਂ ਵਿਚ ਉਹ ਹੀ ਕੌਮਾਂ ਵਧ ਰਹੀਆਂ ਹਨ ਜੋ ਆਪਣੇ ਅੱਗੇ ਦਾ ਪਹਿਲਾਂ ਬੰਦੋਬਸਤ ਤੇ ਫਿਕਰ ਰੱਖਦੀਆਂ ਹਨ। ਅੱਜ ਇਸੇ ਕਰਕੇ ਤਰੱਕੀ ਦਾ ਸਮਾਂ ਹੈ ਜਦਕਿ ਇਕ ਇਕ ਦਿਨ ਪਹਿਲਾਂ ਕਪਤਾਨ ਤੁਫਾਨ ਦਾ ਪਤਾ ਲਾ ਕੇ ਜਹਾਜ਼ ਨੂੰ ਉਸ ਦੇ ਚਲਿਆਂ ਤੋਂ ਬਚਾ ਲੈਂਦੇ ਹਨ ਤੇ ਜੋ ਪਿਛਲੇ ਸਮਿਆਂ ਵਿਚ ਬੇਖਬਰੇ ਹੀ ਡੁੱਬ ਜਾਂਦੇ ਸਨ। ਅਸੀਂ ਵੀ ਆਪਣੀ ਅਕਲ ਨਾਲ ਅੰਦਾਜ਼ਾ ਲਾਉਣਾ ਹੈ ਕਿ ਸਾਡਾ ਹਿੰਦੁਸਤਾਨੀਆਂ ਦਾ ਇਸ ਮੁਲਕ ਵਿਚ ਕੀ ਅੱਗਾ ਹੈ। ਜੇ ਕਦੇ ਹਨੇਰੀ ਆਵੇ ਤਾਂ ਪਹਿਲਾਂ ਉਹ ਹੀ ਰੁੱਖ ਪੁੱਟੇ ਜਾਂਦੇ ਹਨ ਜਿਨ੍ਹਾਂ ਦੀਆਂ ਜੜ੍ਹਾਂ ਉਪਰ ਹੀ ਹੋਵਣ ਤੇ ਉਨ੍ਹਾਂ ਨੂੰ ਹਵਾ ਦਾ ਡਰ ਘੱਟ ਲੱਗਦਾ ਹੈ ਜਿਨ੍ਹਾਂ ਦੀਆਂ ਜੜ੍ਹਾਂ ਪੱਕੀ ਤਰ੍ਹਾਂ ਚੌਹੀਂ ਪਾਸੀਂ ਪਸਰ ਚੁੱਕੀਆਂ ਹੋਣ।

ਹੁਣ ਹੀ ਦੇਖ ਲਵੋ ਕਿ ਸਾਡੇ ਬਹੁਤ ਸਾਰੇ ਭਰਾਵਾਂ ਨੇ ਰੀਅਲ ਇਸਟੇਟ ਦੇ ਜੂਏ ਦੇ ਆਉਣ ਵਾਲੇ ਗੁਣ ਔਗੁਣ ਨਾ ਵਿਚਾਰੇ ਤੇ ਅਨਭੋਲਪੁਣੇ ਵਿਚ ਆਪਣੇ ਅੱਗੇ ਨੂੰ ਨਾ ਜਾਂਚ ਕੇ ਆਪਣੀ ਪੂੰਜੀ ਤੋਂ ਕਈ-ਕਈ ਗੁਣਾਂ ਵੱਧ ਕੇ ਲਾਟਾਂ ਦੇ ਸੌਦੇ ਕਰ ਲਏ। ਰੀਅਲ ਇਸਟੇਟ ਦੇ ਜੂਏ ਦੀ ਮੰਡੀ ਜ਼ਰਾ ਮੱਧਮ ਪਈ ਤੇ ਇਸ ਦਾ ਸਭ ਨਾਲੋਂ ਬੁਰਾ ਅਸਰ ਸਾਡੇ ਭਰਾਵਾਂ 'ਤੇ ਪਿਆ ਹੈ, ਜਿਨ੍ਹਾਂ ਨੇ ਇਸ ਆਉਣ ਵਾਲੇ ਮੰਦੇ ਸਮੇਂ ਦੀ ਸੋਚ ਨਹੀਂ ਕੀਤੀ ਸੀ ਤੇ ਕੋਈ ਜਥੇਬੰਦੀ ਇਸ ਦੇ ਬਚਾਓ ਲਈ ਹੈ ਹੀ ਨਹੀਂ ਸੀ। ਅੱਜ ਦੀ ਹਾਲਤ ਭਾਵੇਂ ਕੁਝ ਕੌਮਾਂ ਲਈ ਭੈੜੀ ਹੈ, ਪਰ ਸਾਡੇ ਲਈ ਹੱਦ ਦਰਜੇ ਦੀ ਭੈੜੀ ਹੈ ਜਿਨ੍ਹਾਂ ਦੀਆਂ ਸਾਰੀਆਂ ਕਮਾਈਆਂ ਜ਼ਮੀਨ 'ਤੇ ਲੱਗੀਆਂ ਹੋਈਆਂ ਹਨ ਤੇ ਕੋਈ ਸੂਰਤ ਛੁੱਟਣ ਦੀ ਨਹੀਂ ਹੈ। ਨਿੱਤ ਨਵੇਂ ਸੂਰਜ ਕਿਸੇ ਨਾ ਕਿਸੇ ਭਰਾ ਦੀ ਜ਼ਮੀਨ ਦੇ ਜ਼ਬਤ ਹੋਣ ਦੀ ਅਵਾਈ ਉਡੀ ਹੁੰਦੀ ਹੈ ਤੇ ਬੜੇ-ਬੜੇ ਵਪਾਰੀ ਮਦਾਉਣ ਵਾਲੇ ਦਿਨ ਚੜ੍ਹਦੇ ਨੂੰ ਹੀ ਦੀਵੇ ਬਾਲ ਬੈਠੇ ਹਨ।

ਉਧਰੋਂ ਗਵਰਨਮੈਂਟ ਨੇ ਜ਼ੋਰ ਚਾੜ੍ਹਿਆ ਹੋਇਆ ਹੈ। ਗਵਰਨਮੈਂਟ ਦੇ ਪਾਸ ਹੋ ਰਹੇ ਕਾਨੂੰਨ ਤੇ ਅਖਬਾਰਾਂ ਦੇ ਰੌਲੇ ਦੱਸ ਰਹੇ ਹਨ ਕਿ ਸਾਡੇ ਮੁਖਾਲਫਾਂ ਵੱਲੋਂ ਹਰ ਜਤਨ ਕੀਤਾ ਜਾ ਰਿਹਾ ਹੈ ਕਿ ਕਿਤੇ ਇਸ ਦੇਸ਼ ਵਿਚ ਸਾਡੇ ਪੈਰ ਨਾ ਲੱਗ ਜਾਣ, ਕਿਤੇ ਇਥੇ ਸਾਡੀ ਬਸਤੀ ਪੱਕੀ ਤਰ੍ਹਾਂ ਨਾ ਕਾਇਮ ਹੋ ਜਾਵੇ। ਸਾਡਾ ਮਰਦਊ ਤੇ ਆਦਮੀਪੁਣਾ ਤਾਂ ਹੀ ਹੈ ਜੇ ਅਸੀਂ ਹਰ ਗੱਲ ਵਿਚਾਰ ਕੇ ਆਪਣੇ ਅੱਗੇ ਨੂੰ ਗਹੁ ਨਾਲ ਸੋਚੀਏ ਤੇ ਫੇਰ ਆਪਣੇ ਪੱਕੇ ਅਤੇ ਲਾਉਣ ਦੇ ਬੰਦੋਬਸਤ ਪੂਰੇ ਕਰੀ ਜਾਈਏ। ਕੋਈ ਕੌਮ ਜ਼ਮੀਨਾਂ 'ਤੇ ਟਿਕ ਜਾਣ ਤੋਂ ਬਿਨਾ ਦੇਸ਼ ਵਿਚ ਨਹੀਂ ਅਟਕ ਸਕਦੀ। ਚੀਨੇ ਇਸੇ ਕਰਕੇ ਵਾਧੇ ਵਿਚ ਹਨ ਕਿ ਉਹ ਕੰਮ ਵੱਲੋਂ ਬੇਫਿਕਰ ਹਨ ਤੇ ਜ਼ਮੀਨਾਂ ਦੀ ਮਿਹਨਤ ਨਾਲ ਕਮਾਈਆਂ ਕਰ ਰਹੇ ਹਨ। ਕੋਈ ਕਾਨੂੰਨ ਤੇ ਢੂਚਰ ਉਨ੍ਹਾਂ ਨੂੰ ਜ਼ਮੀਨਾਂ 'ਤੇ ਕੰਮ ਕਰਦਿਆਂ ਨੂੰ ਉਖੇੜਾ ਨਹੀਂ ਲਾ ਸਕਦੀ। 1915 ਵਿਚ ਪਨਾਮਾ ਦੀ ਨਹਿਰ ਖੁੱਲ੍ਹ ਜਾਣੀ ਹੈ। ਇਸ ਨਹਿਰ ਦਾ ਮਤਲਬ ਇਹੀ ਹੈ ਕਿ ਯੂਰਪ ਤੋਂ ਹਜ਼ਾਰਾਂ ਹੀ ਗੋਰੇ ਇਟਾਲੀਅਨ ਮਜ਼ਦੂਰਾਂ ਦੇ ਜਹਾਜ਼ ਭਰ ਕੇ ਇਸ ਉਤਰ ਵੱਲ ਦੇ ਸਮੁੰਦਰ ਦੇ ਨਾਲ ਨਾਲ ਪਸਰ ਜਾਣ ਤੇ ਰੋਜ਼ ਪੜ੍ਹਨ ਵਿਚ ਆਉਂਦਾ ਹੈ ਕਿ ਲੱਖਾਂ ਹੀ ਇਟਾਲੀਅਨ ਤਿਆਰੀਆਂ ਕਰ ਰਹੇ ਹਨ। ਇਹ ਹਿਸਾਬ ਜ਼ਰੂਰੀ ਹੈ ਕਿ ਅਸੀਂ ਆਪਣੇ ਅੱਗੇ ਪੁਰ ਬੜੀ ਦੀਰਘ ਨਜ਼ਰ ਮਾਰੀਏ। ਅਨੁਮਾਨ ਕੀਤਾ ਜਾਂਦਾ ਹੈ ਕਿ 1915 ਵਿਚ ਮਜ਼ਦੂਰੀ ਬੇਹੱਦ ਘਟ ਜਾਵੇਗੀ ਕਿਉਂਕਿ ਅਣਗਿਣਤ ਮਜ਼ਦੂਰ ਗੋਰੇ ਆ ਜਾਣਗੇ। ਉਸ ਹਨੇਰੀ ਦਾ ਅਸਰ ਉਨ੍ਹਾਂ 'ਤੇ ਹੀ ਹੋਵੇਗਾ ਜਿਨ੍ਹਾਂ ਦਾ ਗੁਜ਼ਾਰਾ ਮਜ਼ਦੂਰੀ 'ਤੇ ਹੀ ਹੈ, ਜਿਨ੍ਹਾਂ ਦੀ ਜਥੇਬੰਦੀ ਕਮਜ਼ੋਰ ਹੈ, ਜਿਨ੍ਹਾਂ ਦੀ ਜੜ੍ਹ ਉਪਰ ਹੀ ਹੈ; ਪਰ ਉਨ੍ਹਾਂ ਨੂੰ ਇਸ ਮੁਲਕ ਵਿਚ ਕਰੜੇ ਤੋਂ ਕਰੜਾ ਸਮਾਂ ਵੀ ਨਹੀਂ ਪੋਹ ਸਕਦਾ ਜਿਹੜੇ ਇਥੇ ਆਪਣੀ ਬਸਤੀ ਬਣਾ ਕੇ ਟਿਕ ਜਾਣ, ਜ਼ਮੀਨਾਂ ਦੀ ਪੈਦਾਵਾਰ ਕਰਨ, ਇਸ ਤੋਂ ਬਗੈਰ ਕੋਈ ਸਾਧਨ ਸਾਡੇ ਬਚਾਓ ਦਾ ਪ੍ਰਤੀਤ ਨਹੀਂ ਹੁੰਦਾ ਤੇ ਹੈ ਵੀ ਸਾਡੇ ਲਈ ਬੜੀ ਬੇਸ਼ਰਮੀ, ਜੇ ਅਸੀਂ ਆਪਣੀ ਬਸਤੀ ਬਣਾ ਕੇ ਇਥੇ ਨਾ ਟਿਕ ਜਾਈਏ। ਸੋ ਹੁਣ ਦੀ ਪੈਸੇ ਦੀ ਤੰਗੀ ਤੇ ਆਉਣ ਵਾਲੇ ਵਕਤ ਦਾ ਅੰਦਾਜ਼ਾ ਲਾ ਕੇ ਸਾਡੀ ਤਰੱਕੀ ਸਾਡਾ ਬਚਾਉ ਤੇ ਵਾਧਾ ਕੇਵਲ ਇਸ ਗੱਲ ਵਿਚ ਹੀ ਹੈ ਕਿ ਇਕ ਜਗ੍ਹਾ ਜ਼ਮੀਨ ਲੈ ਕੇ ਅਸੀਂ ਆਪਣੀ ਬਸਤੀ ਕਾਇਮ ਕਰੀਏ। ਸਾਡੇ ਆਪਣੇ ਪੈਦਾਵਾਰ ਦੇ ਕੰਮ ਚਲਣ, ਜਿਸ ਨੂੰ ਚੰਗੇ ਤੇ ਮੰਦੇ ਸਮੇਂ ਦਾ ਕੋਈ ਅਸਰ ਨਹੀਂ ਹੋ ਸਕਦਾ। ਕੇਵਲ ਸਾਡੇ ਬਸਤੀ ਦੇ ਕਾਇਮ ਹੋਣ ਨਾਲ ਹੀ ਸਾਡੇ ਨਵੇਂ ਭਰਾ ਇਥੇ ਜ਼ਰੂਰ ਆ ਸਕਦੇ ਹਨ। ਇਸ ਤਰ੍ਹਾਂ ਸਿਰਕੀ ਬਾਸਾਂ ਵਾਂਗ ਅੱਡ ਅੱਡ ਬਸਤੀ ਤੋਂ ਬਿਨਾ ਅਸੀਂ ਆਪਣੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਹਾਂ।


ਇਸ ਵਕਤ ਕੰਮ ਦੀ ਕੁਝ ਕਮੀ ਪ੍ਰਤੀਤ ਹੋ ਰਹੀ ਹੈ। ਅਸੀਂ ਆਪਣੇ ਸਭ ਆਗੂਆਂ ਤੇ ਸਭ ਭਰਾਵਾਂ ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਦੇ ਹਾਂ ਕਿ ਉਹ ਜ਼ਮੀਨਾਂ 'ਤੇ ਟਿਕਣ ਦੇ ਮਤੇ ਪਕਾ ਕੇ ਆਪਣੀ ਬਸਤੀ ਸ਼ੁਰੂ ਕਰ ਦੇਣ। ਅਸੀਂ ਬ੍ਰਿਟਿਸ਼ ਕੋਲੰਬੀਆ ਨਾਲ ਵਿਆਹੇ ਨਹੀਂ ਹੋਏ। ਜੇ ਦੂਜੇ ਸੂਬਿਆਂ ਵਿਚ ਵਧੀਆ ਜ਼ਮੀਨਾਂ ਲੱਭ ਕੇ ਟਿਕ ਸਕੀਏ ਤਾਂ ਉਧਰ ਵੀ ਇਕ ਦੋ ਜਥੇ ਛਿੜ ਜਾਣ। ਅਸੀਂ ਇਸ ਜਥੇਬੰਦੀ ਦਾ ਉਦਮ ਕਰ ਰਹੇ ਹਾਂ। ਜੇ ਇਸ ਵਕਤ ਅਸੀਂ ਆਪਣੀ ਕੰਮਕਾਰ ਦੀ ਹਾਲਤ ਨੂੰ ਪੱਕੇ ਪੈਰਾਂ 'ਤੇ ਨਾ ਕੀਤਾ ਤਾਂ ਸਾਡੀ ਬੇੜੀ ਸੱਚਮੁੱਚ ਤੁਫਾਨ ਦੇ ਵਿਚਕਾਰ ਹੈ।

**ਓਟਾਵੇ ਦਾ ਫੈਸਲਾ:** ਇਕ ਦੋ ਵਾਰ ਇਹ ਕੈਨੇਡਾ ਦਾ ਹਿੰਦੁਸਤਾਨੀਆਂ ਲਈ ਬਣਾਇਆ ਗਿਆ ਅਜੀਬ ਕਾਨੂੰਨ ਕਚਹਿਰੀਆਂ ਤਕ ਵੀ ਪੁੱਜਾ ਤੇ ਲਾਇਕ ਜੱਜਾਂ ਨੇ ਇਸ ਦੇ ਰੱਦ ਹੋਣ ਦਾ ਫਤਵਾ ਵੀ ਦੇ ਦਿੱਤਾ, ਪਰ ਹਿੰਦੁਸਤਾਨੀਆਂ ਪੁਰ ਇਸ ਦਾ ਰਗੜਾ ਲਗਾਤਾਰ ਜਾਰੀ ਰਿਹਾ ਤੇ ਕਿਸੇ ਨਾ ਕਿਸੇ ਭਾਰਤ ਵਾਸੀ ਨੂੰ ਕਚਹਿਰੀਆਂ ਤੇ ਇਮੀਗਰੇਸ਼ਨ ਦਫਤਰਾਂ ਵਿਚ ਘੁੰਮ ਘੁਮਾਈ ਪਈ ਹੀ ਰਹੀ। ਸੰਸਾਰ ਦੇ ਪਾਠਕ 5 ਨਵੰਬਰ ਦੇ ਅਖਬਾਰ ਵਿਚ ਵਿਕਟੋਰੀਏ ਵਿਚ ਬੰਦ ਹੋਏ 39 ਹਿੰਦੁਸਤਾਨੀਆਂ ਦੀ ਤਸਵੀਰ ਦੇਖ ਤੇ ਹਾਲ ਪੜ੍ਹ ਚੁੱਕੇ ਹਨ। ਇਨ੍ਹਾਂ ਭਰਾਵਾਂ ਨੂੰ ਇਕ ਮਕਾਨ ਵਿਚ 17 ਅਕਤੂਬਰ ਨੂੰ ਬੰਦ ਕੀਤਾ ਗਿਆ ਸੀ। ਇਨ੍ਹਾਂ ਦੀ ਅਪੀਲ ਮਨਿਸਟਰ ਆਫ ਇੰਟੀਰੀਅਰ ਓਟਾਵੇ ਨੂੰ ਘੱਲੀ ਗਈ। ਇਨ੍ਹਾਂ ਬੇਦੋਸ਼ੇ ਕੈਦੀਆਂ ਨੂੰ ਇਨਸਾਫ ਲਈ ਉਡੀਕਦਿਆਂ ਨੂੰ ਕਈ ਦਿਨ ਲੰਘ ਗਏ। ਫਿਕਰਾਂ ਨੇ ਸਰੀਰ ਸੁੱਕਾ ਦਿੱਤੇ ਤੇ ਅੰਤ ਓਟਾਵੇ ਤੋਂ ਫੈਸਲਾ ਆਇਆ ਕਿ ਇਨ੍ਹਾਂ 39 ਹਿੰਦੁਸਤਾਨੀਆਂ ਨੂੰ ਹਾਂਗਕਾਂਗ ਨੂੰ ਵਾਪਸ ਮੋੜਿਆ ਜਾਵੇ।

**ਅਦਾਲਤ ਵਿਚ ਮੁਕੱਦਮਾ:** ਆਖਰੀ ਪਰਤਾਵੇ ਲਈ ਇਨ੍ਹਾਂ ਭਰਾਵਾਂ ਨੂੰ ਅਦਾਲਤ ਵਿਚ ਪੁਚਾਇਆ ਗਿਆ ਤੇ 24 ਨਵੰਬਰ ਨੂੰ ਦਸੀ ਵਜੇ ਇਕ ਮਹੀਨੇ ਤੋਂ ਉਪਰ ਬੰਦ ਰਹੇ ਹਿੰਦੁਸਤਾਨੀ ਕੈਦੀਆਂ ਨੂੰ ਇਮੀਗਰੇਸ਼ਨ ਵਾਲੇ ਕਈ ਪੁਲਿਸ ਅਫਸਰਾਂ ਦੇ ਪਹਿਰੇ ਵਿਚ ਵਿਕਟੋਰੀਏ ਦੀ ਕਚਹਿਰੀ ਵਿਚ ਲਿਆਏ। ਅੱਗੇ ਡੇਢ ਸੌ ਦੇ ਕਰੀਬ ਹਿੰਦੁਸਤਾਨੀ ਭਰਾ ਕੋਰਟ ਦੇ ਆਲੇ ਦੁਆਲੇ ਹਾਜ਼ਰ ਸਨ। ਅਨੇਕਾਂ ਹੀ ਗੋਰੇ ਇਸ ਕਾਨੂੰਨੀ ਬਹਿਸ ਦੇ ਨਤੀਜੇ ਨੂੰ ਬੜੀ ਗਹੁ ਨਾਲ ਉਡੀਕ ਰਹੇ ਸਨ ਕਿਉਂਕਿ ਇਸ ਮੁਕੱਦਮੇ ਨੇ ਕੈਨੇਡਾ ਦੇ ਕਾਨੂੰਨ ਦੀ ਅਸਲੀਅਤ ਨੂੰ ਦੁਨੀਆਂ ਦੇ ਸਾਹਮਣੇ ਖੋਲ੍ਹ ਕੇ ਰੱਖਣਾ ਸੀ। ਢਾਈ ਵਜੇ ਆਪਣੇ ਵਕੀਲ ਬਰਡ ਤੇ ਇਮੀਗਰੇਸ਼ਨ ਦੇ ਵਕੀਲ ਮਿਸਟਰ ਟੇਲਰ ਨੇ ਚੀਫ ਜੱਜ ਹੰਟਰ ਦੇ ਸਾਹਮਣੇ ਕਾਨੂੰਨੀ ਨੁਕਤਿਆਂ ਪਰ ਬਹਿਸ ਸ਼ੁਰੂ ਕੀਤੀ। ਰਾਤ ਤਕ ਬਹਿਸ ਹੁੰਦੀ ਰਹੀ ਤੇ ਅੰਤ ਲਾਇਕ ਚੀਫ ਜੱਜ ਹੰਟਰ ਨੇ ਆਪਣਾ ਫੈਸਲਾ ਦਿੱਤਾ।

**ਚੀਫ ਜੱਜ ਦਾ ਫੈਸਲਾ:** ਆਰਡਰ ਇਨ ਕੌਂਸਲ 926 (ਜਿਸ ਵਿਚ ਦੋ ਸੌ ਡਾਲਰ ਉਤਰਨ ਵਾਲੇ ਹਿੰਦੀ ਦੇ ਪਾਸ ਹੋਣ ਦੀ ਸ਼ਰਤ ਹੈ) ਰੱਦੀ ਹੈ। ਇਸ ਦੇ ਸਬੂਤ ਲਈ ਵਿਦਵਾਨ ਚੀਫ ਜੱਜ ਨੇ ਕਈ ਕਾਨੂੰਨੀ ਨੁਕਤਿਆਂ ਪਰ ਦਲੀਲਾਂ ਦਿੱਤੀਆਂ ਤੇ ਅੱਗੇ ਦਸਿਆ ਕਿ ਆਰਡਰ ਇਨ ਕੌਂਸਲ 926 ਜੋ ਸੈਕਸ਼ਨ 38 ਦੇ ਅਨੁਸਾਰ ਬਣਾਇਆ ਗਿਆ ਹੈ, ਵਿਚ ਲਫਜ਼ ਲੈਚਰੇਲਾਈਜ਼ਡ ਦਾ ਨਾ ਹੋਣਾ ਜਦ ਕਿ ਸੈਕਸ਼ਨ 38 ਵਿਚ ਇਹ ਲਫਜ਼ ਹੈ, ਇਸ ਆਰਡਰ ਇਨ ਕੌਂਸਲ ਨੂੰ ਰੱਦੀ ਬਣਾਉਂਦਾ ਹੈ ਕਿਉਂਕਿ ਲਫਜ਼ ਸਿਟੀਜ਼ਨ ਦੇ ਅਰਥ ਨਾਲੋਂ ਕਿਤੇ ਖੁਲ੍ਹੇ ਹਨ। ਚੀਫ ਜੱਜ ਨੇ ਕਈ ਦਲੀਲਾਂ ਦਿੱਤੀਆਂ ਕੇ ਦੱਸਿਆ ਕਿ ਇਸ ਤਰ੍ਹਾਂ ਆਰਡਰ ਇਨ ਕੌਂਸਲ ਦੇ ਠੀਕ ਨਾ ਹੋਣ ਨਾਲ ਕੋਰਟ ਨੂੰ ਦਖਲ ਦੇਣ ਦਾ ਅਖਤਿਆਰ ਹੈ। ਅਦਾਲਤ ਇਨ੍ਹਾਂ 35 ਹਿੰਦੁਸਤਾਨੀਆਂ ਨੂੰ ਛੱਡਣ ਦਾ ਹੁਕਮ ਦਿੰਦੀ ਹੈ।

ਚੀਫ ਜੱਜ ਜੀ ਦੇ ਦੁੱਧ ਪਾਣੀ ਨੂੰ ਨਖੇੜਵੇਂ ਫੈਸਲੇ ਨੂੰ ਸੁਣਦੇ ਸਾਰ ਸਾਡੇ 35 ਭਰਾ ਜਿਨ੍ਹਾਂ ਨੂੰ ਅਗਲੇ ਦਿਨ ਇਮੀਗਰੇਸ਼ਨ ਵਾਲਿਆਂ ਨੇ ਦੇਸ਼ ਨਿਕਾਲਾ ਦੇਣਾ ਸੀ, ਛੱਡੇ ਗਏ। ਸਭ ਖੁਸ਼ੀ-ਖੁਸ਼ੀ ਘਰਾਂ ਨੂੰ ਆਏ। ਸਾਰਿਆਂ ਨਾਲੋਂ ਵੱਧ ਖੁਸ਼ੀ ਇਸ ਗੱਲ ਦੀ ਸੀ ਕਿ ਹਿੰਦੀਆਂ ਪਰ ਵਰਤ ਹੋ ਰਿਹਾ ਅਵੈੜਾ ਕਾਨੂੰਨ ਕੈਨੇਡਾ ਦੀ ਕਚਹਿਰੀ ਵਿਚ ਰੱਦੀ ਸਾਬਤ ਹੋਇਆ।




*(ਖੱਬੇ) ਪਨਾਮਾ ਨਹਿਰ ਦੀ ਖੁਦਾਈ ਵੇਲੇ ਦੀ 1913 ਦੀ ਝਲਕ ਅਤੇ (ਸੱਜੇ) 15 ਅਗਸਤ 1914 ਨੂੰ ਸ਼ੁਰੂ ਹੋਈ ਪਨਾਮਾ ਨਹਿਰ ਜਿਸ ਨਾਲ ਗੋਰੇ ਮਜ਼ਦੂਰਾਂ ਦੀ ਆਮਦ ਹੋਣ ਅਤੇ ਮਜ਼ਦੂਰੀ ਘਟਣ ਦਾ ਖਦਸ਼ਾ ਖੜ੍ਹਾ ਹੋ ਗਿਆ ਸੀ।*

# ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁੱਧ ਦੀ ਸੇਧ ਦਾ ਸਵਾਲ

***ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ. ਐਨ. ਯੂ.) ਨਵੀਂ ਦਿੱਲੀ ਤੋਂ ਡਾਕਟਰੇਟ ਕਰਕੇ ਆਏ ਵਿਦਵਾਨ ਸੁਮੇਲ ਸਿੰਘ ਸਿੱਧੂ ਨੇ ਪੰਜਾਬ ਦਾ ਫਸਿਆ ਗੱਡਾ ਕੱਢਣ ਦੀ ਨੀਅਤ ਨਾਲ ਇਸ ਲੇਖ ਵਿਚ ਕੁਝ ਵਿਚਾਰਾਂ ਨੂੰ ਤਰਤੀਬ ਦਿੱਤੀ ਹੈ। ਉਹ ਪੰਜਾਬ, ਜਿਸ ਵਿਚ ਸਮਾਜਕ, ਆਰਥਕ ਅਤੇ ਇਖਲਾਕੀ ਪੱਖੋਂ ਵੱਡਾ ਨਿਘਾਰ ਆਇਆ ਹੈ। ਸਵਾਲ ਹੈ ਕਿ ਇਸ ਬੌਣੇ, ਬਦਰੰਗ ਅਤੇ ਬੰਜਰ ਹੋ ਚੁਕੇ ਪੰਜਾਬ ਵਿਚ 'ਗੱਲ' ਕਰਨ ਦੀ ਸਬੀਲ ਕਿਵੇਂ ਪ੍ਰਵਾਨ ਚੜ੍ਹੇਗੀ? ਉਨ੍ਹਾਂ ਦਾ ਰੁਦਨ ਹੈ, "ਲੁੱਟੀਦੀਆਂ ਜਿਣਸਾਂ, ਹਰਾਸੇ ਕਿਰਤੀਆਂ ਦੀਆਂ ਖੁਦਕੁਸ਼ੀਆਂ, ਇਲਮ ਤੋਂ ਬੇਗਾਨਗੀ, ਔਰਤ ਦਾ ਨਿਰਾਦਰ, ਕਮਜ਼ੋਰ ਦੀ ਬੇਅਦਬੀ, ਮਜ਼ਹਬੀ-ਸੰਪਰਦਾਈ ਔਂਗਾਂ ਅਤੇ ਹੋਰ ਅਲਾਮਤਾਂ ਸਦਕਾ ਇਹ ਮਸਤਾਨੀ ਧਰਤੀ ਭਵਿਖ ਤੋਂ ਅਵਾਜ਼ਾਰ ਹੈ।" ਉਨ੍ਹਾਂ ਦਾ ਸੱਦਾ ਹੈ, "ਅਸੀਂ ਦ੍ਰਿੜ੍ਹ ਸੰਕਲਪ ਕਰੀਏ ਕਿ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਸੰਕਲਪ ਜ਼ਰੀਏ ਗੁਆਚੇ ਪੰਜਾਬੀ ਅੰਬਰ ਫਿਰ ਰੰਗੇ ਜਾਣ। ਨਵੀਂ ਨਜ਼ਰ ਹਾਸਲ ਕਰ ਕੇ ਦੇਖਿਆਂ ਹੀ ਨਵੀਂ ਨੁਹਾਰ ਉਘੜੇਗੀ, ਲਿਸ਼ਕੇਗੀ ਵੀ।" ਚਿਣਗਾਂ ਛੱਡਦੀ ਅਤੇ ਹੋਰ ਵਿਚਾਰਾਂ ਨੂੰ ਉਤੇਜਿਤ ਕਰਦੀ ਇਹ ਰਚਨਾ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਸਾਡੇ ਦੌਰ ਦਾ ਸਿਰਮੌਰ ਪੰਜਾਬੀ ਸਿਰਜਕ ਸਵਰਾਜਬੀਰ ਗਵਾਹੀ ਦਿੰਦਾ ਹੈ ਕਿ ਸਾਡੇ ਕੋਲ ਗੱਲ, ਬੋਲ ਤੇ ਸ਼ਬਦ ਦਾ ਵਿਵੇਕ ਜੇ ਪੂਰੀ ਤਰ੍ਹਾਂ ਅਜੇ ਖੁਰਿਆ ਨਹੀਂ ਤਾਂ ਖੁਰ ਜ਼ਰੂਰ ਰਿਹਾ ਹੈ। ਡਿਗਰੀਧਾਰੀ ਵਿਦਵਾਨਾਂ ਦੇ ਅਧਿਐਨ ਦੀਆਂ ਕਿਰਮਖੁਰਦਾ ਪੰਡਾਂ ਦੀ ਗੱਲ ਤਾਂ ਛੱਡ ਹੀ ਦੇਈਏ, ਸੁਘੜ ਪੜ੍ਹਨਹਾਰੇ ਮਨੁੱਖ ਵੀ ਪੰਜਾਬ ਵਿਚ ਸਾਖਰਤਾ ਦੇ ਹੁੰਦਿਆਂ-ਸੁੰਦਿਆਂ ਆਪਣਾ ਵਜ਼ਨ ਨਹੀਂ ਦਰਸਾ ਰਹੇ। ਪੰਜਾਬ ਹਾਲ ਦੀ ਘੜੀ ਸਿਰਫ ਔਖਰ ਉਠਾਉਣ ਜੋਗਾ ਰਹਿ ਗਿਆ ਹੈ। ਗੁਆਚੇ ਲੌਂਗ ਵਾਂਗ ਪੜ੍ਹਨ-ਗੁੜ੍ਹਨ ਦਾ ਅਭਿਆਸ ਕਦੋਂ ਦਾ ਫਤਿਹ ਬੁਲਾ ਚੁਕਾ ਹੈ। ਆਖੀ ਗੱਲ ਜਾਂ ਲਿਖੇ ਸ਼ਬਦ ਦੀ ਵਿਵੇਕਵਾਨ ਪੜਤ ਨੇ ਹੀ ਅਗਲੇਰੇ ਪੜਾਅ 'ਤੇ ਮੁਲਖਈਏ ਨੂੰ ਵਿਚਾਰ ਦੀ ਓਟ ਦੇਣੀ ਹੁੰਦੀ ਹੈ। ਇਸੇ ਵਿਚਾਰਕ ਸਿਦਕ ਵਾਲੇ ਪਤੂੰਲ ਨੇ ਹੀ ਅਗਾਂਹ ਹੋ ਕੇ ਆਪਣੀ ਸਰਗਰਮੀ ਤੇ ਆਪਣੇ ਅਭਿਆਸ ਸਦਕਾ ਤੁਰਦੇ ਸਮੇਂ ਦੇ ਚਲਨ ਵਿਚ ਵੱਢ ਮਾਰਨਾ ਹੁੰਦਾ ਹੈ ਜਾਂ ਕਿਸੇ ਨਵੀਂ ਸਮਾਜਕ ਸਿਰਜਣਾ ਦਾ ਮੁੱਢ ਬੰਨ੍ਹਣਾ ਹੁੰਦਾ ਹੈ। ਸਭਿਅਤਾਵਾਂ ਇਉਂ ਆਪਣੀਆਂ



**ਸੁਮੇਲ ਸਿੰਘ ਸਿੱਧੂ**
ਫੋਨ: 91-94649-84010

ਸਚਿਆਰੀਆਂ ਸਿਖਰਾਂ ਛੂੰਹਦੀਆਂ ਹਨ। ਜੇ ਖੁੰਝ ਜਾਈਏ ਤਾਂ 'ਭੇਡਾਂ ਚਾਰਦੀਆਂ, ਬੇਕਦਰਿਆਂ ਦੀਆਂ ਨਾਰਾਂ' ਵਾਲਾ ਹਾਲ ਹੋ ਰਹਿੰਦਾ ਹੈ।

ਪੰਜਾਬੀਆਂ ਨੇ ਪਿਛਲੇ ਸਮੇਂ ਵਿਚ ਇਹ ਦੋਵੇਂ ਭਾਣੇ ਵਾਪਰਦੇ ਦੇਖੇ ਹਨ। 'ਬੇਇਤਬਾਰੇ ਲੀਡਰ', 'ਗੰਧਲੀ ਰਾਜਨੀਤੀ', 'ਠੱਗ ਟੋਲਾ', 'ਦਿੱਲੀ ਵਾਲੇ' ਆਦਿ ਵਿਸ਼ੇਸ਼ਣ ਦੇ ਕੇ ਅੱਜ ਦੇ ਪੰਜਾਬੀਆਂ ਨੇ ਇਸ ਖਤਰਨਾਕ ਦੌਰ ਹੱਥੋਂ ਆਪਣੇ ਹਾਰ ਜਾਣ ਨੂੰ ਹੋਣੀ ਮੰਨ ਲਿਆ ਹੈ। ਜਦੋਂ ਫਿਰ ਕੋਈ 'ਇਨਕਲਾਬ', 'ਸਾਡਾ ਖੁਆਬ ਨਵਾਂ ਪੰਜਾਬ' ਜਾਂ 'ਖਾਲਿਸਤਾਨ' ਵਰਗੇ ਜੁਮਲਿਆਂ ਦੇ ਸਹਾਰੇ ਖੁਆਰ ਹੋਏ ਪੰਜਾਬੀਆਂ ਨੂੰ ਆਪਣੀ ਸ਼ਰਨ ਆਉਣ ਲਈ ਆਖਦਾ ਹੈ ਤਾਂ ਇਹ ਤਿਆਰ ਵੀ ਹੋ ਜਾਂਦੇ ਹਨ। ਮੁੜ ਤੋਂ ਖੁਆਰ ਹੋ ਬਹਿੰਦੇ ਹਨ; ਤਾਅਨੇ-ਮਿਹਣੇ ਦਿੰਦੇ ਹਨ, ਛਿੱਥੇ ਪੈ ਜਾਂਦੇ ਹਨ। ਅਜਿਹੇ ਇਤਿਹਾਸਕ ਮੋੜ 'ਤੇ ਸਵਰਾਜਬੀਰ ਦਾ ਆਖਿਆ ਰੌਸ਼ਨ ਹੋ ਜਾਂਦਾ ਹੈ, ਜਦੋਂ ਉਹ ਆਪਣੇ ਨਾਟਕ 'ਹੱਕ' ਵਿਚ 'ਗੱਲ' ਸੁਣਾਉਣ ਦੀ ਅਟਕਲ ਜੋੜਦੇ ਨੇ:

ਬਾਗਾਂ ਵਿਚ ਵਗਦੀ 'ਵਾ ਕੁੜੀਏ
ਤੂੰ ਗੱਲ ਨਵੀਂ ਸੁਣਾ ਕੁੜੀਏ!
ਗੱਲ ਜੀਂਦੇ ਵਿਚ ਗੱਲ ਹੋਵੇ
ਥੋੜ੍ਹਾ ਸੱਚ ਤੇ ਥੋੜ੍ਹਾ ਝੱਲ ਹੋਵੇ
ਥੋੜ੍ਹਾ ਭਲਕ ਤੇ ਥੋੜ੍ਹਾ ਕੱਲ੍ਹ ਹੋਵੇ।

ਅਜਿਹੇ ਮਾਹੌਲ ਵਿਚ ਨਵੀਂ ਗੱਲ ਕਹਿਣ ਦਾ ਜੇਰਾ ਕਰ ਸਕਣਾ ਜ਼ਿਕਰਯੋਗ ਬਣ ਜਾਂਦਾ ਹੈ। ਕੁਝ ਵਰ੍ਹਿਆਂ ਤੋਂ ਅਣਗੌਲੇ ਪਰ ਅਹਿਮ ਸਵਾਲਾਂ ਨੂੰ ਜ਼ੇਰੇ-ਬਹਿਸ ਲਿਆਉਂਦਿਆਂ ਅਤੇ ਜੁਝਾਰੂ ਪੰਜਾਬੀ ਵਿਚਾਰਕ ਪਰੰਪਰਾ ਤੋਂ ਊਰਜਾ ਲੈਂਦਿਆਂ ਸਾਡੇ ਸਮਕਾਲ ਦੇ ਬਹੁ-ਪਰਤੀ ਸਵਾਲ ਜਾਂ ਮਸਲੇ ਵਿਚਾਰਨ-ਨਿਤਾਰਨ ਦਾ ਸਿਲਸਿਲੇਵਾਰ ਬੈਠਕਾਂ ਦਾ ਸਿਲਸਿਲਾ ਜਾਰੀ ਹੈ। ਇਸ ਪ੍ਰਕਿਆ ਤੋਂ ਹਾਸਲ ਹੋਏ ਅਨੁਭਵ ਅਤੇ ਸਿੱਟਿਆਂ ਸਦਕਾ ਕੁਝ ਹਾਲੀਆ ਮਸਲਿਆਂ 'ਤੇ ਨਜ਼ਰਸਾਨੀ ਕਰਨ ਦਾ ਢੋਅ ਢੁੱਕਿਆ ਹੈ।

**'ਕਹੁ ਹੁਣ ਹਾਲ ਹਕੀਕਤਿ ਹਾਸ਼ਮ' - ਲੋਕਾਈ ਦੇ 'ਸਾਂਝੇ ਪੰਜਾਬ' ਦਾ ਬੱਝਣਾ ਅਤੇ ਖਿੱਲਰਨਾ:** ਅਜੋਕੇ ਪੰਜਾਬ ਵਿਚ 1947 ਤੋਂ ਪਹਿਲਾਂ ਦੇ ਪੰਜਾਬ ਦੀਆਂ ਗੂੰਜਾਂ, ਰੰਗਲੀਆਂ ਯਾਦਾਂ, ਛੋਟੀਆਂ-ਵੱਡੀਆਂ ਪ੍ਰਾਪਤੀਆਂ, ਲਿੱਸੇ-ਪੱਕੇ ਵਿਚਾਰਾਂ, ਜੋੜ-ਅਣਜੋੜ ਦੀਆਂ ਲਹਿਰਾਂ, ਇਸ਼ਕੀਆ-ਜੰਗਜੂ ਕਥਾਵਾਂ, ਇਥੋਂ ਤਕ ਕਿ ਇਮਾਰਤਾਂ ਦਾ ਵੀ ਪੁਰਅਸਰ ਰਹਿਣਾ ਜਾਣਿਆ-ਪਛਾਣਿਆ ਤੱਥ ਹੈ। 'ਸਾਂਝੇ' ਪੰਜਾਬ ਵਿਚ ਮੁਸਲਮਾਨ ਭਾਈਚਾਰੇ ਦੀ ਬਹੁਗਿਣਤੀ ਸੀ। 16ਵੀਂ ਸਦੀ ਦੇ ਦੋ ਦਹਾਕਿਆਂ ਤਕ ਦਿੱਲੀ ਸਲਤਨਤ ਅਤੇ ਫਿਰ ਮੁਗਲਾਂ ਦਾ ਰਾਜਧਾਨੀ ਲਾਹੌਰ ਵਿਚ ਰਾਜ-ਭਾਗ ਤਾਂ ਰਿਹਾ, ਪਰ ਸਮਾਜਕ ਤੌਰ 'ਤੇ ਸੂਫੀਆਂ ਦੀਆਂ ਦਰਗਾਹਾਂ, ਸਿੱਖ ਨਗਰਾਂ ਅਤੇ ਜੋਗੀਆਂ-ਵੈਸ਼ਨਵਾਂ ਦੇ ਡੇਰਿਆਂ ਦਾ ਭਰਪੂਰ ਅਸਰ ਸਾਰੀ ਪੰਜਾਬੀ ਲੋਕਾਈ 'ਤੇ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਅਤੇ ਫਿਰ ਅੰਗਰੇਜ਼ੀ ਰਾਜ ਵਿਚ ਵੀ ਲਗਭਗ ਇਹੀ ਸਮਾਜਕ ਤੋਰ (ਕੁਝ ਤਬਦੀਲੀਆਂ ਦੇ ਬਾਵਜੂਦ) ਬਣੀ ਰਹੀ।

ਸ਼ਹਿਰਾਂ ਵਿਚ ਹਿੰਦੂ-ਮੁਸਲਮਾਨ-ਸਿੱਖ ਪਛਾਣ ਦਾ ਮਸਲਾ ਵੱਡਾ ਹੁੰਦਾ-ਹੁੰਦਾ 1940ਵਿਆਂ ਤਕ ਜ਼ਹਿਰ ਦੀ ਜੁਗਾਲੀ ਕਰਨ ਲੱਗ ਪਿਆ ਸੀ। 1947 ਦੀ ਵੰਡ ਦੇ ਜ਼ਿੰਮੇਵਾਰ ਸਿਆਲਾਂ ਦੇ ਪੈਂਚਾਂ ਅਤੇ ਖੇੜਿਆਂ ਦੇ ਨੁਮਾਇੰਦਿਆਂ ਨੇ ਪੰਜਾਬ ਦੇ ਬੇਲਿਆਂ, ਪਾਣੀਆਂ ਤੇ ਫਸਲਾਂ ਨੂੰ ਜ਼ਹਿਰ ਦੀ ਪਿਉਂਦ ਚਾੜ੍ਹ ਦਿੱਤੀ। ਪੰਜਾਬ ਦੇ ਸ਼ਹਿਰੀਆਂ ਦੀ ਆਪਸੀ ਜ਼ੋਰਾਵਰੀ ਬਣਾ ਕੇ ਰੱਖਣ ਦੀ ਕਲ੍ਹਾ-ਕਲੇਸ਼ ਨੇ ਪੰਜਾਬ ਦੇ ਪੇਂਡੂਆਂ ਦੀ ਕਮਾਈ ਹੋਈ 'ਹੀਰਵੰਨੀ' ਲਿਸ਼ਕ ਮਾਂਦ ਪਾ ਦਿੱਤੀ। 'ਆਜ਼ਾਦੀ ਹੀਰ' ਆਖਣ ਵਾਲੇ ਗਦਰੀਆਂ-ਕਿਰਤੀਆਂ ਦੀ ਸਾਂਝੀਵਾਲਤਾ ਤੇ ਪੰਜਾਬੀ ਹੋਂਦ ਵਾਲੀ ਦੇਸੀ ਸੂਝ ਨੂੰ ਦਰਕਿਨਾਰ ਕਰ ਦਿੱਤਾ ਗਿਆ। ਵੱਡਾ ਸੱਚ ਹੈ ਕਿ 1947 ਦੀ ਵੰਡ ਦੀ ਮਾਰੂ ਫਸਲ ਤੋਂ ਅਸੀਂ ਅੱਜ ਵੀ ਹਰ ਪੱਧਰ 'ਤੇ ਹਾਰੇ ਹੋਏ ਹਾਂ। ਖੇੜਿਆਂ ਅਤੇ ਸਿਆਲਾਂ ਦੀਆਂ ਧਾੜਾਂ ਤੇ ਰਾਂਝੇ ਦੇ ਭਾਈ-ਭਾਬੀਆਂ, ਦੋਹਾਂ ਪੰਜਾਬਾਂ 'ਚ ਅੱਜ ਵੀ ਮੁਸਤੈਦ ਹਨ।

**'ਰਾਂਝਣ ਬੇਪਰਵਾਹੀ ਕਰਦਾ' - 'ਮਹਾਂਪੰਜਾਬ' ਦੀ ਤਕਨੀਕਪ੍ਰਸਤ ਦੁਨੀਆਂ ਹੱਥੋਂ ਹੀਰ ਦੀ ਹੇਠੀ:** ਗੱਲ ਅੱਗੇ ਤੋਰਦਿਆਂ ਦੂਜਾ ਪੜਾਅ ਸਾਂਝੇ ਪੰਜਾਬ ਨੂੰ ਪਿੱਠ ਦੇਣ ਮਗਰੋਂ ਬਣਾਏ 'ਮਹਾਂਪੰਜਾਬ' ਦਾ ਹੈ। 1947 ਤੋਂ 1966 ਤਕ ਦੇ ਨਹਿਰੂ ਦੌਰ ਦੇ ਲਗਭਗ ਵੀਹ ਵਰ੍ਹੇ ਇਹ ਖਿੱਤਾ ਪਹਿਲੀ ਵਾਰ ਹਿੰਦੂ ਬਹੁਗਿਣਤੀ ਵਾਲਾ ਸੀ। ਪ੍ਰਤਾਪ ਸਿੰਘ ਕੈਰੋਂ ਦਾ ਰਾਜ, ਚੰਡੀਗੜ੍ਹ ਰਾਹੀਂ ਨਵੀਂ ਦੁਨੀਆਂ ਸਾਕਾਰ ਕਰਨ ਦਾ ਸੁਫਨਾ ਅਤੇ ਖੇਤੀ ਦਾ ਝਾੜ ਵਧਾਉਣ ਵਾਲਾ ਹਰਾ ਇਨਕਲਾਬ ਇਸ ਦੌਰ ਦੀਆਂ ਅਹਿਮ ਨਿਸ਼ਾਨੀਆਂ ਹਨ। ਸਮਾਜਕ ਸੱਤਾ ਉਤੇ ਆਰੀਆ ਸਮਾਜ ਅਤੇ ਇਸ ਨਾਲ ਜੁੜੀਆਂ ਵਪਾਰਕ, ਸਿੱਖਿਆ, ਵਿੱਤੀ ਅਤੇ ਮੀਡੀਆ ਸੰਸਥਾਵਾਂ ਨੇ ਸ਼ਹਿਰੀ ਖੇਤਰਾਂ ਨੂੰ ਰਾਜ ਸੱਤਾ ਨਾਲ ਭਾਈਵਾਲ ਬਣਾਇਆ ਹੋਇਆ ਸੀ। ਦੂਜੇ ਪਾਸੇ ਪੰਜਾਬ ਦੇ ਪੇਂਡੂ ਅਤੇ ਸਿੱਖ ਹਲਕਿਆਂ ਵਿਚ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਲੈਣ ਲਈ ਮੋਰਚੇ ਲੱਗੇ ਰਹੇ। ਸੱਤਾ ਤੋਂ ਪੇਂਡੂਆਂ (ਕਿਸਾਨ ਅਤੇ ਸਿੱਖ) ਦੀ ਦੂਰੀ ਅਤੇ ਸ਼ਹਿਰੀਆਂ (ਵਪਾਰੀ, ਪੇਸ਼ੇਵਰ ਤੇ ਹਿੰਦੂ) ਦੀ ਨਜ਼ਦੀਕੀ ਨੇ ਪਿੰਡ-ਸ਼ਹਿਰ ਅਤੇ ਪੰਜਾਬੀ-ਅੰਗਰੇਜ਼ੀ ਦੇ ਵਿਰੋਧੀ ਜੁੱਟਾਂ ਦੀ ਬਣਤਰ ਰਾਹੀਂ ਨਵੇਂ ਦੌਰ ਦੀਆਂ ਪੇਚੀਦਗੀਆਂ ਨੂੰ ਪੁਰਾਣੇ, ਸਥਾਪਿਤ ਸਮੀਕਰਨ 'ਸਿੱਖ ਬਨਾਮ ਹਿੰਦੂ' ਵਿਚ ਢਾਲ ਲਿਆ। ਗੌਰ ਨਾਲ ਦੇਖੀਏ ਤਾਂ 1947 ਦੀ ਵੰਡ ਦਾ ਤਰਕ ਨਵੇਂ ਰੰਗ-ਰੂਪ ਵਿਚ ਵਾਹਿਆ ਜਾ ਰਿਹਾ ਸੀ।

ਇਨ੍ਹਾਂ ਜਾਹਰਾ ਵਿਰੋਧਾਂ ਦੇ ਬਾਵਜੂਦ ਤਕਨੀਕੀ ਵਿਕਾਸ ਰਾਹੀਂ ਤਰੱਕੀ ਕਰਨ ਦੀ ਤਤਫਟ ਮਾਨਸਿਕਤਾ ਨੇ ਪੰਜਾਬੀਆਂ ਨੂੰ ਜਿਣਸੀ ਤੌਰ 'ਤੇ ਖੁਸ਼ਹਾਲੀ ਦਿੱਤੀ ਅਤੇ ਭਵਿਖ ਬਾਬਤ ਭਰੋਸਾ ਵੀ ਬੰਨ੍ਹਾਇਆ। ਇਕ ਹੱਦ ਤਕ ਸਹੀ ਹੋਣ ਦੇ ਬਾਵਜੂਦ 'ਰੁੱਤ ਨਵਿਆਂ ਦੀ ਆਈ ਆ' ਦੇ ਸੰਮੋਹਨ ਵਿਚ ਫਾਥਾ, ਤਰੱਕੀਯਾਫਤਾ ਪੰਜਾਬੀ ਭਾਈਚਾਰਾ ਇਤਿਹਾਸ, ਪੰਜਾਬੀ ਵਿਚਾਰਕ ਪਰੰਪਰਾ ਅਤੇ ਪੇਂਡੂ ਕਿਰਤੀਆਂ ਦੇ ਕਮਾਏ ਜੀਵਨ-ਬੋਧ ਤੋਂ ਉਦਾਸੀਨ ਹੁੰਦਾ ਗਿਆ। ਇਸੇ ਉਦਾਸੀਨਤਾ ਦੇ ਅਮਲ ਵਿਚੋਂ ਵੇਖਿਆਂ ਪੰਜਾਬੀ ਬੋਲੀ, ਭਵਿਖ ਦੀ ਬੋਲੀ ਨਾ ਰਹੀ ਸਗੋਂ ਅਤੀਤ ਦੀ ਨਿਸ਼ਾਨੀ ਜਾਪਣ ਲੱਗੀ। ਸਿੱਟੇ ਵਜੋਂ ਪੰਜਾਬੀ ਤੋਂ ਟੁੱਟਣਾ ਭਵਿਖ ਲਈ ਤਿਆਰ ਹੋਣ ਦੀ ਸ਼ਰਤ ਬਣ ਗਿਆ। ਇਹ ਸਭ ਕੁਝ ਵਿਚਾਰਧਾਰਕ ਤੌਰ 'ਤੇ ਵੱਡੀ ਪ੍ਰਵਾਨਗੀ ਅਖਤਿਆਰ ਕਰ ਚੁਕਾ ਸੀ। ਇਸੇ ਲਈ ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਸਾਰ ਦੇ ਬਾਵਜੂਦ ਇਸ ਪੰਜਾਬੀ ਬੋਲੀ-ਵਿਚਾਰਕ ਪਰੰਪਰਾ-ਜੀਵਨ ਬੋਧ ਦੇ ਸਾਂਝੇ ਜੁੱਟ ਦੀ ਥਾਂ ਅੰਗਰੇਜ਼ੀ-ਦਰਬਾਰੀ ਪਤਵੰਤਤਾ-ਭਵਿਖ ਦਾ ਜੁੱਟ ਤਾਕਤਵਰ ਹੁੰਦਾ ਚਲਾ ਗਿਆ। ਸਿਆਸੀ-ਵਿਚਾਰਧਾਰਕ ਪਿੜ ਵਿਚ ਧੜਕਦੇ-ਜਿਉਂਦੇ ਪੰਜਾਬੀ ਇਤਿਹਾਸ ਨਾਲ ਸਾਡਾ ਨਾਤਾ ਜੋੜ ਕੇ ਰੱਖਣ ਵਾਲੇ 'ਆਜ਼ਾਦੀ ਹੀਰ' ਕਹਿਣ ਵਾਲੇ ਗਦਰੀ ਬਾਬੇ ਆਪਣੀ ਅਉਧ ਹੰਢਾ ਕੇ ਰੁਖਸਤ ਹੁੰਦੇ ਰਹੇ।

ਸਟਾਲਿਨਪ੍ਰਸਤੀ ਦੇ ਆਸਰੇ ਸੋਵੀਅਤ ਯੂਨੀਅਨ ਦੀ ਤਕਨੀਕਪ੍ਰਸਤ ਤਰੱਕੀ ਦੇ ਫਾਰਮੂਲੇ ਨੂੰ ਅਪਣਾਉਂਦਿਆਂ ਕਮਿਊਨਿਸਟ ਪਾਰਟੀਆਂ ਨੇ ਬਹੁ-ਪਰਤੀ ਸਮਾਜਵਾਦੀ ਇਤਿਹਾਸਕ ਪਰੰਪਰਾ ਨੂੰ ਇਕਹਿਰਾ ਕਰ ਲਿਆ। ਰਾਜਸੀ ਵਿਰੋਧ, ਸੰਪਰਦਾਇਕ ਝੇੜੇ, ਅਕਾਦਮਿਕ ਝੜਪਾਂ ਦਾ ਦੌਰ ਜਾਰੀ ਰਿਹਾ, ਪਰ ਜੁਝਾਰੂ ਪੰਜਾਬੀ ਵਿਚਾਰਕ ਪਰੰਪਰਾ ਇਨ੍ਹਾਂ ਪਤਵੰਤੀਆਂ ਧਿਰਾਂ ਦੇ ਸਾਂਝੇ ਸਭਿਆਚਾਰਕ ਹਿਤਾਂ ਦੀ ਬਲੀ ਚੜ੍ਹ ਗਈ। ਇਸ ਤਰ੍ਹਾਂ ਪੰਜਾਬ ਦੀਆਂ ਸਿਖਰਲੀਆਂ ਵਿਚਾਰਧਾਰਕ ਧਿਰਾਂ ਦੀ ਵੱਡੀ ਸਹਿਮਤੀ ਬਣੀ ਜੋ ਅੱਜ ਤਕ ਵੀ ਮੋਟੇ ਤੌਰ 'ਤੇ ਜਾਰੀ ਹੈ। ਲੇਖਕ ਸਭਾਵਾਂ, ਸਭਿਆਚਾਰਕ ਮੰਚ, ਸਤਿਕਾਰ ਕਮੇਟੀਆਂ ਸਹੀ ਕਰ ਲੈਣ ਕਿ ਜੇ ਇਸ ਅੰਗਰੇਜ਼ੀ-ਤਕਨੀਕਪ੍ਰਸਤੀ-ਤਰੱਕੀ ਵਾਲੇ ਭਵਿਖ ਨਾਲ ਬੱਝੇ ਹਿਤਾਂ ਦੀ ਪੀਡੀ ਤਾਣੀ ਦੇ ਬਰਾਬਰ ਪੰਜਾਬੀ-ਇਨਸਾਫ-ਸਾਂਝੀਵਾਲਤਾ ਆਧਾਰਤ ਭਵਿਖ ਦਾ ਮੋਰਚਾ ਨਾ ਲਾਇਆ ਤਾਂ ਸਾਡੇ 'ਅਕਲ ਲਤੀਫ' ਪਤਵੰਤਿਆਂ ਨੇ ਬਾਬੇ ਵਾਰਿਸ ਦਾ ਆਖਿਆ ਸੱਚ ਕਰ ਦਿਖਾਉਣਾ ਹੈ:

ਅਲੀ ਜੇਠ ਤੇ ਜਿਨ੍ਹਾਂ ਫੱਤੂ ਦੇਵਰ,
ਡੁੱਬ ਮੋਈਆਂ ਉਹ ਭਰਜਾਈਆਂ ਨੀ।

ਵਿਚਾਰਧਾਰਕ ਪੱਧਰ 'ਤੇ ਇਸ਼ਕ ਦੇ ਇਕਰਾਰ ਤੋਂ ਤੁਰ ਕੇ ਸਮਾਜਕ ਬਗਾਵਤ ਵਾਲੀ ਸੇਧ ਨੂੰ ਜਾਂਦੀ ਪੰਜਾਬੀ ਨੈਤਿਕਤਾ ਤਕਨੀਕੀ ਦਾਅਵਿਆਂ ਸਾਹਮਣੇ ਨੀਵੀਂ ਕਰ ਦਿੱਤੀ ਗਈ। ਹੀਰ ਦੇ 'ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ' ਨੂੰ ਲਾਂਭੇ ਕਰ ਕੇ ਪੰਜਾਬੀਆਂ ਨੇ ਸਫੈਦੇ ਦੇ ਕੱਦ ਨੂੰ ਅਪਨਾ ਲਿਆ। ਸਿੱਟੇ ਵਜੋਂ ਹੀਰ-ਸਾਹਿਬਾਂ-ਸੋਹਣੀ-ਸੱਸੀ ਆਦਿ ਨੂੰ 1960ਵਿਆਂ ਵਿਚ ਦੇਵ ਥਰੀਕਿਆਂ ਵਾਲੇ-ਕੁਲਦੀਪ ਮਾਣਕ ਤੋਂ ਲੈ ਕੇ 1990ਵਿਆਂ ਵਿਚ ਰਣਜੀਤ ਮਣੀ-ਬਚਨ ਬੇਦਿਲ ਜੁੱਟਾਂ ਲਈ ਛੱਡ ਦਿੱਤਾ ਗਿਆ। ਸੋਈ ਹਾਲ ਸਿੱਖੀ ਦੀਆਂ ਮਹਾਨ ਇਨਕਲਾਬੀ ਪ੍ਰਾਪਤੀਆਂ, ਰਵਾਇਤਾਂ ਅਤੇ ਚਿੰਤਨ-ਪਰੰਪਰਾ ਦਾ ਕੀਤਾ ਗਿਆ। ਕਾਜ਼ੀਆਂ-ਸਿਆਲਾਂ ਦੇ ਪੈਂਚਾਂ-ਖੇੜਿਆਂ ਦੇ ਵਕੀਲਾਂ ਵਾਂਗ ਨਵੇਂ ਦੌਰ ਦੇ ਅਕਾਦਮਿਕ-ਸਟਾਲਿਨਪ੍ਰਸਤ-ਤਕਨੀਕਪ੍ਰਸਤ 'ਸਿਆਣਿਆਂ' ਵੱਲੋਂ ਹੋਏ-ਬੀਤੇ ਦੀ ਗੱਲ ਆਖ ਕੇ ਸਿੱਖੀ ਨੂੰ ਸਾਧਾਂ-ਸੰਤਾਂ ਦੀ ਅੰਨ੍ਹੀ-ਬੋਲੀ ਸ਼ਰਧਾ ਦੇ ਕਿੱਲੀਂ ਬੰਨ੍ਹ ਦਿੱਤਾ ਗਿਆ।

ਬਿਲਕੁਲ ਰਾਂਝੇ ਦੇ ਭਾਈਆਂ ਵਾਂਗ 'ਗੁੱਝੇ' ਵੀ ਅਤੇ 'ਰੰਗ ਬਰੰਗ' ਦੇ ਵੀ ਮਿਹਣੇ ਮਾਰ ਕੇ, ਸਿੱਖ ਲਹਿਰ ਦੇ ਇਨਕਲਾਬੀ ਅਸਲੇ ਨੂੰ ਨਵੇਂ ਦੌਰ ਵਿਚ ਨਿਰਾਰਥਕ ਗਰਦਾਨ ਕੇ ਹੀਰ-ਬੋਧ, ਪੰਜਾਬੀ ਬੋਲੀ ਅਤੇ ਪਿੰਡ ਦੀ ਕਿਰਤੀ ਆਬ ਦੇ ਸਾਂਝੇ ਪਤੂੰਲ ਵਾਂਗ, ਇਉਂ ਹੋਇਆ ਜਿਵੇਂ ਸਹਿਤੀ ਦੀਆਂ ਸਹੇਲੀਆਂ ਨੇ ਕਾਲੇ ਬਾਗ ਵਿਚ ਆਸਣ ਲਾਈ ਬੈਠੇ ਰਾਂਝੇ ਜੋਗੀ ਦਾ 'ਧੂੰਆਂ, ਸਵਾਹ ਖਿਲਾਰ ਕੇ ਭੰਨ ਹੁੱਕਾ, ਗਾਹ ਘੱਤ ਕੇ ਲੁੱਡੀਆਂ ਮਾਰੀਆਂ ਨੇ।' ਇੰਜ ਸਾਰੇ ਇਤਿਹਾਸ ਦੀ ਕਮਾਈ ਰੋੜ੍ਹ ਕੇ ਸੁਰਖਰੂ ਹੋਏ ਬੈਠੇ, ਭਵਿਖ ਲਈ ਰਾਂਝੇ ਦੀਆਂ ਭਾਬੀਆਂ ਵਾਂਗ ਕਮਰਕੱਸਾ ਕਰੀ ਬੈਠੇ, ਲੁੱਡਣ ਮਲਾਹ ਵਾਂਗ ਮਸਤੇ ਹੋਏ ਹਰੇ ਇਨਕਲਾਬੀ ਪੰਜਾਬੀਆਂ ਨੇ ਸਿੱਖੀ ਨੂੰ ਰਾਂਝੇ ਵਾਂਗ ਤਖਤ ਹਜ਼ਾਰਿਓਂ ਵਿਦਾ ਕਰ ਕੇ ਆਪਣੇ ਭਵਿਖ ਦੀਆਂ ਵਿਉਂਤਾਂ ਵਿਚੋਂ ਖਾਰਜ ਕਰ ਦਿੱਤਾ। 'ਸਭੈ ਸਾਂਝੀਵਾਲ ਸਦਾਇਨਿ', 'ਸਗਲਿ ਸੰਗ ਹਮ ਕਉ ਬਨਿ ਆਈ' ਜਾਂ 'ਖਾਲਕ ਖਲਕ ਮਾਹਿ' ਵਰਗੇ ਸੂਖਮ ਸਿਧਾਂਤਕ ਗੁਣਾਂ ਦੇ ਗਹੀਰੇ ਤੋਂ ਜਦੋਂ 'ਅੰਗਰੇਜ਼ੀ-ਤਕਨੀਕਪ੍ਰਸਤੀ-ਤਰੱਕੀ' ਵਾਲੇ ਭਵਿਖ ਦੇ ਡੰਗੇ ਪੰਜਾਬੀਆਂ ਨੇ ਮੂੰਹ ਭੁਆ ਲਿਆ ਤਾਂ ਰਹਿੰਦੀ ਕਸਰ ਦਮਦਮੀ ਟਕਸਾਲ ਦੇ ਜੱਟਕੇ ਮੁਹਾਵਰੇ ਦੇ ਧਨੀ, ਪਰ ਗੁੱਸੈਲ ਮੁਖੀ ਨੇ ਕੱਢ ਦਿੱਤੀ।



**'ਉਨ ਲੱਧਾ ਯਾਰ ਗੁਵਾਤਾ' - ਸਿੱਖ-ਪੰਜਾਬ ਵਿਚ ਕਰੁਣਾ ਦਾ ਕਤਲ ਅਤੇ ਗੰਵਾਰਾਂ ਦਾ ਹਾਸਾ:** ਇਨ੍ਹਾਂ ਦੋ ਮਰਹਲਿਆਂ ਤੋਂ ਬਾਅਦ ਤੀਜਾ ਪੜਾਅ 1966 ਤੋਂ ਬਾਅਦ ਦੇ ਪੰਜਾਬ ਦਾ ਹੈ। ਪੰਜਾਬ ਦੇ ਲੰਬੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਸਿੱਖ ਭਾਈਚਾਰਾ ਬਹੁਗਿਣਤੀ ਵਿਚ ਆ ਗਿਆ। ਪੰਜਾਬ ਵਿਚ ਨਕਸਲੀ ਲਹਿਰ ਦੀ ਬੌਧਿਕ-ਸਾਹਿਤਕ ਧਾਰ ਅਤੇ ਵਿਦਿਆਰਥੀ ਲਹਿਰ ਦੇ ਪਸਾਰ ਨੇ ਵੱਡੀ ਹੱਦ ਤਕ ਪੰਜਾਬ-ਸਰੋਕਾਰ ਨੂੰ ਮੁੜ ਤੋਂ ਸਿੰਜਿਆ। ਹਰੇ ਇਨਕਲਾਬ ਨਾਲ ਤਕੜੀ ਹੋ ਰਹੀ ਕਿਸਾਨੀ ਦਾ ਵਰਤਾਰਾ ਸ਼ਹਿਰੀ ਖੇਤਰਾਂ ਨੂੰ ਅਗਵਾਈ ਤੋਂ ਲਾਂਭੇ ਕਰ ਕੇ ਹੁਣ ਕਦੇ ਕਿਸਾਨ ਮੋਰਚਿਆਂ, ਕਦੇ ਅਕਾਲੀ ਮੋਰਚਿਆਂ ਤੇ ਫਿਰ ਖਾੜਕੂ ਲਹਿਰ ਦੇ ਜ਼ਰੀਏ ਆਪਣਾ ਮੂਲ ਪਛਾਣਨ ਲੱਗਾ। ਚੰਡੀਗੜ੍ਹ-ਅੰਗਰੇਜ਼ੀ-ਸੱਤਾ ਉਤੇ ਅਕਾਲ ਤਖਤ-ਸਿੱਖ ਭਾਈਚਾਰੇ ਦੇ ਹੱਕ-ਰਾਜਸੀ ਹਿੰਸਾ ਦੀ ਸਰਦਾਰੀ ਵੱਡੇ ਤ੍ਰਾਸਦਿਕ ਦੌਰ ਵਿਚੋਂ ਗੁਜ਼ਰ ਕੇ ਸਥਾਪਤ ਹੋ ਗਈ। ਸਭਿਆਚਾਰਕ-ਵਿਚਾਰਕ ਤੌਰ 'ਤੇ ਸ਼ਿਕਸਤ ਖਾ ਕੇ ਪੰਜਾਬ ਦਾ ਪਿੰਡ ਹੁਣ ਹਿੰਸਾ-ਪ੍ਰਤਿਹਿੰਸਾ ਦੇ ਗੇੜ ਵਿਚੋਂ ਡਾਂਗਮਾਰ ਬੁਰਛਾਗਰਦੀ ਦੇ ਅਮਲ ਰਾਹੀਂ ਹਾਸਲ ਕੀਤੀ ਤਾਕਤ ਸਦਕਾ 'ਆਪਣੇ' ਸੂਬੇ ਵਿਚ ਸੁਰੱਖਿਅਤ ਮਹਿਸੂਸ ਕਰਨ ਲੱਗਾ। ਖਾੜਕੂ ਲਹਿਰ ਦਾ ਕਰੁਣਾ ਤੋਂ ਟੁੱਟਿਆ ਇਤਿਹਾਸਕ ਪੈਂਤੜਾ ਬਦਲਵੇਂ ਸੂਰਤ ਵਿਚ ਹਥਿਆਰਖੋਰ ਗੀਤਾਂ ਰਾਹੀਂ ਹੁੰਦਾ ਹੋਇਆ ਗੈਂਗਸਟਰਾਂ ਦੀ ਸਰਦਾਰੀ ਤਕ ਆਣ ਪਹੁੰਚਾ ਹੈ। ਔਰਤਾਂ ਇਸ ਅਮਲ ਹੱਥੋਂ ਬਹੁਤ ਖੁਆਰ ਹੋਈਆਂ ਹਨ, ਜਿਨ੍ਹਾਂ ਲਈ ਅੱਜ ਵੀ ਲਿੰਗਕ ਹਿੰਸਾ ਦੇ ਦੈਂਤ ਦੇ ਰੂਪ ਵਿਚ ਦਹਿਸ਼ਤ ਦਾ ਅਮਲ ਜਾਰੀ ਹੈ।

ਜਾਹਰ ਹੈ, 1978 ਦੇ ਕਤਲ ਕਾਂਡ ਤੋਂ ਰਵਾਂ-ਰਵੀਂ ਤੁਰਦਾ 1984 ਦੇ ਸਾਕੇ ਤਕ ਅਤੇ ਫਿਰ 1994 ਤਕ ਕਰੁਣਾ ਦੇ ਪਰਮਗੁਣ ਤੋਂ ਵਿਜੋਗੀ ਜਾ ਚੁਕੀ ਖਾੜਕੂ ਲਹਿਰ ਦੇ ਖਾਤਮੇ ਤਕ ਪੰਜਾਬ ਦੇ ਮੁਕੰਮਲ, ਸਰਬਪੱਖੀ ਅਤੇ ਸਰਬ-ਸਾਂਝੇ ਉਜਾੜੇ ਦਾ ਪ੍ਰਾਜੈਕਟ ਤੋੜ ਚੜ੍ਹ ਚੁਕਾ ਸੀ। ਪਾਸ਼ ਨੇ ਕੁਝ ਅਜਿਹੇ ਹੀ ਵਕਤਾਂ ਬਾਬਤ ਕਿਹਾ ਸੀ:

ਜਿਹਦੇ ਵਿਚ ਸਿਰਫ ਉਲੂ ਬੋਲਦੇ
ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀ ਨ੍ਹੇਰ
ਬੰਦ ਬੂਹਿਆਂ ਚੁਗਾਠਾਂ 'ਤੇ।

ਹੀਰ ਦੀ ਸਿਲਸਿਲੇਵਾਰ ਬੇਹੁਰਮਤੀ ਨਾਲ ਜੁੜਿਆ 1947 ਦੀ ਵੰਡ ਦਾ ਤਰਕ ਜਾਰੀ ਸੀ। ਨਹਿਰੂ ਦੌਰ ਦੀਆਂ ਸੰਸਥਾਵਾਂ ਦੇ ਪਤਨ ਦੇ ਨਾਲੋ-ਨਾਲ ਸਹਿਜ-ਵਿਵੇਕ-ਕਰੁਣਾ ਨੂੰ ਜ਼ਲੀਲ ਕਰ ਕੇ ਪੰਜਾਬ ਤਿੱਖੀ-ਤੱਤੀ ਵਾਰਤਾ ਦਾ, ਹਿੰਸਾ ਦੀ ਸਭਿਅਤਾ ਦਾ ਸਿਰਨਾਵਾਂ ਬਣਦਾ ਚਲਾ ਗਿਆ। ਇਤਿਹਾਸ ਦੇ ਤਰਕ ਤੋਂ ਹਾਰੇ ਹੋਇਆਂ ਦਾ ਨਿਸ਼ਾਨਾ ਹੋ ਰਹਿਣਾ ਵੱਟ 'ਤੇ ਪਿਆ ਹੈ। ਇਸ ਗੇੜ ਦੀ ਚੱਕੀ ਦੇ ਪੁੜਾਂ ਨੇ ਬੜਾ ਬਾਰੀਕ ਪੀਠਿਆ ਹੈ। ਜਿਵੇਂ ਇਸ ਪੀਹਣ ਦੇ ਇਕ ਅਣਗੌਲੇ ਗੁਨਾਹ ਦੀ ਗੰਢ ਇਹ ਹੈ ਕਿ ਨਿਰਦੋਸ਼ ਪੰਜਾਬੀਆਂ ਨੂੰ ਜਾਨ ਬਚਾਉਣ ਖਾਤਰ ਦਾੜ੍ਹੀਆਂ ਰੱਖਣੀਆਂ ਪਈਆਂ, ਦਸਤਾਰਾਂ ਬੰਨ੍ਹਣੀਆਂ ਪਈਆਂ। ਇਉਂ ਜਬਰ-ਜ਼ੁਲਮ ਖਿਲਾਫ ਡਟਣ ਵਾਲੀ ਸਿੱਖ ਰਵਾਇਤ, ਇਸ ਦੇ ਸਨਮਾਨ ਦੀ ਰਾਖੀ ਲਈ ਅਸਾਲਟਾਂ ਵਾਲਿਆਂ ਹੱਥੋਂ ਸ਼ਰਮਿੰਦਾ ਕੀਤੀ ਗਈ।

ਅਜਿਹੇ ਹੋਰ ਸੂਖਮ ਵਰਤਾਰਿਆਂ ਨੂੰ ਅਣਡਿਠ ਕਰਨ ਦਾ ਅਮਲ ਜੇ ਇੰਜ ਹੀ ਬਾਘੀਆਂ ਪਾਉਂਦਾ ਰਿਹਾ; ਜੇ ਕਰੁਣਾ ਦੀ ਔੜ ਏਦਾਂ ਹੀ ਜਾਰੀ ਰਹੀ; ਪਾਣੀਆਂ ਦੇ ਡਿਗਦੇ ਪੱਧਰ ਵਾਂਗ ਜੇ ਸਾਡੀ ਸੰਵੇਦਨਾ ਦੇ ਪੱਤਰ ਮਰੁੰਡੇ ਗਏ; ਜੇ ਸਿਰਫ 'ਦੂਜਿਆਂ', 'ਬਾਹਰਲਿਆਂ', 'ਹਾਕਮਾਂ' ਨੂੰ ਦੋਸ਼ ਦੇ-ਦੇ ਕੇ ਆਪਣੇ ਗੁਨਾਹੇ ਦੀ ਸਾਰ ਨਾ ਲਈ ਗਈ ਤਾਂ ਹਿੰਸਾ ਦੇ ਸਭਿਆਚਾਰ ਦੀ ਜਕੜ ਨੇ ਪੰਜਾਬ ਨੂੰ ਸਦਾ ਲਈ ਦਾਗੀ ਕਰ ਦੇਣਾ ਹੈ। ਸਟਾਲਿਨ ਦੀਆਂ ਕਰਤੂਤਾਂ ਨੇ ਜਿਵੇਂ ਲੋਕ-ਇਨਕਲਾਬੀ ਮਾਰਕਸੀ ਲਹਿਰ ਨੂੰ ਲੰਬੇ ਸਮੇਂ ਤਕ ਸ਼ਰਮਿੰਦਾ ਕਰੀ ਰੱਖਿਆ ਹੈ। ਦੁਨੀਆਂ ਭਰ ਦੇ ਮਾਰਕਸੀ ਦਾਨਿਸ਼ਵਰਾਂ, ਅੰਦੋਲਨਕਾਰੀਆਂ ਅਤੇ ਸ਼ਖਸੀਅਤਾਂ ਨੇ ਮਾਰਕਸੀ ਸਿਧਾਂਤ ਦੀ ਸਟਾਲਨੀ ਟਕਸਾਲ ਦਾ ਨਿਡਰ ਤੇ ਨਿੱਗਰ ਸਿਧਾਂਤਕ, ਸੰਸਥਾਈ ਅਤੇ ਸਰਗਰਮੀਆਂ ਦੇ ਜ਼ਰੀਏ ਵਿਰੋਧ ਜਾਰੀ ਰੱਖਿਆ ਹੈ, ਤਾਂ ਕਿਤੇ ਜਾ ਕੇ ਕੁਝ ਨਵਾਂ ਸੋਚਣ, ਸਿਰਜਣ ਦੀ ਸਬੀਲ ਬਣਦੀ ਦਿਸਦੀ ਹੈ।

ਪੰਜਾਬ-ਸਰੋਕਾਰ ਅਤੇ ਸਿੱਖੀ ਦੀ ਹਸਤੀ ਲਈ ਲਾਜ਼ਮੀ ਹੈ ਕਿ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਖਾਲਸ ਪੰਜਾਬੀ ਨਜ਼ਰੀਏ ਤੋਂ ਟਕਸਾਲ ਅਤੇ ਹੋਰ ਅਜਿਹੀਆਂ ਕਰੁਣਾ ਤੋਂ ਵਿਛੁੰਨੀਆਂ ਸੰਪਰਦਾਵਾਂ, ਦਲਾਂ ਜਾਂ ਹਉਮੈਧਾਰੀ 'ਪੈਗਾਮਦਾਰਾਂ' ਦੇ ਇਤਿਹਾਸਕ ਰੋਲ ਦੀ ਨਿਰਭਉ ਪੜਚੋਲ ਨੂੰ ਹੱਥ ਪਾਇਆ ਜਾਵੇ। ਇਸ ਦੇ 'ਸੋਧਾਵਾਦੀ' ਹਿੰਸਕ ਪੈਂਤੜੇ ਦੀ ਪੈਰ ਗੱਡ ਕੇ ਸਿਧਾਂਤਕ ਆਲੋਚਨਾ ਦਾ ਦੌਰ ਬੱਝੇ ਅਤੇ ਸਿੱਖੀ ਦੇ ਗਦਰੀ ਸ਼ਹੀਦਾਂ ਵਾਲੇ ਕਰੁਣਾ-ਭਰਪੂਰ ਅਤੇ ਕ੍ਰਾਂਤੀਕਾਰੀ ਕਿਰਦਾਰ ਦੀ ਸਮਕਾਲ ਵਿਚ ਪੁਨਰ-ਵਿਆਖਿਆ ਲਈ ਨਿਤਰਿਆ ਜਾਵੇ। ਅਜਿਹੇ ਸਦਾਚਾਰੀ ਅਭਿਆਸ ਸਦਕਾ ਆਪਣੀ ਨਮੋਸ਼ੀ ਤੋਂ ਨਿਜਾਤ ਪਾਈਏ, ਹੀਰ ਦਾ ਦੀਦਾਰ ਹਾਸਲ ਕਰੀਏ ਅਤੇ ਬਾਬਾ ਨਾਨਕ ਦੇ ਸਾਢੇ ਪੰਜ ਸੌ ਸਾਲਾ ਜਨਮ-ਪੁਰਬ ਨੂੰ ਮਨਾਉਣ ਜੋਗੇ ਹੋਈਏ।

**'ਹੁਣ ਰੋਂਦੀ ਵਖਤ ਵਿਹਾਣੇ' - ਭਵਿਖ ਦੇ ਬੇਲਿਆਂ ਤੋਂ ਬੇਦਖਲ 'ਉੜਤਾ ਪੰਜਾਬ':** ਚੌਥਾ ਪੜਾਅ ਪੰਜਾਬ ਦੇ ਉਜਾੜੇ ਤੋਂ, ਖੰਡਰੀ ਸੱਖਣੇਪਣ ਤੋਂ ਅਤੇ ਗੁਜ਼ਾਰੇ ਜੋਗੇ ਰੁਜ਼ਗਾਰ ਨੂੰ ਹੀ ਭਵਿਖ ਸਮਝੀ ਜਾਣ ਵਾਲਿਆਂ ਦੇ ਇਥੋਂ ਉਡਾਰੀ ਮਾਰਨ ਨਾਲ ਸੰਬੰਧਿਤ ਹੈ। ਇਉਂ ਜਾਪਦਾ ਹੈ ਜਿਵੇਂ ਆਇਲੈਟਸ ਦੇ ਬੈਂਡ ਹਾਸਲ ਕਰਨ ਲਈ ਪੰਜਾਬ ਵਿਚ ਕੋਈ 'ਭਵਿਖ ਬਚਾਓ' ਅੰਦੋਲਨ ਚੱਲ ਰਿਹਾ ਹੋਵੇ, ਪਰ ਇਹ ਭਵਿਖ ਹੁਣ ਪੰਜਾਬ ਵਿਚ ਨਹੀਂ ਸਗੋਂ ਇਸ ਤੋਂ ਛੁਟਕਾਰੇ ਵਿਚ ਹੀ ਬਣਾਇਆ ਜਾ ਸਕਦਾ ਹੈ। ਇਸੇ ਲਈ ਗੋਰੀਆਂ ਧਰਤੀਆਂ 'ਤੇ ਚਾਕਰੀ ਦੇ ਚਾਹਵਾਨਾਂ ਵਾਸਤੇ ਪੀ. ਆਰ. ਜਾਂ ਸਟੱਡੀ ਵੀਜ਼ਾ ਦੀਆਂ ਸ਼ਰਤਾਂ ਪੂਰੀਆਂ ਕਰਨਾ ਸਭ ਤੋਂ ਵੱਡਾ ਨਿਸ਼ਾਨਾ ਹੋ ਚੁਕਾ ਹੈ। ਇਸ ਮਹਾਨ ਪ੍ਰਾਪਤੀ ਤੋਂ ਖੁੰਝ ਜਾਣ ਵਾਲੇ 'ਚਿੱਟੇ' ਦੇ ਗਾਹਕ ਹਨ ਜਾਂ ਅੰਬਾਨੀ ਦੇ ਡਾਟਾ ਪੈਕ ਲੈ ਕੇ

**(ਬਾਕੀ ਅਗਲੇ ਸਫੇ 'ਤੇ)**

ਸੋਸ਼ਲ ਮੀਡੀਆ 'ਤੇ ਸਰਗਰਮ ਹਨ।

ਪੰਜਾਬੀ ਬੋਲੀ ਦੇ ਨਾਂ 'ਤੇ ਬਣੇ ਸੂਬੇ ਵਿਚ ਪੰਜਾਬੀ ਦੇ ਸਹੀ ਸ਼ਬਦ-ਜੋੜ ਲਿਖਣ ਵਾਲੇ ਵਿਰਲੇ-ਟਾਂਵੇਂ ਮਿਲਣਗੇ। ਜਿਹੜੇ ਪਿੱਛੇ ਰਹਿ ਗਏ ਹਨ, ਉਹ ਵੀ ਹੁਣ ਬੇਗਾਨਿਆਂ ਵਾਂਗੂ ਹੀ ਵਰਤਦੇ ਹਨ। ਬਾਬਾ ਨਾਨਕ ਨੇ ਅਜਿਹੇ ਉਖੜੇ ਨਫਰਾਂ ਬਾਬਤ ਆਖਿਆ ਹੈ:

ਮਨੁ ਪਰਦੇਸੀ ਜੇ ਥੀਐ
ਸਭੁ ਦੇਸੁ ਪਰਾਇਆ॥

ਇਹ ਅਜਿਹੇ ਰਾਂਝੇ ਹਨ, ਜਿਨ੍ਹਾਂ ਨੂੰ ਕਿਸੇ ਹੀਰ ਦੀ ਤਲਾਸ਼ ਨਹੀਂ, ਕੋਈ ਦਰਿਆ ਇਨ੍ਹਾਂ ਲਈ ਨਹੀਂ ਸੂਕਦਾ, ਵੰਝਲੀ 'ਚ ਸਾਹ ਭਰਨਾ ਵੀ ਨਹੀਂ ਆਉਂਦਾ। ਪੰਜਾਬ ਦੀ ਧਰਤੀ ਇਨ੍ਹਾਂ ਸਰਾਪੀਆਂ ਸੂਰਤਾਂ ਲਈ ਸਿਰਫ ਸੈਲਫੀ ਖਿੱਚਣ ਦੀ ਮਜਬੂਰੀ ਵਾਲੀ ਸੈਟਿੰਗ ਹੈ। ਇਹ ਰੋਡ ਸ਼ੋਅ ਵਿਚ ਮੋਟਰ ਸਾਈਕਲ ਭਜਾ ਸਕਦੇ ਹਨ, ਵਿਚ-ਵਿਚ ਖੂਨਦਾਨ, ਲੰਗਰ ਜਾਂ ਬੰਦ ਕਰਵਾ ਸਕਦੇ ਹਨ। ਕਿਸੇ ਵਗਦੇ ਪਾਣੀ ਦੀ ਆਵਾਜ਼; ਉਸ ਨਾਲ ਜੁੜੇ ਗੀਤ, ਕਥਾਵਾਂ; ਨਿਰਮਲ ਛੋਹ ਦੀ ਨਿਆਜ਼ ਇਨ੍ਹਾਂ ਲੁੱਡਣ ਮਲਾਹਾਂ ਦੇ ਉਜੜੇ ਯਾਰਾਂ ਲਈ ਭੈਂਸ ਤੁਲ ਹੀ ਹੈ। ਇਸੇ ਲਈ ਸਾਡੇ ਦਰਿਆ ਪਾਣੀਆਂ ਦੇ ਨਹੀਂ ਸਗੋਂ ਰੇਤਾ ਕੱਢਣ ਦੇ ਅੱਡੇ ਹਨ।

ਇਹ ਪੀੜ੍ਹੀ ਗੁੰਮ ਹੈ। ਇਸ ਲਈ ਸਰਕਾਰਾਂ, ਵਜ਼ੀਰ, ਰਸੂਖਵਾਨ ਪੰਜਾਬ ਨੂੰ ਆਪਣੀ ਬਾਂਦੀ ਬਣਾਈ ਬੈਠੇ ਹਨ। ਕਮਜ਼ੋਰ, ਗਰੀਬ ਦੀ ਧੀ ਵਾਂਗ ਪੰਜਾਬੀਆਂ ਦੇ ਸਾਂਝੇ ਖੱਤੇ ਪਲਾਟ, ਦਰਿਆ, ਪਹਾੜੀਆਂ, ਸ਼ਾਮਲਾਟਾਂ, ਡਾਕ ਬੰਗਲਿਆਂ ਦੀ ਖੁਰਾਕ ਇਨ੍ਹਾਂ ਡਾਢਿਆਂ ਲਈ ਤਿਆਰ ਰਹਿੰਦੀ ਹੈ। ਕਿਸਾਨ ਭਾਈਚਾਰਾ ਨਾੜ ਨੂੰ ਅੱਗਾਂ ਲਾ-ਲਾ ਪੰਜਾਬ ਦਾ ਨੁਕਸਾਨ ਕਰ ਰਿਹਾ ਹੈ। ਜਿਹੜੇ ਵਿਚਾਰੇ ਹੋਰ ਕਿਸੇ ਦਾ ਕੁਝ ਵਿਗਾੜਨ ਜੋਗੇ ਨਹੀਂ ਹਨ, ਉਹ ਪੰਜਾਬੀ ਬੋਲੀ ਦੇ ਆਹੂ ਲਾਹੀ ਤੁਰੇ ਆਉਂਦੇ ਹਨ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ 1984 ਦੇ ਸਾਕੇ ਦੀ ਬਰਸੀ 'ਤੇ ਸਿੱਖਾਂ ਨੂੰ ਟੀ. ਵੀ. ਕੈਮਰਿਆਂ ਸਾਹਮਣੇ ਇਕ ਦੂਜੇ ਦੀ ਪੱਗ ਨਾ ਲਾਹੁਣ ਦੇ ਹਾੜ੍ਹੇ ਕੱਢੀ ਜਾਂਦੇ ਹਨ।

**ਕਰੁਣਾ-ਵੇਗ-ਵਿਵੇਕ ਦਾ ਮੋਰਚਾ:** ਅਜਿਹੇ ਸੜ੍ਹਿਆਂਦ ਮਾਰਦੇ ਸਮਿਆਂ ਵਿਚ ਹਿੱਸੇ ਬਣਦੀ ਕਸਰ ਕੱਢਣ ਲਈ ਕੁਝ ਡਾਢਿਆਂ ਦੇ ਸ਼ਰਾਬ ਦੇ ਕਾਰਖਾਨਿਆਂ ਵਿਚੋਂ ਨਿਕਲਿਆ ਜ਼ਹਿਰ ਜਦੋਂ ਗੁਰੂ ਅਮਰ ਦਾਸ ਜੀ ਦੀ ਗਾਗਰ ਦੇ ਪਾਣੀ ਦੇ ਸੋਮੇ ਬਿਆਸ ਦਰਿਆ ਦੇ ਪਾਣੀ ਦੀ ਬੇਅਦਬੀ ਕਰ ਰਿਹਾ ਸੀ ਤਾਂ ਨੀਲੇ ਬਾਣੇ ਵਾਲੇ ਭਾਈ ਦਇਆ ਸਿੰਘ ਨਿਹੰਗ ਨੇ ਨੰਗੇ ਪੈਰੀਂ ਉਸ ਵਿਚ ਠਿੱਲ੍ਹ ਕੇ ਇਹ ਸਾਕਾ ਆਪਣੇ ਫੋਨ ਦੇ ਕੈਮਰੇ ਰਾਹੀਂ ਬਿਆਨ ਕੀਤਾ। ਛੋਟੀਆਂ-ਵੱਡੀਆਂ ਮੱਛੀਆਂ ਦੇ ਮਰ ਜਾਣ ਅਤੇ ਪੂੰਗ ਦੀ ਤੜਫਣ ਦਾ ਜ਼ਿਕਰ ਇਸ ਕਦਰ ਵੇਦਨਾ ਅਤੇ ਵੈਰਾਗ ਨਾਲ ਦਇਆ ਸਿੰਘ ਨੇ ਕੀਤਾ ਕਿ ਆਪਣੇ ਨਾਮ ਦੇ ਅਰਥਾਂ ਨੂੰ ਸਾਰਥਕ ਕਰ ਦਿਖਾਇਆ। ਉਸ ਨੇ ਇਹ ਜ਼ਰੂਰੀ ਸਬਕ ਯਾਦ ਕਰਵਾਇਆ ਹੈ ਕਿ ਅੰਮ੍ਰਿਤਧਾਰੀ ਤਾਂ ਇਨਸਾਫ ਅਤੇ ਕਰੁਣਾ ਦਾ ਪੁੰਜ ਹੁੰਦਾ ਹੈ। ਸਿੱਖੀ ਨੂੰ ਅਸਾਲਟਧਾਰੀਆਂ ਦੇ ਸਹਿਮ ਤੋਂ ਸਹਿਵਨ ਹੀ ਆਜ਼ਾਦ ਕਰਵਾ ਗਿਆ ਹੈ ਦਇਆ ਸਿੰਘ। ਬਿਆਸ ਦਰਿਆ ਦੀ ਰਵਾਨੀ ਵਿਚ ਜ਼ਹਿਰ ਘੋਲਣ ਵਾਲਿਆਂ ਖਿਲਾਫ ਉਸ ਨੇ ਆਪਣੇ ਇਨਸਾਫਪਸੰਦ ਸਿਦਕ ਨਾਲ ਸਾਡੇ ਲਈ ਸਾਫ ਪਾਣੀਆਂ ਦੀ ਅਹਿਮੀਅਤ ਨੂੰ ਰੜਕਾ ਦਿੱਤਾ ਹੈ। 'ਰਾਂਝੇ ਦੇ ਛੋਟੇ-ਵੱਡੇ ਭਰਾ' ਦੇ ਦਰਜੇ ਨੂੰ ਪੁੱਜ ਚੁਕਾ ਦਇਆ ਸਿੰਘ ਇਕ ਹੋਰ ਪੰਜਾਬੀ ਦਰਿਆ ਝਨਾਂ ਦੀ ਯਾਦ ਦਿਵਾ ਗਿਆ ਹੈ ਜਿਥੇ ਹੀਰ ਤੇ ਉਸ ਦੀਆਂ ਸਹੇਲੀਆਂ ਰਾਂਝੇ ਨਾਲ ਅਠਖੇਲੀਆਂ ਕਰਦੀਆਂ ਹਨ:

ਹੀਰ ਤਰੇ ਚੌਤਰਫ ਰਾਂਝਣੇ ਦੇ,
ਮੋਰ ਮੱਛਲੀ ਬਣ ਬਣ ਆਂਵਦੀ ਹੈ।
ਆਪ ਬਣੇ ਮਛਲੀ ਨਾਲ ਚਾਵੜਾਂ ਦੇ,
ਮੀਏਂ ਰਾਂਝੇ ਨੂੰ ਕੁਰਲ ਬਣਾਂਵਦੀ ਹੈ।

ਵਾਰਿਸ ਸ਼ਾਹ ਇਥੇ ਦੋਹਾਂ ਆਸ਼ਕਾਂ ਨੂੰ ਝਨਾਂ ਦੇ ਪਾਣੀਆਂ ਦੇ ਜਸ਼ਨ ਵਿਚ, ਕੁਦਰਤ ਨਾਲ ਇਕ-ਮਿੱਕ ਹੋਏ ਦਰਸਾਉਂਦਾ ਹੈ। ਝਨਾਂ ਗੁਆ ਕੇ, ਬੇਲਾ ਹਾਰ ਕੇ, ਰਾਂਝੇ ਦੀ ਵੰਝਲੀ ਤੋੜ ਕੇ, ਹੀਰ ਦੀ ਬੇਹੁਰਮਤੀ ਕਰ ਕੇ ਹੁਣ ਅਸੀਂ ਜ਼ਹਿਰੀ ਦਰਿਆ ਵਹਾਏ ਹਨ, ਸ਼ੇਰ ਦਿਆਂ ਬੱਚਿਆਂ ਨੇ ਪਾਣੀ ਕਾਲੇ ਰੰਗ ਦਿਖਾਏ ਹਨ। ਸਾਡੀ ਧਰਤੀ ਦੇ ਸੁਹੱਪਣ ਦੀ ਬੇਅਦਬੀ ਕਰਨ ਵਾਲਿਆਂ ਦਾ ਕਾਫਲਾ ਵਾਹਵਾ ਲੰਮਾ ਰਿਹਾ ਹੈ ਅਤੇ ਡਾਢਿਆਂ ਦੇ ਇਸ ਸਰਮਾਏ ਦੀਆਂ ਤੰਦਾਂ 'ਤੇ ਉਸਰੇ ਸਭਿਆਚਾਰ ਦੀ ਤਾਕਤ ਬੜੀ ਡਾਢੀ ਬਿਫਰੀ ਹੋਈ ਦੱਸੀਂਦੀ ਹੈ।

**'ਏਹੋ ਚਾਲ ਹਮੇਸ਼ ਇਸ਼ਕ ਦੀ' - ਰੱਬੀ ਸ਼ੇਰਗਿੱਲ ਦੇ ਖਰੇ ਕੰਠ ਥੀਂ ਛੁੱਟਾ ਕਹਿਰਵਾਨ ਵੇਗ ਦਾ ਰਥ:** ਇਸ ਬੌਣੇ, ਬਦਰੰਗ ਅਤੇ ਬੰਜਰ ਹੋ ਚੁਕੇ ਪੰਜਾਬ ਵਿਚ 'ਗੱਲ' ਕਰਨ ਦੀ ਸਬੀਲ ਕਿਵੇਂ ਪ੍ਰਵਾਨ ਚੜ੍ਹੇਗੀ? ਹੁਣ ਜਦੋਂ ਫਿਲਮਾਂ, ਮਿਊਜ਼ਿਕ ਵੀਡੀਓ ਜਾਂ ਇਸ਼ਤਿਹਾਰਾਂ ਵਿਚ ਸਜਾ-ਫਬਾ ਕੇ ਪੇਸ਼ ਕੀਤੀ ਜਾਂਦੀ 'ਪੰਜਾਬੀ ਸਪਿਰਟ' ਨਿਚੋੜੀ ਜਾ ਚੁਕੀ ਹੈ ਤਾਂ ਕਿਸੇ ਨੂੰ, ਕੀ ਆਖਿਆ ਜਾਣਾ ਬਾਕੀ ਰਹਿ ਗਿਆ ਹੈ? ਰੱਬੀ ਸ਼ੇਰਗਿੱਲ ਨੇ ਕਹਿਰ ਦੀ ਬਹੁੜੀ ਪਾ ਕੇ ਵੰਗਾਰਿਆ:

ਜੇ ਤੂੰ ਆਉਣੈ, ਆਵੀਂ ਆਵੀਂ ਹੜ੍ਹ ਬਣ ਕੇ।
ਜੇ ਬਚਾਉਣੈ, ਬਚਾਵੀਂ ਮੈਨੂੰ ਰੱਬ ਬਣ ਕੇ।

ਉਸ ਦੇ ਕੰਠ ਦੀ ਸ਼ਿੱਦਤ ਨੇ ਸਾਡੀ ਸਦਾ ਸਲਾਮਤ ਬੌਧਿਕ-ਨੈਤਿਕ ਅਲਗਰਜ਼ੀ ਨੂੰ ਨੰਗਾ ਕਰ ਦਿੱਤਾ। ਹੱਥਾਂ-ਪੈਰਾਂ 'ਤੇ ਆਏ ਪੰਜਾਬ ਨੇ ਜਿਵੇਂ ਆਪਣੇ ਵਾਰਸਾਂ ਨੂੰ ਵੰਗਾਰਿਆ ਹੋਵੇ, "ਮੈਨੂੰ ਮੌਤ ਦਿਸ ਰਹੀ ਹੈ ਪਰ ਖਬਰਦਾਰ! ਜੇ ਕਿਸੇ ਨੇ ਆਪਣੇ ਵਿਤ-ਹਿਤ ਦੇ ਗੁਣਾ-ਘਟਾਓ ਮੁਤਾਬਕ ਪੱਜਲ ਸਿਆਣਪ ਦੇ ਪਾਸ ਕੀਤੇ ਮਤਿਆਂ ਵਾਂਗ, ਸਰਾਪੇ ਹੋਏ ਓਹੜ-ਪੋਹੜ ਕਰਨ ਬਾਰੇ ਸੋਚਿਆ ਵੀ। ਸਿਰਫ 'ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ' ਦੇ ਸਿਦਕਵਾਨ ਕਰੁਣਾਧਾਰੀ ਹੀ ਅੱਗੇ ਆਉਣ ਜਿਹੜੇ ਵਿਚਾਰ ਕੇ, ਇਸ਼ਕ ਧਾਰ ਕੇ, ਸ਼ਹਾਦਤ ਪ੍ਰਵਾਨ ਕਰ ਕੇ, ਖਾਲਸੇ ਸਜ ਕੇ ਇਸ ਵਰ੍ਹਦੀ ਅੱਗ ਵਿਚ ਆਪਣੇ ਸੁਜਾਨ ਤੇ ਸਿਦਕੀ ਹੜ੍ਹਿਆਏ ਵੇਗ ਨਾਲ ਔੜ ਮਾਰੀ ਧਰਤ ਨੂੰ ਸਿੰਜਣ ਅਤੇ ਪੁਰਾਣਾ ਜ਼ਹਿਰੀ ਝਾੜ ਵੀ ਹੂੰਝ ਕੇ ਲੈ ਜਾਣ। ਨਵੀਂ ਜ਼ਰਖੇਜ਼ ਮਿੱਟੀ ਦੀ ਪਰਤ ਚੜ੍ਹੇ, ਮਸਤਾਨੀਆਂ ਫਸਲਾਂ ਗਿਟਮਿਟ ਕਰਨ ਅਤੇ ਥੱਕਿਆ-ਹੰਭਿਆ ਰੱਬ ਵੀ ਪੰਜਾਬ ਵਿਚੋਂ ਆਪਣਾ ਆਸਰਾ ਲੱਭੇ।"

**'ਆਸ਼ਕ ਦੀਨ ਨ ਮਜ਼ਹਬ ਰਖੇਂਦੇ' - ਸਵਰਾਜਬੀਰ ਦਾ ਪੰਜਾਬੀ ਵਿਵੇਕ ਦੀ ਸਿਰਜਣਾ ਦਾ ਮੁਹਾਜ਼:** ਪੰਜਾਬੀ ਹੋਣ-ਕਹਾਉਣ ਨਾਲ ਜੁੜੇ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਇਕਰਾਰ ਨੂੰ ਪਿੱਠ ਦੇਈ ਬੈਠੇ ਅਕਲ ਲਤੀਫ, ਸੁਰੱਖਿਅਤ ਅਤੇ ਦਰਬਾਰੀ ਕਿਸਮ ਦੇ ਪੰਜਾਬੀ ਲਾਣੇਦਾਰਾਂ ਸਦਕਾ ਅਸੀਂ ਡੂੰਘੀ ਸ਼ਰਮਸਾਰੀ ਝੱਲਦੇ ਆਏ ਹਾਂ। ਇਸੇ ਇਖਲਾਕੀ ਹਾਰ ਦੀ ਡੂੰਘੀ ਸੱਟ ਦੀ ਚਸਕ ਅਤੇ ਸਾਡੀ ਖੁਦਪ੍ਰਸਤ ਜਾਅਲਸਾਜ਼ੀ ਨੂੰ ਸਵਰਾਜਬੀਰ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਹਵਾਲੇ ਨਾਲ ਆਪਣੀ ਕਵਿਤਾ 'ਪੰਜਵਾਂ ਬੁਂਗਾ' ਰਾਹੀਂ ਬਿਆਨ ਕੀਤਾ ਹੈ:

ਤੱਤੀ ਤਵੀ 'ਤੇ ਬੈਠਾ ਇਹ ਪਲ
ਕੇਹਾ ਪਲ ਹੈ...?
ਏਸੇ ਪਲ ਨੇ ਫਰੀਦ ਤੇ ਕਬੀਰ ਨੂੰ
ਸ਼ਬਦ ਦੀਆਂ ਬਾਹਾਂ 'ਚ ਵਲ ਲਿਆ ਹੈ
ਇਸ ਪਲ ਨੇ ਮੀਰਾ ਤੇ ਜੈਦੇਵ ਨੂੰ
ਪੜ੍ਹ ਲਿਆ ਹੈ
ਇਸ ਪਲ ਨੇ ਸਧਨੇ ਤੇ ਪੀਪੇ ਨੂੰ
ਫੜ੍ਹ ਲਿਆ ਹੈ
ਇਸ ਪਲ ਦੇ ਹੋਠਾਂ 'ਤੇ ਹੈ
ਰਵਿਦਾਸ ਦਾ ਹਰਫ
ਉਹ ਜਾਣਦਾ ਹੈ ਉਹ ਹੈ ਕਿਸ ਦੀ ਤਰਫ
ਇਹ ਮੀਆਂ ਮੀਰ ਅਤੇ ਭੀਖਣ ਨੂੰ
ਗਲਵੱਕੜੀ 'ਚ ਲੈਣ ਦੀ ਸਜ਼ਾ ਹੈ
ਇਹ ਸੱਤਾ ਦੀ ਅਦਾ ਹੈ
ਇਹ ਏਦਾਂ ਹੀ ਰਹੀ ਸਦਾ ਹੈ
ਇਸ ਪਲ ਨੇ ਨਾਮੇ ਤੇ ਧੰਨੇ ਨੂੰ
ਬੁੱਕਲ 'ਚ ਸਮੇਟਿਆ ਹੈ
ਰਾਮਾਨੰਦ ਤੇ ਸੈਣ ਵਿਚਲੀ
ਲੀਕ ਨੂੰ ਮੇਟਿਆ ਹੈ
ਸਭ ਨੂੰ 'ਕੱਠਿਆਂ ਕਰ ਬਹਾਇਆ ਹੈ
ਜਲੌਅ ਲਗਾਇਆ ਹੈ
ਅਸਾਂ ਵੀ ਜਲੌਅ ਲਗਾਏ ਨੇ
ਆਪਣੇ ਵੱਖਰੇ ਕਰ ਬੈਠਾਏ ਨੇ
ਲੀਕਾਂ ਵਾਹੀਆਂ ਨੇ
ਵੰਡੀਆਂ ਪਾਈਆਂ ਨੇ
ਗੂੜ੍ਹੇ ਕੀਤੇ ਨੇ ਬੰਦੇ ਨੂੰ ਵੰਡਦੇ ਅੱਖਰ
ਏਸੇ ਲਈ ਹੁਣ ਵੀ ਤਪ ਰਹੀ ਹੈ ਤਵੀ
ਅਜੇ ਵੀ ਓਸ 'ਤੇ ਬੈਠਾ ਹੈ ਓਹੀ ਰਵੀ।

ਸਵਰਾਜਬੀਰ ਨੇ ਇਥੇ ਪੰਜਾਬ ਦੀਆਂ ਬੁਲੰਦ ਇਨਸਾਨ ਪੱਖੀ ਰਵਾਇਤਾਂ ਨੂੰ ਸ਼ਰਮਸਾਰ ਕਰਨ ਵਾਲਿਆਂ ਨੂੰ ਬਾਹਰਲਾ, ਓਪਰਾ ਜਾਂ 'ਸਰਕਾਰੀ ਏਜੰਸੀਆਂ' ਆਦਿ ਦਾ ਨਾ ਆਖ ਕੇ ਸਗੋਂ 'ਅਸੀ' ਆਖਿਆ ਹੈ। ਇਸ ਤਰ੍ਹਾਂ ਗੁਨਾਹ ਦੀ ਸੂਈ ਨੂੰ 'ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰ ਦੇਖ' ਵੱਲ ਟਿਕਾ ਕੇ ਪੰਜਾਬੀਆਂ ਅਤੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਅਜੋਕੇ ਪਹਿਰੇਦਾਰਾਂ ਦੇ ਅੰਦਰਲੇ ਕੱਚ ਦੇ ਪਰਦੇ ਪਾੜ ਸੁੱਟੇ ਹਨ।

**ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ ਦਾ ਇਕਰਾਰ:** ਇਹੋ ਸਮਾਂ ਹੈ ਕਿ ਇਨ੍ਹਾਂ ਮਾਰਖੋਰੀਆਂ, ਉਜੱਡ ਧਿਰਾਂ ਨਾਲ ਮੱਥਾ ਲਾਉਣ ਦੇ ਸਾਰੇ ਖਤਰੇ ਸਿਰ-ਮੱਥੇ ਲੈ ਕੇ ਸਚਿਆਰੇ ਸੰਵਾਦ ਦੀ ਲੋਅ ਜਗਾਉਣ ਦਾ ਹੀਲਾ ਕਰੀਏ। ਸਾਰੀਆਂ ਦੁਸ਼ਵਾਰੀਆਂ, ਹਾਰਾਂ ਅਤੇ ਉਜਾੜੇ ਦੇ ਬਾਵਜੂਦ ਪੰਜਾਬੀ ਲੋਕਾਂ ਨੇ, ਕਿਰਤੀ-ਕਲਾਕਾਰਾਂ ਨੇ ਹੀ ਪੰਜਾਬ ਦੇ ਇਤਿਹਾਸ ਨੂੰ ਵਗਦਾ ਰੱਖਿਆ ਹੈ। ਸਿਆਲਾਂ ਦੀ ਜਾਈ ਹੀਰ ਦੇ ਬਾਗੀ ਬੋਲ, ਨਾਨਕ ਦੇ ਸ਼ਬਦ, ਮਰਦਾਨੇ ਦੀ ਸੁਰਵੰਤ ਰਬਾਬ ਅਤੇ ਤਖਤ ਹਜ਼ਾਰੇ ਦੇ ਧੀਦੋ ਰਾਂਝੇ ਦੀ ਵੰਝਲੀ ਦੇ ਸਾਜੇ ਹੋਏ ਇਨ੍ਹਾਂ ਸਾਦਾ-ਦਿਲ ਪੰਜਾਬੀਆਂ ਦੀਆਂ ਕਮਾਈਆਂ ਮਜੀਠੀ ਇਨਸਾਨ ਪੱਖੀ ਕਦਰਾਂ-ਕੀਮਤਾਂ ਨੇ, ਵਹਿੰਦੇ ਪਾਣੀਆਂ ਅਤੇ ਵਗਦੇ ਹਲਾਂ ਕਰ ਕੇ ਉਗਦੀਆਂ ਫਸਲਾਂ ਨੇ ਪੰਜਾਬੀਆਂ ਦੀ ਚੜ੍ਹਦੀ ਕਲਾ ਬਣਾਈ ਰੱਖੀ ਹੈ। ਜਿਉਣ ਦੇ ਚਾਅ ਨਾਲ ਭਰ-ਭਰ ਡੁੱਲ੍ਹਦਾ ਇਹ ਖਿੱਤਾ 'ਸਿਰ ਦੀਜੈ ਕਾਣ ਨਾ ਕੀਜੈ' ਦੇ ਮਹਾਂਵਾਕ ਦੇ ਵਰੋਸਾਏ ਇਸ਼ਕ ਦੇ ਸੰਕਲਪ ਤੋਂ ਵਿਗਸੇ-ਨਿੱਸਰੇ ਵਿਚਾਰ ਅਤੇ ਸਿਰਜਣਾ ਦਾ ਸਿਰਨਾਵਾਂ ਰਿਹਾ ਹੈ। ਸਾਂਝੀਵਾਲਤਾ ਨੂੰ ਮੀਰੀ ਸਮਾਜਕ ਆਦਰਸ਼ ਵਜੋਂ ਧਾਰਨ ਦੇ ਅਹਿਦ ਨੇ ਇਸ ਖਿੱਤੇ ਨੂੰ ਨਿਆਰੀ ਦਿੱਖ ਦਿੱਤੀ ਹੈ। ਨਾਲ ਹੀ ਆਪਣੇ ਆਪ ਤੋਂ ਅਵੇਸਲਾ, ਸਿਆਲਾਂ ਦੇ ਪੈਂਚਾਂ ਅਤੇ ਖੇੜਿਆਂ ਦੇ ਵਕੀਲਾਂ ਦਾ ਸ਼ਿਕਾਰ ਇਹ ਪੰਜਾਬ ਆਪਣੀ ਹੋਣੀ ਘੜਨ ਦੇ ਲਾਇਕ ਨਹੀਂ ਹੋ ਸਕਿਆ। ਲੁੱਟੀਂਦੀਆਂ ਜਿਣਸਾਂ, ਹਰਾਸੇ ਕਿਰਤੀਆਂ ਦੀਆਂ ਖੁਦਕੁਸ਼ੀਆਂ, ਇਲਮ ਤੋਂ ਬੇਗਾਨਗੀ, ਔਰਤ ਦਾ ਨਿਰਾਦਰ, ਕਮਜ਼ੋਰ ਦੀ ਬੇਅਦਬੀ, ਮਜ਼ਹਬੀ-ਸੰਪਰਦਾਈ ਅੱਗਾਂ ਅਤੇ ਹੋਰ ਅਲਾਮਤਾਂ ਸਦਕਾ ਇਹ ਮਸਤਾਨੀ ਧਰਤੀ ਭਵਿਖ ਤੋਂ ਅਵਾਜ਼ਾਰ ਹੈ।



ਅਸੀਂ ਦ੍ਰਿੜ੍ਹ ਸੰਕਲਪ ਕਰੀਏ ਕਿ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਸੰਕਲਪ ਜ਼ਰੀਏ ਗੁਆਚੇ ਪੰਜਾਬੀ ਅੰਬਰ ਫਿਰ ਰੰਗੇ ਜਾਣ। ਨਵੀਂ ਨਜ਼ਰ ਹਾਸਲ ਕਰ ਕੇ ਦੇਖਿਆਂ ਹੀ ਨਵੀਂ ਨੁਹਾਰ ਉਘੜੇਗੀ, ਲਿਸ਼ਕੇਗੀ ਵੀ।

**'ਇਕਨਾਂ ਕੋਲ ਹੁਸਨ ਚਤੁਰਾਈ' - ਡਾਢਿਆਂ ਦੇ ਦਰਬਾਰੀ ਪਤਵੰਤਿਆਂ ਦਾ ਦਰਸ਼ਨੀ ਪੰਜਾਬ:** ਅਗਲਾ ਮਸਲਾ ਨਵੀਂ ਗੱਲ ਕਹਿਣ ਦੇ ਮਾਧਿਅਮ ਦਾ ਵੀ ਹੈ। ਪੇਂਡੂ ਲੋਕ ਪੰਜਾਬੀ ਅਤੇ ਸ਼ਹਿਰੀ ਲੋਕ ਫਾਰਸੀ, ਉਰਦੂ, ਅੰਗਰੇਜ਼ੀ, ਹਿੰਦੀ ਬੋਲਦੇ ਰਹੇ ਹਨ। ਪੰਜਾਬ ਵਿਚ ਅੰਗਰੇਜ਼ੀ ਜ਼ੁਬਾਨ ਪਤਵੰਤਿਆਂ ਦੀ ਬਾਕੀ ਦੁਨੀਆਂ ਨਾਲ ਜੁੜਨ ਦੀ ਤਾਂਘ ਦਾ ਨਿਸ਼ਾਨ ਰਹੀ ਹੈ। ਸੱਚ ਇਹ ਵੀ ਹੈ ਕਿ ਇਹ ਜੋੜ ਜ਼ਿਆਦਾਤਰ ਨਕਲਚੀ ਹੋ ਨਿਬੜਿਆ ਹੈ ਜਾਂ ਇਸ ਨੇ ਕੁਲੀ ਵਾਂਗ ਡਾਢਿਆਂ ਦੀ ਵਗਾਰ ਕੀਤੀ ਹੈ। ਸਾਡੇ ਅਕਾਦਮਕ ਅਦਾਰਿਆਂ ਦਾ ਕੁਲੀਨ ਰਾਠਾਂ ਨਾਲ ਗੰਢ ਚਿਤਰਾਵਾ ਬੜੀ ਤਕੜੀ ਲਾਹਨਤ ਬਣਿਆ ਰਿਹਾ ਹੈ।

ਪਰ ਅੰਗਰੇਜ਼ੀ ਦੇ ਸਮਾਜਕ-ਰਾਜਨੀਤਕ ਰੁਤਬੇ ਰਾਹੀਂ ਦਿਸਦਾ ਪੰਜਾਬ, ਬਾਕੀ ਦੇ ਪੰਜਾਬੀਆਂ ਲਈ ਕਿਸੇ ਅਜੂਬੇ ਤੋਂ ਘੱਟ ਨਹੀਂ ਸੀ। ਇਸ ਖਿੜਕੀ ਰਾਹੀਂ ਦਿਸਦਾ ਪੰਜਾਬ ਲਗਭਗ ਯਸ਼ ਚੋਪੜਾ ਦੀਆਂ ਫਿਲਮਾਂ ਦੇ ਪੰਜਾਬ ਵਰਗਾ ਹੈ। ਪੰਜਾਬੀ ਲੋਕ ਇਸ ਦ੍ਰਿਸ਼ ਵਿਚ ਦਾਰਾ ਸਿੰਘ, ਪ੍ਰੇਮ ਨਾਥ ਤੋਂ ਤੁਰ ਕੇ ਸੰਨੀ ਦਿਓਲ ਦੇ 'ਢਾਈ ਕਿੱਲੋ ਕਾ ਹਾਥ' ਦੇ ਗੇੜ ਦੇ ਹਨ। ਮੱਕੀ ਦੀ ਰੋਟੀ-ਸਰ੍ਹੋਂ ਦਾ ਸਾਗ, ਉਚੀ ਬੋਲਣਾ, ਨੱਚਣਾ, ਲੜਨ ਲਈ ਚਾਅ ਚੜ੍ਹਾਈ ਰੱਖਣਾ ਆਦਿ ਵਿਚ ਇਕ ਹੱਦ ਤੱਕ ਸੱਚਾਈ ਹੋਣ ਦੇ ਬਾਵਜੂਦ ਇਹ ਪੰਜਾਬੀ ਸਮਾਜ ਦੀ ਜਟਿਲਤਾ, ਇਸ ਦੇ ਇਤਿਹਾਸਕ ਕਿਰਦਾਰ ਉਤੇ ਸੰਕਲਪੀ ਜਗਤ ਦੀਆਂ ਰਮਜ਼ਾਂ ਦੀਆਂ ਪਰਤਾਂ ਤੱਕ ਨਹੀਂ ਪੁੱਜਦਾ। ਅਜਿਹੇ ਅੰਗਰੇਜ਼ੀ-ਮਾਰਕਾ ਬੋਧ ਦੀ ਥਾਂਵੇਂ ਲੋੜ ਅਜਿਹੀ ਲਿਖਤ ਦੀ ਹੈ ਜੋ ਅਹਿਸਾਸਮੰਦ, ਸੰਵੇਦਨਸ਼ੀਲ ਢੰਗ ਨਾਲ ਪੰਜਾਬ-ਸਰੋਕਾਰ ਦੀ ਇਕਹਿਰੀ ਪੇਸ਼ਕਾਰੀ ਤੋਂ ਹਟ ਕੇ, ਇਸ ਦੀ ਪੀੜ, ਸੰਭਾਵਨਾ ਅਤੇ ਹਸਤੀ ਦਾ ਖਾਕਾ ਖਿੱਚੇ। ਮੁੱਦਾ ਹੈ ਕਿ ਪੰਜਾਬ-ਸਰੋਕਾਰ ਦਾ ਅੰਗਰੇਜ਼ੀ ਬੋਧ ਕਿਹੋ ਜਿਹਾ ਹੋਵੇ?

**'ਨਾ ਉਹ ਸੁਘੜ ਨਾ ਮੂਰਖ ਹੋਇਆ' - 'ਮੰਤਕਹੀਣ ਦੁਹਰਾਅ ਦੇ ਗਧੀਗੇੜ' ਦਾ ਸੰਕਟ:** ਮਸਲਿਆਂ ਦੀਆਂ ਪਰਤਾਂ 'ਤੇ ਚਰਚਾ ਜਾਰੀ ਰੱਖਦਿਆਂ ਜ਼ਰੂਰੀ ਮਸਲਾ ਮੇਰੀ ਜਾਚੇ ਇਹ ਹੈ ਕਿ ਅਜੋਕੇ ਪੰਜਾਬ ਵਿਚ ਹੇਠੋਂ ਉਠਦੀਆਂ ਸੂਖਮ ਪਹਿਲਕਦਮੀਆਂ ਦੀ ਵੱਡੀ ਗਿਣਤੀ ਹੈ, ਇਨ੍ਹਾਂ ਦਾ ਘੇਰਾ ਵੀ ਰੰਗ-ਬਿਰੰਗਾ ਹੈ ਅਤੇ ਛੋਟੀਆਂ-ਵੱਡੀਆਂ ਸਫਲਤਾਵਾਂ ਵੀ ਹਨ ਪਰ ਉਚੇਰੇ ਰਾਜਨੀਤਕ ਪੱਧਰ 'ਤੇ ਹਾਵੀ ਦੋਵਾਂ ਰਵਾਇਤੀ ਰਾਜਸੀ ਦਲਾਂ ਦਾ ਚੱਕਰਵਿਊਹ ਟੁੱਟ ਹੀ ਨਹੀਂ ਰਿਹਾ ਸਗੋਂ ਲੱਗਦਾ ਇੰਜ ਹੈ ਜਿਵੇਂ ਇਹ ਹੋਰ ਪੀਢਾ ਤੇ ਮਜ਼ਬੂਤ ਹੋ ਗਿਆ ਹੋਵੇ। ਇਸ ਦਾ ਇਕ ਹੋਰ ਅਰਥ ਵੀ ਹੈ: ਖੁੰਢੀ ਧਾਰ ਵਾਲੀਆਂ ਸਮਾਜਕ-ਵਿਚਾਰਕ ਸਰਗਰਮੀਆਂ ਦਾ ਲਗਭਗ ਸਿਲੇਬਸੀ ਕਿਸਮ ਦਾ ਦੁਹਰਾਅ ਅਤੇ ਇਸ ਨੂੰ ਹਜ਼ਮ ਕਰੀ ਜਾਣ ਵਾਲੇ ਸਿਆਸੀ ਪ੍ਰਬੰਧ ਦਾ ਆਪਸੀ ਤੋੜ-ਵਿਛੋੜਾ।

ਇਹ ਮਖਸੂਸ ਹਾਲਾਤ ਨਵੀਂ ਵਿਚਾਰਕ ਸਿਰਜਣਾ ਅਤੇ ਲੋਕ ਪੱਖੀ ਸਰਗਰਮੀ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਸ਼ੁਰੂਆਤ ਲਈ ਸ਼ਾਇਦ ਇੰਨਾ ਵੀ ਬਹੁਤ ਹੋਵੇ ਕਿ ਜ਼ਰਾ ਸਹਿਜ ਵਾਲਾ ਬੋਲ; ਸੌਖੇ, ਸਸਤੇ ਤੇ ਬਾਜ਼ਾਰ ਨਾਲੋਂ ਤਿੱਖੇ-ਤੱਤੇ ਅੰਦਾਜ਼ 'ਚ ਗੱਲ ਕਹਿਣ ਤੋਂ ਸੰਕੋਚ ਕਰਨ ਵਾਲਾ ਬੋਲ। ਅਜਿਹਾ ਲਹਿਜਾ ਜੋ ਠੋਸ, ਗੰਭੀਰ ਸਵਾਲ ਖੜ੍ਹੇ ਕਰੇ, ਪਰ ਬੋਲ ਵਿਚ ਕੁੜੱਤਣ ਜਾਂ ਸਤਹੀ ਵਿਰੋਧ ਦੇ ਰੁਮਾਂਸ ਤੋਂ ਵੀ ਦੂਰ ਰਹੇ। ਅਜਮੇਰ ਰੋਡੇ ਦੀ ਲਾਸਾਨੀ ਕਵਿਤਾ 'ਸ਼ੁਭਚਿੰਤਨ' ਇਸੇ ਪ੍ਰਸੰਗ 'ਚ ਮੇਰੇ ਅੰਦਰਵਾਰ ਗਿੜਦੀ ਰਹਿੰਦੀ ਹੈ:

ਮਾਨਸਰੋਵਰ ਝੋਰਾ ਕਰਦੀ
ਸਤਲੁਜ ਅੱਥਰਾ
ਮੇਰੀ ਇਕ ਨਾ ਮੰਨੇ
ਰੋਜ਼ ਦਿਹਾੜੀ ਓਹੀ ਲੱਛਣ
ਜਦ ਜੀਅ ਆਵੇ
ਹੱਦਾਂ ਬੰਨੇ ਭੰਨ੍ਹਦਾ
ਲੜਦਾ ਭਿੜਦਾ ਸ਼ੋਰ ਮਚਾਂਦਾ
ਸਾਗਰ ਵੱਲ ਨੂੰ ਤੁਰ ਜਾਂਦਾ ਹੈ
ਹੌਲ ਵਾਂਗਰਾਂ ਉਠਿਆ
ਸ਼ਕਤੀ ਦਾ ਇਕ ਗੋਲਾ
ਵਾਂਗ ਤ੍ਰੇਲੀ ਠਰ ਜਾਂਦਾ ਹੈ
ਨਾ ਕੋਈ ਨਵਾਂ ਵਹਿਣ ਹੀ ਬਦਲੇ
ਨਾ ਕੋਈ ਸਿਰਜੇ ਨੀਲੇ ਡੂੰਘੇ ਪਾਣੀਆਂ ਵਾਲੀ
ਝੀਲ ਸਦੀਵੀ
ਹੜ੍ਹ ਆਵੇ ਲਹਿ ਜਾਵੇ
ਇੰਜ ਸਭਿਤਾ ਕੋਈ
ਕਦੋਂ ਭਲਾ ਸਿਖਰਾਂ ਨੂੰ ਛੋਹੰਦੀ
ਕੌਣ ਗੁਰੂ ਇਸ ਨੂੰ ਸਮਝਾਵੇ।

ਅਨੇਕ ਪੰਜਾਬੀ ਸਿਰਜਣਹਾਰੇ ਚਿੰਤਕ ਮੇਰੀ ਨਜ਼ਰ ਵਿਚ ਹਨ, ਪਰ ਮੇਰੇ ਮੂਜਬ ਬਾਬਾ ਫਰੀਦ ਅਤੇ ਬਾਬਾ ਨਾਨਕ ਦੀ ਸ਼ੈਲੀ ਵਿਚ ਜਾਹਰ ਹੋਈ ਰਾਜਸੀ ਪੜਚੋਲ ਅਤੇ ਸਮਾਜਕ ਤਸਵੀਰਕਸ਼ੀ ਸਾਡੇ ਦੌਰ ਦੇ ਕਾਰਕੁਨਾਂ ਲਈ ਅੱਜ ਵੀ ਕਾਮਲ ਮਿਸਾਲ ਹੈ। ਲੋਕਾਈ ਨੂੰ ਚੇਤਨ ਕਰਦਿਆਂ, ਰਾਜ-ਸੱਤਾ ਨੂੰ ਸੱਚ ਦਾ ਸ਼ੀਸ਼ਾ ਦਿਖਾਉਣਾ; ਨਿਰਭਉ-ਨਿਰਵੈਰ ਆਲੋਚਨਾ ਦਾ ਮਿਆਰ ਅਤੇ ਸੁਰਵੰਤ, ਮਧੁਰ ਅੰਦਾਜ਼; ਕ੍ਰਾਂਤੀ ਦਾ ਨਗਾਰਾ ਅਤੇ ਕਰੁਣਾ ਦੀ ਵੰਝਲੀ; ਦਰਅਸਲ ਇਹੋ ਹੀ ਪੰਜਾਬ-ਸਰੋਕਾਰ ਦੀ ਬੁਨਿਆਦ ਹੈ। ਸੁਲਤਾਨ ਬਾਹੂ ਦੇ ਕਲਾਮ ਦੀ ਮਿਠਾਸ ਅਤੇ ਸਿਦਕ ਪੰਜਾਬ-ਸਰੋਕਾਰ ਦੇ ਗਾਡੀ ਰਾਹ ਨੂੰ ਦਰਸਾਉਂਦਾ ਹੈ: 'ਓਸੇ ਰਾਹ ਥੀਂ ਜਾਈਏ ਬਾਹੂ, ਜਿਸ ਥੀਂ ਖਲਕਤ ਡਰਦੀ ਹੂ।' ਇਸੇ 'ਖੰਨਿਅਹੁ ਤਿਖੀ ਵਾਲਹੁ ਨਿਕੀ' ਡਗਰ 'ਤੇ ਠਿੱਲ੍ਹਿਆਂ ਹੀ ਗੁਰਮੁਖ ਪਛਾਣੇ ਜਾਣਗੇ। ਇਹੋ ਵੇਲਾ ਹੈ ਕਿ ਨਿਰਭਉ-ਨਿਰਵੈਰ ਸਮਾਜ ਦੀ ਸਿਰਜਣਾ ਹਿਤ ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ ਦੇ ਧਾਰਨੀ ਪੰਜਾਬੀ ਪੰਥ ਦੇ ਸੰਕਲਪ ਨੂੰ ਸਮਰਪਿਤ ਹੋਣ ਦਾ ਇਕਰਾਰ ਕਰੀਏ।

## ਗੁਰ ਕੇ ਚਰਨ ਕਮਲ ਨਮਸਕਾਰਿ

### ਗੁਰਬਾਣੀ ਗਿਆਨ

**ੴ ਸਤਿਗੁਰ ਪ੍ਰਸਾਦਿ**
**ਗੌਂਡ ਮਹਲਾ ੫**

ਗੁਰ ਕੇ ਚਰਨ ਕਮਲ ਨਮਸਕਾਰਿ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ॥
ਹੋਇ ਰਹੀਐ ਸਗਲ ਕੀ ਰੀਨਾ॥
ਘਟਿ ਘਟਿ ਰਮਈਆ ਸਭ ਮਹਿ ਚੀਨਾ॥
ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ਰਹਾਉ॥
ਆਠ ਪਹਰ ਹਰਿ ਕੇ ਗੁਣ ਗਾਉ॥
ਜੀਅ ਪ੍ਰਾਨ ਕੋ ਇਹੈ ਸੁਆਉ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ॥
ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ॥
ਜਿਨਿ ਤੂੰ ਕੀਆ ਤਿਸ ਕਉ ਜਾਨੁ॥
ਆਗੈ ਦਰਗਹ ਪਾਵੈ ਮਾਨੁ॥
ਮਨੁ ਤਨੁ ਨਿਰਮਲ ਹਇ ਨਿਹਾਲੁ॥
ਰਸਨਾ ਨਾਮੁ ਜਪਤ ਗੋਪਾਲ॥
ਕਰਿ ਕਿਰਪਾ ਮੇਰੇ ਦੀਨ ਦਇਆਲਾ॥
ਸਾਧੂ ਕੀ ਮਨੁ ਮੰਗੈ ਰਵਾਲਾ॥
ਹੋਹੁ ਦਇਆਲ ਦੇਹੁ ਪ੍ਰਭ ਦਾਨੁ॥
ਨਾਨਕੁ ਜਪਿ ਜੀਵੈ ਪ੍ਰਭ ਨਾਮੁ॥

ਸਤਿਗੁਰੂ ਫੁਰਮਾਉਂਦੇ ਹਨ, ਹੇ ਭਾਈ! ਆਪਣੇ ਗੁਰੂ ਦੇ ਚਰਨ ਕਮਲਾਂ ਉਤੇ ਸਿਰ ਰੱਖ ਕੇ ਨਮਸ਼ਕਾਰ ਕਰਿਆ ਕਰ। ਗੁਰੂ ਦੀ ਮਿਹਰ ਨਾਲ ਇਸ ਸਰੀਰ ਵਿਚੋਂ ਕਾਮ ਤੇ ਕ੍ਰੋਧ ਵਰਗੇ ਬੁਰੇ ਵਿਕਾਰਾਂ ਨੂੰ ਮਾਰ ਮੁਕਾ। ਹੇ ਭਾਈ! ਸਭਨਾਂ ਦੇ ਚਰਨਾਂ ਦੀ ਧੂੜ ਹੋ ਕੇ ਭਾਵ ਨਿਮਰਤਾ ਵਿਚ ਰਹਿਣਾ ਚਾਹੀਦਾ ਹੈ ਤੇ ਸਭ ਜੀਵਾਂ ਵਿਚ ਉਸ ਸੋਹਣੇ ਮਾਲਕ ਨੂੰ ਵੱਸਦਾ ਵੇਖਣਾ ਚਾਹੀਦਾ ਹੈ।

ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ਰਹਾਉ॥

ਪੰਚਮ ਪਾਤਸ਼ਾਹ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਾਨੂੰ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਉਸ ਮਿਹਰਬਾਨ ਪਰਮੇਸ਼ਰ ਦਾ ਸਿਮਰਨ ਕਰੋ ਅਤੇ ਸਦਾ ਯਾਦ ਰੱਖੋ ਕਿ ਸਰੀਰ, ਇਹ ਸਭ ਦੌਲਤ ਅਤੇ ਇਸ ਜਿੰਦ ਨੂੰ ਉਸ ਪ੍ਰਭੂ ਦੀ ਦਿੱਤੀ ਜਾਣ ਕੇ ਸ਼ੁਕਰਾਨੇ ਕਰੀਏ।

ਆਠ ਪਹਰ ਹਰਿ ਕੇ ਗੁਣ ਗਾਉ॥
ਜੀਅ ਪ੍ਰਾਨ ਕੋ ਇਹੈ ਸੁਆਉ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ॥
ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਅੱਠੇ ਪਹਿਰ ਉਸ ਮਾਲਕ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਿਆ ਕਰ; ਹੇ ਜੀਵ ਤੇਰੀ ਜਿੰਦ ਜਾਨ ਦਾ ਇਸ ਸੰਸਾਰ ਵਿਚ ਸਭ ਤੋਂ ਵੱਡਾ ਮਨੋਰਥ ਇਹੋ ਹੀ ਹੈ। ਅਹੰਕਾਰ ਦਾ ਤਿਆਗ ਕਰਕੇ ਪ੍ਰਭੂ ਨੂੰ ਆਪਣੇ ਨਾਲ ਵੱਸਦਾ ਸਮਝ। ਗੁਰੂ ਦੀ ਕਿਰਪਾ ਨਾਲ ਆਪਣੇ ਮਨ ਨੂੰ ਪ੍ਰਭੂ ਦੇ ਪ੍ਰੇਮ ਰੰਗ 'ਚ ਰੰਗ ਲੈ।

ਜਿਨਿ ਤੂੰ ਕੀਆ ਤਿਸ ਕਉ ਜਾਨੁ॥
ਆਗੈ ਦਰਗਹ ਪਾਵੈ ਮਾਨੁ॥
ਮਨੁ ਤਨੁ ਨਿਰਮਲ ਹਇ ਨਿਹਾਲੁ॥
ਰਸਨਾ ਨਾਮੁ ਜਪਤ ਗੋਪਾਲ॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ! ਜਿਸ ਪਰਮਾਤਮਾ ਨੇ ਤੈਨੂੰ ਪੈਦਾ ਕੀਤਾ ਹੈ, ਤੂੰ ਉਸ ਨੂੰ ਭੁੱਲ ਨਾ, ਉਸ ਨਾਲ ਸਾਂਝ ਪਾ ਕੇ ਰੱਖ; ਜੋ ਮਨੱਖ ਉਸ ਨੂੰ ਯਾਦ ਕਰਦਾ ਹੈ, ਉਹ ਅੱਗੇ ਜਾ ਕੇ ਦਰਗਾਹ ਵਿਚ ਬਹੁਤ ਮਾਣ ਪਾਉਂਦਾ ਹੈ। ਹੇ ਭਾਈ, ਜੀਭਾ ਨਾਲ ਪ੍ਰਭੂ ਦਾ ਨਾਮ ਜਪਦਿਆਂ ਮਨ-ਤਨ ਨਿਰਮਲ ਭਾਵ ਪਵਿਤਰ ਹੋ ਜਾਂਦਾ ਹੈ। ਮਾਲਕ ਦਾ ਸਿਮਰਨ ਕੀਤਿਆਂ ਮਨ ਭੀ ਖਿੜਿਆ ਰਹਿੰਦਾ ਹੈ ਅਤੇ ਤਨ ਭੀ ਖਿੜਿਆ ਰਹਿੰਦਾ ਹੈ।

ਕਰਿ ਕਿਰਪਾ ਮੇਰੇ ਦੀਨ ਦਇਆਲਾ॥
ਸਾਧੂ ਕੀ ਮਨੁ ਮੰਗੈ ਰਵਾਲਾ॥
ਹੋਹੁ ਦਇਆਲ ਦੇਹੁ ਪ੍ਰਭ ਦਾਨੁ॥
ਨਾਨਕੁ ਜਪਿ ਜੀਵੈ ਪ੍ਰਭ ਨਾਮੁ॥


ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ! ਮੇਰੇ ਉਤੇ ਵੀ ਮਿਹਰ ਕਰੋ ਜੀ। ਪ੍ਰਭੂ! ਮੇਰਾ ਮਨ ਗੁਰੂ ਦੇ ਚਰਨਾਂ ਦੀ ਧੂੜ ਮੰਗਦਾ ਹੈ। ਹੇ ਮਿਹਰਬਾਨ ਪ੍ਰਭੂ! ਮੇਰੇ ਉਤੇ ਦਇਆਵਾਨ ਹੋ ਕੇ ਇਹ ਖੈਰ ਪਾ ਕਿ ਤੇਰਾ ਇਹ ਦਾਸ ਨਾਨਕ ਤੇਰਾ ਸੋਹਣਾ ਨਾਮ ਜਪ ਕੇ ਆਤਮਕ ਜੀਵਨ ਪ੍ਰਾਪਤ ਕਰਦਾ ਰਹੇ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪੰਡਿਤ ਮੋਹਣ ਸਿੰਘ ਘਰਿਆਲਾ

## ਜਨਮ ਸ਼ਤਾਬਦੀ 'ਤੇ ਵਿਸ਼ੇਸ਼

ਪਾਕਿਸਤਾਨ ਬਣਨ ਤੋਂ ਪਹਿਲਾਂ ਪਿੰਡ ਪਿੰਡ ਛਿੰਝਾਂ ਪੈਂਦੀਆਂ, ਸਾਲਾਨਾ ਧਾਰਮਿਕ ਮੇਲੇ ਲਗਦੇ, ਜਿਨ੍ਹਾਂ ਵਿਚ ਘੋਲ ਹੁੰਦੇ, ਕਬੱਡੀ ਖੇਡੀ ਜਾਂਦੀ। ਉਸ ਵਕਤ ਦੇ ਨੌਜਵਾਨ ਚਾਟੀਆਂ ਦੀਆਂ ਚਾਟੀਆਂ ਘਿਓ ਪੀ ਜਾਂਦੇ, ਛੰਨਿਆਂ ਨਾਲ ਬੂਰੀਆਂ ਦਾ ਦੁੱਧ ਪੀਂਦੇ। ਘਿਓ ਦੁੱਧ ਖਾ-ਪੀ ਕੇ ਸਰੀਰ ਤਾਕਤਵਰ ਬਣਾਉਣ ਲਈ ਮੁਗਦਰ ਚੁਕਦੇ, ਮੂੰਗਲੀਆਂ ਫੇਰਦੇ, ਰੱਸੇ ਖਿੱਚਦੇ, ਛਾਲਾਂ ਮਾਰਦੇ, ਡੰਡ ਬੈਠਕਾਂ ਕੱਢਦੇ ਅਤੇ ਖੇਤੀ ਕਰਦੇ ਸਨ। ਪੰਜਾਬ ਦੇ ਗੱਭਰੂਆਂ ਤੇ ਮੁਟਿਆਰਾਂ ਦੇ ਸਰੀਰ ਤੇ ਹੁਸਨ ਦੀਆਂ ਧੁੰਮਾਂ ਦੂਰ ਦੂਰ ਤੱਕ ਸਨ। ਸਿਹਤਮੰਦ ਜੁੱਸੇ ਵੇਖ ਕੇ ਪੁੰਗਰ ਰਹੀ ਜਵਾਨੀ ਸਿਹਤ ਬਣਾਉਣ ਲਈ



ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ
ਫੋਨ: 510-516-5971

ਆਪ ਮੁਹਾਰੇ ਪ੍ਰੇਰੀ ਜਾਂਦੀ। ਇਸੇ ਤਰ੍ਹਾਂ ਇਤਿਹਾਸਕ ਤੇ ਧਾਰਮਿਕ ਸਥਾਨਾਂ 'ਤੇ ਧਾਰਮਿਕ ਦੀਵਾਨ ਸਜਦੇ। ਢਾਡੀ ਤੇ ਕਵੀਸ਼ਰ ਸੰਗਤ ਨੂੰ ਇਤਿਹਾਸਕ ਪ੍ਰਸੰਗ ਸੁਣਾਉਂਦੇ। ਪਿੰਡਾਂ ਵਿਚ ਲੋਕ ਢੋਲਕੀਆਂ-ਛੈਣਿਆਂ ਤੇ ਚਿਮਟਿਆਂ ਨਾਲ ਅੱਧੀ ਅੱਧੀ ਰਾਤ ਤੱਕ ਸ਼ਬਦ ਪੜ੍ਹਦੇ ਰਹਿੰਦੇ।

ਜਿਹੀ ਸੰਗਤ, ਤਿਹੀ ਰੰਗਤ ਦੇ ਅਖਾਣ ਪਿਛੇ ਬੜਾ ਵੱਡਾ ਮਨੋਵਿਗਿਆਨਕ ਤੱਥ ਛੁਪਿਆ ਹੋਇਆ ਹੈ। ਨੌਜਵਾਨ ਪੀੜ੍ਹੀ ਨੂੰ ਸਾਡਾ ਸਮਾਜ ਜਿਹੋ ਜਿਹਾ ਵਾਤਾਵਰਣ ਦੇਵੇਗਾ, ਉਹ ਉਹੋ ਜਿਹੀ ਬਣ ਜਾਵੇਗੀ। ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਗਾਇਕਾਂ/ਗਾਇਕਾਵਾਂ ਤੇ ਗੀਤਕਾਰਾਂ ਨੇ ਅਸ਼ਲੀਲਤਾ ਤੇ ਨੰਗੇਜਵਾਦ ਪਰੋਸ ਕੇ ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਮੇਰੇ ਪਿਤਾ ਜੀ ਹਰ ਮਹੀਨੇ ਤਰਨ ਤਾਰਨ ਦੀ ਮੱਸਿਆ ਜਾਂਦੇ ਸਨ। ਕਈ ਵਾਰ ਉਹ ਮੈਨੂੰ ਨਾਲ ਲੈ ਜਾਂਦੇ। ਸੈਂਟਰਲ ਮਾਝਾ ਦੀਵਾਨ (ਪ੍ਰਦੱਖਣਾ ਦੇ ਉਤਰ ਵੱਲ) ਵਿਚੋਂ ਮੈਂ ਪਹਿਲੀ ਵਾਰ ਬਲੀ ਸਿੰਘ (ਨਿਹੰਗ ਸਿੰਘ) ਗੰਡੀ ਵਿੰਡ ਵਾਲਿਆਂ ਨੂੰ ਕਵੀਸ਼ਰੀ ਕਰਦਿਆਂ ਸੁਣਿਆ। ਉਸ ਤੋਂ ਬਾਅਦ ਢਾਡੀ ਪਿਆਰਾ ਸਿੰਘ ਪੰਛੀ, ਗੁਰਚਰਨ ਸਿੰਘ ਗੋਹਲਵੜ ਆਦਿ ਢਾਡੀਆਂ ਤੇ ਕਵੀਸ਼ਰਾਂ ਨੂੰ ਸੁਣਨ ਦਾ ਮੌਕਾ ਮਿਲਦਾ ਰਿਹਾ। ਮੈਂ ਬਾਬੇ ਬੁੱਢੇ ਦੇ ਮੇਲੇ 'ਤੇ ਪਹਿਲੀ ਵਾਰ ਪੰਡਿਤ ਮੋਹਣ ਸਿੰਘ ਘਰਿਆਲਾ ਨੂੰ ਸੁਣਿਆ। ਉਨ੍ਹਾਂ ਦੇ ਨਾਲ ਉਸ ਵਕਤ ਉਨ੍ਹਾਂ ਦੇ ਜਥੇ ਦਾ ਸਾਥੀ ਛੋਟੀ ਉਮਰ ਦਾ ਬਲਦੇਵ ਸਿੰਘ ਬੈਂਕਾ ਹੁੰਦਾ ਸੀ।

ਪੰਡਿਤ ਮੋਹਣ ਸਿੰਘ ਘਰਿਆਲਾ ਦਾ ਜਨਮ ਪਿੰਡ ਰਾਜੇ ਜੰਗ, ਜਿਲਾ ਲਾਹੌਰ (ਪਾਕਿਸਤਾਨ) ਵਿਚ ਸ. ਪੂਰਨ ਸਿੰਘ ਦੇ ਘਰ ਮਾਤਾ ਗੁਲਾਬ ਕੌਰ ਦੀ ਕੁੱਖੋਂ 1918 ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਬੜਾ ਭਾਰੀ ਸਾਲਾਨਾ ਜੋੜ ਮੇਲਾ ਲਗਦਾ ਸੀ। ਉਥੇ ਪੰਡਿਤ ਬੀਰਬਲ ਘੱਲ ਕਲਾਂ ਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਾਗਿਰਦ ਬਣ ਗਏ। 1947 ਦੀ ਵੰਡ ਤੋਂ ਪਹਿਲਾਂ ਦੇ ਜ਼ਮਾਨੇ ਵਿਚ ਢਾਡੀ ਸੋਹਣ ਸਿੰਘ ਘੁੱਕੇਵਾਲੀ, ਸੋਹਣ ਸਿੰਘ ਸੀਤਲ, ਕਪੂਰ ਸਿੰਘ ਰੂੜੇ ਆਸਲ, ਗੋਪਾਲ ਸਿੰਘ ਗੋਹਲਵੜ, ਕਰਨੈਲ ਸਿੰਘ ਦਬੁਰਜੀ ਅਤੇ ਕਵੀਸ਼ਰ ਤੇ ਸ਼ਾਇਰ ਬਾਬੂ ਰਜ਼ਬ ਅਲੀ ਸਾਹੋਕੇ ਵਾਲੇ ਮੋਹਣ ਸਿੰਘ ਘਰਿਆਲਾ ਦੇ ਸਮਕਾਲੀ ਸਨ।

1947 ਤੋਂ ਬਾਅਦ ਮੋਹਣ ਸਿੰਘ ਘਰਿਆਲੇ ਆ ਵੱਸੇ। ਉਸ ਵਕਤ ਜਗੀਰ ਸਿੰਘ ਮਸਤ, ਜੋਗਾ ਸਿੰਘ ਜੋਗੀ, ਬੱਲੀ ਸਿੰਘ (ਨਿਹੰਗ ਸਿੰਘ) ਗੰਡੀ ਵਿੰਡ, ਪਿਆਰਾ ਸਿੰਘ ਪੰਛੀ, ਕਰਨੈਲ ਸਿੰਘ ਪਾਰਸ ਆਦਿ ਉਨ੍ਹਾਂ ਦੇ ਸਮਕਾਲੀ ਸਨ। ਉਨ੍ਹਾਂ ਦੇ ਸ਼ਾਗਿਰਦਾਂ ਦਾ ਘੇਰਾ ਵੀ ਬਹੁਤ ਵਿਸ਼ਾਲ ਸੀ। ਬਲਦੇਵ ਸਿੰਘ ਬੈਂਕਾ, ਸਰੂਪ ਸਿੰਘ ਸੂਰਵਿੰਡ, ਯੋਧਾ ਸਿੰਘ ਖਿਆਲਾ, ਜਰਨੈਲ ਸਿੰਘ ਸਭਰਾ ਤੋਂ ਇਲਾਵਾ ਹੋਰ ਕਾਫੀ ਗਿਣਤੀ ਵਿਚ ਉਨ੍ਹਾਂ ਦੇ ਸ਼ਾਗਿਰਦ ਸਨ।

ਪੰਡਿਤ ਮੋਹਣ ਸਿੰਘ ਦੀਆਂ ਪੁਰਾਣੀਆਂ ਗਾਥਾਵਾਂ ਦੀ ਕਵੀਸ਼ਰੀ ਲੋਕਾਂ ਵਿਚ ਬੜੀ ਮਕਬੂਲ ਹੋਈ, ਜਿਨ੍ਹਾਂ ਵਿਚ ਰਾਜਾ ਹਰੀਸ਼ ਚੰਦਰ, ਭਗਤ ਰਵੀਦਾਸ ਤੇ ਭਗਤ ਸੁਦਾਮਾ ਆਦਿ ਮੁੱਖ ਸਨ। ਗੁਰੂ ਇਤਿਹਾਸ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਜੰਗਾਂ ਆਦਿ ਪ੍ਰਸੰਗ ਉਨ੍ਹਾਂ ਲਿਖੇ। ਉਨ੍ਹਾਂ ਇਤਿਹਾਸਕ ਸਿੱਖ ਔਰਤਾਂ ਬਾਰੇ ਵੀ ਕਈ ਕਵੀਸ਼ਰੀ ਪ੍ਰਸੰਗ ਲਿਖੇ।

ਉਨ੍ਹਾਂ ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਬੋਤਾ ਸਿੰਘ, ਗਰਜਾ ਸਿੰਘ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਆਦਿ ਕਈ ਪ੍ਰਸੰਗ ਲਿਖੇ, ਜੋ ਅੱਜ ਵੀ ਉਨ੍ਹਾਂ ਦੇ ਸ਼ਾਗਿਰਦ ਕਵੀਸ਼ਰ ਸਟੇਜਾਂ 'ਤੇ ਬੜੇ ਫਖਰ ਨਾਲ ਗਾਉਂਦੇ ਹਨ।

ਪੰਜਾਬ ਦੇ ਆਜ਼ਾਦੀ ਸੰਗਰਾਮੀਆਂ ਬਾਰੇ ਵੀ ਉਨ੍ਹਾਂ ਬਹੁਤ ਕੁਝ ਲਿਖਿਆ, ਜਿਨ੍ਹਾਂ ਵਿਚ ਸ਼ਹੀਦ ਊਧਮ ਸਿੰਘ ਸੁਨਾਮ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗਦਰੀ ਬਾਬੇ, ਬੱਬਰ ਅਕਾਲੀ ਲਹਿਰ ਦੇ ਨਾਮਧਾਰੀ ਕੂਕਾ ਲਹਿਰ ਦੇ ਪ੍ਰਸੰਗ ਤੇ ਵਾਰਾਂ ਮੁੱਖ ਹਨ। ਦੇਸ਼ ਭਗਤੀ ਦੇ ਜਜ਼ਬਾਤ ਉਨ੍ਹਾਂ ਆਪਣੀ ਕਲਮ ਤੋਂ ਇਸ ਤਰ੍ਹਾਂ ਪੇਸ਼ ਕੀਤੇ ਹਨ:

ਭਗਤ ਰੱਬ ਦਾ ਬਣਨਾ ਬਹੁਤ ਔਖਾ
ਔਖਾ ਦੇਸ਼ ਦਾ ਭਗਤ ਅਖਵਾਵਣਾ ਜੇ।
ਜਿਉਂਦੀ ਜਿੰਦ ਨੂੰ ਚਿਖਾ 'ਤੇ ਚਾੜ੍ਹ ਦੇਣਾ
ਸੜ ਵਾਂਗ ਪਤੰਗਿਆਂ ਦੇ ਜਾਵਣਾ ਜੇ।

ਜਦ ਸਿੰਘ ਅਨੰਦਪੁਰ ਤੋਂ ਦਸਵੇਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਆਪਣੇ ਘਰਾਂ ਨੂੰ ਪਰਤ ਆਏ ਤਾਂ ਮਾਤਾ ਭਾਗੋ ਨੇ ਬੇਦਾਵਾ ਦੇਣ ਵਾਲੇ ਸਿੰਘਾਂ ਨੂੰ ਵੰਗਾਰਿਆ:

ਅਸੀਂ ਚੱਲ ਕੇ ਗੁਰਾਂ ਤੋਂ ਜਿੰਦ ਵਾਰੀਏ
ਤੁਸੀਂ ਪਾ ਲਓ ਚੂੜੀਆਂ ਛੱਲੇ।

ਸਿੱਖ ਦੀ ਸ਼ਾਨ ਬਾਰੇ ਉਨ੍ਹਾਂ ਲਿਖਿਆ:

ਜਿਹੜੀਆਂ ਕੌਮਾਂ ਨੂੰ ਮਰਨ ਦਾ ਢੰਗ ਆਇਆ
ਉਹ ਕਿਸੇ ਤੋਂ ਮਾਰਿਆਂ, ਮਰਦੀਆਂ ਨਹੀਂ।
(ਜੇ ਗੱਦਾਰ ਨਾ ਹੋਣ ਤਾਂ)
ਜਿਹੜੀਆਂ ਕੌਮਾਂ 'ਚ ਨਹੀਂ ਗੱਦਾਰ ਹੁੰਦੇ
ਉਹ ਕੌਮਾਂ ਤਾਂ ਕਿਸੇ ਤੋਂ ਹਰਦੀਆਂ ਨਹੀਂ।

ਜ਼ਿੰਦਗੀ ਬਾਰੇ ਵੀ ਉਨ੍ਹਾਂ ਦਾ ਨਜ਼ਰੀਆ ਬਹੁਤ ਸਪਸ਼ਟ ਹੈ:

ਹੁੰਦਾ ਏ ਮਾਲਕ ਖੁਸ਼ ਉਨ੍ਹਾਂ 'ਤੇ
ਸਾਫ ਜਿਨ੍ਹਾਂ ਦੀਆਂ ਨੀਅਤਾਂ ਨੇ।
ਅਵਲ ਤਾਂ ਦੁਨੀਆਂ 'ਚ ਆਉਣਾ ਔਖਾ
ਜ਼ਿੰਦਗੀ ਨੂੰ ਜ਼ਿੰਦਗੀ ਬਣਾਉਣਾ ਔਖਾ।

ਆਪਣੇ ਤੋਂ ਵੱਡਿਆਂ ਦੀ ਇੱਜਤ ਕਰਨ ਬਾਰੇ ਉਹ ਲਿਖਦੇ ਹਨ: "ਹੁਸਨ, ਜਵਾਨੀ, ਮਾਪੇ ਵਿਕਦੇ ਨਹੀਂ ਦੁਕਾਨਾਂ 'ਤੇ।"

ਉਨ੍ਹਾਂ ਦੀਆਂ ਅਨੇਕਾਂ ਟੂਕਾਂ ਹਨ ਜੋ ਲੋਕਾਂ ਦੀ ਜ਼ੁਬਾਨ 'ਤੇ ਮੁਹਾਵਰਿਆਂ ਵਾਂਗ ਚੜ੍ਹ ਗਈਆਂ।

1947 ਵਿਚ ਪੰਜਾਬ ਦੀ ਵੰਡ ਪੰਜਾਬੀਆਂ ਵਾਸਤੇ ਇਕ ਵੱਡਾ ਦੁਖਾਂਤ ਸੀ ਜਿਸ ਵਿਚ ਉਨ੍ਹਾਂ ਦਾ ਬੜਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਹਰ ਸ਼ਾਇਰ ਤੇ ਲੇਖਕ ਨੇ ਇਸ ਦੁਖਾਂਤ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਬੜੇ ਮਾਰਮਿਕ ਸ਼ਬਦਾਂ 'ਚ ਕੀਤਾ ਹੈ। ਸੋਹਣ ਸਿੰਘ ਸੀਤਲ ਨੇ ਵੀ ਇਸ ਵੰਡ ਕਾਰਨ ਪਏ ਪੰਜਾਬੀਆਂ 'ਤੇ ਅਕਹਿ ਅਤੇ ਅਸਹਿ ਕਸ਼ਟਾਂ ਦਾ ਜ਼ਿਕਰ 'ਪੰਜਾਬ ਦਾ ਉਜਾੜਾ' ਨਾਮੀ ਪੁਸਤਕ ਵਿਚ ਕੀਤਾ ਹੈ। ਪੰਡਿਤ ਮੋਹਣ ਸਿੰਘ ਵੀ ਵੰਡ ਦੌਰਾਨ ਇਕ ਲੜਕੀ, ਜਿਸ ਦਾ ਸਾਰਾ ਪਰਿਵਾਰ ਫਿਰਕੂ ਕਤਲੇਆਮ ਦੀ ਭੇਟ ਚੜ੍ਹ ਗਿਆ ਸੀ ਤੇ ਜੋ ਇਕੱਲੀ ਬਚ ਕੇ ਚੜ੍ਹਦੇ ਪੰਜਾਬ 'ਚ ਆਈ ਸੀ, ਦੀ ਦੁਖਾਂਤਕ ਦਾਸਤਾਨ 'ਸਾਂਵੇਂ' ਨਾਮੀ ਕਵਿਤਾ ਵਿਚ ਉਸ ਦੇ ਮੂੰਹੋਂ ਬੜਾ ਮਾਰਮਿਕ ਵਰਣਨ ਕਰਾਉਂਦੇ ਹਨ। ਉਹ ਕਹਿੰਦੀ ਹੈ:

ਸਾਂਵੇਂ ਸਾਂਵਿਆਂ ਦੇ
ਮੈਨੂੰ ਸਾਂਵੇਂ ਰਤਾ ਨਾ ਛੱਡਿਆ ਏ।
ਪਿਓ ਦਾਦਾ ਜਿਸ ਥਾਂ ਵਸਦਾ ਸੀ
ਉਸ ਘਰ 'ਚੋਂ ਸਾਨੂੰ ਕੱਢਿਆ ਏ।
ਇਹ ਕਿੱਕਲੀ ਆਖਣ ਵੀਰੇ ਦੀ
ਮੇਰੇ ਵੀਰੇ ਘੱਤ ਵਹੀਰ ਗਏ।
ਮਾਂ ਹੁੰਦੀ ਪੂੜੇ ਤਲ ਦਿੰਦੀ
ਮੇਰੇ ਸੁੱਖ ਦੇ ਦਿਨ ਅਖੀਰ ਗਏ।
ਦੱਸ ਮੈਨੂੰ ਸਾਂਵੇਂ ਆਂਹਦੇ ਕੀ
ਕੀ ਮੈਂ ਇਨ੍ਹਾਂ ਨਾਲ ਸਾਂਵੀਂ ਹਾਂ?
ਤਾਹੀਓਂ ਮੇਰੇ ਵੀਰਾ ਮੋਹਣ ਸਿੰਘ
ਬੈਠੀ ਮੈਂ ਪਰੇ ਨਥਾਵੀਂ ਹਾਂ।

ਪੰਜਾਬ ਦੀ ਵੰਡ ਕਾਰਨ ਖੁਸ਼ਹਾਲ ਵਸਦੇ ਪੰਜਾਬੀ ਆਰਥਕ ਪੱਖੋਂ ਕੱਖੋਂ ਹੌਲੇ ਹੋ ਗਏ। ਲੱਖਾਂ ਪਤੀ, ਕੱਖਾਂ ਪਤੀ ਬਣ ਗਏ। ਕੱਖਾਂ ਪਤੀ ਹੋਣ ਦੇ ਬਾਵਜੂਦ ਕਿਸੇ ਪੰਜਾਬੀ ਨੇ ਏਧਰ ਆ ਕੇ ਕਿਸੇ ਅੱਗੇ ਹੱਥ ਨਹੀਂ ਅੱਡਿਆ। ਇਸ ਆਰਥਕ ਮੰਦਹਾਲੀ ਦਾ ਜ਼ਿਕਰ ਉਨ੍ਹਾਂ ਆਪਣੀ ਕਵਿਤਾ ਵਿਚ ਇੰਜ ਕੀਤਾ ਹੈ:

ਦੁਨੀਆਂ ਆਟਾ ਆਟਾ ਕਰਦੀ
ਆਟਾ ਹੱਥ ਨਾ ਆਇਆ ਜੇ।
ਹਲੋ, ਸਾਧੋ ਕੇ ਤੇ ਜੁਲਕੇ
ਸੁਫਨਾ ਹੋ ਗਏ ਕਣਕਾਂ ਦੇ ਫੁਲਕੇ।

ਮੈਨੂੰ ਯਾਦ ਹੈ, ਪਾਕਿਸਤਾਨ ਬਣਨ ਤੋਂ ਛੇਤੀ ਬਾਅਦ ਲੋਕ ਕਣਕ ਦੀ ਥਾਂ ਕਈ ਸਾਲ ਛੋਲਿਆਂ ਦੀ ਰੋਟੀ ਖਾਂਦੇ ਰਹੇ। ਹਲੋ, ਸਾਧੋ ਕੇ ਅਤੇ ਜੁਲਕੇ ਪਿੰਡਾਂ ਦੇ ਨਾਂ ਹਨ।

ਆਪਣੀ ਜਨਮ ਭੂਮੀ ਛੱਡਣੀ ਬੜੀ ਮੁਸ਼ਕਿਲ ਹੁੰਦੀ ਹੈ। ਜੇ ਕਿਸੇ ਕਾਰਨ ਛੁਟ ਜਾਏ ਤਾਂ ਪੀੜ੍ਹੀਆਂ ਤੱਕ ਭੁਲਦੀ ਨਹੀਂ। ਪਿੱਛੇ ਜਿਹੇ ਪਾਕਿਸਤਾਨ ਸੁਪਰੀਮ ਕੋਰਟ ਦਾ ਜਸਟਿਸ ਜਲੰਧਰ ਜਿਲ੍ਹੇ ਵਿਚ ਆਪਣੇ ਬਜ਼ੁਰਗਾਂ ਦਾ ਪਿੰਡ ਵੇਖਣ ਆਇਆ। ਪਿੰਡ ਪਹੁੰਚ ਕੇ ਉਸ ਨੇ ਆਪਣੇ ਬਜ਼ੁਰਗਾਂ ਦੇ ਪਿੰਡ ਦੀ ਗਲੀ ਦੀ ਧੂੜ ਆਪਣੇ ਮੱਥੇ ਨਾਲ ਲਾਈ। ਪਿੰਡ ਵਾਲਿਆਂ ਉਸ ਦਾ ਬੜਾ ਸਵਾਗਤ ਕੀਤਾ। ਉਸ ਦੇ ਬਜ਼ੁਰਗਾਂ ਦਾ ਮਕਾਨ ਨਾਨਕਸ਼ਾਹੀ ਇੱਟ ਦਾ ਬਣਿਆ ਹੋਇਆ ਸੀ। ਚੀਫ ਜਸਟਿਸ ਨੇ ਪਿੰਡ ਵਾਲਿਆਂ ਤੋਂ ਮੰਗ ਕੀਤੀ, "ਸਰਦਾਰੋ! ਜੇ ਆਖੋ ਤਾਂ ਮੈਂ ਆਪਣੇ ਬਜ਼ੁਰਗਾਂ ਦੇ ਮਕਾਨ ਦੀਆਂ ਪੰਜ ਨਾਨਕਸ਼ਾਹੀ ਇੱਟਾਂ ਲੈ ਜਾਵਾਂ?" ਇਹ ਸੁਣ ਕੇ ਪਿੰਡ ਵਾਲਿਆਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ।

ਇਸੇ ਤਰ੍ਹਾਂ ਭਾਵੇਂ ਪੰਡਿਤ ਮੋਹਣ ਸਿੰਘ ਰਾਜੇ ਜੰਗ ਤੋਂ ਉਜੜ ਕੇ ਘਰਿਆਲੇ ਆ ਵੱਸੇ ਸਨ ਪਰ ਉਹ ਆਪਣੇ ਜੱਦੀ ਪਿੰਡ ਨੂੰ ਕਦੇ ਨਹੀਂ ਭੁੱਲੇ। ਇਕ ਕਵਿਤਾ ਵਿਚ ਆਪਣੇ ਪਿੰਡ ਨੂੰ ਯਾਦ ਕਰਦਿਆਂ ਉਨ੍ਹਾਂ ਲਿਖਿਆ ਹੈ:

ਰਾਜੇ ਜੰਗ ਦਾ ਆ ਗਿਆ ਮੈਂ ਪਿਛੇ ਛੱਡ ਕੇ
ਬਾਰੀ ਸ਼ਹਿਰ ਸੱਜਣੋ।
ਹੁਣ ਇਥੇ ਬਹਿ ਗਿਆ ਦਲੀਲ ਗੱਡ ਕੇ
ਗਿਆ ਹਾਂ ਠਹਿਰ ਸੱਜਣੋ।
ਪਿੰਡ ਘਰਿਆਲਾ ਹੈ ਟਿਕਾਣਾ ਸੰਗਤੇ।

ਇਸੇ ਤਰ੍ਹਾਂ ਸੋਹਣ ਸਿੰਘਠ ਸੀਤਲ ਵੀ ਆਪਣੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆਂ' ਵਿਚ ਲਿਖਦੇ ਹਨ, "1947 ਤੋਂ ਪਹਿਲਾਂ ਮੈਂ ਕਾਦੀ ਵਿੰਡ ਪਿੰਡ ਵਿਚ 100 ਕਿੱਲੇ ਦਾ ਮਲਕ ਸਾਂ। ਬੇਸ਼ਕ ਮੈਂ ਲੁਧਿਆਣੇ ਆ ਕੇ ਕਾਦੀ ਵਿੰਡ ਨਾਲੋਂ ਖੁਸ਼ਹਾਲ ਹਾਂ ਪਰ ਜਦ ਵੀ ਕਦੇ ਸੁਪਨਾ ਆਉਂਦਾ ਹੈ ਤਾਂ ਕਾਦੀ ਵਿੰਡ ਦੀ ਨਿਆਈਂ ਦਾ ਹੀ ਆਉਂਦਾ ਹੈ, ਲੁਧਿਆਣੇ ਵਿਚਲੇ ਸੀਤਲ ਭਵਨ ਦਾ ਨਹੀਂ।" ਇਹ ਹੈ ਜਨਮ ਭੂਮੀ ਦਾ ਰਿਸ਼ਤਾ।

ਘਰਿਆਲੇ ਆ ਕੇ ਪੰਡਿਤ ਮੋਹਣ ਸਿੰਘ ਨੇ ਆਪਣੇ ਜੱਦੀ ਕੰਮ ਖੇਤੀਬਾੜੀ ਦੇ ਨਾਲ ਨਾਲ ਕਵੀਸ਼ਰੀ ਵੀ ਕੀਤੀ ਤੇ ਨਾਮਣਾ ਵੀ ਖੱਟਿਆ। ਸਾਰੀ ਉਮਰ ਕੋਈ ਨਸ਼ਾ ਨਹੀਂ ਕੀਤਾ। ਸਮਾਜਕ ਬੁਰਾਈਆਂ ਦੇ ਖਿਲਾਫ ਰੱਜ ਕੇ ਕਵੀਸ਼ਰੀ ਕੀਤੀ। ਮੈਨੂੰ ਯਾਦ ਹੈ, ਜਦ ਗਵਰਨਰ ਪੰਜਾਬ ਨੇ ਮਿਲਾਵਟ ਦੇ ਖਿਲਾਫ ਮੁਹਿੰਮ ਵਿੱਢੀ ਤਾਂ ਪੰਡਿਤ ਘਰਿਆਲਾ ਨੇ ਆਪਣੀ ਕਵੀਸ਼ਰੀ ਵਿਚ ਮਿਲਾਵਟਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਕੀਤਾ:

ਘਿਓ ਦੇ ਵਿਚ ਗਰੀਸ ਨੇ ਪਾਉਂਦੇ
ਪਤਾ ਲੱਗੇ ਡੱਕਾਰਾਂ ਤੋਂ।
ਖਾਲਸ ਚੀਜ਼ ਕਿਤੇ ਨਹੀਂ ਮਿਲਦੀ
ਸ਼ਹਿਰ, ਗਲੀ ਬਾਜ਼ਾਰਾਂ 'ਚੋਂ।

ਉਨ੍ਹਾਂ ਦਾ ਜੀਵਨ ਇਕ ਮਾਡਲ ਜੀਵਨ ਸੀ। ਜੋ ਕੁਝ ਆਪਣੀ ਕਵੀਸ਼ਰੀ ਵਿਚ ਕਿਹਾ, ਉਸ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਵੀ ਦਿੱਤਾ। ਪੈਸਾ ਤੇ ਲਾਲਚ ਵੀ ਉਨ੍ਹਾਂ ਦੀ ਕਲਮ ਨੂੰ ਸੱਚ ਕਹਿਣੋਂ ਰੋਕ ਨਾ ਸਕਿਆ। ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਆਪਣੀ ਕਵੀਸ਼ਰੀ ਰਾਹੀਂ ਘਰ ਘਰ ਪਹੁੰਚਾਇਆ। ਪੰਜਾਬ ਦੀ ਵੰਡ ਤੇ ਕਤਲੋਗਾਰਤ ਨੇ ਉਨ੍ਹਾਂ ਦੇ ਮਨ 'ਤੇ ਡੂੰਘੀ ਸੱਟ ਮਾਰੀ। ਲਾਇਲਪੁਰ ਤੇ ਮਿੰਟਗੁਮਰੀ ਦੀਆਂ ਬਾਰਾਂ ਦੀਆਂ ਖੁੱਲ੍ਹੀਆਂ ਜਮੀਨਾਂ ਛੱਡ ਕੇ ਆਏ ਮਾਲਕਾਂ ਦੀਆਂ ਜਮੀਨਾਂ 'ਤੇ ਇਧਰ ਆ ਕੇ 'ਕੱਟ' ਲੱਗਾ ਤਾਂ ਉਨ੍ਹਾਂ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ:

ਸਾਡੀਆਂ ਜਮੀਨਾਂ 'ਤੇ ਕੱਟ ਲੱਗਾ
ਅਸੀਂ ਪਨਾਹਗੀਰ ਬਣੇ।

ਉਹ ਕਹਿੰਦੇ ਸਨ, ਜਮੀਨਾਂ ਭਾਵੇਂ ਸਾਨੂੰ ਪੂਰੀਆਂ ਨਹੀਂ ਮਿਲੀਆਂ, ਪਰ ਗੈਰ ਕੁਦਰਤੀ ਹੱਦਾਂ ਸਦੀਵੀ ਨਹੀਂ ਰਹਿਣਗੀਆਂ। ਅਸੀਂ ਰੋਜ਼ ਅਰਦਾਸ ਕਰਦੇ ਹਾਂ ਅਤੇ ਅਰਦਾਸ ਦੇ ਇਹ ਸ਼ਬਦ 'ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਤੇ ਗੁਰਦੁਆਰਿਆਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ-ਦੀਦਾਰੇ ਖਾਲਸਾ ਜੀ ਨੂੰ ਬਖਸ਼ੋ' ਜ਼ਰੂਰ ਇਕ ਦਿਨ ਪੂਰੇ ਹੋਣਗੇ। ਸੋਹਣ ਸਿੰਘ ਸੀਤਲ ਨੇ ਵੀ ਆਪਣੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਅਜਿਹੀਆਂ ਹੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ ਕਿ ਲਹਿੰਦਾ ਤੇ ਚੜ੍ਹਦਾ ਪੰਜਾਬ ਜ਼ਰੂਰ ਇਕ ਦਿਨ ਇਕ ਹੋ ਜਾਣਗੇ। ਇਹ ਚੀਸ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਇਸ ਤਰ੍ਹਾਂ ਬਿਆਨੀ ਹੈ: "ਨਾਨਕਾਣੇ ਦੀ ਧਰਤੀ ਅੱਜ ਨਲੂਏ ਨੂੰ ਪੁਕਾਰਦੀ।"

ਇਹ ਮਹਾਨ ਕਵੀਸ਼ਰ ਪੰਡਿਤ ਮੋਹਣ ਸਿੰਘ 8 ਫਰਵਰੀ 2005 ਨੂੰ 87 ਸਾਲਾਂ ਦੀ ਉਮਰ ਵਿਚ ਗੁਰ ਚਰਨਾਂ ਵਿਚ ਜਾ ਬਿਰਾਜਿਆ। ਅੱਜ ਵੀ ਉਹ ਆਪਣੀ ਸੱਚੀ ਸੁੱਚੀ ਕਵੀਸ਼ਰੀ ਰਾਹੀਂ ਆਪਣੇ ਸਰੋਤਿਆਂ ਤੇ ਸ਼ਾਗਿਰਦਾਂ ਦੇ ਰੂਪ ਵਿਚ ਜਿਉਂਦੇ ਹਨ। ਉਨ੍ਹਾਂ ਦਾ ਸਪੁੱਤਰ ਸੁਰਿੰਦਰ ਸਿੰਘ ਘਰਿਆਲਾ ਐਡਵੋਕੇਟ ਦੇ ਰੂਪ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਲੋਕ ਸੇਵਾ ਕਰ ਰਿਹਾ ਹੈ।


ਪੰਡਿਤ ਘਰਿਆਲਾ ਆਪਣੀ ਕਰਨੀ ਤੇ ਕਵੀਸ਼ਰੀ ਰਾਹੀਂ ਅਮਰ ਹਨ:

ਸੀਤਲਾ ਜਾਣੇ ਬਿਨਸ
ਸਰੀਰ ਦੇ ਪਿੱਛੇ ਰਹਿਣਗੇ
ਮਾਨਸ ਕੀਤੇ ਜੋ
ਸ਼ੁਭ ਕਰਮ ਨੇ ਜਾਮਾ ਧਾਰ ਕੇ।

# ਫਕੀਰੀਆ

ਖੇਤ ਵਿਚ ਖੂਹ ਪੁੱਟਣਾ ਸੀ, ਇਸ ਖਾਤਿਰ ਕੋਈ ਚੰਗਾ ਉਸਤਾਦ ਲੱਭਣ ਲਈ ਸਾਰੇ ਚਾਚੇ ਬਾਬੇ ਪੁੱਛ-ਗਿੱਛ ਕਰਨ ਲੱਗੇ। ਪਤਾ ਲੱਗਾ ਫਕੀਰੀਆ ਨਾਂ ਦਾ ਮਾਹਿਰ ਇਨ੍ਹੀਂ ਦਿਨੀਂ ਪਿੰਡ ਕਕਰਾਲੇ ਕਿਸੇ ਖੇਤ, ਖੂਹ ਦੀ ਚਿਣਾਈ ਕਰਵਾ ਰਿਹਾ ਹੈ। ਕਕਰਾਲੇ ਗਏ, ਲੱਭ ਲਿਆ। ਕਹਿੰਦਾ, ਮਹੀਨਾ ਇੱਥੇ ਲੱਗੇਗਾ ਫਿਰ ਆ ਕੇ ਲੈ ਜਾਇਓ। ਸਾਈ ਫੜ੍ਹਾਈ, ਪ੍ਰਸੰਨ-ਚਿੱਤ ਬਾਬੇ ਪਰਤ ਆਏ। ਮਹੀਨੇ ਦਾ ਕੀ ਹੈ, ਆਇਆ ਕਿ ਆਇਆ।

ਪਤਾ ਲੱਗਾ ਬਾਬਾ ਜੀ ਦੇ ਘਰ ਫਕੀਰੀਆ



ਹਰਪਾਲ ਸਿੰਘ ਪੰਨੂ
ਫੋਨ: +91-94642-51454

ਆਇਆ ਬੈਠਾ ਹੈ। ਅਸੀਂ ਬੱਚੇ ਉਸ ਨੂੰ ਦੇਖਣ ਵਾਸਤੇ ਦੌੜੇ। ਮਾਲਵੇ ਦੇ ਲੋਕ ਚੰਗੇ ਭਲੇ ਸ਼ਬਦ ਨੂੰ ਆਰਾਮ ਨਾਲ ਵਿਗਾੜ ਕੇ ਸੱਤਿਆਨਾਸ ਕਰ ਦਿੰਦੇ ਹਨ। ਸਾਰੇ ਉਸ ਨੂੰ ਪਖੀਰੀਆ ਕਹਿ ਕੇ ਬੁਲਾਉਂਦੇ, ਸਾਨੂੰ ਬੱਚਿਆਂ ਨੂੰ ਹੁਕਮ ਹੋਇਆ ਕਿ ਪਖੀਰੀਏ ਨੂੰ ਤਾਇਆ ਕਹਿਣਾ ਹੈ।

ਪਿੰਡ ਦਰਜੀ ਹੁੰਦਾ ਸੀ, ਉਸ ਦਾ ਨਾਂ ਸੀ ਸੇਰਲੀ ਪਖੀਰ। ਮੈਨੂੰ ਸਮਝ ਨਾ ਆਏ ਇਹ ਕੀ ਨਾਂ ਹੋਇਆ, ਸੇਰਲੀ ਪਖੀਰ! ਕੀ ਮਤਲਬ? ਇਕ ਦਿਨ ਉਸੇ ਨੂੰ ਪੁੱਛ ਲਿਆ, ਚਾਚਾ ਤੇਰਾ ਨਾਂ ਅਜੀਬ ਹੈ, ਇਸ ਦਾ ਮਤਲਬ ਕੀ ਹੋਇਆ ਭਲਾ? ਉਹ ਹੱਸ ਪਿਆ, ਕਹਿੰਦਾ, ਨਾਂ ਤਾਂ ਮੇਰਾ ਬਹੁਤ ਵਧੀਆ ਹੈ, ਤੇਰੀ ਮਾਂ ਨੇ ਵਿਗਾੜ ਦਿੱਤਾ। ਪੁਛਿਆ, ਕੀ ਨਾਂ ਹੈ? ਕਹਿੰਦਾ, ਫਕੀਰ ਸ਼ੇਰ ਅਲੀ।

ਫਕੀਰ ਦੀ ਥਾਂ ਪਖੀਰ ਕਹਿੰਦੇ ਨੇ ਸ਼ੇਰ ਅਲੀ ਦੀ ਥਾਂ ਸੇਰਲੀ, ਫਕੀਰ ਸ਼ੇਰ ਅਲੀ ਨੂੰ ਸੇਰਲੀ ਪਖੀਰ ਬਣਾ ਦਿੱਤਾ, ਸ਼ੇਰ ਨੂੰ ਗਿੱਦੜ। ਕੋਈ ਇਨਸਾਫ ਹੋਇਆ ਇਹ? ਪੱਕਾ ਰੰਗ, ਫਕੀਰੀਆ ਦਰਮਿਆਨੇ ਕੱਦ ਦਾ, ਕੁਝ ਕੁ ਕੁੱਬਾ, ਲੰਗ ਮਾਰ ਕੇ ਤੁਰਦਾ ਸੀ। ਹੱਥ ਵਿਚ ਡੇਢ ਕੁ ਫੁੱਟ ਦੀ ਨਿੱਕੀ ਜਿਹੀ ਹੁੱਕੀ ਹਰ ਵਕਤ ਰਖਦਾ। ਜਦੋਂ ਤੁਰਦਾ, ਖੱਬਾ ਮੋਢਾ ਹੇਠਾਂ ਝੁਕਣ ਵੇਲੇ ਹੁੱਕੀ ਸੱਜੇ ਪਾਸੇ ਉਪਰ ਨੂੰ ਉਠਦੀ। ਸਾਨੂੰ ਤਾਂ ਉਸ ਦੀ ਚਾਲ ਹੀ ਨਿਹਾਲ ਕਰ ਦਿੰਦੀ, ਸਾਰੇ ਬੱਚੇ ਖੂਬ ਹਸਦੇ। ਮੈ ਸੋਚਦਾ, ਹੀਰ ਦਾ ਚਾਚਾ ਕੈਦੋਂ ਹੂਬਹੂ ਇਹੋ ਜਿਹਾ ਹੀ ਹੋਣਾ।

ਆਵਾਜ਼ ਭਾਰੀ ਅਤੇ ਰੇਡੀਓ ਵਿਚ ਖਬਰਾਂ ਪੜ੍ਹਨ ਵਾਲੇ ਵਾਂਗ ਦਾਣੇਦਾਰ। ਬੋਲੀ ਤੋਂ ਅਸੀਂ ਸਮਝ ਗਏ, ਪਾਕਿਸਤਾਨੋਂ ਆਇਆ ਰਫੂਜੀ ਹੈ। ਅਗਲੇ ਦਿਨ ਖੇਤ ਦਾ ਦੌਰਾ ਕਰਕੇ ਪਤਾ ਕਰਨਾ ਸੀ, ਕਿੱਥੇ ਖੂਹ ਪੁੱਟਣਾ ਹੈ। ਐਤਵਾਰ ਹੋਣ ਕਰਕੇ ਅਸੀਂ ਵੀ ਖੇਤ ਵੱਲ ਭੱਜੇ। ਸਰਵੇਖਣ ਕਰਕੇ ਫਕੀਰੀਏ ਨੇ ਇਕ ਥਾਂ ਸੋਟੀ ਗੱਡਦਿਆਂ ਕਿਹਾ, ਇੱਥੇ, ਇੱਥੇ ਟੱਕ ਲਾਓ। ਮੇਰਾ ਚਾਚਾ ਕਹਿਣ ਲੱਗਾ, ਤਿੰਨ ਘਰਾਂ ਦੀ ਜਮੀਨ ਹੈ ਇਹ, ਏਸ ਸਾਰੇ ਟੱਕ ਦੇ ਐਨ ਵਿਚਕਾਰ ਖੂਹ ਪੁੱਟਣਾ ਠੀਕ ਰਹੇਗਾ? ਖੰਘੂਰਾ ਮਾਰ ਕੇ ਫਕੀਰੀਆ ਬੋਲਿਆ, ਮੈਨੂੰ ਕਾਸ ਲਈ ਲੈ ਕੇ ਆਇਆ ਸੈਂ ਤੂੰ ਜੇ ਤੈਨੂੰ ਈ ਪਤਾ ਸੀ ਖੂਹ ਕਿਥੇ ਪੁੱਟਣਾ ਹੈ? ਜਿੱਥੇ ਪਾਣੀ ਹੈ ਈ ਨ੍ਹੀਂ, ਮੈਂ ਪਾਗਲ ਇਆਂ ਉਥੇ ਨਿਸ਼ਾਨੀ ਲਾ ਦਿਆਂ?

ਅਰਦਾਸ ਕਰਕੇ ਪੁਟਾਈ ਸ਼ੁਰੂ ਹੋ ਗਈ। ਉਹ ਸਿੱਖ ਅਰਦਾਸ ਨਹੀਂ ਸੀ, ਮਾਲਵੇ ਦੀ ਲੋਕ-ਅਰਦਾਸ ਸੀ ਜਿਹੜੀ ਮੇਰੇ ਬਾਪੂ ਜੀ ਬਿਜਾਈ ਸ਼ੁਰੂ ਕਰਨ ਤੋਂ ਪਹਿਲਾਂ ਜੁਤੇ ਹਲ ਪਿੱਛੇ ਖਲੋ ਕੇ ਕਰਦੇ, ਸੱਚੇ ਪਾਤਸ਼ਾਹ, ਜਿਹੜੀ ਬਿਜਾਈ ਕਰਨ ਲੱਗਾਂ, ਫਸਲ ਪੱਕੇਗੀ ਤਾਂ ਅੰਨ ਦਾਣਾ ਮੁਸਾਫਰ, ਫਕੀਰ, ਮੰਗਤੇ, ਦਾਤੇ, ਮਹਿਮਾਨ, ਮੇਜ਼ਬਾਨ, ਚਿੜੀ ਜਨੌਰ ਸਭ ਵੰਡਾਉਣਗੇ। ਮੇਰੇ ਕਰਮਾਂ ਕਰਕੇ ਨਹੀਂ, ਇਨ੍ਹਾਂ ਸਾਰਿਆਂ ਦੇ ਕਰਮਾਂ ਕਰਕੇ ਫਸਲ ਨੇਪਰੇ ਚਾੜ੍ਹੀਂ ਮਹਾਰਾਜ। ਮਿੱਟੀ ਮੱਥੇ ਲਾ ਕੇ ਬਿਜਾਈ ਸ਼ੁਰੂ ਕਰਦੇ। ਇਸੇ ਤਰ੍ਹਾਂ ਟੱਕ ਲਾਉਣ ਤੋਂ ਪਹਿਲਾਂ ਪਾਣੀ ਦੇ ਹਿੱਸੇਦਾਰਾਂ ਦੇ ਨਾਂ ਲਏ ਗਏ।

ਫਕੀਰੀਏ ਵਾਸਤੇ ਬਾਂਸਾਂ ਉਪਰ ਘਾਹ ਫੂਸ ਦੀ ਝੋਂਪੜੀ ਬਣਾ ਦਿੱਤੀ, ਅੰਦਰ ਮੰਜੀ, ਪਾਣੀ ਦਾ ਘੜਾ, ਘੜੇ ਉਪਰ ਟੂਟੀ ਵਾਲਾ ਕਸੋਰਾ, ਕਸੋਰੇ ਉਪਰ ਚੱਪਣ। ਰੋਟੀ ਪਿੰਡੋਂ ਆਉਂਦੀ, ਦਿਨ ਰਾਤ ਫਕੀਰੀਆ ਝੋਂਪੜੀ ਵਿਚ ਰਹਿੰਦਾ। ਇਕ ਉਹ, ਦੂਜੀ ਉਸ ਦੀ ਸਾਥਣ ਹੁੱਕੀ। ਹੁੱਕੀ ਨਾਲ ਪਤਲੀ ਜਿਹੀ ਸੰਗਲੀ, ਕਿਤੇ ਜਾਂਦਾ ਹੁੱਕੀ ਹੱਥ ਵਿਚ ਫੜ੍ਹਦਾ ਜਾਂ ਮੋਢੇ ਪਿਛੇ ਇਸ ਤਰ੍ਹਾਂ ਲਟਕਾਉਂਦਾ ਜਿਵੇਂ ਬੰਦੂਕ ਲਟਕਾਈਦੀ ਹੈ।

ਗਰਮੀਆਂ ਦੀ ਰੁੱਤੇ ਅਸੀਂ ਬੱਚੇ ਦਰਖਤਾਂ ਹੇਠ ਖੇਡ ਰਹੇ ਸਾਂ, ਦੇਖਿਆ ਫਕੀਰੀਆ ਸਿਖਰ ਦੁਪਹਿਰ ਰੋਟੀ ਖਾ ਕੇ ਘੂਕ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ। ਇਕ ਬੱਚਾ ਕਹਿੰਦਾ, ਓਏ ਉਸਤਾਦ ਸੁੱਤਾ ਪਿਐ, ਹੁੱਕੀ ਪੀਈਏ? ਸਾਰੇ ਤਿਆਰ। ਜੀ ਮੇਰਾ ਵੀ ਕੀਤਾ ਪਰ ਬਾਪੂ ਦੀਆਂ ਚਪੇੜਾਂ ਤੋਂ ਡਰ ਗਿਆ। ਮਾਂ ਨੇ ਦੱਸਿਆ ਸੀ, ਹੁੱਕੇ ਨੂੰ ਹੱਥ ਲੱਗ ਜਾਵੇ ਤਾਂ ਬੰਦਾ ਭਿਟਿਆ ਜਾਂਦੈ। ਗੰਗਾ ਜਲ ਦੇ ਛਿੱਟੇ ਮਾਰੋ ਤਾਂ ਮਸਾਂ ਭਿੱਟ ਲਹਿੰਦੀ ਐ।

ਮੈਂ ਥਾਂਏਂ ਬੈਠਾ ਰਿਹਾ, ਸੰਗੀ ਸਾਥੀ ਝੋਂਪੜੀ ਵਿਚ ਜਾ ਕੇ ਸੂਟੇ ਲਾਉਣ ਲੱਗੇ। ਕੁਝ ਦੇਰ ਬਾਅਦ ਹੱਥੋਪਾਈ ਵੀ ਹੋਣ ਲੱਗੇ, ਓਏ ਤੂੰ ਇੰਨੇ ਸੂਟੇ ਲਾ ਲਏ, ਹੁਣ ਮੈਨੂੰ ਵੀ ਦੇਹ। ਹੁੱਕੀ ਵਿਚ ਅੱਗ ਵੀ ਹੈ ਸੀ ਕਿ ਨਹੀਂ, ਪਤਾ ਨਹੀਂ, ਬਸ ਗੁੜ-ਗੁੜ, ਗੁੜ-ਗੁੜ ਦੀ ਆਵਾਜ਼ ਉਨ੍ਹਾਂ ਨੂੰ ਅਨੰਦ ਦੇਈ ਗਈ।

ਇਸ ਖੋਹ ਖਿੰਜ ਦੌਰਾਨ ਫਕੀਰੀਏ ਦੀ ਅੱਖ ਖੁੱਲ੍ਹ ਗਈ। ਝਟਕਾ ਮਾਰ ਕੇ ਉਠਿਆ, ਗਾਲਾਂ ਦੇਣ ਲੱਗਾ, ਹਰਾਮਜ਼ਾਦੇ। ਪਤਾ ਨ੍ਹੀਂ ਕਿਸ ਜਾਤ ਕੁਜਾਤ ਦੇ ਨੇ। ਮੇਰੀ ਹੁੱਕੀ ਭਿੱਟ ਗਏ। ਥੋੜੀ ਦੂਰ ਉਨ੍ਹਾਂ ਦਾ ਪਿੱਛਾ ਵੀ ਕੀਤਾ ਪਰ ਲੰਗੜੇ ਨੂੰ ਕੀ ਸਮਝਦੇ ਸਨ ਉਹ। ਤਿੱਤਰ ਹੋ ਗਏ। ਉਸ ਦਾ ਵਾਕ 'ਹੁੱਕੀ ਭਿੱਟ ਗਏ' ਸੁਣ ਕੇ ਮੈਂ ਦੰਗ ਰਹਿ ਗਿਆ। ਕੋਈ ਜਾਤ ਇਸ ਤਰ੍ਹਾਂ ਦੀ ਮਾੜੀ ਹੁੰਦੀ ਹੈ, ਜਿਸ ਦੀ ਛੂਹ ਨਾਲ ਹੁੱਕੀ ਵੀ ਭਿੱਟੀ ਜਾ ਸਕਦੀ ਹੈ?

ਫਕੀਰੀਆ ਮੈਨੂੰ ਕਹਿੰਦਾ, ਜੁਆਨਾ ਪਾਣੀ ਦਾ ਡੋਲੂ ਭਰ ਕੇ ਲਿਆ ਗਵਾਂਢੀਆਂ ਦੇ ਖੂਹ ਤੋਂ, ਘੜੇ ਵਿਚੋਂ ਮੁੱਕ ਗਿਐ। ਮੈਂ ਪੁਛਿਆ, ਤਾਇਆ ਮੈਨੂੰ ਤੂੰ ਕੁਸ਼ ਨ੍ਹੀਂ ਕਿਹਾ। ਮੈਂ ਵੀ ਤਾਂ ਸ਼ਰਾਰਤੀ ਬੱਚਿਆਂ ਵਿਚ ਹੋ ਸਕਦਾ ਸੀ? ਉਹ ਹੱਸਿਆ, ਮੈਂ ਬੇਵਕੂਫ ਇਆਂ ਕੋਈ? ਸੱਠਾਂ ਵਰ੍ਹਿਆਂ ਦਾ ਤਜਰਬਾ ਇਆ ਮੇਰਾ। ਤੂੰ ਉਨ੍ਹਾਂ ਵਿਚ ਹੁੰਦਾ ਫੇਰ ਤੂੰ ਆਰਾਮ ਨਾਲ ਇੱਥੇ ਬੈਠਣਾ ਸੀ? ਓਏ ਪੱਲੇ ਗੱਲ ਬੰਨ੍ਹ ਲੈ ਮੇਰੀ, ਚੋਰ ਭੱਜੇਗਾ, ਸਾਧ ਬੈਠੇਗਾ ਆਰਾਮ ਨਾਲ। ਸਮਝਿਆ ਕਿ ਨਹੀਂ?

ਲੋਕ ਗਾਥਾ

# ਨਾਗ-ਏ-ਇਸ਼ਕ ਦੀ ਅਦਭੁੱਤ ਗਾਥਾ: ਸੋਹਣਾ-ਜ਼ੈਨੀ

ਸੁਖਦੇਵ ਮਾਦਪੁਰੀ
ਫੋਨ: 91-94630-34472

ਸੋਹਣਾ ਜ਼ੈਨੀ ਪੱਛਮੀ ਪੰਜਾਬ ਦੇ ਨੀਲੀ ਬਾਰ ਦੇ ਇਲਾਕੇ ਗੁਜਰਾਤ ਵਿਚ ਚੌਧਵੀਂ ਸਦੀ ਵਿਚ ਵਾਪਰੀ ਅਜਿਹੀ ਮਨਮੋਹਕ ਲੋਕ ਗਾਥਾ ਹੈ, ਜੋ ਸਦੀਆਂ ਤੋਂ ਪੰਜਾਬ ਦੀ ਲੋਕ ਆਤਮਾ ਨੂੰ ਟੁੰਬਦੀ ਆ ਰਹੀ ਹੈ। ਬਖਸ਼ੀ ਈਸਾਈ, ਖਾਹਸ਼ ਅਲੀ ਅਤੇ ਕਵੀ ਜਲਾਲ ਆਦਿ ਰਚਿਤ ਕਿੱਸਿਆਂ ਤੋਂ ਇਲਾਵਾ ਇਸ ਲੋਕ ਗਾਥਾ ਨੂੰ ਬੱਲੂ ਰਾਮ ਬਾਜ਼ੀਗਰ ਨੇ ਬਾਰ ਦੀ ਲੋਕ ਬੋਲੀ ਅਤੇ ਠੇਠ ਲੋਕ ਮੁਹਾਵਰੇ ਵਿਚ ਲੋਕ ਕਾਵਿ ਢੋਲੇ ਦੇ ਰੂਪ ਵਿਚ ਵੀ ਰਚਿਆ ਹੈ।

ਜ਼ਿਲਾ ਗੁਜਰਾਤ ਦੇ ਚੱਕ ਅਬਦੁੱਲਾ ਨਾਮੀ ਪਿੰਡ ਵਿਚ ਉਸੇ ਪਿੰਡ ਦਾ ਮਾਲਕ ਅਬਦੁੱਲਾ ਰਹਿੰਦਾ ਸੀ। ਬੰਦਾ ਬੜਾ ਸਖੀ ਸੀ। ਘਰ ਵਿਚ ਕਿਸੇ ਚੀਜ਼ ਦੀ ਤੋਟ ਨਹੀਂ ਸੀ, ਜੇ ਤੋਟ ਸੀ ਤਾਂ ਔਲਾਦ ਦੀ। ਉਸ ਬੜੇ ਪੁੰਨ-ਦਾਨ ਕੀਤੇ, ਮੰਨਤਾਂ ਮੰਨੀਆਂ ਅਤੇ ਅਖੀਰ ਸੱਚੇ ਦਿਲੋਂ ਕੀਤੀ ਉਸ ਦੀ ਦੁਆ ਖੁਦਾ ਦੇ ਦਰ ਕਬੂਲ ਹੋ ਗਈ। ਰਹਿਮਤਾਂ ਵਰ੍ਹ ਪਈਆਂ, ਉਸ ਨੂੰ ਸੱਚੇ ਰਸੂਲ ਦੇ ਦਰੋਂ ਤਿੰਨ ਪੁੱਤਰਾਂ ਦੀ ਦਾਤ ਮਿਲ ਗਈ। ਸੋਹਣਾ ਉਹਦਾ ਸਭ ਤੋਂ ਛੋਟਾ ਅਤੇ ਪਿਆਰਾ ਪੁੱਤਰ ਸੀ।

ਸਮਾਂ ਪਾ ਕੇ ਸੋਹਣਾ ਜਵਾਨ ਹੋ ਗਿਆ। ਉਹਦੇ ਅਲਬੇਲੇ ਸ਼ੌਕ ਸਨ। ਇਕ ਦਿਨ ਉਹ ਸ਼ਿਕਾਰ ਖੇਡਦਾ-ਖੇਡਦਾ ਆਪਣੇ ਖੂਹ 'ਤੇ ਜਾ ਪੁੱਜਾ। ਉਸ ਵੇਖਿਆ, ਖੂਹ ਦੇ ਨੇੜੇ ਹੀ ਖੇਤਾਂ ਵਿਚ ਬੰਗਾਲੇ ਜੋਗੀਆਂ ਦਾ ਡੇਰਾ ਉਤਰਿਆ ਹੋਇਆ ਸੀ। ਉਸ ਡੇਰੇ ਦੇ ਨੰਬਰਦਾਰ ਸਮਰ ਨਾਥ ਦੀ ਅਲਬੇਲੀ ਧੀ ਜ਼ੈਨੀ ਆਪਣੀ ਸਹੇਲੀ ਚੰਦਾ ਨਾਲ ਪਾਣੀ ਪਈ ਭਰੇਂਦੀ ਸੀ। ਜ਼ੈਨੀ ਦਾ ਰੂਪ ਕਹਿਰ ਢਾਹ ਰਿਹਾ ਸੀ, ਜ਼ੈਨੀ ਦੇ ਹੁਸਨ ਨਾਲ ਸੋਹਣਾ ਕੀਲਿਆ ਗਿਆ:

ਹੁਸਨ ਜ਼ੈਨੀ ਦਾ ਤੇਜ਼ ਸ਼ਮਾਦਾਨ ਤੋਂ
ਨੈਣ ਮਰੇਂਦੇ ਨੇ ਬਿਜਲੀ ਵਾਂਗ ਚਮਕ ਨੂੰ।
ਟੁਰੇ ਮੋਰ ਚਕੋਰ ਦੇ ਵਾਂਗ ਜ਼ੈਨੀ
ਛੱਲੇ ਮੁੰਦਰੀਆਂ ਪਏ ਸੋਂਹਦੇ ਨੇ ਹੱਥ ਨੂੰ।
ਮੱਥਾ ਜ਼ੈਨੀ ਦਾ ਚੰਦ ਮਤਾਬ ਜਿਹਾ
ਧਾਰ ਕੱਜਲ ਦੀ ਸੋਂਹਦੀ ਅੱਖ ਨੂੰ।
ਹਾਈ ਹੁਸਨ ਦੇ ਵਿਚ ਭਰਪੂਰ ਜ਼ੈਨੀ
ਜਿਸ ਬਾਝ ਕਲਮੇਂ ਕੀਲਿਆਂ ਹੈ ਜੱਟ ਨੂੰ।
(ਬੱਲੂ ਰਾਮ ਬਾਜ਼ੀਗਰ)

ਸੋਹਣਾ ਜ਼ੈਨੀ ਦੇ ਹੁਸਨ ਦੀ ਤਾਬ ਨਾ ਝੱਲ ਸਕਿਆ। ਉਹ ਉਹਦੇ ਧੁਰ ਅੰਦਰ ਤਕ ਲਹਿ ਗਈ। ਉਹ ਜ਼ੈਨੀ ਦਾ ਹੋ ਕੇ ਰਹਿ ਗਿਆ:

ਸੋਹਣਾ ਤਰਫ ਜ਼ੈਨੀ ਦੇ ਵੇਖੇ
ਦੂਰੋਂ ਲਾ ਨਜ਼ੀਰਾਂ।
ਇਸ਼ਕ ਰਚੇ ਜਦ ਹੱਡਾਂ ਅੰਦਰ
ਚਲਦੀਆਂ ਨਹੀਂ ਤਦਬੀਰਾਂ।
ਆਸ਼ਕ ਹੋਇਆ ਜ਼ੈਨੀ ਉਪਰ
ਸੋਹਣਾ ਦਿਲੋਂ ਜ਼ਬਾਨੋਂ।
ਹੁਸਨ ਜ਼ੈਨੀ ਦਾ ਦਿਲ ਵਿਚ ਪੁੜਿਆ
ਛੁੱਟਾ ਤੀਰ ਕਮਾਨੋਂ। (ਖਾਹਸ਼ ਅਲੀ)

ਚੰਦਾ ਤੇ ਜ਼ੈਨੀ ਪਾਣੀ ਦੇ ਘੜੇ ਭਰ ਕੇ ਮਲਕੜੇ ਮਲਕੜੇ ਪੈਲਾਂ ਪਾਂਦੀਆਂ ਡੇਰੇ ਵਿਚ ਜਾ ਵੜੀਆਂ। ਸੋਹਣਾ ਜ਼ੈਨੀ ਦੀ ਮਿੱਠੀ ਤੇ ਨਿੱਘੀ ਨੁਹਾਰ ਦਾ ਰਾਂਗਲਾ ਸੁਪਨਾ ਆਪਣੇ ਮਦ ਭਰੇ ਨੈਣਾਂ ਵਿਚ ਸਮੋ ਘਰ ਪਰਤ ਆਇਆ। ਜ਼ਿੰਦਗੀ ਦੀ ਹਰ ਸ਼ੈਅ ਹੁਣ ਉਸ ਨੂੰ ਪਿਆਰੀ-ਪਿਆਰੀ ਖੁਸ਼-ਖੁਸ਼ ਜਾਪਦੀ। ਹਰ ਪਾਸੇ ਉਹਨੂੰ ਪਿਆਰੀ ਜ਼ੈਨੀ ਪਈ ਨਜ਼ਰ ਆਉਂਦੀ।

ਸਾਰੀ ਰਾਤ ਸੋਹਣਾ ਸੁਨਹਿਰੀ ਸੁਪਨੇ ਉਣਦਾ ਰਿਹਾ। ਸਵੇਰ ਹੁੰਦਿਆਂ ਹੀ ਉਹ ਡੇਰੇ ਵਲ ਨਸ ਟੁਰਿਆ। ਖੂਹ 'ਤੇ ਪੁਜ ਕੇ ਕੀ ਵੇਖਦਾ ਹੈ, ਡੇਰੇ ਵਾਲੀ ਥਾਂ ਭਾਂ-ਭਾਂ ਪਈ ਕਰਦੀ ਹੈ। ਜੋਗੀ ਰਾਤੋ ਰਾਤ ਅਗਾਂਹ ਤੁਰ ਗਏ ਸਨ।

ਸੋਹਣੇ ਦੇ ਕਾਲਜੇ 'ਚੋਂ ਰੁਗ ਭਰਿਆ ਗਿਆ। ਜ਼ੈਨੀ ਤਾਂ ਉਹਦਾ ਸਭ ਕੁਝ ਖਸ ਕੇ ਲੈ ਗਈ ਸੀ। ਉਹ ਉਹਦੇ ਵਿਯੋਗ ਵਿਚ ਪਾਗਲ ਜਿਹਾ ਹੋ ਗਿਆ। ਪਿਆਰੇ ਦੇ ਦੀਦਾਰ ਲਈ ਖੋਤਿਆਂ ਦੀਆਂ ਪੈੜਾਂ ਦਾ ਖੁਰਾ ਫੜ ਕੇ ਉਹ ਮਗਰੇ ਨੱਸ ਟੁਰਿਆ। ਹਰ ਆਉਂਦੇ ਰਾਹੀਂ ਪਾਸੋਂ ਉਹ ਡੇਰੇ ਦਾ ਪਤਾ ਪੁੱਛਦਾ। ਪੂਰੇ ਦੋ ਦਿਨ ਉਹ ਡੇਰਾ ਨਾ ਲੱਭ ਸਕਿਆ। ਭੁੱਖ ਅਤੇ ਵਿਯੋਗ ਕਾਰਨ ਉਹਦਾ ਬੁਰਾ ਹਾਲ ਹੋ ਗਿਆ। ਪਿਆਰੇ ਨਾਲ ਤਾਂ ਉਸ ਅਜੇ ਦੋ ਬੋਲ ਵੀ ਸਾਂਝੇ ਨਹੀਂ ਸਨ ਕੀਤੇ। ਅੰਤ ਤੀਜੇ ਦਿਨ ਪਿੰਡ ਘੁੱਲਪੁਰ ਦੀ ਜੂਹ ਵਿਚ ਡੇਰਾ ਲੱਭ ਪਿਆ। ਜ਼ੈਨੀ ਨੂੰ ਵੇਖ ਉਸ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ।

ਜੋਗੀਆਂ ਦਾ ਡੇਰਾ ਕਈ ਦਿਨ ਘੁੱਲਪੁਰ ਟਿਕਿਆ ਰਿਹਾ। ਸੋਹਣਾ ਦਿਨੇ ਡੇਰੇ ਵਲ ਗੇੜਾ ਮਾਰ ਕੇ ਜ਼ੈਨੀ ਦਾ ਚੰਦ ਜਿਹਾ ਪਿਆਰਾ ਮੁਖੜਾ ਤੱਕ ਜਾਂਦਾ ਤੇ ਰਾਤੀਂ ਮਸੀਤੇ ਜਾ ਸੌਂਦਾ। ਪਰ ਦੋ ਪਿਆਰ ਭਰੇ ਮਾਖਿਓਂ ਮਿੱਠੇ ਬੋਲ ਜ਼ੈਨੀ ਨਾਲ ਸਾਂਝੇ ਨਾ ਕਰ ਸਕਿਆ। ਇਸ਼ਕ ਤੜਪਦਾ ਰਿਹਾ, ਹੁਸਨ ਮਚਲਦਾ ਰਿਹਾ।

ਏਧਰ ਜ਼ੈਨੀ ਨੂੰ ਕੋਈ ਪਤਾ ਨਹੀਂ ਸੀ ਕਿ ਕੋਈ ਉਹਦੀਆਂ ਰਾਹਾਂ ਨੂੰ ਚੜ੍ਹਦੇ ਸੂਰਜ ਸਿਜਦੇ ਕਰਦਾ ਹੈ, ਉਹਦੇ ਪੈਰਾਂ ਦੀ ਧੂੜ ਨਾਲ ਆਪਣੀ ਭੁੱਜਦੀ ਹਿੱਕੜੀ ਦੀ ਤਪਸ਼ ਠਾਰਦਾ ਹੈ।

ਸੋਹਣੇ ਦੀ ਮਾਂ ਨੂੰ ਸੋਹਣੇ ਦਾ ਹਰ ਰੋਜ਼ ਜੋਗੀਆਂ ਦੇ ਡੇਰੇ ਜਾਣਾ ਸੁਖਾਂਦਾ ਨਹੀਂ ਸੀ। ਉਹਨੇ ਉਸ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ, ਪਰ ਸੋਹਣਾ ਪਿੱਛੇ ਹਟਣ ਵਾਲਾ ਕਿੱਥੇ ਸੀ। ਉਹਦਾ ਤਾਂ ਲੂੰ-ਲੂੰ ਜ਼ੈਨੀ ਲਈ ਤੜਪ ਰਿਹਾ ਸੀ:

ਮਗਰ ਜ਼ੈਨੀ ਦੇ ਜਾਸਾਂ
ਮੋੜਿਆ ਕਦੀ ਨਾ ਰਾਹਸਾਂ।
ਭਾਵੇਂ ਪੀਵੇ ਨਚੋੜ ਬਦਨ ਦੀ ਰੱਤ ਨੂੰ।
ਜਦੋਂ ਇਸ਼ਕ ਚਾ ਲਾਵੇ ਅੱਗ ਫਿਰਾਕ ਦੀ
ਬੁਝਾਇਆ ਨਹੀਂ ਬੁੱਝਦੀ
ਭਾਵੇਂ ਉਤੇ ਚਾ ਵਗਾਈਏ ਪਾਣੀ ਦੇ ਮੱਟ ਨੂੰ।

ਸੋਹਣਾ ਜ਼ੈਨੀ ਦੇ ਦੀਦਾਰ ਲਈ ਆਪਣੇ ਪਿੰਡ ਨੂੰ ਅਲਵਿਦਾ ਆਖ ਜੋਗੀਆਂ ਦੇ ਡੇਰੇ ਜਾ ਜ਼ੈਨੀ ਦੇ ਬਾਪ ਸਮਰ ਨਾਥ ਦੇ ਚਰਨੀਂ ਜਾ ਲੱਗਾ ਤੇ ਅਰਜ਼ ਗੁਜ਼ਾਰੀ, "ਮਾਈ ਬਾਪ ਤੁਸੀਂ ਹੀ ਮੇਰੇ ਸਭ ਕੁਝ ਹੋ। ਮੇਰਾ ਇਸ ਦੁਨੀਆਂ 'ਚ ਕੋਈ ਨਹੀਂ, ਨਾ ਮਾਂ-ਬਾਪ, ਨਾ ਕੋਈ ਘਰ ਘਾਟ। ਮੈਂ ਤਾਂ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਆਂ, ਮੈਂ ਤੁਹਾਡੀ ਹਰ ਖਿਦਮਤ ਕਰਨ ਲਈ ਤਿਆਰ ਹਾਂ।"

ਸਮਰ ਨਾਥ ਨੂੰ ਸੋਹਣੇ ਦੀ ਆਜਜ਼ੀ 'ਤੇ ਤਰਸ ਆ ਗਿਆ। ਉਹ ਆਪ ਨਰਮ ਹਿਰਦੇ ਵਾਲਾ ਪੁਰਸ਼ ਸੀ।

ਸੋਹਣੇ ਨੂੰ ਡੇਰੇ 'ਤੇ ਖੋਤੇ ਚਾਰਨ ਲਈ ਰੱਖ ਲਿਆ ਗਿਆ। ਪਿਆਰੇ ਲਈ ਤਾਂ ਉਹ ਸਭ ਕੁਝ ਕਰ ਸਕਦਾ ਸੀ।

ਖੋਤੇ ਚਾਰਦਿਆਂ ਸੋਹਣੇ ਨੂੰ ਪੂਰਾ ਵਰ੍ਹਾ ਬਤੀਤ ਹੋ ਗਿਆ ਪਰ ਜ਼ੈਨੀ ਅੱਗੇ ਉਹ ਆਪਣੇ ਮਨ ਦੀ ਘੁੰਡੀ ਨਾ ਖੋਲ੍ਹ ਸਕਿਆ।

ਇਕ ਦਿਨ ਸ਼ਾਮਾਂ ਢਲ ਰਹੀਆਂ ਸਨ ਤੇ ਜ਼ੈਨੀ ਕੱਲਮ ਕੱਲੀ ਜੰਗਲ ਵਿਚ ਪਾਣੀ ਲੈਣ ਆਈ। ਸੋਹਣਾ ਖੋਤੇ ਚਾਰਦਾ ਪਿਆ ਸੀ। ਉਹਨੇ ਜ਼ੈਨੀ ਵੱਲ ਵੇਖਿਆ ਤੇ ਹੌਸਲਾ ਕਰਕੇ ਪਾਣੀ ਭਰੇਂਦੀ ਜ਼ੈਨੀ ਪਾਸ ਜਾ ਕੇ ਬੋਲਿਆ, "ਜ਼ੈਨੀਏ!"

ਜ਼ੈਨੀ ਤ੍ਰਭਕ ਗਈ। ਉਸ ਵੇਖਿਆ, ਸੋਹਣਾ ਉਹਦੇ ਵੱਲ ਇਕ ਟੱਕ ਵੇਖ ਰਿਹਾ ਸੀ।

"ਕੀ ਗੱਲ ਐ ਵੇ?"

"ਜ਼ੈਨੀਏ ਮੈਂ ਤੇਰੇ ਪਿੱਛੇ ਪਾਗਲ ਹੋ ਗਿਆ ਹਾਂ। ਮੈਂ ਆਪਣਾ ਘਰ ਬਾਰ ਛੱਡ ਕੇ ਤੇਰੇ ਅੱਗੇ ਖੈਰ ਮੰਗੀ ਏ। ਮੇਰੀ ਝੋਲੀ ਵਿਚ ਖੈਰ ਪਾ ਦੇ ਸੋਹਣੀਏ।" ਸੋਹਣੇ ਪੱਲਾ ਅੱਡਿਆ।

"ਵੇ ਮੂੰਹ ਸੰਭਾਲ ਕੇ ਗੱਲ ਕਰ।" ਜ਼ੈਨੀ ਕੜਕ ਕੇ ਬੋਲੀ ਅਤੇ ਗਾਗਰ ਸਿਰ 'ਤੇ ਰੱਖ ਕੇ ਖੜ੍ਹੀ ਹੋ ਗਈ।

"ਜ਼ੈਨੀਏ ਮੈਂ ਤੇਰੀ ਖਾਤਰ ਖੋਤੇ ਚਾਰ ਰਿਹਾ ਹਾਂ। ਤੇਰੀ ਖਾਤਰ ਆਪਣੇ ਪਿਆਰੇ ਮਾਂ-ਬਾਪ ਅਤੇ ਦੋ ਸੋਹਣੇ ਭਰਾ ਛੱਡ ਕੇ ਆਇਆ ਹਾਂ। ਅਮੀਰੀ ਤਿਆਗ ਕੇ ਫਕੀਰੀ ਧਾਰਨ ਕੀਤੀ ਏ। ਜ਼ੈਨੀਏ! ਮੈਂ ਤੇਰੇ ਪਿਆਰੇ ਬੋਲਾਂ ਲਈ ਸਹਿਕ ਰਿਹਾ ਹਾਂ।" ਸੋਹਣਾ ਤਰਲੇ ਲੈ ਰਿਹਾ ਸੀ।

"ਨਮਕ ਹਰਾਮੀਆ। ਤੇਰੀ ਇਹ ਮਜਾਲ। ਤੈਨੂੰ ਸ਼ਰਮ ਨਹੀਂ ਆਉਂਦੀ ਇਹੋ ਜਿਹੀਆਂ ਗੱਲਾਂ ਕਰਦੇ ਨੂੰ। ਅੱਜ ਡੇਰੇ ਚੱਲ ਕੇ ਤੇਰੀ ਕਰਵਾਉਨੀ ਆਂ ਜੁੱਤੀਆ ਨਾਲ ਮੁਰੰਮਤ ਵੱਡੇ ਆਸ਼ਕ ਦੀ।" ਇਹ ਆਖ ਜ਼ੈਨੀ ਡੇਰੇ ਨੂੰ ਤੁਰ ਪਈ।

ਸੋਹਣੇ ਦੀ ਤਪੱਸਿਆ ਅਜੇ ਪੂਰੀ ਨਹੀਂ ਸੀ ਹੋਈ। ਪ੍ਰੀਤਮ ਦੇ ਦਿਲ ਵਿਚ ਉਪਾਸ਼ਕ ਲਈ ਅਜੇ ਥਾਂ ਨਹੀਂ ਸੀ ਬਣਿਆ। ਸੋਹਣਾ ਡਰਦਾ-ਡਰਦਾ ਹਨੇਰਾ ਹੋਏ 'ਤੇ ਡੇਰੇ ਆਇਆ। ਉਸ ਨੂੰ ਕਿਸੇ ਨੇ ਕੁਝ ਨਾ ਆਖਿਆ। ਜ਼ੈਨੀ ਨੇ ਡੇਰੇ ਆ ਕਿਸੇ ਅੱਗੇ ਗੱਲ ਨਹੀਂ ਸੀ ਕੀਤੀ।

ਕਈ ਮਹੀਨੇ ਹੋਰ ਗੁਜ਼ਰ ਗਏ। ਸੋਹਣਾ ਜ਼ੈਨੀ ਦੇ ਫਿਰਾਕ ਵਿਚ ਤੜਪਦਾ ਰਿਹਾ। ਆਖਰ ਉਹਦੇ ਸਿਦਕ ਅਤੇ ਮੁਹੱਬਤ ਨੂੰ ਬੂਰ ਪਿਆ। ਇਕ ਦਿਨ ਫੇਰ ਜ਼ੈਨੀ ਸੋਹਣੇ ਨੂੰ ਜੰਗਲ ਵਿਚ 'ਕੱਲੀ ਟੱਕਰ ਗਈ। ਸੋਹਣੇ ਝੋਲੀ ਅੱਡੀ, ਦਾਨੀ ਆਪ ਮੰਗਤਾ ਬਣ ਗਿਆ:

ਸੋਹਣੇ ਦਰਦੀ ਹਾਲ ਦਰਦ ਦਾ
ਦਰਦੋਂ ਆਖ ਸੁਣਾਇਆ।
ਲੈ ਸੁਨੇਹਾ ਦਰਦਾਂ ਵਾਲਾ
ਜ਼ੈਨੀ ਦੇ ਵੱਲ ਆਇਆ।
ਆਹ ਇਸ਼ਕ ਦੀ ਤੀਰਾਂ ਵਾਂਗੂੰ
ਜ਼ਖਮ ਕੀਤਾ ਵਿਚ ਸੀਨੇ।
ਨਿਕਲੀ ਆਹ ਜ਼ੈਨੀ ਦੇ ਦਿਲ ਥੀਂ
ਰੋਵਣ ਨੈਣ ਨਗੀਨੇ।
ਇਸ਼ਕ ਆਸ਼ਕ ਥੀਂ ਮਾਸ਼ੂਕਾ ਵਲ
ਆਇਆ ਜ਼ੋਰ ਧਿੰਗਾਣੇ।
ਚੜ੍ਹੇ ਖੁਮਾਰ ਸ਼ਰਾਬੋਂ ਵਧ ਕੇ
ਨੈਣ ਹੋਏ ਮਸਤਾਨੇ।
ਸੋਹਣਾ ਇਸ਼ਕ ਸੋਹਣੇ ਦਾ ਲੱਗਾ
ਜ਼ੈਨੀ ਕਮਲੀ ਹੋਈ।
ਮਾਣ, ਗਰੂਰ ਤੇ ਨਖਵਤ
ਦਿਲ ਦੇ ਅੰਦਰ ਰਹੀ ਨਾ ਕੋਈ। (ਜਲਾਲ)

ਜ਼ੈਨੀ ਹੁਣ ਤਨੋਂ ਮਨੋਂ ਸੋਹਣੇ ਦੀ ਬਣ ਚੁਕੀ ਸੀ। ਉਹ ਹੁਣ ਉਹਦੀ ਖਿਦਮਤ ਕਰਦੀ ਨਹੀਂ ਸੀ ਥੱਕਦੀ। ਉਹਦੇ ਰਾਹਾਂ 'ਤੇ ਨਜ਼ਰਾਂ ਵਿਛਾਉਂਦੀ ਨਹੀਂ ਸੀ ਅੱਕਦੀ।

ਕੁਝ ਸਮਾਂ ਸੋਹਣਾ ਤੇ ਜ਼ੈਨੀ ਪਿਆਰ ਮਿਲਣੀਆਂ ਮਾਣਦੇ ਰਹੇ। ਆਖਰ ਉਨ੍ਹਾਂ ਦੇ ਇਸ਼ਕ ਦੀ ਚਰਚਾ ਡੇਰੇ ਵਿਚ ਛਿੜ ਪਈ। ਉਨ੍ਹਾਂ ਦੀ ਮੁਹੱਬਤ ਨੂੰ ਜੋਗੀਆਂ ਦੇ ਭਾਈਚਾਰੇ ਨੇ ਪ੍ਰਵਾਨ ਨਾ ਕੀਤਾ। ਜ਼ੈਨੀ ਦੀ ਮਾਂ ਨੇ ਵੀ ਉਸ ਨੂੰ ਬਹੁਤ ਸਮਝਾਇਆ ਪਰ ਉਹ ਤਾਂ ਹੁਣ ਸੋਹਣੇ ਲਈ ਜਾਨ ਹਥੇਲੀ 'ਤੇ ਰੱਖੀ ਫਿਰਦੀ ਸੀ।

ਆਖਰ ਸਮਰ ਨਾਥ ਨੇ ਸੋਹਣੇ ਨੂੰ ਡੇਰੇ ਵਿਚੋਂ ਕੱਢ ਦਿੱਤਾ। ਸੋਹਣਾ ਆਪਣੇ ਮਹਿਬੂਬ ਦਾ ਪਿੱਛਾ ਕਿਵੇਂ ਛੱਡਦਾ! ਉਹਨੇ ਡੇਰੇ ਦੇ ਬਾਹਰ ਡੇਰਾ ਜਮਾ ਲਿਆ। ਜੋਗੀਆਂ ਉਹਨੂੰ ਬਹੁਤ ਆਖਿਆ ਕਿ ਉਹ ਉਥੋਂ ਚਲਿਆ ਜਾਵੇ ਪਰ ਉਹ ਆਪਣੇ ਹਠ 'ਤੇ ਅੜਿਆ ਰਿਹਾ।

ਸੋਹਣੇ ਦਾ ਹਠ ਵੇਖ ਕੇ ਜੋਗੀਆਂ ਨੂੰ ਰੋਹ ਤਾਂ ਚੜ੍ਹਨਾ ਹੀ ਸੀ। ਉਹ ਉਸ ਨੂੰ ਜਾਨੋਂ ਮਾਰਨ ਲਈ ਦੌੜੇ ਪਰ ਡੇਰੇ ਦੇ ਬਜ਼ੁਰਗ ਸਮਰ ਨਾਥ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਉਸ ਆਖਿਆ, "ਮੂਰਖ ਨਾ ਬਣੋ, ਆਪਣੇ ਸਿਰ ਖੂਨ ਪਾ ਕੇ ਡੇਰੇ ਦੀ ਸ਼ਾਨ ਨੂੰ ਵੱਟਾ ਨਾ ਲਾਵੋ। ਇਹਨੂੰ ਜੰਗਲ ਵਿਚ ਕਿਸੇ ਦਰਖਤ ਨਾਲ ਬੰਨ੍ਹ ਦੇਵੋ। ਡੇਰਾ ਚੁੱਕ ਲਵੋ। ਆਪੇ ਪਿੱਛਾ ਛੱਡੇਗਾ।"

ਜੋਗੀ ਰਾਤ ਸਮੇਂ ਸੋਹਣੇ ਨੂੰ ਫੜ ਕੇ ਜੰਗਲ 'ਚ ਲੈ ਗਏ। ਪਹਿਲਾਂ ਤਾਂ ਉਹਦੀ ਖੂਬ ਕੁਟਾਈ ਕੀਤੀ ਤੇ ਮਗਰੋਂ ਉਹਨੂੰ ਇਕ ਦਰਖਤ ਨਾਲ ਬੰਨ੍ਹ ਦਿੱਤਾ। ਰਾਤੋ ਰਾਤ ਡੇਰਾ ਅਗਾਂਹ ਤੁਰ ਪਿਆ। ਪਰ ਦੂਜੀ ਭਲਕ ਕਿਸੇ ਸ਼ਿਕਾਰੀ ਨੇ ਸੋਹਣੇ ਨੂੰ ਦਰਖਤ ਨਾਲੋਂ ਖੋਲ੍ਹ ਦਿੱਤਾ ਤੇ ਉਹ ਡੇਰੇ ਦੀ ਭਾਲ ਵਿਚ ਨੱਸ ਟੁਰਿਆ। ਕਈ ਦਿਨਾਂ ਦੀ ਭਟਕਣਾ ਮਗਰੋਂ ਉਹ ਭੁੱਖਣ-ਭਾਣਾ ਡੇਰੇ ਵਿਚ ਪੁੱਜਾ ਤੇ ਆਪਣੀ ਪਿਆਰੀ ਜ਼ੈਨੀ ਨੂੰ ਜਾ ਸਿਜਦਾ ਕੀਤਾ। ਜ਼ੈਨੀ ਵੀ ਉਹਨੂੰ ਵੇਖ ਕੇ ਟਹਿਕ ਪਈ।

ਜੋਗੀਆਂ ਨੂੰ ਹੁਣ ਪੂਰਾ ਯਕੀਨ ਹੋ ਗਿਆ ਕਿ ਸੋਹਣਾ ਜ਼ੈਨੀ ਦਾ ਪਿੱਛਾ ਛੱਡਣ ਵਾਲਾ ਨਹੀਂ। ਉਸ ਨੂੰ ਮਾਰਨ ਲਈ ਉਨ੍ਹਾਂ ਉਹਦੇ ਸੱਪ ਲੜਾਉਣ ਦੀ ਸਕੀਮ ਸੋਚੀ। ਇਸ ਬਾਰੇ ਚੰਦਾ ਨੇ ਜ਼ੈਨੀ ਨੂੰ ਸਭ ਕੁਝ ਦੱਸ ਦਿੱਤਾ। ਉਹਨੇ ਚੋਰੀ ਸੋਹਣੇ ਨੂੰ ਰੋਟੀ ਵਿਚ ਪਕਾ ਕੇ ਕੋਈ ਜੰਗਲੀ ਬੂਟੀ ਖੁਆ ਦਿੱਤੀ ਤੇ ਕੁਝ ਬੂਟੀ ਸਰੀਰ 'ਤੇ ਮਲਣ ਲਈ ਦੇ ਦਿੱਤੀ।

ਜੋਗੀ ਸੋਹਣੇ ਨੂੰ ਦੂਰ ਜੰਗਲ ਵਿਚ ਲੈ ਗਏ ਤੇ ਉਹਦੇ 'ਤੇ ਤੇਲੀਆ ਸੱਪ ਛੱਡ ਦਿੱਤਾ। ਪਰ ਉਸ ਜੰਗਲੀ ਬੂਟੀ ਦੀ ਖੁਸ਼ਬੋ ਹੀ ਅਜਿਹੀ ਸੀ ਕਿ ਸੱਪ ਉਸ ਦੇ ਨੇੜੇ ਨਾ ਢੁੱਕਾ। ਸੋਹਣੇ ਦੀ ਜਾਨ ਬਚ ਗਈ।

ਹੁਣ ਜੋਗੀ ਜ਼ਹਿਰੀਲੇ ਸੱਪ ਦੀ ਭਾਲ ਵਿਚ ਨਿਕਲ ਤੁਰੇ। ਏਧਰ ਜ਼ੈਨੀ ਦਾ ਬੁਰਾ ਹਾਲ ਹੋ ਰਿਹਾ ਸੀ। ਸੋਹਣੇ ਦੀ ਮੌਤ ਉਹਨੂੰ ਡਰਾਉਂਦੀ ਪਈ ਸੀ, ਪਰ ਸੋਹਣੇ ਨੂੰ ਆਪਣੇ ਸਿਦਕ 'ਤੇ ਮਾਣ ਸੀ, ਭਰੋਸਾ ਸੀ। ਉਹ ਡਰ ਨਹੀਂ ਸੀ ਰਿਹਾ।

ਆਖਰ ਜੋਗੀ ਇੱਕ ਅਤਿ ਜ਼ਹਿਰੀਲਾ ਨਾਗ ਕੁਲਮਾਰ ਲੱਭ ਲਿਆਏ। ਹਨੇਰੇ ਗੂੜ੍ਹੇ ਹੋਏ। ਸੋਹਣੇ ਨੂੰ ਡੇਰੇ ਤੋਂ ਬਾਹਰ ਜੰਗਲ ਬੀਆਬਾਨ ਵਿਚ ਲਿਜਾਇਆ ਗਿਆ। ਸਾਰਾ ਡੇਰਾ ਇਕੱਠਾ ਹੋਇਆ ਸੋਹਣੇ ਦੁਆਲੇ ਖਲੋਤਾ ਸੀ। ਸਿਰਫ ਜ਼ੈਨੀ ਆਪਣੀ ਪੱਖੀ ਵਿਚ ਪਈ ਤੜਪ ਰਹੀ ਸੀ। ਉਹ ਆਪਣੇ ਸੋਹਣੇ ਦੀ ਜਾਨ ਦੀ ਸਲਾਮਤੀ ਲਈ ਸੁੱਖਾਂ ਸੁੱਖ ਰਹੀ ਸੀ।

ਬੀਨਾਂ ਵੱਜੀਆਂ। ਕੁਲਮਾਰ ਨਾਗ ਸੋਹਣੇ 'ਤੇ ਝਪਟ ਕੇ ਪੈ ਗਿਆ, ਕਈਆਂ ਨੇ ਕਸੀਸਾਂ ਵੱਟੀਆਂ। ਨਾਗ ਨੇ ਸੋਹਣੇ ਦੁਆਲੇ ਵਲ੍ਹੇਟ ਪਾ ਲਏ। ਚੰਦਾ ਵੇਖ ਨਾ ਸਕੀ। ਉਸ ਆਪਣਾ ਮੂੰਹ ਪਰ੍ਹੇ ਘੁਮਾ ਲਿਆ। ਨਾਗ ਦੀ ਜ਼ਹਿਰ ਨਾਲ ਸੋਹਣੇ ਦਾ ਸਰੀਰ ਕਾਲਾ ਸ਼ਾਹ ਹੋ ਗਿਆ ਤੇ ਉਹ ਬੇਹੋਸ਼ ਹੋ ਕੇ ਧਰਤੀ 'ਤੇ ਨਿਢਾਲ ਪੈ ਗਿਆ। ਜੋਗੀਆਂ ਸਮਝਿਆ ਉਹ ਮਰ ਗਿਆ ਹੈ। ਇਸੇ ਖੁਸ਼ੀ ਵਿਚ ਉਹ ਡੇਰੇ 'ਤੇ ਆ ਕੇ ਨੱਚਣ ਗਾਉਣ ਲੱਗ ਪਏ।

ਰਾਤ ਕਾਫੀ ਲੰਘ ਚੁਕੀ ਸੀ। ਜ਼ੈਨੀ ਚੰਦਾ ਦੀ ਮਦਦ ਨਾਲ ਅਧਮੋਏ ਸੋਹਣੇ ਪਾਸ ਪੁੱਜੀ। ਉਹ ਸਾਰੀ ਰਾਤ ਕਈ ਇਕ ਬੂਟੀਆਂ ਸੋਹਣੇ ਦੇ ਸਰੀਰ 'ਤੇ ਮਲਦੀ ਰਹੀ। ਬੂਟੀਆਂ ਦੀ ਤਾਸੀਰ ਹੀ ਕੁਝ ਅਜਿਹੀ ਸੀ ਕਿ ਉਹ ਪਹੁ-ਫੁਟਾਲੇ ਤਕ ਸੁਰਤ ਵਿਚ ਆ ਗਿਆ। ਉਸ ਆਪਣੇ ਆਪ ਨੂੰ ਜ਼ੈਨੀ ਦੀ ਗੋਦੀ ਵਿਚ ਵੇਖਿਆ ਤੇ ਬੋਲਿਆ, "ਜ਼ੈਨੀਏ! ਮੈਂ ਜੰਨਤ ਵਿਚ ਹਾਂ। ਕਿਧਰੇ ਮੈਂ ਸੁਪਨਾ ਤਾਂ ਨਹੀਂ ਵੇਖਦਾ ਪਿਆ।"

"ਸੋਹਣਿਆਂ ਸ਼ੁਕਰ ਏ ਖੁਦਾ ਦਾ, ਜਾਨ ਬਚ ਗਈ ਏ। ਵੇਲਾ ਗੱਲਾਂ ਕਰਨ ਦਾ ਨਹੀਂ, ਹਿੰਮਤ ਤੋਂ ਕੰਮ ਲੈ। ਤੁਰ ਚੱਲ, ਕਿਧਰੇ ਵੈਰੀ ਨਾ ਆ ਜਾਣ।"

"ਜ਼ੈਨੀਏ ਜਾ ਪਿੱਛੇ ਮੁੜ ਜਾਹ, ਉਹ ਤੈਨੂੰ ਨਹੀਂ ਛੱਡਣਗੇ। ਜਾਹ ਰੱਬ ਦੇ ਵਾਸਤੇ ਡੇਰੇ ਨੂੰ ਮੁੜ ਜਾਹ।" ਸੋਹਣੇ ਨੇ ਆਪਣੇ ਆਪ ਨੂੰ ਸੰਭਾਲਿਆ।

"ਸੋਹਣਿਆ ਬਹੁਤ ਹੋ ਗਈ। ਉਹ ਤੇਰੀ ਰੱਤ ਦੇ ਪਿਆਸੇ ਹਨ, ਤੈਨੂੰ ਜਿਉਂਦੇ ਨੂੰ ਨਹੀਂ ਛੱਡਣਗੇ। ਮੈਂ ਤੇਰੇ ਬਿਨਾ ਇਕ ਪਲ ਵੀ ਨਹੀਂ ਜੀ ਸਕਦੀ। ਚਲ ਮੈਨੂੰ ਆਪਣੇ ਦੇਸ਼ ਲੈ ਚੱਲ।

ਜੋਗੀਆਂ ਦੇ ਡੇਰੇ ਵਿਚੋਂ ਵਜਦੇ ਢੋਲਾਂ ਦੀ ਆਵਾਜ਼ ਆਉਂਦੀ ਪਈ ਸੀ ਤੇ ਉਨ੍ਹਾਂ ਦੇ ਖੁਸ਼ੀਆਂ ਭਰੇ ਗੀਤਾਂ ਦੇ ਬੋਲ ਹਵਾ ਵਿਚ ਸੁਗੰਧੀ ਬਿਖੇਰਦੇ ਪਏ ਸਨ। ਏਧਰ ਸੋਹਣਾ ਤੇ ਜ਼ੈਨੀ ਬਾਹਾਂ ਵਿਚ ਬਾਹਾਂ ਪਾਈ ਜ਼ਿੰਦਗੀ ਦੇ ਸਫਰ 'ਤੇ ਤੁਰੇ ਜਾ ਰਹੇ ਸਨ। ਊਸ਼ਾ ਉਨ੍ਹਾਂ ਦੇ ਸੁਆਗਤ ਵਿਚ ਸੁਨਹਿਰੀ ਕਿਰਨਾਂ ਦਾ ਮੀਂਹ ਵਰਸਾ ਰਹੀ ਸੀ।

## ਆਓ ਹੱਥਾਂ ਬਾਰੇ ਨਵੀਂ ਜਾਣਕਾਰੀ ਲਈਏ

ਡਾ. ਪਰਮਜੀਤ ਸਿੰਘ

ਕੀ ਤੁਹਾਨੂੰ ਆਪਣੇ ਹੱਥਾਂ ਸਬੰਧੀ ਕੁਝ ਜਾਣਕਾਰੀ ਹੈ? ਹੇਠਾਂ ਕੁਝ ਪ੍ਰਸ਼ਨ ਹਨ। ਕਈਆਂ ਦੇ ਇਕ ਤੋਂ ਵੱਧ ਉੱਤਰ ਹਨ। ਠੀਕ ਉੱਤਰਾਂ 'ਤੇ ਨਿਸ਼ਾਨ ਲਾਓ ਤੇ ਫਿਰ ਹੇਠਾਂ ਦਿੱਤੇ ਉੱਤਰਾਂ ਨਾਲ ਮਿਲਾਓ।

ਜ਼ਿੰਦਗੀ ਵਿਚ ਇਕ ਮਨੁੱਖ ਕਿੰਨੀ ਵਾਰ ਹੱਥਾਂ ਦੀਆਂ ਉਂਗਲੀਆਂ ਦੇ ਜੋੜਾਂ ਨੂੰ ਮੋੜਦਾ/ਖੋਲ੍ਹਦਾ ਹੈ?
(ੳ) ਇਕ ਕਰੋੜ ਵਾਰ (ਅ) 2.5 ਕਰੋੜ ਵਾਰ (ੲ) 10 ਕਰੋੜ ਵਾਰ (ਸ) 40 ਕਰੋੜ ਵਾਰ।

(2) ਤੰਦਰੁਸਤ ਆਦਮੀ ਆਪਣੇ ਹੱਥਾਂ ਨਾਲ ਕਿੰਨਾ ਦਬਾਅ ਪਾ ਸਕਦਾ ਹੈ?
(ੳ) 5-10 ਕਿਲੋ (ਅ) 15-20 ਕਿਲੋ (ੲ) 25-30 ਕਿਲੋ (ਸ) 45-50 ਕਿਲੋ।

(3) ਖੱਬਚੂ (ਖੱਬੇ ਹੱਥ ਨਾਲ ਕੰਮ ਕਰਨ ਵਾਲੇ) ਸੰਸਾਰ ਵਿਚ ਕਿੰਨੇ ਪ੍ਰਤੀਸ਼ਤ ਹਨ? (ੳ) 5% (ਅ) 10% (ੲ) 12.5% (ਸ) 15%।

(4) ਹੱਥ ਵਿਚ ਗੁੱਟ ਸਣੇ ਕਿੰਨੀਆਂ ਹੱਡੀਆਂ ਹਨ? (ੳ) 16 (ਅ) 18 (ੲ) 23 (ਸ) 27

(5) ਹੱਡੀਆਂ ਤੋਂ ਇਲਾਵਾ ਮੁੱਖ ਤੌਰ 'ਤੇ ਹੱਥ ਵਿਚ ਕੀ ਕੁਝ ਹੁੰਦਾ ਹੈ? (ੳ) ਟੈਂਡਨ (ਅ) ਆਰਟਰੀਜ਼/ਵੇਨਜ਼ (ੲ) ਲਿਗਾਮੈਂਟ (ਸ) ਲਿੰਫ ਵੈਸਲ (ਹ) ਨਰਵਜ਼ (ਕ) ਫੇਸ਼ੀਆ।

(6) ਅੰਗੂਠਾ ਹੱਥ ਦਾ ਮੁੱਖ ਹਿੱਸਾ ਕਿਉਂ ਗਿਣਿਆ ਜਾਂਦਾ ਹੈ? (ੳ) ਅੰਗੂਠੇ ਦੇ ਸਿਰਫ ਦੋ ਪੋਟੇ ਹੁੰਦੇ ਹਨ। (ਅ) ਇਹ ਬਾਕੀ ਚਾਰਾਂ ਉਂਗਲੀਆਂ ਦੀ ਲਾਈਨ ਵਿਚ ਨਹੀਂ ਹੁੰਦਾ। (ੲ) ਇਹ ਬਾਕੀ ਚਾਰੇ ਉਂਗਲਾਂ ਦੇ ਮੁਕਾਬਲੇ ਕੰਮ ਕਰਦਾ ਹੈ। (ਸ) ਬਾਕੀ ਉਂਗਲਾਂ ਤੋਂ ਇਹ ਮੋਟਾ ਹੁੰਦਾ ਹੈ।

(7) ਇਹ ਤਾਂ ਅਸੀਂ ਜਾਣਦੇ ਹਾਂ ਕਿ ਕਿਸੇ ਦੀਆਂ ਉਂਗਲਾਂ ਦਾ ਛਾਪਾ ਕਿਸੇ ਦੂਸਰੇ ਨਾਲ ਨਹੀਂ ਮਿਲਦਾ, ਪਰ ਜੇ ਜੋੜੇ ਪੈਦਾ ਹੋਣ, ਉਨ੍ਹਾਂ ਵਿਚ? (ੳ) ਉਨ੍ਹਾਂ ਦਾ ਛਾਪਾ ਵੀ ਅਲੱਗ ਹੁੰਦਾ ਹੈ (ਅ) ਉਨ੍ਹਾਂ ਦੇ ਛਾਪਾ ਇਕੋ ਜਿਹਾ ਹੁੰਦਾ ਹੈ (ੲ) ਕਈ ਵਾਰ ਇਕੋ ਜਿਹਾ ਹੋ ਸਕਦਾ ਹੈ ਤੇ ਕਈ ਵਾਰ ਨਹੀਂ।

(8) ਹੱਥ ਵਿਚ ਪਸੀਨੇ ਦੀਆਂ ਗ੍ਰੰਥੀਆਂ



ਬਾਰੇ ਕੀ ਠੀਕ ਹੈ? (ੳ) ਉਨ੍ਹਾਂ ਵਿਚ ਸਭ ਤੋਂ ਵੱਧ ਪਸੀਨੇ ਦੀਆਂ ਗ੍ਰੰਥੀਆਂ ਹੁੰਦੀਆਂ ਹਨ। (ਅ) ਉਨ੍ਹਾਂ ਵਿਚ ਸਭ ਤੋਂ ਘੱਟ ਪਸੀਨੇ ਦੀਆਂ ਗ੍ਰੰਥੀਆਂ ਹੁੰਦੀਆਂ। ਹਨ (ੲ) ਉਨ੍ਹਾਂ ਵਿਚ ਔਸਤ ਦਰਜੇ ਦੀਆਂ ਗ੍ਰੰਥੀਆਂ ਹੁੰਦੀਆਂ ਹਨ।

(9) ਹਥੇਲੀ ਦਾ ਰੰਗ ਵੱਧ ਭੂਰਾ ਕਾਲਾ ਬਾਕੀ ਚਮੜੀ ਵਾਂਗ ਕਿਉਂ ਨਹੀਂ ਹੁੰਦਾ? (ੳ) ਉਸ ਵਿਚ 'ਐਂਟੀ ਟੈਨ ਫੈਕਟਰ' (ਜਿਸ ਕਾਰਨ ਚਮੜੀ ਕਾਲੀ ਹੁੰਦੀ ਹੈ) ਹੁੰਦਾ ਹੈ। (ਅ) ਉਨ੍ਹਾਂ ਉਪਰ ਸੂਰਜ ਦੀ ਰੋਸ਼ਨੀ ਘੱਟ ਲੱਗਦੀ ਹੈ। (ੲ) ਉਹ ਕਾਲੇ ਹੁੰਦੇ ਹਨ ਪਰ ਰੰਗ ਜਲਦੀ ਖਤਮ ਹੋ ਜਾਂਦਾ ਹੈ। (ਸ) ਹਥੇਲੀਆਂ ਵਿਚ ਮੈਲੇਨਿਨ ਪਿਗਮੈਂਟ (ਰੰਗ ਦੇਣ ਵਾਲਾ ਪਿਗਮੈਂਟ) ਨਹੀਂ ਹੁੰਦਾ।

(10) ਇਨ੍ਹਾਂ ਬਿਮਾਰੀਆਂ ਵਿਚੋਂ ਕਿਹੜੀ ਹੱਥਾਂ ਨੂੰ ਸਭ ਤੋਂ ਘੱਟ ਹੁੰਦੀ ਹੈ। (ੳ) ਮਚਕੋੜ ਆ ਜਾਣਾ (ਅ) ਗਠੀਆ (ੲ) ਕੈਂਸਰ (ਸ) ਐਲਰਜੀ।

(11) ਕਹਿੰਦੇ ਹਨ, ਮੁੱਠੀਆਂ ਬੰਦ ਕਰਨ ਦੀ ਪ੍ਰਤੀਕ੍ਰਿਆ ਨਵੇਂ ਜੰਮੇ ਬੱਚੇ ਵਿਚ ਸਭ ਤੋਂ ਪਹਿਲਾਂ ਵੇਖੀ ਜਾਂਦੀ ਹੈ। ਇਹ ਕਿਸ ਉਮਰ ਵਿਚ ਸ਼ੁਰੂ ਹੁੰਦੀ ਹੈ? (ੳ) ਜਨਮ ਵੇਲੇ ਹੀ (ਅ) 4-6 ਮਹੀਨੇ ਦੀ ਉਮਰ 'ਤੇ (ੲ) ਸਾਲ 'ਤੇ (ਸ) ਡੇਢ ਸਾਲ 'ਤੇ।

(12) ਹੱਥਾਂ ਦਾ ਪਸੀਨਾ ਆਉਣ ਦਾ ਕੀ ਫਾਇਦਾ ਹੈ? (ੳ) ਚਿਕਨਾਹਟ ਦਾ ਕੰਮ ਕਰਦਾ ਹੈ। (ਅ) ਸੰਵੇਦਨਾ ਲਈ ਜ਼ਰੂਰੀ ਹੈ। (ੲ) ਪਕੜ ਮਜ਼ਬੂਤ ਹੁੰਦੀ ਹੈ। (ਸ) ਹੱਥ ਨੂੰ ਠੰਢਕ ਮਿਲਦੀ ਹੈ।

(13) ਹਿਸਾਬ ਦੇ ਖੇਤਰ ਵਿਚ ਕਿਸ ਵਿਚ ਹੱਥ ਦੀ ਭੂਮਿਕਾ ਸਮਝੀ ਜਾਂਦੀ ਹੈ? (ੳ) ਟ੍ਰਿਗਨੋਮੈਟਰੀ (ਅ) ਡੈਸੀਮਲ ਸਿਸਟਮ (ੲ) ਜ਼ੀਰੋ (ਸ) ਜੁਮੈਟਰੀ।

(14) ਹੱਥ ਦੀਆਂ ਉਂਗਲੀਆਂ ਮੋੜਨ ਖੋਲ੍ਹਣ ਵਿਚ ਕਿਨ੍ਹਾਂ ਮਾਸਪੇਸ਼ੀਆਂ ਦਾ ਰੋਲ ਹੈ? (ੳ) ਹੱਥ ਦੇ (ਅ) ਬਾਂਹ ਦੇ (ੲ) ਗੁੱਟ ਦੇ (ਸ) ਬਾਂਹ ਦੇ ਮੁਹਰਲੇ ਹਿੱਸੇ ਦਾ।

**ਉੱਤਰ:** (1) ਅ (2) ਸ (3) ੳ (4) ਸ (5) ੳ, ੲ, ਹ, ਕ, (6) ੲ (7) ੳ (8) ੳ (9) ਸ (10) ੲ (11) ੳ (12) ੲ (13) ਅ (14) ਸ.

# ਪਲ ਪਲ ਸਿਰਜ ਹੁੰਦੀ ਕਵਿਤਾ

ਸੁਰਜੀਤ ਕੈਨੇਡਾ
ਫੋਨ: 905-216-4981

ਧਰਤੀ ਅੰਦਰ ਪਏ ਬੀਜ 'ਚੋਂ ਅੰਕੁਰ ਫੁੱਟਦਾ ਹੈ ਤਾਂ ਕਵਿਤਾ ਜਨਮ ਲੈਂਦੀ ਹੈ। ਜਦੋਂ ਕਲੀਆਂ ਫੁੱਲ ਬਣ ਖਿੜ ਪੈਂਦੀਆਂ ਨੇ ਤਾਂ ਕਵਿਤਾ ਜਨਮ ਲੈਂਦੀ ਹੈ। ਕੋਈ ਭੌਰਾ ਕਿਸੇ ਕਲੀ ਅੰਦਰ ਘੁੱਟ ਕੇ ਦਮ ਤੋੜ ਦਿੰਦਾ ਹੈ ਤਾਂ ਵੀ ਕਵਿਤਾ ਜਨਮ ਲੈਂਦੀ ਹੈ। ਕੁਦਰਤ ਹਰ ਪਲ ਇਕ ਕਵਿਤਾ ਸਿਰਜਦੀ ਹੈ। ਕਵਿਤਾ ਕਾਇਨਾਤ ਵਿਚ ਵਾਪਰ ਰਹੀ ਹਰ ਖੁਸ਼ੀ-ਗਮੀ ਦਾ ਤਰਜ਼ਮਾ ਹੈ।

ਤੁਰਦੇ-ਫਿਰਦਿਆਂ, ਉਠਦੇ-ਬਹਿੰਦਿਆਂ ਕਵਿਤਾ ਮੇਰੇ ਅੰਗ-ਸੰਗ ਹੁੰਦੀ ਹੈ, ਕਦੇ ਵੀ ਮੇਰਾ ਸਾਥ ਨਹੀਂ ਛੱਡਦੀ। ਸਿਰਹਾਣੇ ਸਿਰ ਰੱਖਣ ਤੋਂ ਲੈ ਕੇ ਨੀਂਦ ਦੀ ਬੁੱਕਲ ਵਿਚ ਜਾਣ ਤੱਕ ਵੀ ਇਹ ਮੇਰੇ ਨਾਲ ਰਲ ਕੇ ਸੁਨਹਿਰੀ ਬਾਤਾਂ ਪਾਉਂਦੀ ਰਹਿੰਦੀ ਹੈ। ਨਵੇਂ ਨਵੇਂ ਸ਼ਬਦ ਘੜਦੀ ਹੈ, ਫਿਕਰੇ ਘੜਦੀ ਹੈ ਅਤੇ ਪੌਣਾਂ ਦੇ ਹਵਾਲੇ ਕਰਦੀ ਹੈ। ਸੁੱਤ-ਉਨੀਂਦਿਆਂ ਬੜੀ ਕੋਸ਼ਿਸ਼ ਕਰਦੀ ਹਾਂ ਕਿ ਰਟ ਲਵਾਂ ਉਨ੍ਹਾਂ ਉਤਰ ਰਹੀਆਂ ਸਤਰਾਂ ਨੂੰ ਤਾਂ ਕਿ ਸਵੇਰੇ ਇਨ੍ਹਾਂ ਨੂੰ ਸੁਚੱਜੇ ਅੱਖਰਾਂ 'ਚ ਜੜ ਸਕਾਂ ਪਰ ਉਹ ਤਾਂ ਕਿੱਧਰੇ ਖਲਾਅ ਵਿਚ ਹੀ ਭਟਕ ਜਾਂਦੀਆਂ ਨੇ, ਤੇ ਸਵੇਰੇ ਲੱਭਿਆਂ ਵੀ ਨਹੀਂ ਲੱਭਦੀਆਂ। ਫਿਰ ਨਵੇਂ ਖਿਆਲ, ਨਵੀਂ ਕਵਿਤਾ, ਨਵੇਂ ਸ਼ਬਦ ਅਤੇ ਨਵੀਆਂ ਸਤਰਾਂ ਚੱਲਣ ਲਗਦੀਆਂ ਨੇ। ਕਦੇ ਕਦੇ ਮੈਂ ਕੰਪਿਊਟਰ 'ਤੇ ਬਹਿ ਜਾਂਦੀ ਹਾਂ ਅਤੇ ਫੜ੍ਹਨ ਲਗਦੀ ਹਾਂ ਆਪਣੇ ਅੰਦਰ ਮੰਡਰਾਉਂਦੀਆਂ ਉਨ੍ਹਾਂ ਰੰਗ-ਬਿਰੰਗੀਆਂ ਤਿਤਲੀਆਂ ਨੂੰ:

ਐਕੁਏਰੀਅਮ ਵਿਚ ਤੜਫਣ ਮੱਛੀਆਂ
ਮੱਥੇ ਵਿਚ ਸੋਨ ਪਰੀ ਜਿਹੀਆਂ ਨਜ਼ਮਾਂ।
ਫੜ੍ਹਨਾ ਚਾਹਾਂ ਤਾਂ ਉਡ-ਉਡ ਆਵਣ
ਸੁਹਲ-ਸਲੋਨੀਆਂ ਸ਼ਬਦ-ਤਿਤਲੀਆਂ!

ਕੀ ਫੜ੍ਹਨਾ ਹੁੰਦਾ ਹੈ? ਕਿਹੜੇ ਜਜ਼ਬਾਤ? ਆਲੇ-ਦੁਆਲੇ ਕਿੰਨਾ ਕੁਝ ਤਾਂ ਵਾਪਰਦਾ ਰਹਿੰਦਾ ਹੈ! ਬੱਸ ਉਹੀ ਸਾਹਾਂ ਦੇ ਨਾਲ ਨਾਲ ਚੱਲਦਾ ਰਹਿੰਦਾ ਹੈ ਅਤੇ ਹੌਲੀ ਹੌਲੀ ਉਤਰ ਜਾਂਦਾ ਹੈ, ਮਨ ਦੀ ਤਖਤੀ 'ਤੇ। ਕਦੇ ਕੋਈ ਨਿਹੋਰਾ, ਕਦੇ ਕੋਈ ਸਵਾਲ ਅਤੇ ਕਦੇ ਕੋਈ ਪਲ 'ਵਿਸਮਾਦ' ਬਣ ਕੇ ਕਵਿਤਾਵਾਂ ਵਿਚ ਰੂਪਮਾਨ ਹੋ ਜਾਂਦੇ ਹਨ। ਸ਼ਬਦਾਂ ਨਾਲ ਸ਼ਬਦ ਜੁੜਦੇ ਜਾਂਦੇ ਹਨ, ਖਿਆਲ ਅੱਗੇ ਅੱਗੇ ਤੁਰਦੇ ਜਾਂਦੇ ਨੇ ਅਤੇ ਕਿਸੇ ਨੂੰ ਬਿਨਾ ਕੁਝ ਦੱਸਿਆਂ ਕਵਿਤਾ ਜਿਹੀ ਸਖੀ ਨੂੰ ਆਪਣਾ ਰਾਜ਼ਦਾਰ ਬਣਾ ਕੇ ਹੌਲੀ ਫੁੱਲ ਹੋ ਜਾਂਦੀ ਹਾਂ। ਹੈ ਨਾ ਇਹ ਕੋਈ ਅਲੋਕਾਰੀ ਗੱਲ!

ਬਹੁਤ ਵਾਰ ਟੁੱਟ ਵੀ ਜਾਂਦੀ ਹਾਂ, ਪਰ ਕਿਸੇ ਨੂੰ ਦੱਸਣ ਦੀ ਹਿੰਮਤ ਹੀ ਨਹੀਂ ਪੈਂਦੀ। ਇਕ ਅਹਿਦ ਜੁ ਹੈ ਆਪਣੇ ਨਾਲ ਕਿ ਹਮੇਸ਼ਾ ਖੁਸ਼ ਰਹਿਣਾ ਹੈ। ਨਾ ਖੁਦ ਨੈਗੇਟਿਵ ਸੋਚਣਾ ਹੈ, ਨਾ ਕਿਸੇ ਨੂੰ ਨੈਗੇਟਿਵਿਟੀ ਦੇਣੀ ਹੈ। ਤੇ ਫੇਰ ਸ਼ੁਰੂ ਹੁੰਦਾ ਹੈ ਅੰਦਰਲਾ ਸਫਰ! ਇਕ ਜੰਗ ਛਿੜਦੀ ਹੈ। ਅੰਦਰ ਅੱਗ ਵਰ੍ਹਦੀ ਹੈ। ਆਲੇ-ਦੁਆਲੇ ਜੋ ਵਾਪਰ ਰਿਹਾ ਹੁੰਦਾ ਹੈ, ਉਸ ਨੂੰ ਵੇਖ ਦਿਲ ਦੁਖਦਾ ਹੈ। ਲੋਕ ਵੇਖਦੇ ਹਨ ਪਰ ਬੋਲਦੇ ਨਹੀਂ। ਮੇਰਾ ਜੀਅ ਕਰਦਾ ਹੈ ਕਿ ਮੈਂ ਬੋਲਾਂ ਪਰ ਮੈਂ ਕਲਮ ਚੁੱਕਦੀ ਹਾਂ:

ਮੇਰੇ ਸ਼ਬਦ ਅਜੇ ਜਾਗਦੇ ਨੇ
ਉਹ ਖਾਮੋਸ਼ ਹਨ,
ਚੁੱਪ ਸੁਣਦੀ ਹੈ ਮੈਨੂੰ
ਗੂੰਜਦੀ ਹੈ ਮੇਰੇ ਦੁਆਲੇ
ਸੁਣ ਸਕਦੀ ਹਾਂ ਅਣਕਿਹਾ!

ਡਰ ਦੀ ਇਕ ਪੇਤਲੀ ਜਿਹੀ ਪਰਤ ਹੈ
ਅਣਗਿਣਤ ਚਿਹਰਿਆਂ 'ਤੇ
ਸਹਿਮ ਦੀ ਇਕ ਸ਼ਿਕਨ ਹੈ
ਉਹ ਖਾਮੋਸ਼ ਹਨ
ਵੇਖ ਸਕਦੀ ਹਾਂ ਮੈਂ!

ਬੇਸ਼ੱਕ ਮੈਂ ਪਰਬਤ ਹਾਂ
ਪਰ ਤਰਲ ਹਾਂ
ਵਹਿ ਸਕਦੀ ਹਾਂ ਲਾਵਾ ਬਣ ਵੀ
ਪਰ ਪਿਘਲਾਂਗੀ ਨਹੀਂ!

ਮੇਰੇ ਅੰਦਰ ਰੋਜ਼
ਨਜ਼ਮਾਂ ਜਨਮ ਲੈਂਦੀਆਂ ਹਨ
ਮੈਂ ਉਨ੍ਹਾਂ ਸੰਗ ਸੰਵਾਦ ਰਚਾਉਣਾ ਹੈ!
ਮੇਰਾ ਇਕ ਅਹਿਦ ਹੈ ਆਪਣੇ ਨਾਲ
ਮੈਂ ਮੌਲਣਾ ਹੈ
ਮੈਂ ਬੋਲਣਾ ਹੈ!

ਬੱਦਲਾਂ ਦੇ ਉਡਦੇ ਟੋਟੇ
ਮੈਨੂੰ ਕੋਈ ਨਵਾਂ ਸੁਨੇਹਾ ਦਿੰਦੇ ਨੇ
ਕਈ ਨਵੇਂ ਮੰਜ਼ਰ
ਮੇਰਾ ਇੰਤਜ਼ਾਰ ਕਰਦੇ ਨੇ
ਰੋਜ਼ ਮੇਰੇ ਵਿਹੜੇ
ਸ਼ਬਦਾਂ ਦੀ ਕਿਣਮਿਣ ਹੁੰਦੀ ਹੈ
ਮੈਂ ਇਕ ਬੱਚੇ ਵਾਂਗ
ਉਸ ਬਾਰਿਸ਼ 'ਚ ਨਹਾਉਣਾ ਹੈ!

ਬਥੇਰੇ ਬਲੈਕ ਹੋਲ ਨੇ ਬ੍ਰਹਿਮੰਡ 'ਚ
ਮੇਰੇ ਅੰਬਰੀਂ ਤਾਂ ਕੇਵਲ
ਅਕਾਸ਼ ਗੰਗਾਵਾਂ ਜਿਹੇ ਰਾਹ ਰੌਸ਼ਨ ਨੇ
ਮੈਂ ਇਨ੍ਹਾਂ ਰਾਹਾਂ 'ਤੇ ਨੱਚ ਨੱਚ
ਹਰ ਰੂਹ ਨੂੰ ਰਿਝਾਉਣਾ ਹੈ
ਮੇਰੇ ਸ਼ਬਦ ਅਜੇ ਜਾਗਦੇ ਨੇ
ਮੈਂ ਇਨ੍ਹਾਂ ਨੂੰ ਕੋਲ ਬਹਾਉਣਾ ਹੈ!

ਉਹ ਖਾਮੋਸ਼ ਹਨ,
ਚੁੱਪ ਸੁਣਦੀ ਹੈ ਮੈਨੂੰ
ਗੂੰਜਦੀ ਹੈ ਮੇਰੇ ਦੁਆਲੇ,
ਬੋਲਣਗੇ ਕੁਝ ਇਹ ਬੁੱਤ ਵੀ ਕਦੇ?

ਇਹੋ ਜਿਹਾ ਰਿਸ਼ਤਾ ਹੈ ਮੇਰਾ ਕਵਿਤਾ ਨਾਲ! ਲਿਖਦਿਆਂ ਲਿਖਦਿਆਂ ਕਵਿਤਾ ਮੇਰੇ ਅੰਦਰਲੇ ਵੇਗ ਨੂੰ ਉਦਾਤ ਕਰ ਜਾਂਦੀ ਹੈ ਅਤੇ ਮੈਂ ਹੌਲੀ ਹੌਲੀ ਸਹਿਜ ਹੁੰਦੀ ਜਾਂਦੀ ਹਾਂ। ਇਹ ਇਕ ਕਿਸਮ ਦਾ ਸਵੈ ਨਾਲ ਲੜਿਆ ਦਵੰਦ-ਯੁੱਧ ਹੁੰਦਾ ਹੈ ਜਿਸ ਵਿਚ ਮੇਰੀ ਹਉਮੈ ਦੇ ਹਾਰਨ ਦੀ ਪ੍ਰਕ੍ਰਿਆ ਚੱਲਦੀ ਚੱਲਦੀ ਜ਼ਿੰਦਗੀ ਪ੍ਰਤੀ ਹਾਂ-ਮੁਖੀ ਰਵੱਈਆ ਅਪਨਾਉਣ ਲੱਗਦੀ ਹੈ।

ਕਿਸ ਲਈ ਲਿਖੀ ਗਈ, ਕਿਸ ਨੂੰ ਸੰਬੋਧਿਤ ਹੈ ਇਹ ਕਵਿਤਾ? ਨਾ ਬਈ ਨਾ! ਇਹ ਤਾਂ ਕਵਿਤਾ ਦਾ ਸੱਚ ਹੈ, ਉਸੇ ਦੇ ਬੋਝੇ 'ਚ ਹੀ ਲੁਕਿਆ ਰਹੇ ਤਾਂ ਚੰਗਾ ਹੈ। ਐਵੇਂ ਕਾਹਨੂੰ ਝਿੰਜ ਪਾਉਣੀ ਹੈ! ਅਸਾਂ ਕਿਹੜੀ ਜੰਗ ਜਿੱਤਣੀ ਹੈ। ਆਇਆ ਸੀ ਮਾੜਾ ਜਿਹਾ ਰੋਹ ਪਰ ਫਿਰ ਆਪੇ ਸੋਚ ਮੋੜੇ ਪੈ ਗਈ ਅਤੇ ਮੈਨੂੰ ਇਹ ਸਮਝਾ ਗਈ:

ਬਥੇਰੇ ਬਲੈਕ ਹੋਲ ਨੇ ਬ੍ਰਹਿਮੰਡ 'ਚ
ਪਰ ਮੇਰੇ ਅੰਬਰੀਂ ਤਾਂ ਕੇਵਲ
ਅਕਾਸ਼ ਗੰਗਾਵਾਂ ਜਿਹੇ ਰਾਹ ਰੌਸ਼ਨ ਨੇ।

ਇਸ ਤਰ੍ਹਾਂ ਮੈਂ ਆਪਣੇ ਕਿਸੇ ਵੀ ਰੋਹ ਜਾਂ ਉਦਾਸੀ ਤੋਂ ਉਤੇ ਉਠ ਜਾਂਦੀ ਹਾਂ, ਇਸ ਦੇ ਪਾਰ ਚਲੀ ਜਾਂਦੀ ਹਾਂ। ਆਪਣੀ ਹਰ ਔਖੀ ਘੜੀ ਕਵਿਤਾ ਦੇ ਹਵਾਲੇ ਕਰ ਆਪ ਮੁਕਤ ਹੋ ਜਾਂਦੀ ਹਾਂ।

ਮੁਹੱਬਤ ਦਾ ਨਾਂ ਲੈਂਦਿਆ ਹੀ ਰੂਹ ਮਹਿਕ ਜਾਂਦੀ ਹੈ। ਕਾਇਨਾਤ ਦੇ ਕਣ ਕਣ ਵਿਚ ਮੁਹੱਬਤ ਬੀਜ ਰੂਪ ਵਿਚ ਵਿਦਮਾਨ ਹੈ। ਮੁਹੱਬਤ ਕੁਝ ਮੰਗਣ ਦੀ ਥਾਂ ਦੇਣ ਦਾ ਨਾਂ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਨਚੋਨਦਟਿਓਨਿਅਲੋ ਵਣ' (ਬਿਨਾ ਸ਼ਰਤ ਮੁਹੱਬਤ) ਆਖਦੇ ਨੇ। ਕੁਦਰਤ ਆਪਣੇ ਜੀਵਾਂ ਨਾਲ ਇਹੋ ਜਿਹੀ ਹੀ ਮੁਹੱਬਤ ਕਰਦੀ ਹੈ। ਮੁਹੱਬਤ ਵਿਚ ਪਿਆਰੇ 'ਤੇ ਮਰ ਮਿਟਣ ਦਾ ਜਜ਼ਬਾ ਹੁੰਦਾ ਹੈ। ਬਹੁਤ ਮਿਸਾਲਾਂ ਨੇ ਅਜਿਹੀਆਂ, ਜਦੋਂ ਮੁਹੱਬਤ ਪਿੱਛੇ ਜਾਨ ਕੁਰਬਾਨ ਕਰ ਦਿੱਤੀ ਗਈ। ਪਰ ਕਈ ਵੇਰ ਮੁਹੱਬਤ ਕਿਸੇ ਦੇ ਮੇਚ ਨਹੀਂ ਆਉਂਦੀ, ਖਾਸ ਕਰ ਕੁੜੀਆਂ ਦੇ। ਉਹ ਇਕ-ਪਾਸੜ ਹੋ ਕੇ ਰਹਿ ਜਾਂਦੀ ਹੈ। ਕੋਈ ਕੋਮਲ-ਭਾਵੀ ਇਸਤਰੀ ਜਦੋਂ ਕਿਸੇ 'ਮਰਦ' ਦੇ ਰਿਸ਼ਤੇ ਵਿਚੋਂ ਮੋਹ-ਭਿੱਜੇ ਸਾਥੀ ਨੂੰ ਭਾਲਦੀ ਹੈ ਪਰ ਉਹ ਉਸ ਦੀ ਦੇਹ ਤੋਂ ਅੱਗੇ ਨਹੀਂ ਸੋਚ ਸਕਦਾ ਤਾਂ ਅਮ੍ਰਿਤਾ ਦੇ ਕਹਿਣ ਵਾਂਗ ਔਰਤ 'ਅਰਧ-ਕੁਆਰੀ' ਰਹਿ ਜਾਂਦੀ ਹੈ। ਇਹੋ ਜਿਹੀਆਂ ਕਹਾਣੀਆਂ ਸੁਣਾਉਂਦੀਆਂ, ਪਿਆਰ ਦੀਆਂ ਭੁੱਖੀਆਂ ਔਰਤ-ਰੂਹਾਂ ਨੂੰ ਮੈਂ ਟੁੱਟ-ਟੁੱਟ ਕੇ ਰੋਂਦੇ ਤੱਕਿਆ ਹੈ। ਦਿਲ ਵਿਚ ਇਕ ਆਰੀ ਜਿਹੀ ਫਿਰ ਜਾਂਦੀ ਹੈ ਅਤੇ ਬੱਸ ਇੰਨਾ ਹੀ ਕਹਿ ਹੋਇਆ:

ਕੁੜੀ ਤਾਂ ਝੱਲੀ ਸੀ
ਕੁੜੀ ਚਾਹੁੰਦੀ ਸੀ ਕਿ
ਉਹ ਉਸ ਦੀਆਂ ਤਲੀਆਂ 'ਤੇ
ਦੁੱਧ-ਚਿੱਟੀ ਚਾਨਣੀ ਦੇ ਫੇਹੇ ਰੱਖੇ
ਉਸ ਨੂੰ ਮੋਹ ਦੀਆਂ ਨਜ਼ਰਾਂ ਨਾਲ ਤੱਕੇ
ਤੇ ਗੁਆਚਿਆ ਰਹੇ
ਉਸੇ ਪਲ ਦੇ ਤਲਿੱਸਮ 'ਚ!

ਰਾਤ ਦੀ ਰਾਣੀ ਮਹਿਕਦੀ ਰਹੇ
ਤ੍ਰੇਲ ਦੇ ਤੁਪਕਿਆਂ ਦੀਆਂ
ਨਰਮ ਆਬਸ਼ਾਰਾਂ ਵਿਚ
ਖਾਮੋਸ਼ੀ ਉਨ੍ਹਾਂ ਨੂੰ ਭਿਉਂਦੀ ਰਹੇ!

ਹੌਲੀ ਹੌਲੀ
ਜੁੜੀਆਂ ਤਲੀਆਂ ਦਾ
ਅਹਿਸਾਸ ਵਿਸਰ ਜਾਵੇ,
ਉਨ੍ਹਾਂ ਦੇ ਸਾਹਾਂ ਦੀ ਸਰਗਮ
ਕਾਇਨਾਤ ਦੀ ਤਾਲ 'ਤੇ
ਕੋਈ ਰਾਗਨੀ ਗਾਵੇ!

ਬੱਸ ਇਹੀ ਤਾਂ ਚਾਹੁੰਦੀ ਸੀ
ਉਹ ਝੱਲੀ ਕੁੜੀ!!

ਕਿਉਂ ਕਦੇ ਦੇਹੀ ਤੋਂ ਪਾਰ
ਉਸ ਦੀ ਰੂਹ ਤੱਕ
ਨਾ ਪਹੁੰਚ ਸਕਿਆ ਉਹ?
ਸਾਰੀ ਰਾਤ ਸੋਚਦੀ ਰਹੀ
ਉਹ ਝੱਲੀ ਕੁੜੀ!!

ਸੋਚ ਮਚਲਦੀ ਰਹਿੰਦੀ ਹੈ। ਕਈ ਵੇਰ ਯਥਾਰਥ ਤੋਂ ਪਾਰ ਤਸੱਵਰ ਦੀਆਂ ਵਾਦੀਆਂ 'ਚ ਘੁੰਮਣ ਲੱਗਦੀ ਹੈ। ਉਸ ਨੂੰ ਨਦੀਆਂ ਆਪਣੇ ਵੱਲ ਬੁਲਾਉਂਦੀਆਂ ਨੇ। ਖਿੜੀਆਂ ਧੁੱਪਾਂ ਨਾਲ ਕਲੋਲਾਂ ਕਰਨ ਨੂੰ ਜੀਅ ਕਰਦਾ ਹੈ। ਰੇਤ 'ਚ ਨਹਾਉਂਦੀਆਂ ਚਿੜੀਆਂ ਦੇ ਪਿੱਛੇ ਭੱਜਣ ਨੂੰ ਜੀਅ ਕਰਦਾ ਹੈ। ਪੱਥਰਾਂ 'ਤੇ ਬੈਠ ਪਰਬਤਾਂ ਦੇ ਤਲਿੱਸਮ ਨੂੰ ਮਾਣਨ ਲਈ ਜੀਅ ਕਰਦਾ ਹੈ। ਸੁਪਨੇ ਉਸ ਨੂੰ ਸੱਚ ਲਗਦੇ ਨੇ ਤੇ ਤਸਵੀਰਾਂ ਜਾਗ ਜਾਂਦੀਆਂ ਨੇ, ਬੋਲ ਉਠਦੀਆਂ ਨੇ। ਪਲ ਵਿਚ ਹੀ ਉਹ ਬੋਲ ਕਵਿਤਾ ਦਾ ਰੂਪ ਧਾਰ ਲੈਂਦੇ ਨੇ:

ਤਸਵੀਰ
ਤੇਰੇ ਹੱਥ ਵਾਈਨ ਦਾ ਗਿਲਾਸ
ਮੇਰੇ ਹੱਥ ਐਪਲ ਸਾਈਡਰ ਦਾ ਪੀਲਾ ਕੱਪ
ਕਿਸੇ ਕੈਨੇਡੀਅਨ ਟਾਊਨ ਦੇ
ਰੇਸਤੋਰਾਂ ਵਿਚ ਬੈਠੇ
ਅਸੀਂ ਦੋਵੇਂ ਟੋਸਟ ਕਰ ਰਹੇ ਹਾਂ!

ਤੂੰ ਮੇਰੇ ਵੱਲ ਵੇਖ ਰਿਹੈਂ
ਮੈਂ ਖਲਾਅ ਵਿਚ ਤੱਕ ਰਹੀ ਹਾਂ!
ਤੇਰੇ ਬੁੱਲ੍ਹਾਂ 'ਤੇ ਇਕ ਸਹਿਜ ਮੁਸਕਾਨ ਹੈ
ਤੇ ਮੇਰੀ ਮੁਸਕਾਨ ਵਿਚ
ਕੈਮਰੇ ਦੀ ਅੱਖ ਦਾ ਫਿਕਰ ਝਲਕਦੈ!

ਪਿੱਛੇ 'ਕ੍ਰਿਸਮਸ ਦੀ ਡੈਕੋਰੇਸ਼ਨ'
ਲਾਲ ਹਰੇ ਲਟਕਦੇ 'ਰੀਥ'
ਰੌਸ਼ਨੀਆਂ ਦੇ ਮਰਕਜ਼
ਸ਼ੀਸ਼ਿਆਂ ਦੇ ਪਾਰ ਦਿਸਦੇ
ਪਿੱਠ 'ਤੇ ਚਿਪਕੇ ਕਈ ਹੋਰ ਚਿਹਰੇ।

ਤਸਵੀਰ ਦੇ ਉਰਾਰ-ਪਾਰ
ਬਹੁਤ ਕੁਛ ਹੈ ਹੋਰ
ਜੋ ਠਹਿਰਿਆ ਹੋਇਆ ਹੈ
ਕਿਤੇ ਪਿਛਾਂਹ, ਬਹੁਤ ਦੂਰ
ਕਿੱਲੀ 'ਤੇ ਪੁੱਠਾ ਲਟਕਿਆ ਵਕਤ
ਲੰਮੀਆਂ ਪਗਡੰਡੀਆਂ
ਧੁੱਪਾਂ-ਛਾਂਵਾਂ ਦੇ ਪਰਛਾਂਵੇਂ
ਹਾਸੇ ਤੇ ਉਦਰੇਵੇਂ!

ਤਸਵੀਰ ਵਿਚ ਹੁਸਨ ਹੈ
ਠਹਿਰਿਆ ਹੋਇਆ ਸਮਾਂ ਹੈ
ਖੂਬਸੂਰਤ ਜ਼ਿੰਦਗੀ ਧੜਕਦੀ ਹੈ
ਜੋ ਵਾਪਰ ਰਹੀ ਹੈ ਹੁਣ
ਤੇ ਵਾਪਰਦੀ ਰਹੇਗੀ ਇਵੇਂ ਹੀ ਸਦਾ!

ਕਵਿਤਾ ਦਾ ਵਿਹੜਾ ਬਹੁਤ ਮੋਕਲਾ ਹੈ। ਇਸ ਵੇਗ ਨੂੰ ਕਿਸੇ ਵਲਗਣ ਵਿਚ ਵਲ ਲੈਣਾ ਜਾਂ ਬੰਦਿਸ਼ਾਂ ਵਿਚ ਬੰਨ ਲੈਣਾ, ਮੇਰੇ ਵੱਸ ਵਿਚ ਨਹੀਂ। ਕਵਿਤਾ ਇਵੇਂ ਹੀ ਕਦੇ ਲੁੱਕਣ-ਮੀਟੀ ਖੇਡਦੀ ਹੈ ਮੇਰੇ ਨਾਲ, ਕਦੇ ਮੈਂ ਉਸ ਨੂੰ ਆਖਦੀ ਹਾਂ, 'ਆਹ! ਲੈ ਫੜ੍ਹ ਲਿਆ।' ਪਲ ਪਲ ਸਿਰਜ ਹੁੰਦੀ ਕਵਿਤਾ ਦੀ ਇਹ ਖੇਡ ਨਿਰੰਤਰ ਜਾਰੀ ਹੈ ਤੇ ਜਾਰੀ ਰਹੇਗੀ, ਜਦੋਂ ਤੱਕ ਮੇਰੇ ਸ਼ਬਦ ਜਾਗਦੇ ਨੇ। ਆਮੀਨ!

## ਕਾਵਿ ਸੰਸਾਰ

### ਪੱਛੜ ਗਿਆ ਪੰਜਾਬ

ਪੱਛੜ ਗਿਆ ਪੰਜਾਬ ਦੋਸਤੋ,
ਪੱਛੜ ਗਿਆ ਪੰਜਾਬ।
ਲੰਗੜੀ ਹੋ ਗਈ ਰਾਵੀ ਸਾਡੀ,
ਹੋਇਆ ਗਾਇਬ ਚਨਾਬ।

ਕਿੱਧਰ ਗਏ ਉਹ ਬਾਂਕੇ ਗੱਭਰੂ,
ਅਤਿ ਸੁੰਦਰ ਮੁਟਿਆਰਾਂ?
ਕਿਉਂ ਅੱਜ ਕਿਧਰੇ ਨਜ਼ਰ ਨਾ ਆਵਣ,
ਸੁਹਣੀਆਂ ਸੁਹਣੀਆਂ ਨਾਰਾਂ?
ਕਿਉਂ ਸਭਨਾਂ ਨੇ ਚੁੱਪ ਵੱਟੀ ਹੈ,
ਦੇਵੋ ਕੋਈ ਜਵਾਬ...।

ਅੱਜ ਦੀ ਜੱਟੀ ਭੱਤਾ ਲੈ ਕੇ,
ਨਹੀਂ ਖੇਤ ਨੂੰ ਜਾਂਦੀ।
ਨਾ ਉਸ ਦੇ ਹੱਥਾਂ ਵਿਚ ਸੋਨਾ,
ਨਾ ਪੈਰਾਂ ਵਿਚ ਚਾਂਦੀ।
ਇਹ ਸਭ ਗੜਬੜ ਕਿੱਦਾਂ ਹੋਈ,
ਕਿਹੜਾ ਦੇਊ ਹਿਸਾਬ...?

ਕੇਸ ਕਟਾ ਕੇ ਮੁੰਡੇ-ਕੁੜੀਆਂ,
ਘੋਨੇ ਮੋਨੇ ਹੋਏ।
ਸਭਿਆਚਾਰ ਅਸਾਡਾ ਬੈਠਾ,
ਮਾਰ ਦੁਹੱਥੜ ਰੋਏ।
ਬੁੱਢੇ ਮਾਪੇ ਝੂਰ ਰਹੇ ਨੇ,
ਟੁਕੜੇ ਹੋ ਗਏ ਖਾਬ...।

ਅੱਜ ਨਾਨਕ ਦੀ ਬਾਣੀ ਵਿਸਰੀ,
ਯਾਦ ਰਿਹਾ ਨਾ ਬੁੱਲ੍ਹਾ।
ਲੁੱਚੇ ਬੋਲ ਸੁਣਾਈ ਦਿੰਦੇ,
ਦਰ ਕੰਜਰਾਂ ਦਾ ਖੁੱਲ੍ਹਾ।
ਸਮਝ ਨਾ ਆਉਂਦੀ ਮਰਦਾਨੇ ਦੀ
ਅੱਜ ਕਿਧਰ ਗਈ ਰਬਾਬ...?

ਜ਼ਿੰਮੇਵਾਰ ਵਿਅਕਤੀ ਸਾਰੇ,
ਹੱਲ ਨਾ ਕੋਈ ਕੱਢਣ।
ਜਿਸ ਦਾ ਵੀ ਦਾਅ ਲੱਗ ਜਾਂਦਾ ਹੈ,
ਲੱਗ ਪੈਂਦਾ ਹੈ ਵੱਢਣ।
'ਨਵਰਾਹੀ' ਨਸ਼ਿਆਂ ਨੇ ਸਾਨੂੰ,
ਕੀਤਾ ਬਹੁਤ ਖਰਾਬ।
ਪੱਛੜ ਗਿਆ ਪੰਜਾਬ ਦੋਸਤੋ,
ਪੱਛੜ ਗਿਆ ਪੰਜਾਬ।

***-ਨਵਰਾਹੀ ਘੁਗਿਆਣਵੀ,***
***ਫਰੀਦਕੋਟ।***
***ਫੋਨ: 91-98150-02302***

---

### ਕੋਠੇ ਚੜ੍ਹ ਚੜ੍ਹ ਵਾਟ ਨਿਹਾਰਾਂ

ਕੋਠੇ ਚੜ੍ਹ ਚੜ੍ਹ ਵਾਟ ਨਿਹਾਰਾਂ
ਸਾਂਵਲ ਨਜ਼ਰ ਨਾ ਆਵੇ।
ਕੀਹ ਮੂੰਹ ਲੈ ਤੇਰੇ ਘਰ ਆਸਾਂ
ਝੋਰਾ ਵੱਢ ਵੱਢ ਖਾਵੇ।
ਦੂਰ ਦੇਸ਼ ਵਿਚ ਸਾਂਵਲ ਦਾ ਘਰ
ਖਬਰ ਪਤਾ ਨਾ ਕਾਈ,
ਜਿੰਦ ਦੇਵਾਂ 'ਸੁਰਜੀਤ' ਓਸ ਨੂੰ
ਜੋ ਸਾਹਿਬ ਨਾਲ ਮਿਲਾਵੇ।

ਗਲੀਏ ਗਲੀਏ ਫਿਰਾਂ ਢੂੰਡੇਂਦੀ
ਖਬਰ ਮਿਲੇ ਨਾ ਤੇਰੀ।
ਦਸੇ ਦਿਸ਼ਾਵਾਂ ਫਿਰ ਫਿਰ ਹਾਰੀ
ਸਭ ਕਰਦੇ ਮੇਰੀ ਮੇਰੀ।
ਉਸ ਖਲਕਤ ਦੇ ਖਾਲਕ ਤਾਈਂ
ਭੁੱਲ ਗਈ ਖਲਕਤ ਸਾਰੀ,
ਆ 'ਸੁਰਜੀਤ' ਫਸੀ ਵਿਚ ਲਹਿਰਾਂ
ਮੰਝ ਮੁਹਬਤ ਤੇਰੀ।

ਨਾ ਰਾਤਾਂ ਨੂੰ ਨੀਂਦਰ ਪੈਂਦੀ
ਦਿਨ ਦੀਆਂ ਖੁਸ਼ੀਆਂ ਉਡੀਆਂ।
ਅਸਾਂ ਰੋਗ ਬਿਰਹਾ ਦੇ ਪਾਲੇ
ਲੋਕੀਂ ਪਾਵਣ ਲੁੱਡੀਆਂ।
ਇਕ ਸਿੱਕ ਦੀਦਾਰ ਤੇਰੇ ਦੀ
ਪਈ 'ਸੁਰਜੀਤ' ਪੁਕਾਰੇ,
ਆ ਜਾ ਸਾਂਵਲ ਹੁਣ ਤੇ ਆ ਜਾ
ਆਸਾਂ ਹੋਈਆਂ ਬੁੱਢੀਆਂ।

ਇਹ ਦੁਨੀਆਂ ਹੁਣ ਦੋਜ਼ਖ ਲੱਗਦੀ
ਰਿਸ਼ਤੇ ਲਗਦੇ ਜ਼ਹਿਰ ਨੀ ਮਾਏ।
ਨਾ ਜ਼ਿੰਦਗੀ ਦਾ ਰਿਦਮ ਹੈ ਕੋਈ
ਨਾ ਕੋਈ ਰਹਿ ਗਈ ਬਹਿਰ ਨੀ ਮਾਏ।
ਆਪਣਾ ਨਾ ਇਸ ਜਗ ਵਿਚ ਕੋਈ
ਆਪਣੇ ਢਾਹੁੰਦੇ ਕਹਿਰ ਨੀ ਮਾਏ।
ਕਦ 'ਸੁਰਜੀਤ' ਮਿਲੇਗਾ ਸਾਂਵਲ
ਤੜਪਾਂ ਅੱਠੇ ਪਹਿਰ ਨੀ ਮਾਏ।

ਜ਼ਿੰਦਗੀ ਦਾ ਇਹ ਪੰਧ ਲੰਮੇਰਾ
ਮੁੱਕਣ ਉਤੇ ਆਇਆ।
ਹੁਣ ਮੇਰੇ ਨਾਲ ਤੁਰਨੋਂ ਡਰਦਾ
ਮੇਰਾ ਆਪਣਾ ਸਾਇਆ।
ਨਾ ਕਿਸੇ ਹੱਥ ਸਿਰ 'ਤੇ ਹੈ ਰੱਖਿਆ
ਨਾ ਕਿਸੇ ਦਰਦ ਵੰਡਾਇਆ।
ਚੱਲ 'ਸੁਰਜੀਤ' ਸਾਂਵਲ ਕੋਲ ਚੱਲੀਏ
ਇਹ ਹੈ ਮੁਲਕ ਪਰਾਇਆ।

ਤੂੰ ਸ੍ਰਿਸ਼ਟੀ ਦਾ ਮਾਲਕ ਪ੍ਰਭ ਜੀ
ਤੂੰ ਖਲਕਤ ਦਾ ਖਾਲਕ ਹੈਂ।
ਇਹ ਰਚਨਾ ਸਭ ਤੇਰੀ ਸਾਹਿਬਾ
ਤੂੰ ਇਸ ਦਾ ਸੰਚਾਲਕ ਹੈਂ।
ਨਦੀਆਂ ਨਾਲੇ ਦਰਿਆ ਸਾਗਰ
ਤੇਰੇ ਹੁਕਮ 'ਚ ਚਲਦੇ ਨੇ,
ਕਰ ਮਿਹਰਾਂ 'ਸੁਰਜੀਤ' ਬਣਾ ਦੇਹ
ਤੂੰ ਸਭ ਦਾ ਪ੍ਰਤਿਪਾਲਕ ਹੈਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ।***

---

### ਪਿੰਡ ਦਾ ਚੇਤਾ

ਭਾਈ ਜੀ ਦੀ ਬਾਣੀ ਦਾ
ਚਾਟੀ 'ਚ ਮਧਾਣੀ ਦਾ।
ਸੰਖ ਘੜਿਆਲ ਦਾ
ਚੜ੍ਹਦੇ ਸੂਰਜ ਲਾਲ ਦਾ।
ਬਨੇਰੇ ਬੈਠੇ ਕਾਂ ਦਾ
ਚੁੱਲ੍ਹੇ ਮੂਹਰੇ ਮਾਂ ਦਾ।
ਬਲਦਾਂ ਦੀ ਟੱਲੀ ਦਾ
ਅੱਗ ਭੁੰਨੀ ਛੱਲੀ ਦਾ।
ਝੀਰਾਂ ਦੀ ਭੱਠੀ ਦਾ
ਲਾਲਿਆਂ ਦੀ ਹੱਟੀ ਦਾ।
ਬਾਪੂ ਦੀਆਂ ਮਾਰਾਂ ਦਾ
ਰੱਬ ਵਰਗੇ ਯਾਰਾਂ ਦਾ।
ਵਿਸਾਖੀ ਵਾਲੇ ਮੇਲੇ ਦਾ
ਕਸਾਈ ਹੱਥ ਲੇਲੇ ਦਾ।
ਬਰਾਤ ਅਤੇ ਡੋਲੀ ਦਾ
ਰੰਗਾਂ ਵਾਲੀ ਹੋਲੀ ਦਾ।
ਝਗੜਾ ਸ਼ਰੀਕਾਂ ਦਾ
ਕਚਹਿਰੀ 'ਚ ਤਰੀਕਾਂ ਦਾ।
ਤਾਏ ਨਾਲ ਵੰਡ ਦਾ
ਕਰਜੇ ਦੀ ਪੰਡ ਦਾ।
ਪਸ਼ੂਆਂ ਦੇ ਵੱਗ ਦਾ
ਸਿਵਿਆਂ ਦੀ ਅੱਗ ਦਾ।
ਥੱਕ-ਟੁੱਟ ਸੌਣ ਦਾ
ਕੁੱਤਿਆਂ ਦੇ ਰੋਣ ਦਾ।
ਸੁਪਨੇ ਵਿਦੇਸ਼ਾਂ ਦੇ
ਵਿਛੋੜੇ ਨੇ ਹਮੇਸ਼ਾ ਦੇ।

***-ਪਰਦੀਪ, ਸੈਨ ਹੋਜੇ***

### ਮਾਤ ਭਾਸ਼ਾ

ਗੌਰਵਮਈ ਮਾਂ ਬੋਲੀ ਆਪਣੀ,
ਪ੍ਰਸ਼ੰਸਾ ਇਸ ਦੇ ਦਾਮਨ ਪਾ।
ਕੰਡੇ ਚੁਣ ਕੇ ਸੁੱਟ ਕਰ ਪਾਸੇ,
ਇਹਦੇ ਰਾਹ ਵਿਚ ਫੁੱਲ ਵਿਛਾ।
ਰਾਣੀ ਬਣ ਕੇ ਰਹੀ ਜੋ ਗੋਲੀ,
ਉਸ ਦਾ ਉਚਿੱਤ ਹੱਕ ਦਿਵਾ।
ਰਾਜ ਭਾਗ ਦੇ ਵਿਹੜੇ ਅੰਦਰ,
ਗੁਲਦਸਤੇ ਜਿਉਂ ਦੇਹ ਸਜਾ।

ਫਰੀਕ ਨਾਲ ਸ਼ਰੀਕ ਜੋ ਤੱਕੇ,
ਤਿਰਛੀ ਨਜ਼ਰ ਨੂੰ ਨੁੱਕਰੇ ਲਾ।
ਪੰਜਾਬੀ ਝੰਡਾ ਉਚਾ ਚੁੱਕ ਕੇ,
ਦੇਸ-ਵਿਦੇਸ਼ ਸੰਦੇਸ਼ ਪਹੁੰਚਾ।

ਝੋਲੀ ਭਰ ਭਰ ਕੇ ਵੰਡ ਸਾਰੇ,
ਚਾਰੇ ਦਿਸ਼ਾਵਾਂ ਦੇਹ ਮਹਿਕਾ।
ਨਵੀਂ ਪਨੀਰੀ ਦਾ ਜੋ ਵਿਰਸਾ,
ਦਾਦੀ ਮਾਂ ਜਿਉਂ ਬਾਤ ਸੁਣਾ।

ਚਾਚੀ, ਮਾਸੀ ਦੀ ਸ਼ਹਿ ਉਤੇ,
ਆਪਣੀ ਮਾਂ ਨਾ ਗਹਿਣੇ ਪਾ।
ਬਿਗਾਨੀ ਜੂਹੀਂ ਰੁਲ ਨਾ ਜਾਏ,
ਚੁੱਕ ਲੈ ਇਸ ਨੂੰ ਗਲੇ ਲਗਾ।

ਅਸੀਂ ਤੇ ਹੋਕਾ ਦਿੰਦੇ ਰਹਿਣਾ,
ਜਾਗਦੇ ਰਹੋ ਦੀ ਲਾਟ ਜਗਾ।
ਜਿਸ ਮਾਂ 'ਪੰਨੂ' ਗੁੜ੍ਹਤੀ ਦਿੱਤੀ,
ਮਾਤ ਭਾਸ਼ਾ ਦੀ ਕਦਰ ਵਧਾ।

***-ਚਰਨਜੀਤ ਸਿੰਘ ਪੰਨੂ***

ਕਹਾਣੀ

# ਹਾਏ ਸੋਹਣਿਆਂ ਵੇ...

"ਹਾਏ ਸੋਹਣਿਆਂ ਵੇ ਜੱਗ ਜਿਉਂਦਿਆਂ ਦੇ ਮੇਲੇ, ਦਰਗਾਹੀਂ ਜਾ ਕੇ ਕੌਣ ਮਿਲਦਾ?" ਮਾਹੀ ਦੀ ਕਾਲ ਖਤਮ ਹੋਣ 'ਤੇ ਜੋਤ ਦੇ ਮੂੰਹੋਂ ਬਦੋਬਦੀ ਨਿਕਲਿਆ। ਉਸ ਉਪਰ ਦੇਖਿਆ। ਨੀਲ ਗਗਨ ਦੀ ਆਭਾ ਦੇਖਦਿਆਂ ਹੀ ਬਣਦੀ ਸੀ। ਜਾਣੋਂ ਉਹ ਖਿੜਖਿੜਾ ਕੇ ਹੱਸ ਰਿਹਾ ਹੋਵੇ, "ਤੂੰ ਕਾਹਨੂੰ ਹੱਸਦੈਂ? ਮੈਥੋਂ ਨਹੀਂ ਝੱਲ ਹੁੰਦੀਆਂ ਇਹੋ ਜਿਹੀਆਂ ਗੱਲਾਂ। ਅਸੀਂ ਹਾਂ ਸਾਫ ਦਿਲ ਦੇ ਬੰਦੇ।" ਉਸ ਮਨ ਹੀ ਮਨ ਨੀਲ ਗਗਨ ਨੂੰ ਨਿਹੋਰਾ ਮਾਰਿਆ।

"ਕੀ ਤੂੰ ਮੈਥੋਂ ਵੱਧ ਸਾਫ ਏਂ?" ਨੀਲ ਗਗਨ ਪੁੱਛ ਰਿਹਾ ਸੀ।



"ਇਹੋ ਜਿਹੀ ਹਾਲਤ ਵਿਚ ਬੰਦਾ ਹੋਰ ਕੀ ਸੋਚ ਸਕਦਾ, ਤੂੰ ਹੀ ਦੱਸ?" ਉਸ ਨੀਲ ਗਗਨ ਨੂੰ ਸਵਾਲ ਕੀਤਾ।

**ਅਸ਼ੋਕ ਵਾਸਿਸ਼ਠ***
**ਫੋਨ: 91-98106-28570**

"ਤੂੰ ਕੁਝ ਨਹੀਂ ਸੋਚਣਾ, ਤੂੰ ਬਸ ਦਿਲ ਦੀਆਂ ਗੱਲਾਂ ਕਰ ਤੇ ਦਿਲ ਤੇਰੇ ਨਾਲ ਏ।" ਨੀਲ ਗਗਨ ਦੀ ਗੱਲ ਸੁਣ ਉਹਦਾ ਹਾਸਾ ਨਿਕਲ ਗਿਆ, "ਤੂੰ ਵੀ ਕਿਹੋ ਜਿਹੀਆਂ ਗੱਲਾਂ ਕਰ ਰਿਹੈਂ, ਭਲਾ ਇੰਜ ਵੀ ਕਦੇ ਹੁੰਦੈ।"

"ਇਹ ਤੂੰ ਪੁੱਛਦੀ ਹੈਂ ਮੈਨੂੰ! ਤੈਂ ਪਿਆਰ ਕੀਤੈ, ਤੇ ਪਿਆਰ ਹਮੇਸ਼ਾ ਦਿਲ ਨਾਲ ਹੁੰਦੈ, ਦਿਮਾਗ ਦਾ ਕੀ ਕੰਮ ਇਹੋ ਜਿਹੇ ਮਾਮਲਿਆਂ ਵਿਚ!"

"ਬਈ ਉਹ ਤਾਂ ਠੀਕ ਹੈ ਪਰ ਇਹ ਹੋਵੇ ਕਿੱਦਾਂ?"

"ਤੂੰ ਆਪਣੇ ਦਿਲ ਦੇ ਕਪਾਟ ਖੋਲ੍ਹ, ਉਹਨੂੰ ਵਿਸ਼ਾਲ ਬਣਾ, ਫੇਰ ਦੇਖ, ਤੈਨੂੰ ਹੋਰ ਦਾ ਹੋਰ ਦਿਸਣ ਲੱਗੇਗਾ।"

"ਉਹ ਤਾਂ ਪਹਿਲਾਂ ਹੀ ਖੁਲ੍ਹੈ, ਹੋਰ ਕਿਹੋ ਜਿਹਾ ਕਰਾਂ।"

"ਮੇਰੇ ਜਿਹਾ। ਰਤਾ ਇਕ ਵਾਰ ਫੇਰ ਮੈਨੂੰ ਦੇਖ।"

ਜੋਤ ਨੇ ਨੀਲ ਗਗਨ ਵੱਲ ਤੱਕਿਆ। ਉਹਦੀ ਵਿਸ਼ਾਲਤਾ ਨੂੰ ਅਨੁਭਵ ਕੀਤਾ। "ਚਲ ਚੰਗਾ, ਏਦਾਂ ਹੀ ਸਹੀ।" ਉਸ ਇਕ ਵਾਰ ਫਿਰ ਨੀਝ ਜਿਹੀ ਨਾਲ ਖੁਲ੍ਹੇ ਅਸਮਾਨ ਵੱਲ ਤੱਕਿਆ ਤੇ ਫੋਨ ਸਾਂਭਦੀ ਅੰਦਰ ਚਲੀ ਗਈ।

ਹੁਣ ਉਹ ਕਾਫੀ ਹੱਦ ਤੱਕ ਸ਼ਾਂਤ ਹੋ ਚੁਕੀ ਸੀ। ਸੋਚਾਂ ਦੀ ਚਰਖੜੀ ਚੱਲਣੀ ਬੰਦ ਤਾਂ ਨਹੀਂ ਸੀ ਹੋਈ ਪਰ ਉਹਦਾ ਵੇਗ ਘਟ ਗਿਆ ਸੀ। ਉਹਦੇ ਦਿਮਾਗ ਵਿਚ ਇਕ ਵਿਚਾਰ ਅਜੇ ਵੀ ਚੱਕਰ ਕੱਟੀ ਜਾ ਰਿਹਾ ਸੀ, "ਜੇ ਉਸ ਨਹੀਂ ਆਉਣਾ ਸੀ ਤਾਂ ਸਾਫ ਕਹਿ ਦਿੰਦਾ, ਭਲਾ ਇਹ ਕੀ ਗੱਲ ਹੋਈ, ਅਖੇ, ਜਿਉਂਦੇ ਰਹੇ ਤਾਂ ਜਰੂਰ ਮਿਲਾਂਗੇ। ਪਿਛਲੀ ਝਾੜ ਝੰਬ ਨੂੰ ਭੁੱਲ ਗਿਆ ਲਗਦੈ। ਚੱਲ ਕੋਈ ਨਾ, ਆ ਲੈਣ ਦੇ ਉਹਨੂੰ, ਫੇਰ ਦੱਸਾਂਗੀ।" ਉਸ ਇਕ ਵਾਰ ਫਿਰ ਮਨ ਹੋਧਰੇ ਲਾਉਣ ਦਾ ਯਤਨ ਕੀਤਾ। ਉਹ ਸੋਫੇ 'ਤੇ ਢਾਸਣਾ ਲਾ ਕੇ ਬਹਿ ਗਈ। ਸੋਚ ਸ਼ਾਂਤ ਹੋਈ ਤਾਂ ਅੱਖ ਲੱਗਣ ਵਿਚ ਦੇਰ ਨਾ ਲੱਗੀ।

'ਸ਼ੇਰਾਂ ਦੀ ਕੌਮ ਪੰਜਾਬੀ' ਮੋਬਾਇਲ ਨੇ ਇਹ ਗੀਤ ਸੁਣਾਇਆ ਤਾਂ ਜੋਤ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਤਤ ਫਟ ਮੋਬਾਇਲ ਫੜ੍ਹ ਲਿਆ। ਦੂਜੇ ਪਾਸਿਓਂ ਮਾਹੀ ਦਾ ਸੁਰ ਸੁਣਾਈ ਦੇ ਰਿਹਾ ਸੀ।

"ਜੋਤ, ਮੇਰੀ ਜੋਤ!"

"ਯਾਦ ਆ ਗਈ ਐ?"

"ਇਹ ਜੋਤ ਤਾਂ ਹਮੇਸ਼ਾ ਮੇਰੇ ਦਿਲ ਨੂੰ ਰੁਸ਼ਨਾਉਂਦੀ ਏ, ਇਹਨੂੰ ਭੁੱਲ ਕੇ ਅਸਾਂ ਕਿੱਥੇ ਜਾਣਾ!"

"ਚਲ ਝੂਠਾ ਨਾ ਹੋਵੇ ਤਾਂ!"

"ਤੇਰੀ ਸਹੁੰ!"

"ਝੂਠੀਆਂ ਸਹੁੰਆਂ ਖਾਣ ਲਈ ਮੈਂ ਹੀ ਰਹਿ ਗਈ ਆਂ?"

"ਏਦਾਂ ਤਾਂ ਨਾ ਕਹੋ ਜੀ, ਦਿਨ ਕੀ ਤੇ ਰਾਤ ਕੀ, ਬੰਦਾ ਬਸ ਤੁਹਾਡੇ ਨਾਮ ਦਾ ਜਾਪ ਕਰਦੈ!"

"ਅੱਛਾ ਜੀ!"

"ਹੋਰ ਨਹੀਂ ਤਾਂ ਕੀ!"

"ਬੜੀ ਛੇਤੀ ਆਪਣਾ ਸੁਰ ਬਦਲ ਲਿਐ!"

"ਬਈ, ਸਾਡਾ ਸੁਰ ਤਾਂ ਪਹਿਲਾਂ ਵੀ ਇਹੋ ਜਿਹਾ ਈ ਸੀ ਤੇ ਹੁਣ ਵੀ ਇਹੋ ਜਿਹਾ ਏ!"

"ਓਸ ਵੇਲੇ ਤਾਂ...।"

"ਓਸ ਵੇਲੇ ਕੀ ਮੇਰੀ ਜਾਨ?"

"ਅਖੇ, ਜੱਗ ਜਿਉਂਦਿਆਂ ਦੇ ਮੇਲੇ!"

"ਤਾਂ ਮੈਂ ਕੀ ਗਲਤ ਕਿਹਾ ਸੀ?"

"ਏਦਾਂ ਵੀ ਕਹੀਦੈ!"

"ਤੈਂ ਪੂਰਾ ਗੀਤ ਸੁਣਨ ਦੀ ਖੇਚਲ ਨਹੀਂ ਕੀਤੀ!"

"ਜੇ ਮੈਨੂੰ ਸਮਝ ਨਹੀਂ ਆਈ ਤਾਂ ਤੁਸੀਂ ਸਮਝਾ ਦਿਓ ਸ਼੍ਰੀਮਾਨ ਮਾਹੀ ਜੀ!"

"ਲੈ ਇਹਦੇ ਵਿਚ ਨਾ ਸਮਝਣ ਵਾਲੀ ਕਿਹੜੀ ਗੱਲ ਐ!"

"ਨਾ! ਜੇ ਮੈਨੂੰ ਸਮਝ ਨਹੀਂ ਆਈ ਤਾਂਹੀਓਂ ਕਹਿੰਦੀ ਹਾਂ!"

"ਤੂੰ ਏਨੀ ਇਆਣੀ ਵੀ ਨਹੀਂ। ਬੜੇ ਬੜਿਆਂ ਦੇ ਕੰਨ ਕੁਤਰਦੀ ਏਂ!"

"ਆਹੋ ਜੀ ਸਾਨੂੰ ਤਾਂ ਬਸ ਏਹੋ ਕੰਮ ਐ!"

"ਲੈ ਤੂੰ ਤਾਂ ਗੁੱਸਾ ਕਰ ਗਈ!"

"ਹੋਰ ਨਹੀਂ ਤਾਂ ਕੀ!"

"ਚਲ ਛੱਡ ਪਰ੍ਹੇ, ਮੇਰੇ ਕਹਿਣ ਦਾ ਭਾਵ ਸੀ, ਅਸੀਂ ਭਾਗਾਂ ਵਾਲੇ ਹਾਂ, ਸਾਡੇ ਮੇਲੇ ਹੁੰਦੇ ਰਹਿੰਦੇ ਨੇ, ਸਾਡੇ ਇਸ ਜੀਵਨ ਦਾ ਜਵਾਬ ਨਹੀਂ, ਸਾਨੂੰ ਇਹ ਜੋ ਘੜੀਆਂ ਮਿਲੀਆਂ ਨੇ, ਬੜੀਆਂ ਸੁਭਾਗੀਆਂ ਨੇ, ਦੱਸ ਹੋਰ ਸਾਨੂੰ ਕੀ ਚਾਹੀਦੈ? ਲੋਕ ਅਗਲੇ ਜਨਮ ਦੀਆਂ ਗੱਲਾਂ ਕਰਦੇ ਰਹਿੰਦੇ ਨੇ, ਮੈਂ ਨਹੀਂ ਮੰਨਦਾ ਅਗਲੇ ਜਨਮਾਂ ਦੀ ਗੱਲ। ਕਿਹਨੇ ਦੇਖਿਐ, ਜੋ ਦੇਖਿਐ ਇਥੇ ਈ ਦੇਖਿਐ, ਇਥੇ ਹੀ ਦੇਖਣਾ।" ਮਾਹੀ ਬੋਲ ਰਿਹਾ ਸੀ।

"ਫੇਰ ਠੀਕ ਐ," ਕਹਿੰਦੀ ਉਹ ਕੁਝ ਸੋਚਣ ਲੱਗੀ।

"ਹੁਣ ਕੀ ਹੋਇਆ?"

"ਹੋਇਆ ਕੁਝ ਨਹੀਂ, ਇਕ ਪੁਰਾਣੀ ਗੱਲ ਯਾਦ ਆ ਗਈ ਏ, ਬੇਬੇ ਸੁਣਾਉਂਦੀ ਹੁੰਦੀ ਸੀ।"

"ਏਹੋ ਜਿਹੀ ਕਿਹੜੀ ਗੱਲ ਸੀ ਜਿਸ ਤੈਨੂੰ ਸੋਚਾਂ ਵਿਚ ਪਾ ਦਿੱਤੈ?"

"ਉਹ ਵੀ ਇਹੋ ਜਿਹੀ ਗੱਲ ਸੀ, ਜੋ ਤੁਸਾਂ ਸੁਣਾਈ ਹੈ। ਮੇਰੇ ਬਾਪੂ ਜੀ ਫੌਜ ਵਿਚ ਸਨ, ਤੁਸੀਂ ਜਾਣਦੇ ਈ ਓ, ਫੌਜ ਵਿਚ ਕੰਮ ਕਰਦੇ ਜਵਾਨਾਂ ਨੂੰ ਛੇਤੀ ਕਿਤੇ ਛੁੱਟੀ ਨਹੀਂ ਮਿਲਦੀ। ਬਾਪੂ ਜੀ ਸਾਲ ਵਿਚ ਮਸਾਂ ਇਕ-ਅੱਧ ਵਾਰ ਛੁੱਟੀ 'ਤੇ ਘਰ ਆਉਂਦੇ ਸਨ। ਉਨ੍ਹੀਂ ਦਿਨੀਂ ਅੱਜ ਵਾਂਗ ਮੋਬਾਇਲ ਉਪਰ ਗਿਟ-ਮਿਟ ਨਹੀਂ ਹੁੰਦੀ ਸੀ। ਲੋਕ ਆਪਣੇ ਮਿੱਤਰ ਪਿਆਰਿਆਂ ਦੇ ਖਤਾਂ ਦੀ ਉਡੀਕ ਬੇਸਬਰੀ ਨਾਲ ਕਰਦੇ ਸਨ। ਜਿਹਨੂੰ ਮਿੱਤਰ ਪਿਆਰੇ ਦਾ ਮਾਖਿਓਂ ਮਿੱਠਾ ਤੇ ਪ੍ਰੇਮ ਰਸ ਨਾਲ ਭਰਿਆ ਖਤ ਮਿਲਦਾ, ਉਹ ਤਾਂ ਖੁਸ਼ੀ ਵਿਚ ਛਾਲਾਂ ਮਾਰਦਾ ਥੱਕਦਾ ਨਹੀਂ ਸੀ ਹੁੰਦਾ। ਬੇਬੇ ਦਾ ਵੀ ਹਾਲ ਕੁਝ ਇਹੋ ਜਿਹਾ ਸੀ, ਉਧਰ ਬਾਪੂ ਜੀ ਵੀ ਘਰੋਂ ਆਉਣ ਵਾਲੇ ਖਤ ਦੀ ਉਡੀਕ ਕਰਦੇ ਹੋਣਗੇ। ਉਨ੍ਹਾਂ ਵਕਤਾਂ ਦੀ ਇਹੋ ਹੋਣੀ ਸੀ।

ਬੇਬੇ ਦਸਦੀ ਹੁੰਦੀ ਸੀ, 'ਇਕ ਦਿਨ ਤੁਹਾਡੇ ਬਾਪੂ ਜੀ ਦਾ ਖਤ ਆਇਆ ਤਾਂ ਮੈਂ ਖੁਸ਼ੀ ਦੇ ਮਾਰੇ ਉਛਲ ਈ ਪਈ। ਕੋਲ ਮੇਰੀ ਸੱਸ ਬੈਠੀ ਸੀ, ਤੇ ਜੇਠ ਥੋੜ੍ਹਾ ਹਟ ਕੇ ਕਿਸੇ ਕੰਮ ਵਿਚ ਰੁੱਝਾ ਹੋਇਆ ਸੀ। ਤੇਰੇ ਬਾਪੂ ਜੀ ਦਾ ਖਤ ਮਿਲਣ ਦੀ ਖੁਸ਼ੀ ਮੈਥੋਂ ਸਾਂਭੀ ਨਹੀਂ ਗਈ, ਮੂੰਹ ਵਿਚੋਂ ਆਪ ਮੁਹਾਰੇ ਨਿਕਲ ਗਿਆ, ਹਾਏ ਓਏ ਮਰ ਜਾਵਾਂ, ਤੇ ਮੈਂ ਉਛਲ ਪਈ ਜਿਵੇਂ ਬਾਲੜੀ ਉਮਰੇ ਸਹੇਲੀਆਂ ਨਾਲ ਖੇਡਦੀ ਉਛਲਦੀ-ਕੁੱਦਦੀ ਹੁੰਦੀ ਸੀ। ਜਦ ਹੋਸ਼ ਪਰਤੀ ਤਾਂ ਆਲੇ ਦੁਆਲੇ ਦੇਖਿਆ, ਮੇਰੀ ਸੱਸ ਮੈਨੂੰ ਬਿਟ ਬਿਟ ਤੱਕੀ ਜਾਵੇ, ਤੇ ਉਧਰ ਪਰ੍ਹੇ ਖਲੋਤੇ ਜੇਠ ਦੇ ਮੂੰਹੋਂ ਨਿਕਲ ਰਿਹਾ ਸੀ, ਕੀ ਹੋਇਆ ਕੀ ਹੋਇਆ?'

ਬੇਬੇ ਸ਼ਰਮਾ ਗਈ। ਅਜੇ ਵਿਆਹ ਨੂੰ ਕਿਹੜਾ ਬਹੁਤਾ ਸਮਾਂ ਹੋਇਆ ਸੀ। ਜੇਠ ਨੱਸਾ ਨੱਸਾ ਕੋਲ ਆਇਆ ਤੇ ਪੁੱਛਣ ਲੱਗਾ, ਕੀ ਹੋਇਆ, ਬੀਬੀ ਰਾਣੀ? ਤੇ ਬੇਬੇ ਨੇ ਹਥਲਾ ਖਤ ਉਹਨੂੰ ਫੜ੍ਹਾ ਦਿੱਤਾ। ਜੇਠ ਨੇ ਗਹੁ ਨਾਲ ਦੇਖਿਆ, ਸਾਰੀ ਗੱਲ ਸਮਝਦਿਆਂ ਉਸ ਨੂੰ ਦੇਰ ਨਹੀਂ ਲੱਗੀ। 'ਅੱਛਾ ਇਹ ਗੱਲ ਐ, ਚਲ ਕੋਈ ਨਾ,' ਕਹਿੰਦਾ ਉਹ ਖਤ ਬੇਬੇ ਨੂੰ ਫੜ੍ਹਾ ਤੁਰ ਗਿਆ। ਖਬਰੇ ਅੰਦਰੋ ਅੰਦਰੀ ਉਹ ਬੇਬੇ ਦੇ ਅੱਲ੍ਹੜਪੁਣੇ 'ਤੇ ਹੱਸਦਾ ਹੀ ਹੋਵੇ, ਕਿਹੜਾ ਬੇਬੇ ਨੇ ਦੇਖਿਆ ਸੀ, ਉਹ ਤਾਂ ਸ਼ਰਮ ਦੀ ਮਾਰੀ ਸੁੰਗੜ ਕੇ ਬਹਿ ਗਈ ਸੀ। 'ਫੋਟ, ਕਮਲੀ ਨਾ ਹੋਵੇ ਤਾਂ, ਏਦਾਂ ਵੀ ਕਰੀਦੈ', ਕੋਲ ਬੈਠੀ ਸੱਸ ਲਾਡ ਨਾਲ ਕਹਿ ਰਹੀ ਸੀ। ਉਹਦੇ ਪੁੱਤ ਦਾ ਖਤ ਸੀ, ਇਸ ਲਈ ਉਹ ਕਿਹੜਾ ਘੱਟ ਖੁਸ਼ ਸੀ। ਉਂਜ ਉਹ ਖੁੱਲ੍ਹੇ ਦਿਲ ਵਾਲੀ ਸੀ।"

"ਤੈਨੂੰ ਕਿੱਦਾਂ ਪਤੈ?" ਮਾਹੀ ਨੇ ਚਲਦੀ ਗੱਲ ਵਿਚ ਸਵਾਲੀ ਗੋਲਾ ਦਾਗ ਦਿੱਤਾ।

"ਬੇਬੇ ਦੱਸਦੀ ਹੁੰਦੀ ਸੀ। ਭਲਾ ਮੈਂ ਕਿਹੜਾ ਆਪਣੀ ਦਾਦੀ ਨੂੰ ਨਹੀਂ ਦੇਖਿਆ।"

"ਅੱਛਾ!"

"ਹੋਰ ਨਹੀਂ ਤਾਂ ਕੀ!"

"ਅੱਗੇ ਕੀ ਹੋਇਆ?"

"ਬੇਬੇ ਕਿਸੇ ਬਹਾਨੇ ਉਥੋਂ ਉਠੀ ਤੇ ਕਮਰੇ ਦੀ ਇਕ ਨਿਵੇਕਲੀ ਜਿਹੀ ਥਾਂ 'ਤੇ ਬਾਪੂ ਜੀ ਦਾ ਖਤ ਖੋਲ੍ਹ ਕੇ ਪੜ੍ਹਨ ਲੱਗ ਪਈ। ਬਾਪੂ ਜੀ ਨੇ ਖਤ ਦੇ ਮਜ਼ਮੂਨ ਦੀ ਸ਼ੁਰੂਆਤ ਹੀ ਇਨ੍ਹਾਂ ਸ਼ਬਦਾਂ ਨਾਲ ਕੀਤੀ ਸੀ, 'ਜੱਗ ਜਿਉਂਦਿਆਂ ਦੇ ਮੇਲੇ, ਦਰਗਾਹੀਂ ਜਾ ਕੇ ਕੌਣ ਮਿਲਦਾ।' ਬੇਬੇ ਦੀ ਸਮਝ ਵਿਚ ਨਹੀਂ ਆਇਆ। ਉਹ ਕੁਝ ਹੋਰ ਦਾ ਹੋਰ ਸਮਝਣ ਲੱਗੀ।

"ਜਿੱਦਾਂ ਤੈਨੂੰ!"

"ਨਾ ਤੂੰ ਮੈਨੂੰ...।"

"ਬਸ ਬਸ ਮੇਰੀ ਬਿੱਲੋ ਰਾਣੀ ਹੱਸਦੀ ਹੱਸਦੀ ਗੱਲ ਕਿਸੇ ਹੋਰ ਪਾਸੇ ਨਾ ਲੈ ਜਾਈਂ!" ਮਾਹੀ ਨੇ ਹੌਲੀ ਜਿਹੇ ਕਿਹਾ।

"ਬੜਾ ਸਿਆਣਾ ਏਂ!"

"ਛੱਡ ਵੀ ਪਰ੍ਹੇ ਹੁਣ, ਬੇਬੇ ਦੀ ਗੱਲ ਸੁਣਾ!"

"ਬੇਬੇ ਉਥੇ ਖੜ੍ਹੀ ਖੜ੍ਹੀ ਕਲਪਣ ਲੱਗੀ। ਉਹਦਾ ਜੇਠ ਉਧਰੋਂ ਲੰਘ ਰਿਹਾ ਸੀ। ਬੇਬੇ ਦੇ ਚਿਹਰੇ ਦਾ ਬਦਲਦਾ ਰੰਗ ਦੇਖ ਉਹ ਠਠੰਬਰ ਜਿਹਾ ਗਿਆ। ਪੁਰਾਣੇ ਜਮਾਨੇ ਦੀਆਂ ਗੱਲਾਂ ਨੇ। ਉਨ੍ਹੀਂ ਦਿਨੀ ਸੌ ਪਰਦੇ ਹੁੰਦੇ ਸਨ। ਅੱਜ ਦਾ ਜ਼ਮਾਨਾ ਹੁੰਦਾ ਤਾਂ ਉਹ ਇਕ ਦਮ ਉਹਦੇ ਕੋਲ ਆ ਜਾਂਦਾ,



*ਹਾਏ ਸੋਹਣਿਆਂ ਵੇ ਜੱਗ ਜਿਉਂਦਿਆਂ ਦੇ ਮੇਲੇ...*

ਤੇ ਪੁੱਛਦਾ, 'ਬੀਬਾ, ਕੀ ਹੋਇਐ, ਤੇਰੀ ਤਬੀਅਤ ਤਾਂ ਠੀਕ ਆ!' ਉਹ ਚਿੰਤਿਤ ਤਾਂ ਹੋਇਆ ਹੋਵੇਗਾ ਪਰ ਉਸ ਬੇਬੇ ਪਾਸ ਆਉਣ ਦਾ ਹੌਸਲਾ ਨਾ ਕੀਤਾ। ਉਹ ਓਹਲੇ ਜਿਹੇ ਵਿਚ ਖਲੋ ਕੇ ਬੇਬੇ ਦੇ ਹਾਵ ਭਾਵ ਦੇਖਦਾ ਰਿਹਾ। ਇਧਰ ਬੇਬੇ ਬਾਪੂ ਜੀ ਦੀ ਚਿੱਠੀ ਹੱਥਾਂ ਵਿਚ ਉਲੱਦਦੀ ਬੁੜ ਬੁੜ ਕਰਦੀ ਜਾ ਰਹੀ ਸੀ।"

"ਫੇਰ ਕੀ ਹੋਇਆ!" ਮਾਹੀ ਨੇ ਵਿਚੋਂ ਟੋਕ ਦਿੱਤਾ।

"ਬੰਬ ਧਮਾਕਾ ਹੋ ਗਿਆ!"

"ਹੈਂ, ਬੰਬ ਧਮਾਕਾ ਹੋ ਗਿਆ, ਪਰ ਕਿੱਥੇ?" ਮਾਹੀ ਨੇ ਮਚਲਾ ਜਿਹਾ ਬਣਦਿਆਂ ਪੁੱਛਿਆ।

"ਤੇਰੇ ਸਿਰ 'ਤੇ!"

"ਇਸ ਵਿਚ ਖਿਝਣ ਦੀ ਕਿਹੜੀ ਗੱਲ ਐ?"

"ਖਿਝਾਂ ਨਾ ਤਾਂ ਹੋਰ ਕੀ ਕਰਾਂ, ਬੰਦਾ ਥੋੜ੍ਹਾ ਸਬਰ ਕਰੇ।"

"ਚਲ ਕੀਤਾ ਸਬਰ, ਹੁਣ ਦੱਸ!"

"ਬੜੀ ਮੇਹਰਬਾਨੀ!"

"ਉਹ ਤਾਂ ਜੀ ਅਸੀਂ ਕਰਦੇ ਹੀ ਰਹਿੰਦੇ ਹਾਂ!"

"ਜੇ ਕਹੇਂ ਤਾਂ ਅੱਗੇ ਦੀ ਗੱਲ ਕਰਾਂ?"

"ਨੇਕੀ ਔਰ ਪੂਛ ਪੂਛ, ਚਲ ਹੋ ਜਾ ਸ਼ੁਰੂ!" ਮਾਹੀ ਭਾਵੇਂ ਦੂਰ ਬੈਠਾ ਸੀ, ਪਰ ਖਿਆਲਾਂ ਹੀ ਖਿਆਲਾਂ ਵਿਚ ਉਸ ਜੋਤ ਦੀ ਪਿੱਠ ਥਾਪੜਦਿਆਂ ਖੁਲ੍ਹ ਦਿਲੀ ਨਾਲ ਕਿਹਾ।

"ਬੇਬੇ ਦਾ ਸੁਰ ਮੱਧਮ ਸੀ, ਕੋਈ ਸੁਣ ਨਾ ਲਵੇ। 'ਜੇ ਕੋਈ ਸੁਣਦਾ ਹੈ ਤਾਂ ਸੁਣ ਲਵੇ, ਡਰ ਮਾਰਿਆ ਕਿਸੇ ਦਾ,' ਇਹੋ ਜਿਹੇ ਵਿਚਾਰ ਵੀ ਉਹਦੇ ਅੰਦਰ ਚੱਕਰ ਕੱਟ ਰਹੇ ਸਨ। ਬਾਪੂ ਜੀ ਨੇ ਚਿੱਠੀ ਵਿਚ ਜੋ ਲਿਖਿਆ ਸੀ, ਉਹ ਪੜ੍ਹਨ ਦੀ ਖੇਚਲ ਉਸ ਨੇ ਨਹੀਂ ਕੀਤੀ, ਉਹ ਤਾਂ ਬਸ ਆਪਣੇ ਮਨ ਦੀ ਗੱਲ ਸੁਣਨਾ ਚਾਹੁੰਦੀ ਸੀ, ਹੋਰ ਕੁਝ ਨਹੀਂ।

"ਫੇਰ?"

"ਬੇਬੇ ਫਾਲਤੂ ਦੀਆਂ ਸੋਚਾਂ ਸੋਚਦੀ ਆਵੇਸ਼ ਵਿਚ ਆ ਗਈ। ਉਹਦੇ ਹੱਥ ਤੇਜ਼ੀ ਨਾਲ ਹਰਕਤ ਕਰਨ ਲੱਗੇ। ਆਵੇਸ਼ ਦਾ ਵੇਗ ਮੱਧਮ ਹੋਇਆ। ਉਸ ਹੱਥ ਵਿਚਲੀ ਚਿੱਠੀ 'ਤੇ ਇਕ ਨਜ਼ਰ ਸੁੱਟੀ। ਉਹ ਬੁਰੀ ਤਰ੍ਹਾਂ ਮਧੋਲੀ ਜਾ ਚੁਕੀ ਸੀ। ਉਹ ਸ਼ਰਮਸਾਰ ਹੋਈ। ਇਹ ਕੀ ਕਰ ਬੈਠੀ। ਉਸ ਤੇਜ਼ੀ ਨਾਲ ਮਧੋਲੀ ਚਿੱਠੀ ਨੂੰ ਦੋਹਾਂ ਹੱਥਾਂ ਵਿਚ ਲਿਆ। ਪਿਆਰ ਨਾਲ ਪਲੋਸਦੀ ਉਸ ਵਿਚਲੇ ਵਲ ਕੱਢਣ ਦਾ ਯਤਨ ਕੀਤਾ। ਚਿੱਠੀ ਥਾਂ ਸਿਰ ਰੱਖੀ। ਹੁਣ ਉਹ ਕਾਫੀ ਹੱਦ ਤਕ ਸ਼ਾਂਤ ਹੋ ਚੁਕੀ ਸੀ।

"ਤੇਰੇ ਵਾਂਗ!" ਮਾਹੀ ਨੇ ਟਕੋਰ ਕੀਤੀ।

"ਨਾ ਮੈਂ ਤਾਂ ਲੋਕਾਂ ਨੂੰ ਵੱਢਦੀ ਫਿਰਦੀ ਆਂ!"

"ਲੈ ਤੂੰ ਫੇਰ ਗੁੱਸਾ ਕਰ ਗਈ!"

"ਗੁੱਸਾ ਨਾ ਕਰਾਂ ਤਾਂ ਹੋਰ ਕੀ ਕਰਾਂ, ਤੂੰ ਗੱਲ ਈ ਇਹੋ ਜਿਹੀ ਕਰਦਾ ਏਂ!"

"ਨਾ ਮੈਂ ਕੀ ਗਲਤ ਕਹਿ ਦਿੱਤਾ, ਬਈ ਉਹ ਤੇਰੇ ਵਾਂਗ ਸ਼ਾਂਤ ਹੋ ਗਈ ਸੀ!"

"ਮਜਾਕ ਕਰਦੈਂ!"

"ਬਿਲਕੁਲ ਨਹੀਂ! ਤੇਰੀ ਸਹੁੰ" ਮਾਹੀ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ ਤਾਂ ਉਹਦੀ ਇਹੋ ਜਿਹੀ ਮੁਦਰਾ ਦੀ ਕਲਪਨਾ ਕਰਕੇ ਜੋਤ ਦਾ ਹਾਸਾ ਮੱਲੋ ਮੱਲੀ ਨਿਕਲ ਗਿਆ।

"ਬੇਬੇ ਦੀ ਹਾਲਤ ਦੇਖ ਜੇਠ ਆਪਣੀ ਮਾਂ ਪਾਸ ਗਿਆ। ਉਹਨੂੰ ਪੂਰੀ ਗੱਲ ਦੱਸੀ। 'ਹੂੰ ਇਹ ਗੱਲ ਹੈ!' ਮਾਂ ਨੇ ਪੁੱਤ ਵੱਲ ਦੇਖਦਿਆਂ ਕਿਹਾ ਤੇ ਉਚੀ ਉਚੀ ਹੱਸਣ ਲੱਗ ਪਈ। ਮਾਂ ਨੂੰ ਹੱਸਦਿਆਂ ਦੇਖ ਜੇਠ ਜੀ ਸੋਚੀਂ ਪੈ ਗਏ। 'ਵੇ ਤੈਂ ਵਿਆਹ ਨਹੀਂ ਕਰਾਇਆ, ਇਸ ਲਈ ਤੂੰ ਕੀ ਜਾਣੇ ਇਨ੍ਹਾਂ ਗੱਲਾਂ ਨੂੰ, ਆਦਮੀ-ਤੀਵੀਂ ਦੇ ਸੌ ਚੋਹਲ-ਮੋਹਲ ਹੁੰਦੇ ਨੇ, ਮਿੰਟ ਵਿਚ ਗਰਮ ਤੇ ਮਿੰਟ ਵਿਚ ਨਰਮ। ਇਹ ਹੁੰਦਾ ਈ ਰਹਿੰਦੈ, ਤੂੰ ਘਾਬਰ ਨਾ, ਬਹੂ ਨੂੰ ਕੁਝ ਨਹੀਂ ਹੁੰਦਾ, ਜਾਹ ਆਪਣਾ ਕੰਮ ਕਰ, ਮੈਂ ਦੇਖਦੀ ਹਾਂ!' ਬੇਬੇ ਦੀ ਸੱਸ ਨੇ ਏਨਾ ਕਹਿ ਕੇ ਪੁੱਤ ਨੂੰ ਤੋਰ ਦਿੱਤਾ।

ਸੱਸ ਤੋਂ ਬਹੁਤਾ ਤੁਰ ਨਹੀਂ ਹੁੰਦਾ ਸੀ। ਉਹ ਹੌਲੀ ਹੌਲੀ ਤੁਰਦੀ ਬੇਬੇ ਕੋਲ ਗਈ। ਉਸ ਇਕ ਨਜ਼ਰ ਬੇਬੇ ਦੇ ਹੁਣੇ ਹੁਣੇ ਸ਼ਾਂਤ ਹੋਏ ਚਿਹਰੇ 'ਤੇ ਸੁੱਟੀ ਤੇ ਦੂਜੀ ਨਜ਼ਰ ਬਾਪੂ ਜੀ ਦੀ ਚਿੱਠੀ ਉਪਰ। ਅਸਲ ਗੱਲ ਸਮਝਦਿਆਂ ਉਸ ਨੂੰ ਦੇਰ ਨਾ ਲੱਗੀ। ਆਖਰ ਜ਼ਮਾਨਾ ਤਾਂ ਉਸ ਵੀ ਦੇਖਿਆ ਸੀ।

'ਕੀ ਲਿਖਿਐ ਇਸ ਚਿੱਠੀ ਵਿਚ ਜਿਸ ਤੈਨੂੰ ਸੋਚੀਂ ਪਾ ਛਡਿਐ? ਲਿਆ ਮੈਂ ਵੀ ਤਾਂ ਦੇਖਾਂ!'

'ਕੁਝ ਨਹੀਂ ਐਵੇਂ ਹੀ!' ਬੇਬੇ ਦੇ ਮੂੰਹੋਂ ਮਸਾਂ ਨਿਕਲਿਆ।

'ਜੇ ਐਵੇਂ ਨਹੀਂ ਤਾਂ ਇਹ ਬੂਥੀ ਸੁੱਜੀ ਕਿਉਂ ਹੋਈ ਏ!' ਸੱਸ ਨੇ ਤਿੱਖੀਆਂ ਨਜ਼ਰਾਂ ਨਾਲ ਉਸ ਨੂੰ ਦੇਖਦਿਆਂ ਪੁੱਛਿਆ।

'ਨਹੀਂ ਤਾਂ, ਮੈਂ ਠੀਕ ਹਾਂ, ਮੈਨੂੰ ਕੀ ਹੋਇਐ। ਬਸ ਐਵੇਂ ਜ਼ਰਾ...!'

'ਸਭ ਐਵੇਂ ਈ ਹੁੰਦੈ, ਬਹੂ ਰਾਣੀ, ਲਿਆ ਦੇਖਾਂ ਇਸ ਵਿਚ ਕੀ ਲਿਖਿਐ!' ਸੱਸ ਨੇ ਇਕ ਵਾਰ ਫਿਰ ਚਿੱਠੀ ਵੱਲ ਹੱਥ ਵਧਾਉਂਦਿਆਂ ਪੁੱਛਿਆ।

'ਜੀ ਕੁਝ ਨਹੀਂ!' ਕਹਿੰਦੀ ਬੇਬੇ ਨੇ ਚਿੱਠੀ ਦੂਜੇ ਪਾਸੇ ਕਰ ਲਈ।

'ਤੂੰ ਘਾਬਰਦੀ ਕਿਉਂ ਏ, ਮੈਨੂੰ ਕਿਹੜਾ ਪੜ੍ਹਨਾ ਆਉਂਦੈ। ਮੈਂ ਤਾਂ ਬਸ ਤੈਨੂੰ ਦੇਖ ਰਹੀ ਸੀ!' ਸੱਸ ਨੇ ਉਹਦੇ ਅੰਦਰਲਾ ਡਰ ਦੂਰ ਕਰ ਦਿੱਤਾ। 'ਤੈਂ ਪੂਰਾ ਖਤ ਪੜ੍ਹਿਐ?'

'ਜੀ ਅਜੇ ਨਹੀਂ ਪੜ੍ਹਿਆ!'

'ਫੇਰ ਐਵੇਂ ਮੂੰਹ ਕਿਉਂ ਲਟਕਾ ਲਿਐ, ਹੋ ਸਕਦੈ ਇਹਦੇ ਵਿਚ ਕੋਈ ਚੰਗੀ ਗੱਲ ਕਹੀ ਹੋਊ, ਤੂੰ ਪੜ੍ਹ ਤਾਂ ਸਹੀ।' ਸੱਸ ਨੇ ਨਸੀਹਤ ਦਿੱਤੀ।

'ਮੈਂ ਤਾਂ ਪਹਿਲੀ ਸਤਰ ਪੜ੍ਹ ਕੇ ਹੀ ਅਟਕ ਗਈ ਸੀ।'

'ਕੀ ਲਿਖਿਐ ਇਸ ਸਤਰ ਵਿਚ?'

'ਜੀ ਲਿਖਿਐ, ਜੱਗ ਜਿਉਂਦਿਆਂ ਦੇ ਮੇਲੇ, ਦਰਗਾਹੀਂ ਜਾ ਕੇ ਕੌਣ ਮਿਲਦਾ!'

'ਇਹ ਤਾਂ ਕਿਸੇ ਕਵਿਤਾ ਦੀ ਤੁਕ ਲੱਗਦੀ ਐ!'

'ਪਰ ਇਹਦਾ ਮਤਲਬ?'

'ਮਤਲਬ ਇਹ ਕਿ ਜਿਉਂਦਿਆਂ ਦੇ ਮੇਲੇ ਹੁੰਦੇ ਨੇ, ਬਾਅਦ ਵਿਚ ਕੀ ਹੁੰਦੈ, ਕੌਣ ਜਾਣਦਾ, ਬਸ ਕਹਿਣ-ਸੁਣਨ ਦੀਆਂ ਗੱਲਾਂ ਨੇ। ਤੇਰੇ ਪਤੀ ਨੇ ਕੋਈ ਚੰਗੀ ਗੱਲ ਕੀਤੀ ਹੋਊ, ਚੰਗੀ ਤਰ੍ਹਾਂ ਪੂਰੀ ਚਿੱਠੀ ਪੜ੍ਹ।' ਸੱਸ ਨੇ ਇਕ ਵਾਰ ਫਿਰ ਜੋਰ ਦੇ ਕੇ ਨਸੀਹਤ ਦਿੱਤੀ।

ਬੇਬੇ ਚਿੱਠੀ ਪੜ੍ਹਨ ਲੱਗੀ ਹੀ ਸੀ ਕਿ ਇਕ ਮਰਦਾਵਾਂ ਸੁਰ ਘਰ ਦੇ ਵਾਤਾਵਰਣ ਵਿਚ ਗੂੰਜ ਉਠਿਆ, 'ਹਾਏ ਸੋਹਣਿਆਂ ਵੇ, ਜੱਗ ਜਿਉਂਦਿਆਂ ਦੇ ਮੇਲੇ, ਦਰਗਾਹੀਂ ਜਾ ਕੇ ਕੌਣ ਮਿਲਦਾ?'

'ਹੈਂ ਇਹ ਕੀ?' ਸੱਸ ਤੇ ਨੂੰਹ ਹੈਰਾਨ, ਦੋਵੇਂ ਇਧਰ-ਉਧਰ ਦੇਖਣ ਲੱਗੀਆਂ। ਮਰਦਾਵਾਂ ਸੁਰ ਇਕ ਵਾਰ ਫਿਰ ਗੂੰਜਿਆ, ਇਸ ਵਾਰ ਬੇਬੇ ਦੀ ਸੱਸ ਨੇ ਉਸ ਨੂੰ ਪਛਾਣ ਲਿਆ, ਪਰ ਉਹ ਬੋਲੀ ਕੁਝ ਨਾ, ਉਹ ਬੇਬੇ ਵੱਲ ਦੇਖਣ ਲੱਗੀ। ਥੋੜ੍ਹੀ ਖਚਰੀ ਬਣ ਪੁੱਛਣ ਲੱਗੀ, 'ਨੀਂ ਕੁੜੇ, ਆਹ ਕਿਹਦੀ ਆਵਾਜ਼ ਆ?'

'ਮੈਂ ਤਾਂ ਸਿਆਣੀ ਨਹੀਂ!' ਬੇਬੇ ਨੇ ਸਹਿਜ ਸੁਭਾਅ ਜਵਾਬ ਦਿੱਤਾ।

'ਜੇ ਮਨ ਦੀਆਂ ਅੱਖਾਂ ਨਾਲ ਦੇਖੇਂ ਤੇ ਦਿਲ ਵਿਚਲੇ ਕੰਨਾਂ ਨਾਲ ਸੁਣੇਂ ਤਾਂ ਸਿਆਣ ਲਵੇਂਗੀ।'

ਸੱਸ ਦੀ ਗੁੱਝੀ ਸਿਆਣਪ ਭਰੀ ਗੱਲ ਸੁਣ ਕੇ ਬੇਬੇ ਦੀ ਕੁਝ ਸਮਝ ਵਿਚ ਆ ਗਿਆ, 'ਜੇ ਉਹ ਨੇ, ਕਿੱਥੇ ਨੇ?'

'ਹਾਏ ਸੋਹਣਿਆਂ ਵੇ, ਅਸੀਂ ਇਥੇ ਹਾਂ, ਤੁਹਾਡੇ ਕੋਲ, ਤੁਹਾਡੀਆਂ ਅੱਖਾਂ ਦੇ ਸਾਹਮਣੇ।' ਬਾਪੂ ਜੀ ਨੇ ਆਪਣੀ ਮਾਂ ਦੇ ਗੋਡੀਂ ਹੱਥ ਲਾਏ ਤਾਂ ਬਜ਼ੁਰਗ ਮਾਂ ਨੇ ਪੋਲੇ ਜਿਹੇ ਹੱਥਾਂ ਨਾਲ ਉਨ੍ਹਾਂ ਦੇ ਕੰਨ ਫੜ੍ਹਦਿਆਂ ਪੁਛਿਆ, 'ਜੇ ਤੈਂ ਆਉਣਾ ਈ ਸੀ ਤਾਂ ਇਹ ਚਿੱਠੀ ਕਾਹਦੇ ਵਾਸਤੇ ਲਿਖੀ ਸੀ?'

'ਇਸ ਵਾਸਤੇ, ਚਿੱਠੀ ਪੜ੍ਹ ਲੈਂਦੇ ਤਾਂ ਪਤਾ ਲੱਗ ਜਾਂਦਾ!'

ਬੇਬੇ ਕਈ ਵਾਰ ਇਹ ਰਾਮ ਕਹਾਣੀ ਸੁਣਾਉਂਦੀ ਹੁੰਦੀ ਸੀ। ਉਹ ਜਦ ਤਕ ਜਿਉਂਦੀ ਰਹੀ, ਉਹਦੇ ਬੁਲ੍ਹਾਂ ਵਿਚੋਂ ਇਹੋ ਸ਼ਬਦ ਬਾਹਰ ਨਿਕਲਦੇ ਰਹੇ, ਜੱਗ ਜਿਉਂਦਿਆਂ ਦੇ ਮੇਲੇ!"

---

ਕੁਝ ਦਿਨ ਬਾਅਦ। ਸ਼ਹਿਰ ਦਾ ਵੱਡਾ ਗਾਰਡਨ। ਬਰਸਾਤ ਨੇ ਰੁੱਖਾਂ, ਪੌਦਿਆਂ ਤੇ ਵੇਲਾਂ ਉਤਲੀ ਗਰਮ ਹਵਾਵਾਂ ਤੇ ਝੱਖੜਾਂ ਦੀ ਚਾੜ੍ਹੀ ਗਰਦ ਲਾਹ ਸੁੱਟੀ ਏ। ਸਭੋ ਕੁਝ ਸਾਫ ਏ, ਨਿਰਮਲ ਏ, ਮਨ ਨਿਰਮਲ, ਤਨ ਨਿਰਮਲ ਤੇ ਸਭ ਤੋਂ ਉਪਰ ਨੀਲ ਗਗਨ ਦੀ ਆਭਾ ਬੁਝੇ ਹੋਏ ਦਿਲਾਂ ਨੂੰ ਹਰਿਆ-ਭਰਿਆ ਕਰਨ ਦੇ ਕੰਮ ਵਿਚ ਜੀਅ ਜਾਨ ਨਾਲ ਜੁਟ ਚੁਕੀ ਏ! ਆਪਣੇ ਮਾਹੀ ਨਾਲ ਚਿੰਬੜੀ ਜੋਤ ਜਾਣੋਂ ਇਸ ਦੁਨੀਆਂ ਦੀ ਵਸਨੀਕ ਨਾ ਰਹੀ ਹੋਵੇ, ਉਹਦਾ ਖਿੜਿਆ ਚਿਹਰਾ, ਵਾਤਾਵਰਣ ਨੂੰ ਹੋਰ ਸੋਹਣਾ ਬਣਾ ਰਿਹਾ ਸੀ। ਜੋਤ ਨਸ਼ਿਆ ਗਈ, ਜਦ ਰਹਿ ਨਾ ਹੋਇਆ ਤਾਂ ਧਾ ਦੇਣੀ ਮਾਹੀ ਨਾਲ ਚਿੰਬੜ ਗਈ। ਇਸੇ ਅਵਸਥਾ ਵਿਚ ਉਹਦੇ ਮੂੰਹੋਂ ਨਿਕਲਿਆ, "ਹਾਏ ਸੋਹਣਿਆਂ ਵੇ...!"

---


*I-263, Karampura,
New Delhi-110015

# ਦੁੱਖਾਂ 'ਤੇ ਹੱਸਣ ਵਾਲਾ ਚਾਰਲੀ ਚੈਪਲਿਨ

ਚਾਰਲੀ ਚੈਪਲਿਨ ਸੰਸਾਰ ਸਿਨੇਮਾ ਦਾ ਮਹਾਂਨਾਇਕ ਹੈ। ਉਹ ਖੁਦ ਬੇਹਦ ਉਦਾਸ, ਦੁਖੀ ਅਤੇ ਵਖਰੇਵੇਂ ਭਰੀ ਜ਼ਿੰਦਗੀ ਜਿਉਂਦਾ ਰਿਹਾ, ਪਰ ਮੁਸੀਬਤਾਂ ਭਰੀ ਜ਼ਿੰਦਗੀ ਵਿਚ ਰਹਿ ਕੇ ਵੀ ਜਿਥੇ ਖੁਦ ਖੁਸ਼ ਰਹਿਣ ਦਾ ਸੁਪਨਾ ਦੇਖਦਾ ਰਿਹਾ, ਉਥੇ ਹੀ ਦੂਜਿਆਂ ਨੂੰ ਖੁਸ਼ੀਆਂ ਵੀ ਵੰਡਦਾ ਰਿਹਾ। ਸੁਨਹਿਰੀ ਪਰਦੇ 'ਤੇ ਉਸ ਦਾ ਹਰ ਹਾਵ-ਭਾਵ, ਹਰ ਹਰਕਤ ਆਪਣੇ ਜ਼ਮਾਨੇ ਦੀ ਬਹੁ-ਚਰਚਿਤ ਸ਼ੈਅ ਬਣ ਗਈ। ਸੰਸਾਰ ਸਿਨੇਮਾ 'ਤੇ ਉਸ ਤੋਂ ਬਾਅਦ ਕਿਸੇ ਦਾ ਅਜਿਹਾ ਪ੍ਰਭਾਵ ਘੱਟ ਹੀ ਪਿਆ ਹੈ। ਭਾਰਤੀ ਸਿਨੇਮਾ ਵਿਚ ਰਾਜ ਕਪੂਰ, ਚਾਰਲੀ ਚੈਪਲਿਨ ਤੋਂ ਬਹੁਤ ਮੁਤਾਸਿਰ ਸਨ। ਉਨ੍ਹਾਂ ਨੇ 'ਸ੍ਰੀ 420', 'ਅਨਾੜੀ', 'ਜਿਸ ਦੇਸ਼ ਮੇਂ ਗੰਗਾ ਬਹਤੀ ਹੈ' ਅਤੇ 'ਮੇਰਾ ਨਾਮ ਜੋਕਰ' ਵਰਗੀਆਂ ਫਿਲਮਾਂ ਵਿਚ ਚਾਰਲੀ ਨੂੰ ਭਾਰਤੀ ਸਿਨੇਮਾ ਦੇ ਸੁਨਹਿਰੀ ਪਰਦੇ 'ਤੇ ਮੁੜ ਸੁਰਜੀਤ ਕੀਤਾ।

ਚਾਰਲੀ ਸੰਸਾਰ ਸਿਨੇਮਾ ਦੇ ਬਹੁਮੁਖੀ ਪ੍ਰਤਿਭਾ ਦੇ ਫਿਲਮਸਾਜ਼ ਸਨ। ਉਸ ਨੇ ਅਦਾਕਾਰੀ ਦੇ ਨਾਲ ਨਾਲ ਆਪਣੀਆਂ ਜ਼ਿਆਦਾਤਰ ਫਿਲਮਾਂ ਲਈ ਲਿਖਣ, ਨਿਰਮਾਣ, ਨਿਰਦੇਸ਼ਨ ਅਤੇ ਸੰਪਾਦਨ ਖੁਦ ਕੀਤਾ। 1921 ਤੋਂ 1967 ਤਕ ਦੇ ਆਪਣੇ ਲਗਪਗ ਪੰਜ ਦਹਾਕਿਆਂ ਦੇ ਫਿਲਮੀ ਸਫਰ ਵਿਚ ਉਸ ਦੀਆਂ ਸਭ ਤੋਂ ਚਰਚਿਤ ਫਿਲਮਾਂ 'ਦਿ ਕਿਡ', 'ਏ ਵਿਮੈਨ ਇਨ ਪੈਰਿਸ', 'ਦਿ ਗੋਲਡ ਰਸ਼', 'ਦਿ ਸਰਕਸ', 'ਸਿਟੀ ਲਾਈਟਸ', 'ਮਾਡਰਨ ਟਾਈਮਜ਼', 'ਦਿ ਗ੍ਰੇਟ ਡਿਕਟੇਟਰ', 'ਲਾਈਮ ਲਾਈਟ', 'ਏ ਕਿੰਗ ਇਨ ਨਿਊਯਾਰਕ' ਤੇ 'ਏ ਕਾਊਂਟੇਸ ਫਰੌਮ ਹਾਂਗਕਾਂਗ' ਆਦਿ ਸ਼ਾਮਲ ਹਨ।

ਚਾਰਲੀ ਚੈਪਲਿਨ ਦਾ ਜਨਮ 16 ਅਪਰੈਲ 1889 ਨੂੰ ਇੰਗਲੈਂਡ ਵਿਚ ਹੋਇਆ। ਉਸ ਦਾ ਬਚਪਨ ਗ਼ਰੀਬੀ ਅਤੇ ਥੁੜ੍ਹਾਂ ਵਿਚ ਬੀਤਿਆ। 9 ਸਾਲ ਦੀ ਉਮਰ ਵਿਚ ਹੀ ਉਸ ਨੂੰ ਦੋ ਵਾਰ ਵਰਕ ਹਾਊਸ ਵਿਚ ਕੰਮ ਕਰਨ ਲਈ ਭੇਜਿਆ ਗਿਆ। ਉਸ ਦੀ ਮਾਤਾ ਸਟੇਜ ਪਰਫਾਰਮਰ ਸੀ। ਚਾਰਲੀ ਨੇ ਬਹੁਤ ਘੱਟ ਉਮਰ ਵਿਚ ਸਟੇਜ 'ਤੇ ਬਤੌਰ ਕਾਮੇਡੀਅਨ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਉਹ ਗੀਤ ਵੀ ਗਾਉਂਦਾ ਸੀ, ਜਿਸ ਕਰਕੇ ਉਸ ਨੂੰ ਜਲਦੀ ਹੀ ਪ੍ਰਸਿਧੀ ਮਿਲਣ ਲੱਗੀ। 19 ਸਾਲ ਦੀ ਉਮਰ ਵਿਚ ਉਸ ਨੂੰ ਇੱਕ ਕੰਪਨੀ ਨੇ ਸਾਈਨ ਕਰ ਲਿਆ ਅਤੇ ਉਹ ਅਮਰੀਕਾ ਚਲਾ ਗਿਆ। ਅਮਰੀਕਾ ਵਿਚ ਰਹਿੰਦਿਆਂ ਉਹ ਜਲਦੀ ਫਿਲਮਾਂ ਨਾਲ ਜੁੜ ਗਿਆ। 1914 ਵਿਚ 'ਕੀ ਸਟੋਨ ਸਟੂਡੀਓ' ਦੀ ਫਿਲਮ ਵਿਚ ਉਹ ਪਹਿਲੀ ਵਾਰ ਦਰਸ਼ਕਾਂ ਸਾਹਮਣੇ ਆਇਆ ਜਿਸ ਤੋਂ ਬਾਅਦ ਉਹ ਲਗਾਤਾਰ ਨਵੀਆਂ ਬੁਲੰਦੀਆਂ ਸਰ ਕਰਦਾ ਰਿਹਾ। 1919 ਵਿਚ ਉਸ ਨੇ 'ਯੂਨਾਈਟਿਡ ਆਰਟਿਸਟ' ਨਾਮ ਨਾਲ ਡਿਸਟ੍ਰੀਬਿਊਸ਼ਨ ਕੰਪਨੀ ਬਣਾਈ ਜੋ ਉਸ ਦੀਆਂ



ਫਿਲਮਾਂ ਲਈ ਨਿਰਮਾਣ ਤੋਂ ਲੈ ਕੇ ਵਪਾਰਕ ਕੰਮਾਂ ਤਕ ਸਭ ਕਰਦੀ ਸੀ।

ਚਾਰਲੀ ਚੈਪਲਿਨ ਦਾ ਦੌਰ ਮੂਕ (ਬਿਨਾਂ ਆਵਾਜ਼) ਵਾਲੀਆਂ ਫਿਲਮਾਂ ਵਾਲਾ ਸੀ। 1936 ਤਕ ਉਸ ਨੇ ਜਿਤਨੀਆਂ ਫਿਲਮਾਂ ਬਣਾਈਆਂ, ਸਭ ਮੂਕ ਸਨ। ਉਹ ਮਨੁੱਖਤਾਵਾਦੀ ਅਤੇ ਆਪਣੇ ਕੰਮ ਲਈ ਵਚਨਬੱਧ ਕਲਾਕਾਰ ਸੀ। ਉਸ ਦਾ ਮਕਸਦ ਕੇਵਲ ਪੈਸਾ ਕਮਾਉਣਾ ਨਹੀਂ ਸੀ, ਸਗੋਂ ਉਹ ਤਰੱਕੀ ਪਸੰਦ ਜੀਵਨ ਮੁੱਲਾਂ ਵਿਚ ਯਕੀਨ ਰੱਖਦਾ ਸੀ ਤੇ ਵਿਚਾਰਕ ਸੰਘਰਸ਼ ਦਾ ਮੁਜੱਸਮਾ ਵੀ ਸੀ। ਉਸ ਦੀਆਂ ਫਿਲਮਾਂ ਅੱਜ ਵੀ ਅਨਿਆਂ ਪੂਰਨ ਸਮਾਜਿਕ ਵਿਵਸਥਾ 'ਤੇ ਡੂੰਘੀ ਸੱਟ ਮਾਰਦੀਆਂ ਹਨ।

1940 ਦਾ ਦੌਰ ਉਸ ਦੀ ਜ਼ਿੰਦਗੀ ਦਾ ਬਹੁਤ ਹਲਚਲ ਵਾਲਾ ਦੌਰ ਸੀ। ਉਸ ਦੀਆਂ ਫਿਲਮਾਂ ਦਾ ਵਿਸ਼ਾ ਵਸਤੂ ਤੇ ਉਨ੍ਹਾਂ ਦਾ ਵਿਚਾਰਕ ਝੁਕਾਅ ਦੇਖਦੇ ਹੋਏ ਉਸ ਨੂੰ ਕਮਿਊਨਿਸਟ ਆਖਿਆ ਜਾਣ ਲੱਗਾ। ਉਹ ਕਮਿਊਨਿਸਟ ਵਿਚਾਰਧਾਰਾ ਨੂੰ ਮੰਨਦਾ ਸੀ ਜਾਂ ਨਹੀਂ, ਇਹ ਤਾਂ ਕਦੇ ਸਾਬਤ ਨਹੀਂ ਹੋ ਸਕਿਆ, ਪਰ ਇਹ ਸੱਚ ਹੈ ਕਿ ਉਹ ਮਹਾਨ ਮਨੁੱਖਤਾਵਾਦੀ ਸੀ। ਨਾਜ਼ੀਵਾਦ ਦੀ ਖ਼ਿਲਾਫ਼ਤ ਕਰਦਿਆਂ ਉਸ ਨੇ 1940 ਵਿਚ 'ਦਿ ਗ੍ਰੇਟ ਡਿਕਟੇਟਰ' ਫਿਲਮ ਦਾ ਨਿਰਮਾਣ ਕੀਤਾ, ਜਿਸ ਵਿਚ ਉਸ ਨੇ ਹਿਟਲਰ ਦਾ ਬਹੁਤ ਮਜ਼ਾਕ ਉਡਾਇਆ। ਇਸ ਕਾਰਨ ਚਾਰਲੀ ਦਾ ਵਿਰੋਧ ਸਾਰੇ ਨਾਜ਼ੀਵਾਦੀ ਤੇ ਫਾਸ਼ੀਵਾਦੀਆਂ ਨੇ ਕੀਤਾ, ਪਰ ਬਾਕੀ ਸਾਰੀ ਦੁਨੀਆਂ ਨੇ ਬਹੁਤ ਪਿਆਰ ਦਿੱਤਾ। ਸੰਸਾਰ ਸਿਨੇਮਾ ਵਿਚ ਉਸ ਵੱਲੋਂ ਦਿੱਤੇ ਗਏ ਯੋਗਦਾਨ ਨੂੰ ਦੇਖਦਿਆਂ ਉਸ ਨੂੰ ਆਨਰੇਰੀ ਅਕਾਦਮੀ ਐਵਾਰਡ ਨਾਲ ਨਵਾਜ਼ਿਆ ਗਿਆ। ਚਾਰਲੀ ਨੇ ਆਪਣੀਆਂ ਫਿਲਮਾਂ ਤੋਂ ਬੇਸ਼ੁਮਾਰ ਕਮਾਈ ਕੀਤੀ, ਪਰ ਫਿਰ ਵੀ ਉਹ ਸਾਰਥਿਕ ਫਿਲਮਾਂ ਦੇ ਨਿਰਮਾਣ ਵਿਚ ਨਿਰਵਿਘਨ ਲੱਗਿਆ ਰਿਹਾ। ਲਗਪਗ 75 ਵਰ੍ਹਿਆਂ ਦੇ ਫਿਲਮੀ ਸਫਰ ਨੂੰ ਤੈਅ ਕਰਦਿਆਂ 1976 ਵਿਚ 88 ਸਾਲਾਂ ਦੀ ਉਮਰ ਵਿਚ ਉਸ ਦਾ ਦੇਹਾਂਤ ਹੋ ਗਿਆ। ਚਾਰਲੀ ਦੇ ਚਾਰ ਵਿਆਹ ਹੋਏ, ਪਰ ਚਾਰਾਂ ਵਿਚੋਂ ਇੱਕ ਵੀ ਵਿਆਹਿਕ ਜੀਵਨ ਖੁਸ਼ਹਾਲ ਨਾ ਰਿਹਾ।

ਚਾਰਲੀ ਬਾਹਰੀ ਦੁਨੀਆਂ ਤੋਂ ਬੇਫ਼ਿਕਰ ਹੋ ਕੇ ਨਿਰਵਿਘਨ ਆਪਣੇ ਫਿਲਮੀ ਕੰਮਾਂ ਵਿਚ ਲੱਗਿਆ ਰਿਹਾ ਤੇ ਸਾਰਥਿਕ ਫਿਲਮਾਂ ਦਾ ਨਿਰਮਾਣ ਕਰਦਾ ਰਿਹਾ। ਸੰਸਾਰ ਦੇ ਕਈ ਉਘੇ ਰਾਜ ਨੇਤਾ ਉਸ ਦੀ ਅਦਾਕਾਰੀ, ਕਲਾ ਅਤੇ ਵਿਚਾਰਾਂ ਤੋਂ ਪ੍ਰਭਾਵਿਤ ਰਹੇ। ਪੰਡਿਤ ਜਵਾਹਰ ਲਾਲ ਨਹਿਰੂ ਵੀ ਚਾਰਲੀ ਦੇ ਪ੍ਰਸ਼ੰਸਕ ਸਨ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਉਸ ਦੀਆਂ ਫਿਲਮਾਂ ਦੇਖਣਾ ਬਹੁਤ ਪਸੰਦ ਸੀ।

ਚਾਰਲੀ ਚੈਪਲਿਨ ਦੇ ਨਾਂ ਕਈ ਮਾਨ ਸਨਮਾਨ ਵੀ ਰਹੇ



ਫਿਲਮ 'ਸਰਕਸ' ਵਿਚ ਚਾਰਲੀ ਚੈਪਲਿਨ ਅਤੇ ਮੇਰਨਾ ਕੈਨੇਡੀ।

ਹਨ; ਜਿਵੇਂ 1962 ਵਿਚ ਆਕਸਫੋਰਡ ਯੂਨੀਵਰਸਿਟੀ ਨੇ ਡਾਕਟਰ ਆਫ ਲੈਟਰਸ ਡਿਗਰੀ ਨਾਲ ਸਨਮਾਨਤ ਕੀਤਾ; 1971 ਵਿਚ ਫਰਾਂਸ ਦੇ ਕਾਨ ਫਿਲਮ ਫੈਸਟੀਵਲ ਦੌਰਾਨ 'ਦਿ ਲੀਜਨ ਆਫ ਆਨਰ' ਸਨਮਾਨ ਨਾਲ ਸਨਮਾਨਤ ਕੀਤਾ ਗਿਆ; 1972 ਦੌਰਾਨ ਵੈਨਿਸ ਫਿਲਮ ਫੈਸਟੀਵਲ ਵਿਚ ਉਸ ਨੂੰ ਸਪੈਸ਼ਲ ਗੋਲਡਨ ਲਾਇਨ ਐਵਾਰਡ ਦਿੱਤਾ ਗਿਆ; 1972 ਵਿਚ ਹੀ ਜਦੋਂ ਉਹ ਕੁਝ ਕੁ ਦਿਨਾਂ ਲਈ ਅਮਰੀਕਾ ਵਾਪਸ ਆਇਆ ਤਾਂ ਲਿੰਕਨ ਸੈਂਟਰ ਫਿਲਮ ਸੁਸਾਇਟੀ ਨੇ ਉਸ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੱਤਾ। ਸਾਲ 1975 ਵਿਚ ਉਸ ਨੂੰ ਨਾਈਟ ਕਮਾਂਡਰ ਆਫ ਦਿ ਮੋਸਟ ਅਕਸੇਲੈਂਟ ਐਵਾਰਡ ਆਫ ਦਾ ਬ੍ਰਿਟਿਸ਼ ਅੰਪਾਇਰ ਨਾਲ ਵੀ ਸਨਮਾਨਤ ਕੀਤਾ ਗਿਆ। ਚਾਰਲੀ ਚੈਪਲਿਨ ਕੇਵਲ ਮਹਾਨ ਕਲਾਕਾਰ ਅਤੇ ਫਿਲਮ ਨਿਰਮਾਤਾ ਨਿਰਦੇਸ਼ਕ ਹੀ ਨਹੀਂ ਸੀ, ਸਗੋਂ ਮਹਾਨ ਵਿਚਾਰਕ ਅਤੇ ਚੰਗਾ ਚਿੰਤਕ ਵੀ ਸੀ। ਅਜਿਹੇ ਬਹੁਪ੍ਰਤਿਭਾ ਦੇ ਮਾਲਕ ਕਲਾਕਾਰ ਸਿਨੇਮਾ ਜਗਤ ਵਿਚ ਬਹੁਤ ਹੀ ਘੱਟ ਹੋਏ ਹਨ।

-ਵੀਣਾ ਭਾਟੀਆ

# ਫਿਲਮਾਂ ਵਿਚ ਔਰਤ ਦੀ ਦਸ਼ਾ

ਦੋ ਖਬਰਾਂ ਨਾਲੋ-ਨਾਲ ਆਈਆਂ ਜਿਨ੍ਹਾਂ ਨੇ ਧਿਆਨ ਖਿੱਚਿਆ ਹੈ। ਕਿਸੇ ਸ਼ਹਿਰ ਵਿਚ ਪਤੀ ਨੇ ਬਾਕਾਇਦਾ ਕਾਗਜ਼ੀ ਕਾਰਵਾਈ ਕਰਕੇ ਆਪਣੀ ਪਤਨੀ ਵੇਚ ਦਿੱਤੀ। ਦੂਜੀ ਖਬਰ ਇਹ ਹੈ ਕਿ ਪਤਨੀ ਪੀੜਤ ਪਤੀਆਂ ਨੇ ਸ਼ਹਿਰ ਵਿਚ ਜਲੂਸ ਕੱਢ ਕੇ ਆਪਣੇ ਦੁੱਖਾਂ ਬਾਰੇ ਪਰਚੇ ਵੰਡੇ। ਅੰਗਰੇਜ਼ੀ ਨਾਵਲਕਾਰ ਥੌਮਸ ਹਾਰਡੀ ਦਾ ਨਾਵਲ 'ਮੇਅਰ ਆਫ ਕੈਸਟਰਬ੍ਰਿਜ' ਬੜਾ ਮਸ਼ਹੂਰ ਹੋਇਆ ਹੈ। ਇਸ ਨਾਵਲ ਉਪਰ ਅੰਗਰੇਜ਼ੀ ਫਿਲਮ ਵੀ ਬਣੀ। ਇਸ ਨਾਵਲ ਤੋਂ ਪ੍ਰੇਰਿਤ ਹੋ ਕੇ ਯਸ਼ਰਾਜ ਚੋਪੜਾ ਨੇ ਹਿੰਦੀ ਫਿਲਮ 'ਦਾਗ' ਬਣਾਈ ਸੀ। ਨਾਵਲ ਵਿਚ ਪਤਨੀ ਨੂੰ ਵੇਚਣ ਵਾਲਾ ਆਦਮੀ ਭਵਿਖ ਵਿਚ ਸ਼ਹਿਰ ਦਾ ਮੇਅਰ ਬਣ ਜਾਂਦਾ ਹੈ ਅਤੇ ਮੁੜ ਵਿਆਹ ਕਰਵਾ ਲੈਂਦਾ ਹੈ। ਉਸ ਵੱਲੋਂ ਵੇਚੀ ਗਈ ਪਤਨੀ ਕਈ ਸਾਲਾਂ ਬਾਅਦ ਉਸ ਦੇ ਸਾਹਮਣੇ ਆਉਂਦੀ ਹੈ ਤਾਂ ਹਾਲਤ ਕਸੂਤੀ ਬਣ ਜਾਂਦੀ ਹੈ। ਕਈ ਸਾਲ ਪਹਿਲਾਂ ਇਕ ਸੀਨੀਅਰ ਪੱਤਰਕਾਰ ਨੇ ਪ੍ਰੈੱਸ ਕਾਨਫਰੰਸ ਵਿਚ ਇਕ ਕਬਾਇਲੀ ਲੜਕੀ ਨੂੰ ਸਾਹਮਣੇ ਲਿਆਂਦਾ ਸੀ ਜਿਸ ਕਾਰਨ ਕਾਫੀ ਹੰਗਾਮਾ ਹੋਇਆ ਸੀ। ਇਹ ਮਸਲਾ ਵੀ ਔਰਤਾਂ ਦੀ ਖਰੀਦੋ-ਫਰੋਖਤ ਦਾ ਹੀ ਸੀ।

ਇਸ ਵਿਸ਼ੇ ਉਤੇ ਫਿਲਮਕਾਰ ਜਗਮੋਹਨ ਮੁੰਦੜਾ ਨੇ 'ਕਮਲਾ' ਨਾਂ ਦੀ ਫਿਲਮ ਬਣਾਈ ਸੀ। ਫਿਲਮ ਦੇ ਇਕ ਦ੍ਰਿਸ਼ ਵਿਚ ਕਬਾਇਲੀ ਲੜਕੀ ਪੱਤਰਕਾਰ ਕੁੜੀ ਨੂੰ ਸਵਾਲ ਕਰਦੀ ਹੈ ਕਿ ਉਸ ਨੂੰ ਕਿੰਨੇ ਵਿਚ ਖਰੀਦਿਆ ਗਿਆ ਹੈ? ਉਸ ਲੜਕੀ ਨੂੰ ਤਾਂ ਇਹੀ ਲਗਦਾ ਹੈ ਕਿ ਔਰਤਾਂ ਦੀ ਖਰੀਦੋ-ਫਰੋਖਤ ਆਮ ਗੱਲ ਹੈ। ਫਿਲਮ ਵਿਚ ਕਮਲਾ ਦੀ ਭੂਮਿਕਾ ਦੀਪਤੀ ਨਵਲ ਨੇ ਨਿਭਾਈ ਸੀ।

ਅੰਗਰੇਜ਼ੀ ਵਿਚ ਬਣੀ ਫਿਲਮ 'ਇਨਡੀਸੈਂਟ ਪ੍ਰੋਪੋਜ਼ਲ' ਵਿਚ ਇਕ ਬੰਦਾ ਕੈਸੀਨੋ ਵਿਚ ਆਪਣਾ ਸਾਰਾ ਪੈਸਾ ਹਾਰ ਜਾਂਦਾ ਹੈ। ਜਿੱਤਣ ਵਾਲਾ ਮਾੜੀ ਸੋਚ ਵਾਲਾ ਸੀ। ਉਹ ਹਾਰਨ ਵਾਲੇ ਨੂੰ ਆਖਦਾ ਹੈ ਕਿ ਜੇ ਉਸ ਦੀ ਪਤਨੀ ਇਕ ਹਫਤਾ ਉਸ ਕੋਲ ਰਹੇ ਤਾਂ ਉਹ ਜਿੱਤੀ ਹੋਈ ਸਾਰੀ ਰਕਮ ਉਸ ਨੂੰ ਵਾਪਸ ਕਰ ਦੇਵੇਗਾ। ਹਤਾਸ਼ ਹੋਇਆ ਹਾਰਿਆ ਪਤੀ ਇਸ ਸੌਦੇ ਲਈ ਮੰਨ ਜਾਂਦਾ ਹੈ ਪਰ ਸੁਰਤ ਆਉਣ 'ਤੇ ਇਹ ਸੌਦਾ ਤੋੜਨ ਲਈ ਭੱਜਦਾ ਹੈ। ਉਦੋਂ ਤੱਕ ਹੈਲੀਕਾਪਟਰ ਉਡ ਚੁੱਕਾ ਹੈ। ਜਿੱਤਣ ਵਾਲਾ ਇਹ ਗੱਲ ਸਮਝ ਜਾਂਦਾ ਹੈ ਕਿ ਇਨ੍ਹਾਂ ਦੋਹਾਂ (ਪਤੀ-ਪਤਨੀ) ਵਿਚ ਡੂੰਘਾ ਪ੍ਰੇਮ ਹੈ। ਪਤੀ ਕੈਸੀਨੋ ਵਿਚ ਆਰਥਿਕ ਮੰਦੀ ਤੋਂ ਉਭਰਨ ਲਈ ਆਇਆ ਸੀ ਪਰ ਉਲਟ ਹੋ ਗਿਆ। ਉਂਜ, ਜਿੱਤਣ ਵਾਲੇ ਨੇ ਦੋ ਦਿਨਾਂ ਵਿਚ ਉਸ ਦੀ ਪਤਨੀ ਨੂੰ ਛੋਹਿਆ ਤੱਕ ਨਹੀਂ ਪਰ ਹਾਰੇ ਹੋਏ ਪਤੀ ਨੇ ਪਤਨੀ ਵਾਪਸ ਮਿਲਣ ਪਿਛੋਂ ਉਸ ਨਾਲ ਦੂਰੀ ਬਣਾ ਲਈ। ਉਸ ਦੇ ਮਨ 'ਚ ਇਹੀ ਗੱਲ ਬੈਠ ਗਈ ਕਿ ਉਹ ਕਿਸੇ ਨਾਲ ਰਹਿ ਕੇ ਆਈ ਹੈ। ਮਰਦਾਂ ਦੀ ਇਸੇ ਬਿਮਾਰ ਸੋਚ ਨੂੰ 'ਸੰਗਮ' ਦੇ ਸੰਵਾਦ ਵਿਚ ਦਰਸਾਇਆ ਗਿਆ ਹੈ। ਪਤੀ ਕਹਿੰਦਾ ਹੈ ਕਿ ਉਹ ਆਪਣੀ ਪਤਨੀ ਨੂੰ ਛੂਹਣ ਲਗਦਾ ਹੈ ਤਾਂ ਇਸ ਤਰ੍ਹਾਂ ਦੀ ਨਫਰਤ ਨਾਲ ਭਰ ਜਾਂਦਾ ਹੈ ਕਿ ਇਸ ਸਰੀਰ ਨੂੰ ਕਿਸੇ ਹੋਰ ਨੇ ਪਹਿਲਾਂ ਛੋਹਿਆ ਹੈ।

ਇਸ ਤਰ੍ਹਾਂ ਦੀ ਛੋਟੀ ਸੋਚ ਨੂੰ ਅਸੀਂ 'ਮਹਾਭਾਰਤ' ਵਿਚ ਦੇਖ ਚੁੱਕੇ ਹਾਂ। ਧਰਮਰਾਜ ਯੁਧਿਸ਼ਟਰ ਨੇ ਦ੍ਰੋਪਦੀ ਨੂੰ ਜੂਏ ਵਿਚ ਦਾਅ 'ਤੇ ਲਾ ਦਿੱਤਾ ਸੀ ਜੋ ਪੰਜ ਭਾਈਆਂ ਦੀ ਸਾਂਝੀ ਪਤਨੀ ਸੀ। ਗੰਧਾਰੀ ਦੇ ਕਹਿਣ 'ਤੇ ਦ੍ਰੋਪਦੀ ਵਾਪਸ ਕਰ ਦਿੱਤੀ ਗਈ ਪਰ ਯੁਧਿਸ਼ਟਰ ਦੁਬਾਰਾ ਉਸ ਨੂੰ ਹਾਰ ਗਿਆ। ਫਿਲਮ 'ਕਾ ਔਰ ਕੀ' ਵਿਚ ਭੂਮਿਕਾਵਾਂ ਦਾ ਫੇਰਬਦਲ ਕਰ ਕੇ ਪੇਸ਼ ਕੀਤਾ ਗਿਆ ਹੈ; ਭਾਵ ਪਤੀ ਪਤਨੀ ਵਾਲੇ ਅਤੇ ਪਤਨੀ ਪਤੀ ਵਾਲੇ ਸਾਰੇ ਕੰਮ ਕਰਦੇ ਹਨ। ਪਤੀ ਘਰ ਦਾ ਖਾਣਾ ਬਣਾਉਣ ਤੋਂ ਲੈ ਕੇ ਹੋਰ ਸਾਰੇ ਘਰੇਲੂ ਕੰਮ ਕਰਦਾ ਹੈ ਅਤੇ ਪਤਨੀ ਦਫਤਰ ਵਿਚ ਕੰਮ ਕਰਕੇ ਘਰ ਦਾ ਖਰਚ ਚਲਾਉਂਦੀ ਹੈ। ਪ੍ਰੇਮ ਵਿਆਹ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਸ਼ਾਦੀ ਤੋਂ ਬਾਅਦ ਪਤਨੀ ਪ੍ਰੇਮਿਕਾ ਨਹੀਂ ਰਹਿ ਜਾਂਦੀ। ਸਵਾਲ ਇਹ ਵੀ ਹੈ ਕਿ ਵਿਆਹ ਤੋਂ ਬਾਅਦ ਪਤੀ ਆਪਣੀ ਪਤਨੀ ਨੂੰ ਪਹਿਲਾਂ ਵਾਂਗ ਪ੍ਰੇਮ-ਪੱਤਰ ਕਿਉਂ ਨਹੀਂ ਲਿਖਦੇ? ਇਨ੍ਹਾਂ ਸਾਰੀਆਂ ਫਿਲਮਾਂ ਅੰਦਰ ਇਹ ਰਿਸ਼ਤੇ ਵੱਖਰੇ-ਵੱਖਰੇ ਢੰਗ ਨਾਲ ਪੇਸ਼ ਹੋਏ ਹਨ।




ਫਿਲਮ 'ਕਾ ਔਰ ਕੀ' ਵਿਚ ਅਰਜੁਨ ਕਪੂਰ ਅਤੇ ਕਰੀਨਾ ਕਪੂਰ।

-ਜੈਪ੍ਰਕਾਸ਼ ਚੌਕਸੇ

# ਪ੍ਰਿਅੰਕਾ ਚੋਪੜਾ ਦੀ ਮਾਨਵ-ਮੁਹੱਬਤ

ਇਸ ਸਾਲ ਦੇ ਸ਼ੁਰੂ ਵਿਚ ਰੋਹਿੰਗੀਆ ਸ਼ਰਨਾਰਥੀ ਕੈਂਪਾਂ ਦਾ ਦੌਰਾ ਕਰਨ ਵਾਲੀ ਅਦਾਕਾਰਾ ਪ੍ਰਿਅੰਕਾ ਚੋਪੜਾ ਦਾ ਕਹਿਣਾ ਹੈ ਕਿ ਇਨ੍ਹਾਂ ਕੈਂਪਾਂ 'ਚ ਰਹਿਣ ਵਾਲੇ ਬੱਚਿਆਂ ਦੀ ਕਹਾਣੀ ਬੇਹੱਦ ਦਿਲ ਕੰਬਾਊ ਹੈ। ਉਹ ਯੂਨੀਸੈਫ ਦੀ ਗੁਡਵਿਲ ਅੰਬੈਸਡਰ ਹੈ ਅਤੇ ਬੰਗਲਾਦੇਸ਼ ਦੇ ਸ਼ਰਨਾਰਥੀ ਕੈਂਪਾਂ ਵਿਚ ਗਈ ਸੀ। ਉਹ ਪਿਛਲੇ 12 ਸਾਲ ਤੋਂ ਯੂਨੀਸੈਫ ਨਾਲ ਜੁੜੀ ਹੋਈ ਹੈ। ਉਸ ਨੇ ਜਾਰਡਨ ਅਤੇ ਬੰਗਲਾਦੇਸ਼ ਦੇ ਸ਼ਰਨਾਰਥੀ ਕੈਂਪਾਂ ਵਿਚ ਬੱਚਿਆਂ ਨਾਲ ਬਿਤਾਏ ਸਮੇਂ ਦੇ ਵੀਡੀਓ ਵੀ ਸਾਂਝੇ ਕੀਤੇ। ਉਸ ਮੁਤਾਬਕ, ਸੰਸਾਰ ਭਰ ਦੇ 6.5 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਜਬਰੀ ਘਰੋਂ ਬੇਘਰ ਕਰ ਦਿੱਤਾ ਗਿਆ।



ਯਾਦ ਰਹੇ ਕਿ 2017 ਦੇ ਅੱਧ ਵਿਚ ਮਿਆਂਮਾਰ ਤੋਂ ਉਜਾੜੇ ਇਹ ਰੋਹਿੰਗਿਆ ਲੋਕ ਸਰਹੱਦ ਪਾਰ ਕਰਕੇ ਬੰਗਲਾਦੇਸ਼ ਪਹੁੰਚ ਗਏ ਸਨ। ਇਨ੍ਹਾਂ ਵਿਚ 60 ਫੀਸਦੀ ਬੱਚੇ ਹਨ। ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਬੱਚਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਸ ਦੇਸ਼ ਦੇ ਵਾਸੀ ਹਨ। ਉਧਰ, ਕੁਝ ਹਿੰਦੂ ਕੱਟੜਪੰਥੀਆਂ ਨੇ ਰੋਹਿੰਗਿਆ ਦੀ ਖੁੱਲ੍ਹੇਆਮ ਹਮਾਇਤ ਕਰਨ 'ਤੇ ਪ੍ਰਿਅੰਕਾ ਚੋਪੜਾ ਦੀ ਨੁਕਤਾਚੀਨੀ ਕੀਤੀ ਹੈ। ਇਹ ਵੀ ਦੱਸਣਯੋਗ ਹੈ ਕਿ ਮੋਦੀ ਸਰਕਾਰ ਦਾ ਵਿਹਾਰ ਵੀ ਇਨ੍ਹਾਂ ਲੋਕਾਂ ਪ੍ਰਤੀ ਨਾਂਹਮੁਖੀ ਰਿਹਾ ਹੈ ਪਰ ਪ੍ਰਿਅੰਕਾ ਚੋਪੜਾ ਨੇ ਕੱਟੜਪੰਥੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਤੋਂ ਪਹਿਲਾਂ ਅਮਰੀਕੀ ਟੀਵੀ ਸੀਰੀਜ਼ 'ਕੁਆਂਟਿਕੋ' ਦੇ ਮਾਮਲੇ ਵਿਚ ਵੀ ਕੱਟੜਪੰਥੀ ਉਹਦੇ ਮਗਰ ਪੈ ਗਏ ਸਨ। ਇਸ ਸੀਰੀਜ਼ ਵਿਚ ਇਕ ਹਿੰਦੂ ਨੂੰ ਅਤਿਵਾਦੀ ਦਿਖਾਇਆ ਗਿਆ ਸੀ ਅਤੇ ਕੱਟੜਪੰਥੀਆਂ ਨੇ ਇਸੇ 'ਤੇ ਇਤਰਾਜ਼ ਕੀਤਾ ਸੀ। ਬਾਅਦ ਵਿਚ ਮਾਮਲਾ ਵਧਣ ਕਰਕੇ ਪ੍ਰਿਅੰਕਾ ਚੋਪੜਾ ਨੇ ਆਪਣੇ ਟਵਿਟਰ ਖਾਤੇ 'ਤੇ ਲਿਖਿਆ ਕਿ ਉਸ ਨੂੰ ਭਾਰਤੀ ਹੋਣ 'ਤੇ ਮਾਣ ਹੈ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਉਸ ਤੇ ਉਸ ਦੀ ਦਾ ਮੰਤਵ ਨਹੀਂ ਸੀ। ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਖਿਮਾਂ ਦੀ ਜਾਚਕ ਹੈ।

ਹੁਣ ਪ੍ਰਿਅੰਕਾ ਬਾਰੇ ਤਾਜ਼ਾ ਖਬਰ ਇਹ ਹੈ ਕਿ ਹਾਲੀਵੁਡ ਸਟਾਰ ਨਿੱਕ ਜੋਨਜ਼ ਨਾਲ ਉਸ ਦੀਆਂ ਨਜ਼ਦੀਕੀ ਵਧ ਰਹੀਆਂ ਹਨ। ਉਹ ਨਿੱਕ ਨੂੰ ਮੁੰਬਈ ਵੀ ਲੈ ਆਈ ਹੈ। ਉਹ ਆਪਣੀ ਨਵੀਂ ਫਿਲਮ 'ਭਾਰਤ' ਵਿਚ ਕੰਮ ਕਰਕੇ ਦੋ ਸਾਲ ਬਾਅਦ ਫਿਰ ਬਾਲੀਵੁਡ ਪਰਤੀ ਹੈ। ਸਵਾਲਾਂ ਦੇ ਜਵਾਬ ਦੌਰਾਨ ਉਸ ਨੇ ਆਪਣੇ ਨਵੇਂ ਪਿਆਰ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਫਿਲਹਾਲ ਉਹ ਆਪਣੇ ਨਵੇਂ ਪ੍ਰੋਜੈਕਟਾਂ ਵੱਲ ਸਾਰਾ ਧਿਆਨ ਲਾ ਰਹੀ ਹੈ।

-ਆਮਨਾ ਕੌਰ



# ਫੁੱਲ-ਫਕੀਰੀ



## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੱਚਿਆਂ ਦੇ ਭੋਲੇਪਨ, ਉਨ੍ਹਾਂ ਦੀ ਪਾਕੀਜ਼ ਸੰਗਤ ਅਤੇ ਮਾਪਿਆਂ ਲਈ ਉਨ੍ਹਾਂ ਦੇ ਜਿੰਦ ਜਾਨ ਹੋਣ ਦੀ ਵਾਰਤਾ ਛੇੜੀ ਸੀ, "ਬੱਚਾ ਬਹਿ ਬਾਬੇ ਦੀ ਬੁੱਕਲ, ਬਰਕਤਾਂ ਪਾਵੇ ਝੋਲੀ। ਹਰਫਾਂ ਦੇ ਕਿੰਜ ਮੇਚ ਉਹ ਆਵੇ, ਤੋਤਲੀ ਬੋਲਣ ਬੋਲੀ। ਬੱਚੇ ਹੁੰਦੇ ਬੰਦਗੀ ਵਰਗੇ ਤੇ ਚਾਅ ਦਾ ਸੰਦੜਾ ਰਾਗ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਫੁੱਲਾਂ ਦੀ ਸਿਫਤਾਂ ਬਿਆਨਦਿਆਂ ਕਿਹਾ ਹੈ, "ਫੁੱਲ ਦਾ ਧਰਮ ਹੈ ਖਿੜਨਾ। ਉਹ ਲਈ ਕੋਈ ਖਾਸ ਮਿੱਟੀ, ਸਥਾਨ ਜਾਂ ਮੌਸਮ ਨਹੀਂ। ਉਹ ਤਾਂ ਹਰ ਥਾਂ, ਹਰ ਮੌਸਮੀ ਮਜ਼ਾਜ਼ 'ਚ ਖਿੜਦਾ।...ਫੁੱਲ ਕੋਲ ਰੰਗ, ਮਹਿਕ, ਕੋਮਲਤਾ, ਨਜ਼ਾਕਤ ਅਤੇ ਨਿਰਮਾਣਤਾ ਹੈ। ਪਰ ਰੂਹ-ਵਿਹੂਣਾ। ਅਜਿਹਾ ਨੇਕ-ਕਰਮੀ ਕਿ ਫੁੱਲਾਂ ਨੂੰ ਮਸਲਣ ਵਾਲੇ ਹੱਥਾਂ ਨੂੰ ਵੀ ਖੁਸ਼ਬੂ ਨਾਲ ਲਬਰੇਜ਼ ਕਰਦਾ।" ਬੱਚਿਆਂ ਨੂੰ ਫੁੱਲਾਂ ਦੀ ਤਸ਼ਬੀਹ ਦਿੰਦਿਆਂ ਉਹ ਕਹਿੰਦੇ ਹਨ ਕਿ ਫੁੱਲ ਵਿਹੜੇ ਨੂੰ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਭਰ ਦਿੰਦੇ ਹਨ। ਉਨ੍ਹਾਂ ਦੀ ਤਾਂਘ ਹੈ, "ਫੁੱਲ ਦੀ ਉਮਰੇ ਮਰੇ ਨਾ ਕੋਈ, ਬਣੇ ਨਾ ਟੁੱਟਿਆ ਤਾਰਾ। ਨਹੀਂ ਤਾਂ ਫੁੱਲਾਂ ਦੇ ਉਚੜੇ ਵਿਹੜੇ, ਵਹਿੰਦੀ ਖਾਰੀ-ਧਾਰਾ। ਫੁੱਲ, ਸਦਾ ਫੁੱਲ ਹੀ ਰਹਿਸਣ, ਬਣਨ ਹਿਲੋਰਾ ਟਾਹਣੀ। ਸੋਚਾਂ ਵਿਚੋਂ ਕਿੰਜ ਮਿਟੇਗੀ, ਇਹ ਬਹਿਸ਼ਤ ਮਾਣੀ।" -ਸੰਪਾਦਕ***

ਫੁੱਲ, ਸੁਗੰਧ-ਸੰਧਾਰਾ ਜੋ ਰੁਮਕਦੀ ਪੌਣ ਦੀ ਤਲੀ 'ਤੇ ਧਰ, ਫਿਜ਼ਾ ਨੂੰ ਤਰੰਗਤ ਤੇ ਸੁਗੰਧਤ ਕਰਦਾ।

ਫੁੱਲ, ਕੋਮਲਤਾ ਦਾ ਮੁਜੱਸਮਾ, ਕੁਰੱਖਤਾ ਨੂੰ ਮੁਲਾਇਮੀ ਦੀ ਦਾਤ, ਕੋਮਲ ਭਾਵਾਂ ਦਾ ਨਿਉਂਦਾ, ਤਲਖ ਸਮਿਆਂ ਲਈ ਤਾਮੀਜ਼ਗੀ।

ਫੁੱਲ, ਸੁਹਜ-ਸੰਦੇਸ਼, ਸੂਹਾ-ਸੁੱਚਮ, ਪਾਕੀਜ਼ਗੀ-ਪਾਹੁਲ, ਨਿਰਲੇਪਤਾ-ਨੂਰ, ਸਦਗੁਣਤਾ-ਸੂਝ ਅਤੇ ਭਾਵ-ਭਿੰਨਤਾ।

ਫੁੱਲ, ਬੀਆਬਾਨ 'ਚ ਰੌਣਕ, ਚਮਨ ਨੂੰ ਲੰਮੀ ਉਮਰ, ਬਿਰਖ ਨੂੰ ਸੁੰਦਰਤਾ, ਟਾਹਣੀ ਨੂੰ ਲਚਕ ਅਤੇ ਤਾਲੀ ਨੂੰ ਨਿਰਮਾਣਤਾ ਦਾ ਹਿਲੋਰਾ।

ਫੁੱਲ ਦੁਆਲੇ ਕੰਡਿਆਂ ਦੀ ਵਾੜ, ਫੁੱਲ ਦਾ ਕੋਝੀ ਸੋਚ ਤੋਂ ਬਚਾਅ, ਫੁੱਲ ਦੀ ਹੋਂਦ 'ਤੇ ਪ੍ਰਸ਼ਨ-ਚਿੰਨ੍ਹ ਖੁਣਦੇ ਹੱਥਾਂ ਲਈ ਨਿੱਕੀ ਜਿਹੀ ਚੋਭ ਅਤੇ ਬੇ-ਸਮਝਿਆਂ ਦੇ ਰਾਹਾਂ 'ਚ ਸੂਲਾਂ ਦਾ ਜੰਗਲ।

ਫੁੱਲ, ਤਿੱਤਲੀਆਂ ਸੰਗ ਰੰਗਾਂ ਦੀ ਹੋਲੀ, ਭੌਰਿਆਂ ਸੰਗ ਸੰਗੀਤਕ ਸੰਵਾਦ ਤੇ ਭਰਮਣ, ਪੌਣਾਂ 'ਚ ਸੰਦਲੀ ਰੁਮਕਣੀ ਅਤੇ ਫਿਜ਼ਾ ਦੇ ਨਾਮ ਸੰਧੂਰੀ ਰੰਗਤ।

ਫੁੱਲ ਇਕ ਆਕਰਸ਼ਣ, ਜੋ ਮਨੁੱਖ ਨੂੰ ਫੁੱਲ ਬਣਨ ਲਈ ਪ੍ਰੇਰਨਾ ਅਤੇ ਫੁੱਲਾਂ ਵਰਗੀ ਕਰਮ-ਯੋਗਤਾ ਲਈ ਸੇਧ-ਸਰੋਤ।

ਫੁੱਲ, ਸਰਬ-ਧਰਮੀ, ਸਰਬ-ਸੇਵਕ ਅਤੇ ਆਪਾ-ਦਾਨੀ। ਹਰ ਵਿਹੜੇ 'ਚ ਰੰਗਾਂ ਦਾ ਛਾਬਾ। ਹਰ ਸਾਹ ਵਿਚ ਮਹਿਕ-ਲਬਰੇਜ਼ਤਾ। ਹਰ ਨੈਣਾਂ 'ਚ ਸੰਦਲੀ ਸੁਪਨਿਆਂ ਦੀ ਸਤਰੰਗੀ।

ਫੁੱਲ ਦਾ ਸਾਥ, ਉਦਾਸ-ਪਲਾਂ ਤੋਂ ਨਿਜ਼ਾਤ, ਮਾਯੂਸੀ ਤੋਂ ਰਾਹਤ, ਪੀੜਾ ਹਰਨ ਦਾ ਸਬੱਬ, ਸੁਖਨ, ਸਕੂਨ, ਸੁੰਦਰਤਾ, ਸੰਜੀਦਗੀ, ਸਾਦਗੀ ਤੇ ਸਫਲਤਾ ਦਾ ਮੰਤਰ, ਮਨ-ਬੀਹੀ ਦੇ ਨਾਮ ਕਰ ਆਪਣੀ ਤਰਕ-ਸੰਗਤਾ ਸਦੀਵ ਜਿਉਂਦਾ ਰੱਖਦੇ।

ਫੁੱਲ-ਜੂਹ 'ਚ ਅਜਿਹੀ ਚੁੱਪ ਜੋ ਕਿਸੇ ਹੁਜਰੇ 'ਚ ਹੁੰਦੀ। ਕਿਸੇ ਦਰਗਾਹ ਦੀ ਪਰਿਕਰਮਾ ਕਰਦਿਆਂ ਦੂਸ਼ਤ ਪਲਾਂ ਨੂੰ ਪਾਕ ਕਰਦੀ। ਅੰਤਰੀਵ ਵਿਚ ਬੈਠੀ, ਸਵੈ-ਸੰਵਾਦ ਬਣ ਖੁਦ ਨੂੰ ਤਲਾਸ਼ਣ ਤੇ ਤਰਾਸ਼ਣ ਲਈ ਤਰਕੀਬ ਘੜਦੀ।

ਫੁੱਲਾਂ ਵਿਹੜੇ ਆ ਕਲਮ ਕੂਕਦੀ;
ਫੁੱਲ ਬਣਨ ਲਈ, ਫੁੱਲਾਂ ਵਿਹੜੇ
ਫੁੱਲ ਕੋਲ ਬਹਿ ਕੇ ਆਇਆਂ
ਫੁੱਲ-ਰੰਗਰੇਜ਼ਤਾ ਰੂਹ ਵਸਾਈ
ਬਣ ਫੁੱਲਾਂ ਦਾ ਹਮਸਾਇਆ।

ਸੋਚਾਂ, ਕਾਸ਼!
ਫੁੱਲਾਂ ਦੀ ਜੂਨੇ ਪਵਾਂ
ਤੇ ਕੰਡੇ ਕਰ ਦੇਣ ਵਾੜਾਂ
ਖੁਦ ਵਿਚੋਂ ਖੁਦੀ ਮਿਟਾ ਕੇ
ਤਨ ਦੀ ਚਾਦਰ ਪਾੜਾਂ
ਫੁੱਲ-ਸੁਹਜ ਦੀ ਕਿਰਤ-ਕਰੇਂਦਿਆਂ
ਕੁਹਜ ਨੂੰ ਹੱਥੀਂ ਸਾੜਾਂ
ਤੇ ਦਰ ਮੇਰੇ ਦੀ ਦਸਤਕ ਬਣ ਜਾਣ
ਫੁੱਲ-ਚਾਅ ਦੀਆਂ ਧਾੜਾਂ
ਫੁੱਲ ਦੀ ਪਰਿਕਰਮਾ ਕਰਦਿਆਂ
ਫੁੱਲ ਦਾ ਧਰਮ ਉਚਾਰਾਂ
ਤੇ ਸੁੰਨ-ਨਗਰੀ ਦੇ ਸਿਰ ਤੋਂ
ਫੁੱਲ-ਸੁੱਖਨ ਨੂੰ ਵਾਰਾਂ।

ਸੁਰਤ ਪਰਤੀ ਤਾਂ
ਫੁੱਲ-ਪੱਤੀਆਂ ਦੀ ਕੋਮਲ ਛੂਹ ਕੇ
ਅਜ਼ਬ ਅਹਿਸਾਸ ਜਗਾਇਆ
ਫੁੱਲ-ਸੁਗੰਧੀ ਸਾਹੀਂ ਸੰਜੋਈ
ਫੁੱਲ ਦਾ ਧਰਮ ਨਿਭਾਇਆ
ਫੁੱਲ-ਫਕੀਰੀ ਸੋਚੀਂ ਧਰ ਕੇ
ਖੁਦਾ ਨੂੰ ਖੁਦ ਭੁਲਾਇਆ



ਵਹਿ ਵੇਰੀ ਹੌਸਲਿਆਂ ਨੂੰ ਬੁਲੰਦੀ, ਗੁੰਮ ਗਏ ਰਾਹਾਂ ਨੂੰ ਫਿਰ ਤੋਂ ਤਲਾਸ਼ਣ ਅਤੇ ਪੈਰਾਂ ਲਈ ਤੁਰਨ ਦਾ ਉਦਮ।

ਫੁੱਲਾਂ ਦੇ ਬੇਲੇ 'ਚ ਫੁੱਲ-ਬਿਰਖਾਂ ਦੀਆਂ ਡਾਰਾਂ, ਮੌਲਦੀਆਂ ਮਸਤ ਬਹਾਰਾਂ, ਹਵਾਵਾਂ 'ਚ ਹਾਸਿਆਂ ਦੀ ਗੁਟਕਣੀ, ਚੌਗਿਰਦੇ 'ਚ ਫੁੱਲਾਂ ਦੀਆਂ ਗੋਸ਼ਟੀਆਂ, ਵੰਡੀਆਂ ਜਾ ਰਹੀਆਂ ਫੁੱਲ-ਸੁਗਾਤਾਂ ਅਤੇ ਫੁੱਲ-ਵਿਹੜੇ 'ਚ ਰਾਂਗਲੇ ਦਿਨਾਂ ਨੂੰ ਖੁਸ਼ਆਮਦੀਦ ਕਹਿੰਦੀਆਂ ਸੰਜੀਲੀਆਂ ਤੇ ਸੰਦਲੀ ਪ੍ਰਭਾਤਾਂ।

ਫੁੱਲ ਦੀ ਗੱਲਬਾਤ 'ਚ ਹਲੀਮੀ, ਹਮਸਫਰੀ, ਹਾਸੇ, ਹਰਦਿਲ-ਅਜ਼ੀਜ਼ੀ ਅਤੇ ਹਮਰੁਬਤਾ ਦਾ ਰਹੱਸ। ਇਕ ਦੂਜੇ ਦੀਆਂ ਖੈਰਾਂ ਮੰਗਦੇ, ਦੁਆਵਾਂ ਦਿੰਦੇ ਅਤੇ ਅਸੀਸ-ਗਲਵੱਕੜੀ ਨਾਲ, ਸਾਥੀ ਦੀ ਸਾਹ-ਨਿਰੰਤਰਤਾ 'ਚੋਂ ਖੁਦ ਦੀ ਸਦੀਵਤਾ ਦਾ ਕਿਆਸ।

ਫੁੱਲ ਕਿਤਾਬਾਂ 'ਚ ਵੀ ਉਗਦੇ ਜਿਨ੍ਹਾਂ ਦੀ ਇਬਾਰਤ ਤੇ ਇਬਾਦਤ ਵਿਚੋਂ ਖੇੜਿਆਂ ਦਾ ਹਾਣ ਤੇ ਰੂਹ-ਰੰਗਰੇਜ਼ਤਾ ਦੀ ਸਰਸ਼ਾਰਤਾ। ਹਰਫਾਂ ਵਿਚ ਖਿੜਦੇ ਅਰਥਾਂ ਦੇ ਫੁੱਲ, ਜ਼ਿੰਦਗੀ ਦੀ ਖੂਬਸੂਰਤੀ ਵਿਚ ਚੋਖਾ ਵਾਧਾ। ਇਹ ਫੁੱਲ ਕਦੇ ਨਹੀਂ ਮੁਰਝਾਉਂਦੇ ਤੇ ਸਦੀਵ ਤਾਜ਼ਗੀ ਦਾ ਧਰਮ ਨਿਭਾਉਂਦੇ।

ਫੁੱਲ, ਕੈਕਟਸੀ ਰੂਪ 'ਚ ਰੱਕੜ ਦਾ ਤਾਜ, ਵੀਰਾਨ ਤੇ ਪਿਆਸੀ ਧਰਾਤਲ ਨੂੰ ਫੁੱਲਾਂ ਦਾ ਸੁਹਜ, ਦੁਸ਼ਵਾਰੀਆਂ 'ਚ ਫੁੱਲ ਬਣ ਕੇ ਖਿੜਨ ਦਾ ਹੀਆ, ਮਾਰੂਥਲ ਵਰਗੀ ਸੋਚ 'ਚ ਫੁੱਲਾਂ ਦੀ ਖੇਤੀ।

ਫੁੱਲ ਉਨ੍ਹਾਂ ਬੋਲਾਂ 'ਚ ਉਗਦੇ ਜੋ ਸਹਿਜ,

ਫੁੱਲ-ਆਗੋਸ਼ 'ਚੋਂ ਮਿਲੇ ਸਕੂਨ ਨੇ
ਕਰਮ 'ਚ ਧਰਮ ਟਿਕਾਇਆ
ਫੁੱਲ ਦੀ ਬੇਲਾਗਤਾ ਸੰਗ
ਬਹਿ ਸੰਵਾਦ ਰਚਾਇਆ
ਤੇ ਸੌੜੀ-ਸੋਚ ਦੀ ਮੌਤ ਦਾ
ਦੋਹਾਂ ਜਸ਼ਨ ਮਨਾਇਆ
ਫੁੱਲ ਦਾ ਸਾਇਆ ਨਾਲ ਤੁਰ ਪਿਆ
ਘਰ 'ਚ ਘਰ ਬਣਾਇਆ
ਤੇ ਫੁੱਲਾਂ ਦੀ ਮਹਿਕ ਵਰਗਾ
ਸੁਖਨ-ਸੰਧੂਰੀ ਪਾਇਆ।

ਯਾ ਖੁਦਾਇਆ!
ਫੁੱਲ-ਜੂਹ 'ਚ ਫੁੱਲ-ਪਲਾਂ ਨੂੰ
ਉਮਰ ਜੋੜ ਕਰ ਜਾਵੀਂ
ਤੇ ਫੁੱਲਾਂ ਦੀ ਅਰਥ-ਅਰਾਧਨਾ
ਹਰਫ-ਮੱਥੇ 'ਤੇ ਲਾਵੀਂ।

ਫੁੱਲ ਤਾਂ ਉਨ੍ਹਾਂ ਬਰੂਹਾਂ 'ਤੇ ਵੀ ਉਗਦੇ, ਜਿਨ੍ਹਾਂ ਨੂੰ ਸ਼ਗਨਾਂ ਦਾ ਤੇਲ ਨਸੀਬ ਹੁੰਦਾ ਤੇ ਪਾਣੀ ਡੋਲਿਆ ਜਾਂਦਾ ਜਦ ਚਿਰਾਂ ਬਾਅਦ ਘਰਾਂ ਨੂੰ ਪਰਤਦੇ ਪਰਦੇਸੀ ਪੁੱਤ ਕੰਧਾਂ ਨੂੰ ਘਰ ਬਣਾਉਣ, ਤਿੜਕੀਆਂ ਡੰਗੋਰੀਆਂ ਲਈ ਸਰਵਣ ਪੁੱਤਰ ਬਣਨ ਅਤੇ ਮੱਧਮ ਨਜ਼ਰ ਲਈ ਮਿਲਾਪ ਦਾ ਚਿਰਾਗ ਬਣਨ।

ਫੁੱਲ ਆਪਣੀ ਅਰਥੀ ਉਠਾਉਣ ਤੋਂ ਵੀ ਬੇਵੱਸ ਜਦ ਪੈਰਾਂ ਹੇਠ ਮਸਲਿਆ ਜਾਂਦਾ, ਪੱਤੀ ਪੱਤੀ ਕਰ ਬਿਖੇਰਿਆ ਜਾਂਦਾ ਜਾਂ ਸੂਲਾਂ ਨਾਲ ਪਰੋ, ਕਮੀਨੇ ਦੇ ਗਲ ਦਾ ਹਾਰ ਬਣਦਾ।

ਫੁੱਲ, ਕੁਦਰਤ ਦੀ ਅਰਾਧਨਾ। ਫਿਜ਼ਾ ਨੂੰ ਤਾਜ਼ਗੀ, ਸੁਗੰਧ ਅਤੇ ਸੁਹੱਪਣ ਬਖਸ਼ਦੇ। ਕੁਦਰਤ ਧਰਤੀ 'ਤੇ ਉਤਰਦੀ। ਪਤਾ ਨਹੀਂ ਕਿਉਂ ਲੋਕ ਪੱਥਰਾਂ ਨੂੰ ਫੁੱਲ ਦਾ ਸਾਥ ਵਿਹਾਜਦੇ। ਕੇਹੀ ਤ੍ਰਾਸਦੀ ਏ ਕਿ ਕੋਮਲਤਾ ਅਤੇ ਸੁਗੰਧ ਵਿਹੂਣੇ ਪੱਥਰ ਨੂੰ ਫੁੱਲ ਅਰਪਿਤ ਕੀਤੇ ਜਾਂਦੇ।

ਫੁੱਲ ਦਾ ਧਰਮ ਹੈ ਖਿੜਨਾ। ਉਹ ਲਈ ਕੋਈ ਖਾਸ ਮਿੱਟੀ, ਸਥਾਨ ਜਾਂ ਮੌਸਮ ਨਹੀਂ। ਉਹ ਤਾਂ ਹਰ ਥਾਂ, ਹਰ ਮੌਸਮੀ ਮਜ਼ਾਜ਼ 'ਚ ਖਿੜਦਾ।

ਫੁੱਲ, ਟਾਹਣੀ ਦੀ ਜੂਹ ਵਿਚ ਫੈਲਦਾ। ਦੂਰ ਦੂਰ ਤੀਕ ਮਹਿਕਾਂ ਦੀ ਹੱਟ, ਰੰਗ-ਲਲਾਰੀ, ਕੋਮਲ ਪੱਤੀਆਂ ਦੀ ਪਟਾਰੀ ਅਤੇ ਉਕਰੀ ਕੁਦਰਤ ਦੀ ਕਲਾਕਾਰੀ।

ਫੁੱਲ ਕੋਲ ਰੰਗ, ਮਹਿਕ, ਕੋਮਲਤਾ, ਨਜ਼ਾਕਤ ਅਤੇ ਨਿਰਮਾਣਤਾ ਹੈ। ਪਰ ਰੂਹ-ਵਿਹੂਣਾ। ਅਜਿਹਾ ਨੇਕ-ਕਰਮੀ ਕਿ ਫੁੱਲਾਂ ਨੂੰ ਮਸਲਣ ਵਾਲੇ ਹੱਥਾਂ ਨੂੰ ਵੀ ਖੁਸ਼ਬੂ ਨਾਲ ਲਬਰੇਜ਼ ਕਰਦਾ।

ਫੁੱਲ, ਕਬਰਾਂ 'ਤੇ ਲੱਗੇ ਪੱਥਰਾਂ ਲਈ ਨਹੀਂ ਹੁੰਦੇ। ਸਗੋਂ ਕਬਰਾਂ ਬਣ ਗਏ ਉਨ੍ਹਾਂ ਲੋਕਾਂ ਲਈ ਹੁੰਦੇ, ਜਿਨ੍ਹਾਂ ਲਈ ਫੁੱਲ ਜੀਵਨ-ਦਾਨ ਦਾ ਹੁੰਗਾਰਾ ਹੁੰਦੇ।

ਫੁੱਲਾਂ ਨੂੰ ਪੈਰਾਂ ਹੇਠ ਮਧੋਲ ਕੇ, ਅੰਬਰ ਦੇ ਤਾਰਿਆਂ ਨੂੰ ਹੱਥ ਪਾਉਣ ਵਾਲੇ ਇਨਸਾਨੀਅਤ ਤੋਂ ਕੋਹਾਂ ਦੂਰ। ਡਿੱਗੇ ਹੋਏ ਫੁੱਲਾਂ ਨੂੰ ਪਲੋਸੋ, ਅੰਬਰ ਦੇ ਤਾਰੇ ਤੁਹਾਨੂੰ ਨਤਮਸਤਕ ਹੋਣਗੇ।

ਫੁੱਲ, ਔਰਤ ਤੋਂ ਬਾਅਦ ਕੁਦਰਤ ਦੀ ਅਜਿਹੀ ਕਿਰਤ ਕਲਾ ਜੋ ਖੇੜਿਆਂ ਤੇ ਖੁਸ਼ੀਆਂ ਦਾ ਨਿਉਂਦਾ, ਨਿਰਾਸ਼ ਤੇ ਉਦਾਸ ਹਿਰਦਿਆਂ ਨੂੰ ਹੌਂਸਲਾ ਅਤੇ ਹਿੰਮਤ ਦੀ ਜ਼ਰਾ-ਨਿਵਾਜ਼ੀ।

ਫੁੱਲ ਅਮੂਰਤਾਂ ਵਿਚ ਨਜ਼ਰੀਂ ਪੈਂਦੇ, ਬਸ਼ਰਤੇ ਮਨ 'ਚ ਫੁੱਲ ਨੂੰ ਕਿਆਸਣ, ਮਹਿਸੂਸਣ ਅਤੇ ਮਾਣਨ ਦੀ ਬਿਰਤੀ ਹੋਵੇ। ਖਲਾਅ ਵਿਚ ਉਗੇ ਸੋਚ-ਫੁੱਲ ਹੀ ਹੁੰਦੇ ਜੋ ਕਿਸੇ ਕਲਾ-ਕ੍ਰਿਤ ਦਾ ਬਾਣਾ ਪਾ, ਮਾਣਮੱਤੀ ਹੋਂਦ ਦਾ ਹਰਫ ਬਣਦੇ।

ਫੁੱਲ, ਬੱਚਿਆਂ ਦੇ ਰੂਪ ਵਿਚ ਜ਼ਿੰਦਗੀ ਦੇ ਬਾਗ ਦੀ ਸੰਪੂਰਨਤਾ, ਸੁਹੱਪਣ ਅਤੇ ਸਮਾਜਿਕ ਹਾਸਲ। ਘਰ ਦੀ ਚੁੱਪ ਤੋੜਦੇ। ਕੰਧਾਂ 'ਤੇ ਲਕੀਰਾਂ ਮਾਰ, ਉਨ੍ਹਾਂ ਨੂੰ ਬੋਲਣ ਲਾਉਂਦੇ। ਤੋਤਲੇ ਬੋਲਾਂ ਨਾਲ ਘਰ ਨੂੰ ਲਰਜ਼ਾਉਂਦੇ। ਪਲ ਪਲ ਬਦਲਦੀਆਂ ਮੰਗਾਂ ਤੇ ਉਮੰਗਾਂ ਨਾਲ ਸਭ ਨੂੰ ਆਹਰੇ ਲਾਉਂਦੇ ਅਤੇ ਘਰੇਗੀ ਵਾਤਾਵਰਣ ਨੂੰ ਸੁਗੰਧ ਦਾ ਤੜਕਾ ਲਾਉਂਦੇ।

ਫੁੱਲਾਂ ਦੀ ਸੰਗਤ 'ਚ ਵਿਹੜਾ ਹੁੰਗਾਰਾ ਭਰਦਾ। ਤਿੱਤਲੀਆਂ ਤੇ ਭੌਰਿਆਂ ਦਾ ਨਿਰੰਤਰ ਭਰਮਣ। ਕਦੇ ਫੁੱਲ ਨਾਲ ਗੱਲਾਂ ਕਰਦੇ ਬੱਚੇ ਨੂੰ ਵਾਚਣਾ, ਦੋਹਾਂ ਫੁੱਲਾਂ ਦੀ ਗੁਫਤਗੂ ਵਿਚਲੀ ਨਿਰਛੱਲਤਾ, ਪਾਕੀਜ਼ਗੀ ਅਤੇ ਨਿਆਰਾਪਣ ਤੁਹਾਡੀਆਂ ਤਰਜ਼ੀਹਾਂ ਬਦਲ ਦੇਣਗੇ।

ਫੁੱਲ, ਰੂਹ-ਬਗੀਚੀ ਨੂੰ ਖਿੜਨ ਦਾ ਅਹਿਸਾਸ। ਮਟਕਦੇ, ਹੁਲਾਸਦੇ ਅਤੇ ਇਲਹਾਮੀ ਹੁਲਾਸ ਦਾ ਸਬੱਬ। ਜਿਉਣਾ ਚੰਗਾ ਲੱਗਦਾ। ਸਮੇਂ 'ਚ ਸੰਗੀਤ ਤੇ ਸੁਪਨਿਆਂ ਦੇ ਸੁੱਚੇ ਰੰਗ, ਮਨ-ਮੰਦਿਰ 'ਚ ਮਸਤੀ ਦਾ ਆਲਮ ਅਤੇ ਜੀਵਨ-ਧੜਕਣ ਨੂੰ ਲੋਰ। ਚੰਗਾ ਲੱਗਦਾ ਖੁਦ ਨਾਲ ਸੰਵਾਦ, ਮਿੱਟ ਜਾਂਦੇ ਵਾਦ-ਉਪਵਾਦ ਅਤੇ ਹਰ ਪਲ ਮਟਕਦੀ ਨਿੰਮੀ ਯਾਦ, ਜਿਸ ਨੇ ਕੀਤਾ ਉਜੜੇ ਮਨ-ਬਗੀਚੇ ਨੂੰ ਆਬਾਦ।

ਫੁੱਲ, ਫੁੱਲਾਂ ਨਾਲ ਕਰਨ ਕਲੋਲਾਂ ਤੇ ਫੁੱਲ, ਫੁੱਲਾਂ ਦੇ ਦਰਦੀ। ਫੁੱਲ, ਫੁੱਲਾਂ ਦਾ ਹਾਸਾ-ਠੱਠਾ, 'ਵਾ ਫੁੱਲਾਂ ਦੀ ਹਾਮੀ ਭਰਦੀ। ਫੁੱਲਾਂ ਜੇਡਾ ਸਾਥ ਨਾ ਕੋਈ, ਨਿਭਦਾ ਸਾਹਾਂ ਸੰਗ। ਜ਼ਿੰਦਗੀ ਦੇ ਪਿੰਡੇ 'ਤੇ ਉਕਰਨ, ਚਾਅ ਉਮਾਹ ਉਮੰਗ। ਫੁੱਲ, ਫੁੱਲਾਂ ਦੀ ਖਿਦਮਤ ਕਰਦੇ, ਨਾ ਓਹਲਾ ਨਾ ਸੰਗ। ਫੁੱਲ-ਜੂਹ ਨੂੰ ਰੰਗ ਜਾਂਦੇ, ਫੁੱਲਾਂ ਵਰਗੇ ਰੰਗ। ਫੁੱਲ ਨੂੰ ਜਿਸ ਨੇ ਸੀਨੇ ਲਾਇਆ, ਫੁੱਲ ਦਾ ਬਣ ਕੇ ਅੰਗ। ਉਸ ਨੇ ਫੁੱਲ ਇਬਾਦਤ ਵਿਚੋਂ, ਸਿਰਜਿਆ ਜੀਵਨ-ਢੰਗ। ਫੁੱਲ ਦੀ ਉਮਰੇ ਮਰੇ ਨਾ ਕੋਈ, ਬਣੇ ਨਾ ਟੁੱਟਿਆ ਤਾਰਾ। ਨਹੀਂ ਤਾਂ ਫੁੱਲਾਂ ਦੇ ਉਚੜੇ ਵਿਹੜੇ, ਵਹਿੰਦੀ ਖਾਰੀ-ਧਾਰਾ। ਫੁੱਲ, ਸਦਾ ਫੁੱਲ ਹੀ ਰਹਿਸਣ, ਬਣਨ ਹਿਲੋਰਾ ਟਾਹਣੀ। ਸੋਚਾਂ ਵਿਚੋਂ ਕਿੰਜ ਮਿਟੇਗੀ, ਇਹ ਬਹਿਸ਼ਤ ਮਾਣੀ।

ਫੁੱਲ-ਡੋਡੀ 'ਤੇ ਖਿੜਨ ਦੀ ਪਾਬੰਦੀ, ਸੋਗ-ਸੰਤਾਪ। ਮੌਲਣ 'ਤੇ ਬੰਦਿਸ਼ਾਂ, ਡੂੰਘਾ ਹੌਕਾ। ਸੁਗੰਧ ਦੇ ਪੈਰੀਂ ਜੰਜ਼ੀਰਾਂ, ਮਾਤਮ-ਰੁੱਤ ਅਤੇ ਰੰਗ-ਮੰਦਿਰ 'ਤੇ ਜੰਦਰਾ, ਸੁਪਨ-ਸਿਸਕਣੀ।

ਫੁੱਲ ਦਾ ਧਰਮ, ਰੰਗਾਂ ਤੇ ਮਹਿਕਾਂ ਦਾ ਅਮੁੱਕ ਤੇ ਅਮੁਲ ਵਣਜ। ਜਾਤ-ਪਾਤ, ਧਰਮ, ਬਰਾਦਰੀ, ਊਚ-ਨੀਚ, ਅਮੀਰ-ਗਰੀਬ ਸਭ ਲਈ ਇਕਸਾਰ। ਨਹੀਂ ਕੋਈ ਤਰਜ਼ੀਹ।

ਫੁੱਲ ਜੀਵਨ ਦੇ ਹਰ ਪੜਾਅ 'ਚ ਸੰਗੀ-ਸਾਥੀ। ਖੁਸ਼-ਆਮਦੀਦ ਸਮੇਂ, ਸਬੰਧ ਸਿਰਜਣਾ ਵੇਲੇ, ਮਾਣ-ਸਨਮਾਨ ਮੌਕੇ ਅਤੇ ਸਿਵਾ-ਸਫਰ ਦੌਰਾਨ, ਹਰ ਵਕਤ ਹਾਜ਼ਰ। ਕਬਰਾਂ 'ਤੇ ਖਿੜਦੇ ਫੁੱਲ, ਤੁਰ ਗਿਆਂ ਦੀ ਮੋਹਵੰਤੀ ਯਾਦ।

ਫੁੱਲ ਸਿਸਕੀ ਬਣਨ ਜਦ ਕਾਗਜ਼ੀ ਫੁੱਲਾਂ ਵਰਗੇ ਰਿਸ਼ਤੇ ਬੀਆਬੀਨ ਤਾਮੀਰ ਕਰਦੇ। ਗੁਲਦਾਨ ਵਿਚ ਮੁਰਝਾਏ ਫੁੱਲ ਕਿਹਜ਼ੀ ਮਹਿਕ ਨਾਲ ਰੂਹ 'ਚ ਰਚ, ਮਾਨਸਿਕ ਹੁਲਾਰ, ਹੁਲਾਸ ਤੇ ਹਮਰੁਬਾ ਬਣਨਗੇ? ਫੁੱਲ ਦੀ ਕਾਗਜ਼ੀ ਰੰਗਤ, ਅਜੋਕੇ ਮਨੁੱਖ ਦਾ ਬਿੰਬ, ਸੋਚ-ਕੰਗਾਲੀ ਦੀ ਕੁਰਹਿਤ ਅਤੇ ਕਰਮਹੀਣਤਾ ਦੀ ਕੁਤੱਤਣ।

ਫੁੱਲਾਂ ਵਰਗਾ ਬਣਨ ਲਈ ਫੁੱਲ ਦੀ ਤਾਸੀਰ, ਤਾਬੀਰ, ਤਕਦੀਰ, ਤਕਬੀਰ ਅਤੇ ਤਰਜ਼ੀਹ ਨੂੰ ਜੀਵਨ-ਜਾਚ ਦੇ ਨਾਮ ਕਰਨਾ ਪੈਂਦਾ। ਕੇਹੀ ਤ੍ਰਾਸਦੀ ਏ ਕਿ ਫੁੱਲਾਂ ਵਰਗੇ ਲੋਕਾਂ ਦੀ ਨਸਲਕੁਸ਼ੀ ਹੋ ਰਹੀ ਏ।

ਫੁੱਲਾਂ ਵਰਗੇ ਲੋਕਾਂ ਦੀ ਸੰਗਤ ਵਿਚ ਫੁੱਲ ਖਿੜਦੇ, ਉਨ੍ਹਾਂ ਦੇ ਬੋਲਾਂ ਵਿਚੋਂ ਫੁੱਲ ਕਿਰਦੇ, ਉਨ੍ਹਾਂ ਦੀ ਕਰਮ-ਸਾਧਨਾ 'ਚ ਫੁੱਲਾਂ ਦੀ ਖੇਤੀ, ਸੋਚ-ਧਰਾਤਲ 'ਚ ਫੁੱਲਾਂ ਦੀਆਂ ਕਲਮਾਂ ਅਤੇ ਪੈੜਾਂ 'ਚ ਫੁੱਲਾਂ ਦਾ ਕਾਫਲਾ।

ਫੁੱਲ ਇਕ ਅਲਮਸਤ ਫਕੀਰ। ਚੜ੍ਹਦੇ ਸੂਰਜ ਦੀ ਟਿੱਕੀ ਨਾਲ ਚਮਨ 'ਚ ਫੁੱਲਾਂ ਦੀ ਬਰਸਾਤ, ਜ਼ਿੰਦਗੀ ਨੂੰ ਖੂਬਸੂਰਤ ਤੇ ਖੂਬਸੀਰਤ ਬਣਾਉਣ ਦਾ ਪੈਗਾਮ। ਰੰਗ-ਰੁੱਤ ਦਾ ਐਲਾਨ।

ਫੁੱਲ ਕੁਦਰਤ ਦੀ ਅਜ਼ੀਮ ਨਿਆਮਤ। ਕੁਦਰਤ ਵਿਹੜੇ ਪਨਪਦੀ ਬਨਸਪਤੀ ਨੂੰ ਫੁੱਲਾਂ ਦਾ ਵਰਦਾਨ। ਆਲੇ ਦੁਆਲੇ 'ਚ ਸਾਦਗੀ, ਸਮਰਪਣ, ਸੁੰਦਰਤਾ ਤੇ ਸੁਹਜ ਭਰਿਆ ਕਰਮ-ਦਾਨ।

ਫੁੱਲ, ਪ੍ਰੇਰਨਾ-ਸਰੋਤ, ਰੋਲ-ਮਾਡਲ, ਮਿਹਰਬਾਨ-ਮੂਰਤ, ਸੁਘੜ-ਸੀਰਤ, ਸਹਿਜ-ਸੁਹਜ ਅਤੇ ਸਫਲ-ਸਾਧਨਾ ਦਾ ਸਫਰਨਾਮਾ। ਬੜਾ ਔਖੜ ਏ ਡੋਡੀ ਤੋਂ ਫੁੱਲ ਬਣ ਕੇ ਜੀਵਨ-ਰੁੱਤ ਮਾਣਨ ਦੀ ਜੀਵਨ-ਕਥਾ। ਸਿਰੜੀਆਂ ਨੂੰ ਹੀ ਮਿਲਦਾ ਏ ਮਿਹਨਤ ਦਾ ਮਾਣਮੱਤਾ ਇਵਜ਼ਾਨਾ।

ਫੁੱਲ ਨੂੰ ਹਰ ਕੋਈ ਤੋੜ, ਇਸ 'ਤੇ ਕਾਬਜ਼ ਹੋਣ ਦਾ ਚਾਹਵਾਨ। ਰੰਗ ਅਤੇ ਮਹਿਕ ਨੂੰ ਸਮਾਂ ਤੇ ਸੀਮਤ ਸਥਾਨ 'ਚ ਸਥਿਰ ਕਰਨਾ ਚਾਹੁੰਦਾ। ਜੇ ਮਨੁੱਖ ਕਬਜ਼ੇ ਦੀ ਭਾਵਨਾ ਨੂੰ ਤਿਆਗ, ਫੁੱਲਾਂ ਜਿਹੀ ਤਾਸੀਰ ਨੂੰ ਤਾਮੀਰ ਕਰੇ ਤਾਂ ਜ਼ਿੰਦਗੀ ਹੋਰ ਖੂਬਸੂਰਤ ਹੋ ਜਾਵੇਗੀ।

ਫੁੱਲ ਬਗੀਚੀ ਵਿਚ ਹੀ ਸੋਂਹਦੇ। ਪੌਣ ਦੇ ਹਿਲੋਰਿਆਂ ਸੰਗ ਸਾਥੀਆਂ ਦੇ ਸਾਹ ਦਾ ਨਿੱਘ ਮਾਣਦੇ ਅਤੇ ਕੁਦਰਤ-ਵਿਹੜੇ 'ਚ ਰੰਗ ਭਰਦੇ। ਹਾਰਾਂ 'ਚ ਪਰੋਏ ਫੁੱਲ ਕੁਝ ਸਮੇਂ ਬਾਅਦ ਹੀ ਹੂਕ ਬਣ ਜਾਂਦੇ।

ਫੁੱਲ-ਸੋਚ ਨੂੰ ਅਪਨਾਉਣ, ਫੁੱਲ-ਕਰਮਯੋਗਤਾ ਨੂੰ ਜੀਵਨ-ਸ਼ੈਲੀ ਦੇ ਮੱਥੇ 'ਤੇ ਸਜਾਉਣ, ਫੁੱਲ-ਫਕੀਰੀ ਨੂੰ ਰੂਹ 'ਚ ਵਸਾਉਣ ਲਈ ਕਦਮ ਜ਼ਰੂਰ ਉਠਾਉਣਾ, ਤੁਹਾਡੀ ਕਰਮ-ਸਾਧਨਾ ਵਿਚ ਫੁੱਲਾਂ ਦੀ ਚੰਗੇਰ ਮਹਿਕੇਗੀ।



PUNJAB SPORTS & CULTURAL ASSOCIATION MICHIGAN
PSCA Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 11ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 14 ਜੁਲਾਈ 2018

*(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

**Free Entry Free Food & Free Entertainment**

Charger logistics inc

Radio Chann Pardesi ਰੇਡੀਓ ਚੰਨ ਪ੍ਰਦੇਸੀ

GN TRUCK SALES
TRUCK & TRAILER SALES
WE SELL ALL MAKES & MODELS
905-291-0210

AUTOBAHN FREIGHT LINES LTD.
ਸਾਰੇ ਟਰੱਕ
Under Warranty
800,000
kilometers



WORLD WIDE CARRIERS US INC.
Troy, MI
Sukhi Dhariwal
Ph: 416-213-1334



ਨਾਮੀ ਗਾਇਕ ਹਰਭਜਨ ਮਾਨ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਥਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardi tv CHANNEL 422 Real tv CHANNEL 136 f LIVE LIVEKABADDI LIVE KABADDI jadoo tv YouTube LIVE KABADDI IPTV jus punjabi